GOVERNMENT OF INDIA
NATIONAL LIBRARY, CALCUTTA

Class No. P 954.5

Book No. 8 916

N. L. 38.

MGIPC—S1—19 LNL/62—27-3-63—100,000.

ਰਤਨਾਕਰ ਗ੍ਰੰਥ ਸੀਰੀਜ਼ ਨੰ: ੪

ਅੰਤ੍ਰਿਮ ਸਿੱਖ ਬਾਦਸ਼ਾਹ

ਅਥਵਾ

ਮਹਾਰਾਜਾ ਦਲੀਪ ਸਿੰਘ

…ਨੰਦ ਕਿਸ਼ੋਰ ਦੇਵ ਸ਼ਰਮਾ ਲਿਖਿਤ "ਪੰਜਾਬ ਹਰਨ
… ਸਿੰਘ" ਨਾਮੇ ਹਿੰਦੀ ਪੁਸਤਕ ਦਾ ਅਨੁਵਾਦ

ਅਨੁਵਾਦਕ

ਕੇਸਰੀ ਸਿੰਘ ਮੁਲਤਾਨੀ

…ੀ ਪੰਜਾਬੀ ਦੇ ਪ੍ਰਸਿਧ ਲੇਖਕ
ਤੇ ਅਨੇਕ ਭਾਸ਼ਾਵਿਗਜ

ਪ੍ਰਕਾਸ਼ਕ

ਰਤਨਾਕਰ ਗ੍ਰੰਥ ਭੰਡਾਰ

ਚੌਕ ਮੰਨਾ ਸਿੰਘ ਅੰਮ੍ਰਿਤਸਰ

ਅਪ੍ਰੈਲ ੧੯੨੩

ਬੇਜਿਲਦ [illegible])   ਸਣੇ ਜਿਲਦ [illegible])

ਗੁਰਮੁਖੀ ਵਿਚ ਨਵੀਂ ਕਿਤਾਬ

ਚਾਲਾਕ ਜਾਪਾਨ

ਚਾਲਾਕ ਜਾਪਾਨੀ ਦੀ ਅਦਭੁਤ ਚਲਾਕੀ, ਸੁਦੇਸ਼ ਪ
ਤੇ ਅਦੁਤੀ ਕੁਰਬਾਨੀ, ਹਰੇਕ ਹਿੰਦੁਸਤਾਨੀ ਦਾ ਮਨ ਮੋਹ
ਵਾਲੀ ਤੇ ਹੈਰਾਨ ਕਰਨ ਵਾਲੀ ਹੈ। ਨਾਮ ਨੂੰ ਤਾਂ ਚਾਲ
ਜਾਪਾਨੀ ਹੈ ਪਰ ਅਸਲ ਵਿਚ ਅੰਗ੍ਰੇਜ਼ਾਂ ਤੇ ਅਮ੍ਰੀਕਨਾਂ ਦੀ
ਗੁਝੀਆਂ ਰਾਜਨੀਤਿਕ ਚਾਲਾਂ ਦਾ ਇਕ ਸੱਚਾ ਫੋਟੋ ਹੈ
ਇਹ ਕੋਈ ਗੰਦਾ ਮੰਦਾ ਤੇ ਆਚਰਨ ਵਿਗਾੜੂ ਨਾਵਲ ਨਹ
ਅਸੀਂ ਇਹ ਗਲ ਦਾਹਵੇ ਨਾਲ ਆਖ ਸਕਦੇ ਹਾਂ ਕਿ ਇ
ਐਸਾ ਉਚੇ ਖਿਆਲਾਂ ਵਾਲਾ, ਇੰਨਾਂ ਵਡਾ, ਇੰਨਾਂ ਸਸ
ਤੇ ਸੁਆਦਲਾ ਪੋਲੀਟੀਕਲ ਨਾਵਲ ਪੰਜਾਬੀ ਵਿਚ
ਤਕ ਕੋਈ ਨਹੀਂ ਛਪਿਆ। ਨਾਵਲ ਕੀ ਹੈ ? ਰਾਜ
ਜਾਸੂਸੀ, ਇਖਲਾਕੀ ਤੇ ਗਜਾਨਿਕ ਗਲਾਂ ਦਾ ਭੰਡਾਰ ਹੈ
ਇਸਤ੍ਰੀ, ਪੁਰਖ, ਬਾਲਕ, ਬ੍ਰਿਧ, ਸਭਨਾਂ ਦੇ ਪੜ੍ਹਨ ਯੋਗ
ਸੁਫੈਦ ਸੁਦੇਸ਼ੀ ਕਾਗਜ਼ ਤੇ ਸਫੇ ੪੨੬ ਹੋਣ ਪਰ ਵੀ ਮੁ
ਸਿਰਫ ੧॥ (ਡੇਢ ਰੁਪਯਾ) ਤੇ ਡਾਕ ਖਰਚ ਛੀ ਆਨੇ ਹੈ
ਹਥ ਖਰੀਦਣ ਵਾਲੇ ਛੀ ਆਨੇ ਦੇ ਡਾਕ ਖਰਚ ਤੋਂ ਬਚ ਜਾ

ਮੰਗਾਣ ਦਾ ਪਤਾ ਇਹ ਹੈ:—
ਮੈਨੇਜਰ ਰਤਨਾਕਰ ਗ੍ਰੰਥ ਭੰਡਾਰ
ਚੌਕ ਮੰਨਾ ਸਿੰਘ, ਅੰਮ੍ਰਿ

ਡਾਕੂ ਮੈਕੇਯਰ
ਤੇ ਜਾਸੂਸ ਰਮਪਾਲ ਸਿੰਘ

ਇਸ ਵਿਚ ੧੮੫੭ ਈਸਵੀ ਵਾਲੇ ਗਦਰ ਦੇ ਸਮੇਂ ਦੇ ਪ੍ਰਸਿਧ ਡਾਕੂ ਮੈਕੇਯਰ ਨੇ ਹਿੰਦੁਸਤਾਨੀਆਂ ਨੂੰ ...ਜਾਂ ਦੇ ਵਿਰੁਧ ਭੜਕਾਕੇ ਕਿਸਤਰਾਂ ਬਲਵਾ ਕਰਾਯਾ, ... ਫ੍ਰਾਂਸੀ ਰਾਜ ਕੈਮ ਕਰਨ ਦੀ ਕਿਸਤਰਾਂ ਕੋਸ਼ਿਸ਼ ਕੀਤੀ ...ਨੂੰ ਫੜਨ ਲਈ ਲਾਰਡ ਕੈਨਿੰਗ ਦੇ ਪ੍ਰਸਿਧ ਜਾਸੂਸ ...ਪਾਲ ਸਿੰਘ ਨੇ ਕਈ ਵਾਰੀ ਅਪਣੀ ਜਾਨ ਖਤਰੇ ਵਿਚ ... ਛੋਕੜ ਕਿਸਤਰਾਂ ਓਸ ਡਾਕੂ ਨੂੰ ਸਣੇ ਉਸਦੇ ਸਾਥੀਆਂ ...ੜਿਆ, ਮੈਕੇਯਰ ਨੇ ਜਜ ਦੇ ਸਾਹਮਣੇ ਕੈਸੇ ੨ ਭੜਾ... ਬਿਆਨ ਦਿਤੇ ਤੇ ਅਪਣੇ ਅਪਰਾਧ ਮੰਨੇ, ਇਹ ਸਾਰੇ ...ਤ ਇਸ ਪੋਥੀ ਵਿਚ ਇਸ ਤਰਾਂ ਲਿਖੇ ਗਏ ਹਨ ਕਿ ...ਨ ਵੇਲੇ ਓਹ ਸਮਾਂ ਅਖਾਂ ਅਗੇ ਆ ਜਾਂਦਾ ਹੈ ਤੇ ਕਿਤਾਬ ...ੀ ਕੀਤੇ ਬਿਨਾਂ ਛਡਣ ਨੂੰ ਜੀ ਨਹੀਂ ਕਰਦਾ, ਸਚੇ ...ੲ ਮੁਲ ੧॥) ਰੁਪਯਾ ਡਾਕ ਖਰਚ ।) ਆਨੇ

ਪਤਾ—ਮੈਨੇਜਰ ਰਤਨਾਕਰ ਗ੍ਰੰਥ ਭੰਡਾਰ,
ਚੌਕ ਮੰਨਾ ਸਿੰਘ, ਅੰਮ੍ਰਿਤਸਰ

SHELF LISTED
NATIONAL LIBRARY
2880
9-12-63

ਤਤਕਰਾ

ਵਿਸ਼ਾ	ਸਫਾ
ਸਮਰਪਣ	
ਭੂਮਿਕਾ	
ਪੰਜਾਬ ਦੀ ਦਸ਼ਾ	੧
ਲੜਾਈ ਦਾ ਡਰ	੨[illegible]
ਸਿਖਾਂ ਦੀ ਅੰਗ੍ਰੇਜ਼ਾਂ ਨਾਲ ਲੜਾਈ	੪[illegible]
ਸੁਲਹ ਤੇ ਨਵਾਂ ਪ੍ਰਬੰਧ	੬[illegible]
ਅਸ਼ਾਂਤੀ ਦਾ ਜਨਮ	੭[illegible]
ਮੁਲਤਾਨ ਦਾ ਗਦਰ	੯[illegible]
ਮਹਾਰਾਣੀ ਨੂੰ ਦੇਸ ਨਿਕਾਲਾ	੧[illegible]
ਅਸ਼ਾਂਤੀ ਦੀ ਭਾਰੀ ਅਗ	੧[illegible]
ਮੁਲਤਾਨ ਤੇ ਚੜ੍ਹਾਈ	੧[illegible]
ਸਿਖਾਂ ਦੀ ਦੂਸਰੀ ਲੜਾਈ	੧[illegible]
ਪੰਜਾਬ ਤੋਂ ਨਿਕਾਲਾ	੨[illegible]
ਵਿਲੈਤ ਦਾ ਸਫਰ ਤੇ ਹੋਰ ਹਾਲ	੨[illegible]
ਮਾਂ ਪੁੱਤ ਦਾ ਮਿਲਾਪ	੨[illegible]
ਸ੍ਰੀ ਮਤੀ ਬੰਬਾ ਨਾਲ ਸ਼ਾਦੀ	੨[illegible]
ਦਲੀਪ ਸਿੰਘ ਤੇ ਗਵਰਨਮੈਂਟ	੨[illegible]
ਵਿਲੈਤ ਛਡਣੀ ਤੇ ਹੋਰ ਹਾਲ	੨[illegible]
ਅੰਤਿਮ ਸਿਖ ਬਾਦਸ਼ਾਹ ਦਾ ਅੰਤ	੨[illegible]

ਭੂਮਿਕਾ

ਜਿਸਤਰਾਂ ਪ੍ਰਚੰਡ ਅੱਗ ਬੁਝਾਈ ਜਾਣ ਪਰ ਵੀ ਐਸੇ
ਸ਼ਾਨ ਛੱਡ ਜਾਂਦੀ ਹੈ ਜੋ ਬਹੁਤ ਦਿਨ ਤਕ ਦੂਰ ਨਹੀਂ
ਅਤੇ ਉਸ ਅੱਗ ਦੀ ਯਾਦ ਹਮੇਸ਼ਾ ਬਣਾਈ ਰਖਦੇ ਹਨ
ਕ ਉਸੇਤਰਾਂ ਹੀ ਸੰਸਾਰ ਵਿਚ ਕਈ ਐਸੀਆਂ ਕੌਮਾਂ ਹਨ
ਨਾਂ ਨੇ ਮਰਦਿਆਂ ੨ ਵੀ ਅਪਣੀ ਅਨੂਪਮ ਬੀਰਤਾ ਦਾ
ਬੂਤ ਦਿਤਾ ਹੈ। ਜਿਨਾਂ ਨੇ ਝਟ ਪਟ ਅਪਣੀ ਅਜ਼ਾਦੀ
ਹੀਂ ਖੋਹੀ। ਆਜ਼ਾਦੀ ਦੀ ਕੀਮਤ ਦੇਣ ਲਈ ਉਸਦੇ
ਗੀਆਂ ਨੂੰ ਸੰਸਾਰ ਵਿਚ ਹਨੇਰਾ ਵੇਖਣਾ ਪਿਆ। ਅਪਣੀ
ਜ਼ਾਦੀ ਰੀਵ ਖੋਹਣ ਤੇ ਪਰਾਧੀਨਤਾ ਦੀਆਂ ਬੇੜੀਆਂਨਾਲ
ਕੜ ਜਾਣ ਪਰ ਵੀ ਐਸੀ ਕੌਮ ਸੰਸਾਰ ਵਿਚ ਆਦਰ
ਨਜ਼ਰ ਨਾਲ ਵੇਖੀ ਜਾਂਦੀ ਹੈ। ਇਤਿਹਾਸ ਵਿਚ ਉਸਦੀ
ਤ ਉੱਚੀ ਜਗ੍ਹਾਂ ਹੁੰਦੀ ਹੈ। ਉਸਦੀ ਉਪਮਾਂ ਚੂਪੀਚਾਂਦਨੀ
ਰ ਦੀ ਤਰਾਂ ਸਾਫ ਤੇ ਨਿਰਮਲ ਹੁੰਦੀ ਹੈ। ਮਰ ਜਾਣ ਪਰ
ਓਹ ਕੌਮ ਇਤਿਹਾਸ ਵਿਚ ਅਮਰ ਰੈਂਹਦੀ ਹੈ। ਸੁਤੰ-
ਤਾ ਦੇ ਪ੍ਰੇਮੀ ਇਤਿਹਾਸਕਾਰ ਐਸੀ ਬੀਰ ਕੌਮ ਦੇ ਜਸਦੇ
ਗੀਤ(ਵਾਰਾਂ) ਗਾਏ ਬਿਨਾ ਨਹੀਂ ਰੈਂਹਦੇ। ਉਸਦੇ ਜਸਦਾ
ਡਾ ਇਤਿਹਾਸਦੇ ਪੰਨਿਆਂ ਉਤੇ ਹੀ ਨਿਰਾ ਨਹੀਂ ਝੂਲਦਾ
ਲਕੇ ਓਹ ਸੁਤੰਤਤਾ ਦੇ ਪ੍ਰੇਮੀਆਂ ਦੇ ਹਿਰਦੇ ਮੰਦਰ ਉਤੇ
ਲਦਾ ਰੈਂਹਦਾ ਹੈ। ਬਾਲਕ ਬੁਢੇ ਸਾਰੇ ਹੀ ਵੱਡੇ ਚਾ ਨਾਲ
ਸਦੀ ਚਰਚਾ ਕਰਦੇ ਹਨ। ਅਪਣੀ ਅਗਲੀ ਪੀੜ੍ਹੀ
ਸਤੇ ਹੀ ਨਹੀਂ ਬਲਕੇ ਸਾਰੇ ਦੇਸ ਅਤੇ ਕੌਮਾਂ ਲਈ
ਕੌਮ ਦਾ ਇਤਿਹਾਸ ਸਿਖਿਆਦਾਇਕ ਅਤੇ [illegible]

ਦਰਸ਼ੀ ਸ਼ੀਸ਼ਾ ਹੁੰਦਾ ਹੈ । ਓਸਦੇ ਵੈਰੀ ਵੀ ਓਸਦੀ ਉਪ
ਕੀਤੇ ਬਿਨਾਂ ਨਹੀਂ ਰੈਂਹਦੇ।

ਸੋ ਹਿੰਦੁਸਤਾਨ ਦੇ ਪਿਛਲੀ ਸਦੀ ਦੇ ਇਤਿਹਾਸ
ਸਿਖ ਕੌਮ ਦਾ ਵੀ ਐਸਾ ਹੀ ਉਚਾ ਸਥਾਨ ਹੈ । ਸਿ
ਅਪਣੀ ਸੁਤੰਤ੍ਰਤਾ ਦੇਣ ਵੇਲੇ ਵੀ ਪ੍ਰਚੰਡ ਬੀਰਤਾ ਦਾ ਸ
ਦਿਤਾ ਹੈ । ਅਜ ਪਰਾਧੀਨ ਹੋ ਜਾਣ ਪਰ ਵੀ ਸਿਖਾਂ
ਅਪਣੇ ਜਿਤਣ ਵਾਲਿਆਂ ਦੀ ਸਹੈਤਾ ਲਈ ਸਮੇਂ ੨ ਪ
ਅਤਯੰਤ ਬੀਰਤਾ ਪ੍ਰਗਟ ਕੀਤੀ ਹੈ*

ਸਿਖਾਂ ਦੀ ਸੁਤੰਤ੍ਰਤਾ ਨਸ਼ਟ ਹੋਏ ਨੂੰ ਬਹੁਤ ਦਿਨ ਨ
ਹੋਏ । ੭੨ ਵਰ੍ਹੇ ਪਹਿਲੇ ਸਿਖ ਸਿਰਖੁਦ ਸਨ । ਓਨਾਂ
ਗਿਣਤੀ ਸੁਤੰਤ੍ਰ ਕੌਮਾਂ ਵਿਚ ਸੀ ਪਰ ਸਮੇਂ ਦੀ ਟੇਢੀ ਚਾ
ਦੇ ਕਾਰਣ ਓਨਾਂ ਦੀ ਸੁਤੰਤ੍ਰਤਾ ਨਸ਼ਟ ਹੋਗਈ । ਓਸ ਵੇ
ਉਨਾਂ ਨੇ ਅਪਣੀ ਆਜ਼ਾਦੀ ਨੂੰ ਕਾਇਮ ਰਖਣ ਲਈ
ਕੋਸ਼ਿਸ਼ ਕੀਤੀ ਸੀ ਉਸਦੀ ਚਰਚਾ ਪੰਜਾਬ ਦੇ ਬੁਢੇ ੨ ਮਨ
ਹੁਣ ਵੀ ਵਡੇ ਚਾਉ ਨਾਲ ਕਰਦੇ ਹਨ । ਅਰਥਾਤ ਅਜ
ਪੰਜਾਬ ਦੇ ਪਿੰਡਾਂ ਵਿਚ ਬੁਢੇ ੨ ਮਨੁਖ ਸਿਖਾਂ ਦੀ ਲੜਾ
ਦੀਆਂ ਗਲਾਂ ਵੱਡੇ ਚਾ ਨਾਲ ਸੁਣਦੇ ਸੁਣਾਂਦੇ ਹਨ । ਇਤ

---

*ਜਨਰਲ ਸਰ ਜਾਨ ਜੇ. ਐਚ. ਗੋਰਡਨ ਕੇ. ਸ
ਬੀ. ਨੇ "ਦੀ ਸਿਖਸ" ਨਾਮੇਂ ਕਿਤਾਬ ਦੇ ਤੀਜੇ ਸਫ਼ੇ ਉ
ਲਿਖਿਆ ਹੈ ਕਿ—"ਕਿਸੇ ਨੇ ਸਾਡੇ ਵਿਰੁਧ ਇਤਨੀ ਬੀਰ
ਤੇ ਦ੍ਰਿੜ੍ਹਤਾ ਨਾਲ ਤਥਾ ਸਾਡੀ ਵਲੋਂ ਵੀ ਇਤਨੀ ਸਿਦ
ਤੇ ਸੂਰਬੀਰਤਾ ਨਾਲ ਲੜਾਈ ਨਹੀਂ ਕੀਤੀ ਜਿਤਨੀ
ਸਿਖਾਂ ਨੇ ।

ਬੀਤ ਜਾਣ ਪਰ ਵੀ ਅੰਗ੍ਰੇਜ਼ਾਂ ਤੇ ਸਿਖਾਂ ਵਿਚ ਪੰਜਾਬ ਸੁਤੰਤ੍ਰਤਾ ਲਈ ਜੋ ਲੜਾਈਆਂ ਹੋਈਆਂ ਸਨ ਉਹ ਆਂ ਗਲਾਂ ਪੰਜਾਬ ਨਿਵਾਸੀ ਅਜੇ ਤਕ ਭੁਲੇ ਨਹੀਂ। ਆਂ ਲੜਾਈਆਂ ਦੀ ਬਾਬਤ ਪੰਜਾਬੀ ਵਿਚ ਅਨੇਕਾਂ ਗੀਤ ਏ ਹੋਏ ਹਨ। ਅਪਣੀ ਸੁਤੰਤ੍ਰਤਾ ਗੁਵਾ ਦੇਣ ਪਰ ਵੀ ਜਾਬੀ—ਖਾਸਕਰ ਸਿਖ—ਅਪਣੀ ਕੌਮੀ ਬੀਰਤਾ ਨੂੰ ਲੇ ਨਹੀਂ। ਅਸਲ ਵਿਚ ਵੇਖਿਆ ਜਾਵੇ ਤਾਂ ਸਿਖਾਂ ਦੀ ਰਾਈ ਭੁਲਣ ਯੋਗ ਹੈ ਵੀ ਨਹੀਂ। ਪੰਜਾਬ ਦੀ ਸੁਤੰਤ੍ਰਤਾ ਹੀ ਜਾਣ ਪਰ ਉਸਦਾ ਅਸਰ ਨਿਰਾ ਪੰਜਾਬ ਤੇ ਹੀ ਨ ਹੀ ਆ ਬਲਕੇ ਸਾਰਾ ਹਿੰਦੁਸਤਾਨ ਹੀ ਵਿਦੇਸੀ ਰੰਗ ਵਿਚ ਗਿਆ ਗਿਆ। ਅਰਥਾਤ ਓਹ ਅਪਣੇ ਭਲੇ ਬੁਰੇ ਦਾ ਭ ਵੀ ਵਿਚਾਰ ਨਾ ਕਰਕੇ ਵਿਦੇਸ਼ੀ ਸਭ੍ਯਤਾ ਵਿਚ ਡੁਬ ਆ। ਅੱਜ ਜੇਹੜਾ ਹਿੰਦੁਸਤਾਨ ਨਜ਼ਰ ਔਂਦਾ ਹੈ ਓਹ ਵਰ੍ਹੇ ਪੈਹਲੇ ਨਹੀਂ ਸੀ। ਓਸ ਵੇਲੇ ਹਿੰਦੁਸਤਾਨੀ ਲੋਕ ਪਣੇ ਸੱਚੇ ਸਰੂਪ ਨੂੰ ਭੁਲੇ ਨਹੀਂ ਸਨ। ਓਸ ਵੇਲੇ ਓਨਾਂ ਚ ਆਤਮ ਅਭਿਮਾਨ ਆਦਿਸਭ ਕੁਝਸੀ। ਪਰ ਇਸਵੇਲੇ ਹ ਅਪਣੇ ਉਤਕਭ ਗੁਣਾ ਤੇ ਸੁਦੇਸ਼ ਪ੍ਰੇਮ ਆਦਿ ਨੂੰ ਵਿਲੈਤੀ ਜਤਾ ਦੇ ਪ੍ਰਵਾਹ ਵਿਚ ਰੋੜ੍ਹ ਚੁਕੇ ਹਨ। ਹੁਣ ਓਹ ਦੇਸ਼, ਸੁਧਰਮ ਤੇ ਸੁਜਾਤੀ ਰੂਪੀ ਤ੍ਰਿਮੂਰਤੀ ਦੀ ਉਪਾਸਨਾ ਤੋਂ ਬੇਮੁਖ ਹੋਕੇ ਗੁਲਾਮੀ ਦੀ ਜੰਜੀਰ ਵਿਚ ਜਾ ਫਸੇ ਹਨ ਇਸ ਵਿਚਾਰ ਦੀ ਨਜ਼ਰ ਤੋਂ ਵੀ ਪੰਜਾਬ ਦੇ ਖੋਹੇ ਜਾਣ ਨਤੀਜਾ ਇਤਿਹਾਸ ਪ੍ਰੇਮੀ ਪਾਠਕਾਂ ਲਈ ਬਹੁਤ ਚਾਰ ਯੋਗ ਹੈ।

ਬੀਰ ਸਿਖ ਕੌਮ ਦੀ ਸੁਤੰਤ੍ਰਤਾ ਕਿਸਤਰਾਂ ਨਸ਼ਟ

ਹੋਈ ਤੇ ਅਪਣੀ ਸੁਤੰਤ੍ਰਤਾ ਦੇ ਬਚਾਉ ਲਈ ਉਨਾਂ ਨੇ ਕਿ
ਤਰਾਂ ਅਪਣੀ ਕਿਸਮਤ ਦੀ ਬਾਜ਼ੀ ਲਾਈ ਇਸ ਵੱਡੀ ਗ
ਦਾ ਹੀ ਇਸ ਪੁਸਤਕ ਵਿਚ ਵਿਚਾਰ ਕੀਤਾ ਗਿਆ ਹੈ
ਪਾਠਕਾਂ ਨੂੰ ਇਸ ਗ੍ਰੰਥ ਦੇ ਪੜ੍ਹਨ ਤੋਂ ਪਤਾ ਲਗ ਜਾਵੇ
ਕਿ ਸਿਖਾਂ ਵਿਚ ਬੀਰਤਾ ਸੀ ਪਰ ਏਕਤਾ ਨਹੀਂ ਸੀ। ਸਿ
ਵਿਚ ਧੀਰਤਾ ਸੀ ਪਰ ਗਾਂਢਾ ਨਹੀਂ ਸੀ। ਸਿਖ ਬਲਵ
ਤੇ ਕਰਤਵਜ ਕਰਮੀ ਸਨ ਪਰ ਕੂਟਨੀਤੀਦੇ ਪੁਤਲੇ ਨ
ਸਨ। ਆਮ ਸਿਖਾਂ ਵਿਚ ਅਪੂਰਵ ਦੇਸ਼ ਪ੍ਰੇਮ ਸੀ ਤੇ
ਹਸਦੇ ੨ ਲੜਾਈ ਦੇ ਮੈਦਾਨ ਵਿਚ ਅਪਣੇ ਦੇਸ਼ਦੀ ਸੁ
ਤੰਤ੍ਰਤਾ ਨੂੰ ਕਾਇਮ ਰਖਣ ਲਈ ਮੌਤ ਨੂੰ ਅਪਣੀ ਵਹੁਟੀ
ਗਲ ਲਾਉਂਦੇ ਸਨ। ਉਸ ਵੇਲੇ ਸਿਖਾਂ ਦੇ ਬੱਚੇ ਸਾਰੇ
ਦਾ ਇਹ ਵਿਸ਼ਵਾਸ ਸੀ:—

“ਮਰਨਾ ਭਲਾ ਹੈ ਉਸਕਾ ਜੋ ਅਪਨੇ ਲੀਏ ਜੀਏ।
ਜੀਤਾ ਹੈ ਵੋਹ ਜੋ ਮਰ ਚੁਕਾ ਸੁਦੇਸ਼ ਕੇ ਲੀਏ॥”

ਬਸ ਅਪਣੇ ਇਸ ਅਟਲ ਵਿਸ਼ਵਾਸ ਦੇ ਵਸ ਹੀ
ਨੇ ਅਪਣੀ ਜਨਨੀ ਤੋਂ ਵਧਕੇ ਪਿਆਰੀ ਜਨਮਭੂਮੀ (ਪੰਜ
ਲਈ ਅਪਣੇ ਪ੍ਰਾਣਾਂ ਦੀ ਬਾਜ਼ੀ ਲਾਈ। ਪਰ ਅਫ਼ਸੋ
ਉਸ ਵੇਲੇ ਖਾਲਸਾ ਫੌਜ ਦੇ ਸਰਦਾਰਾਂ ਦੀਆਂ ਅਖਾਂ
ਸੋਨੇ ਚਾਂਦੀ ਦੀ ਜਗਮਗਾਹਟ ਨਾਲ ਦੇਸ਼ਦ੍ਰੋਹਿਤਾ ਦੀ
ਛਾਈ ਹੋਈ ਸੀ। ਸੋਨੇ ਚਾਂਦੀ ਦੇ ਲਾਲਚ ਪਿਛੇ
ਸਿਰਫ ਉਨਾਂ ਅਪਣੀ ਸੁਤੰਤ੍ਰਤਾ ਹੀ ਵੇਚੀ ਸਗੋਂ ਮਾਂ
ਵੱਧਕੇ ਅਪਣੀ ਮਾਤਭੂਮੀ ਦੀ ਸੁਤੰਤ੍ਰਤਾ ਭੀ ਵੇਚ ਦਿਤੀ
ਕਰਕੇ ਪੰਜਾਬ ਦੇ ਭਾਗ ਫੁਟ ਗਏ। ਹਾਂ ਜੀ ਉਸ
ਦੇ ਭਾਗ ਫੁਟ ਗਏ ਜਿਸ ਪੰਜਾਬ ਵਿਚ ਖਾਲਸਾਂ ਨੇ

ਆਂ ਨੂੰ ਪ੍ਰਗਟ ਕੀਤਾ ਸੀ ਤੇ ਜਿਥੋਂ ਓਹ ਸਾਖ੍ਯਾਤ ਗਿ ਆਮਾ ਕਹਾਏ ਸਨ। ਜਿਸ ਪੰਜਾਬ ਵਿਚ ਸਭ ਤੋਂ ਪੈਹਲਾ ਰਗ ਸਭਯਤਾ ਦਾ ਵਿਕਾਸ ਹੋਯਾ ਸੀ, ਜਿਸ ਪੰਜਾਬ ਵਿਚ ਦੇ ਸਮੇਂ ਤਖਸ਼ਿਲਾ ਦੇ ਸਰਸ੍ਵਤੀ ਮੰਦਰ ਵਿਚ ਜਾਪਾਨ ਨ ਆਦਿ ਦੂਰ ਦੇ ਦੇਸ਼ਾਂ ਦੇ ਵਿਦਯਾਰਥੀ ਗਯਾਨ ਪ੍ਰਾਪਤ ਨ ਲਈ ਔਂਦੇ ਸਨ ਤੇ ਵਡਿਆਈ ਸਮਝਦੇ ਸਨ, ਜਿਸ ਪੰਜਾਬ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸਿਖਾਂ ਨੇ ਭਾਰਤ ਾ ਦੇ ਭਾਗਾਂ ਦੇ ਨਿਬੇੜੇ ਲਈ ਮੌਤ ਦੀ ਸੇਜ ਨੂੰ ਫੁਲਾਂ ਾਨ ਸਮਝਿਆ ਸੀ। ਓਸੇ ਪੰਜਾਬ ਦਾ ਭਾਗ ਅਪਣੇ ਹੀ ਲੀਡਰਾਂ ਦੇ ਕਾਰਣ ਪਰਾਧੀਨਤਾ ਦੀਆਂ ਸਖਤ ਆਂ ਵਿਚ ਜਕੜਿਆ ਗਿਆ ਤੇ ਓਹ ਇਸ ਢੰਗ ਨਾਲ ਕਿਆ ਗਿਆ ਕਿ ਜਿਸਦੇ ਲਈ ਵਿਦੇਸ਼ੀ ਇਤਿਹਾਸਕਾਰਾਂ ਲ ਵਿਚ ਵੀ ਸਿਖਾਂ ਲਈ ਹਮਦਰਦੀ ਦਾ ਪ੍ਰਵਾਹ ਰੁਕ ਨਹੀਂ ਰਿਹਾ। ਅਨੇਕਾਂ ਵਿਦੇਸ਼ੀ ਇਤਿਹਾਸਕਾਰ ਕੀ ਦੀ ਸ੍ਵਾਧੀਨਤਾ ਜਿਸਤਰਾਂ ਨਸ਼ਟ ਹੋਈ ਉਸਨੂੰ ਲਿਖ ਏ ਰੋਏ ਹਨ ਤੇ ਦਿਲ ਖੋਲਕੇ ਰੋਏ ਹਨ। ਉਨਾਂ ਵਿਦੇਸ਼ੀ ਹਾਸਕਾਰਾਂ ਨੇ ਵੱਡੇ ਦੁਖਦੇ ਸ਼ਬਦਾਂ ਵਿਚ ਸਿਖਾਂ ਦੀ ਤ੍ਰਤਾ ਨਸ਼ਟ ਹੋਣ ਦਾ ਰੋਣਾ ਲਿਖਿਆ ਹੈ। ਓਨਾਂ ਨੇ ਸਾਫ ਖਿਆ ਹੈ ਕਿ ਜੇਕਰ ਸਿਖਾਂ ਦੇ ਸਰਦਾਰ ਸੈਨੇ ਭਾਂਈ ਦੇ ਅਪਣੀ ਅਕਲ ਨੂੰ ਨਾ ਵੇਚਦੇ ਤਾਂ ਪੰਜਾਬ ਕਦੇ ਵੀ ਧੀਨਤਾ ਦੀਆਂ ਸਖਤ ਬੇੜੀਆਂ ਨਾਲ ਨਾ ਜਕੜਿਆ । ਅਜਿਹੇ ਹੀ ਸਭੇ ਵਿਦੇਸ਼ੀ ਇਤਿਹਾਸਕਾਰਾਂ ਵਿਚੋਂ ਟਰ ਕਨਿੰਘਮ ਸੀ। ਭਾਵੇਂ ਓਹ ਸਿਖਾਂ ਦੀ ਵਿਰੋਧੀ ਕੈਂਪ ਦਾ ਸਪੂਤ ਸੀ ਪਰ ਓਹ ਸਿਖਾਂ ਦੀ ਬੀਰਤਾ

ਅਰ ਧੀਰਤਾ ਉੱਤੇ ਬਹੁਤ ਹੀ ਮੋਹਿਆ ਗਿਆ ਸੀ। ਸਿਖਾਂ ਦੀ ਰਣਨੀਤੀ, ਨਿਸ਼ਕਪਟਤਾ ਅਰ ਸਹਿਦੇ... ਉਪਮਾਂ ਕੀਤੀ ਹੈ। ਪਰ ਨਾਲ ਹੀ ਸਭ ਤੋਂ ਪੈਹਲਾਂ ... ਇਹ ਗੱਲ ਆਖੀ ਸੀ ਕਿ ਸਭ੍ਯਤਾ ਦਾ ਘਮੰਡ ਕਰਨ ... ਅੰਗ੍ਰੇਜ਼ ਕੌਮ ਨੇ ਸੋਨੇ ਚਾਂਦੀ ਦਾ ਲਾਲਚ ਦੇਕੇ ਦੇ... ਸਰਦਾਰਾਂ ਨੂੰ ਪੰਜਾਬ ਦੀ ਸੁਤੰਤ੍ਰਤਾ ਵੇਚਣ ਲਈ ਕਿ... ਤਿਆਰ ਕੀਤਾ ਸੀ। ਇਸ ਸਹੀ ਗੱਲ ਦੇ ਪਿ... ਮਿਸਟਰ ਕਨਿੰਘਮ ਨੂੰ ਅਨੇਕਾਂ ਅਪਮਾਨ ਤੇ ਕਸ਼ਟ ... ਪਏ ਅਤੇ ਛੇਕੜ ਇਸੇ ਦੁਖ ਦੇ ਕਾਰਣ ਹੀ ਓਹ ... ਸੰਸਾਰ ਤੋਂ ਚਲੇ ਗਏ। ਪਰ ਜਦ ਤਕ ਸੰਸਾਰ ਵਿਚ ਸ... ਤੇ ਨਿਯਾਂ ਦਾ ਆਦਰ ਹੈ ਤਦ ਤਕ ਕਨਿੰਘਮ ਸਾਹਿ... ਨਾਮ ਅਮਰ ਰਹੇਗਾ। ਨਯਾਯ ਤੇ ਸਚ ਦੇ ਪ੍ਰੇਮੀ ਲੋਕ ... ਦੇ ਗੁਣ ਗਾਉਂਦੇ ਰੈਹਣਗੇ। ਇਤਿਹਾਸ ਦੇ ਪ੍ਰੇਮੀ ... ਨੂੰ ਕਨਿੰਘਮ ਕ੍ਰਿਤ "ਸਿਖ ਇਤਿਹਾਸ" ਪਥਪ੍ਰ... (ਰਾਹ ਵਿਖਾਣ ਵਾਲਾ) ਦਾ ਕੰਮ ਦੇਵੇਗਾ। ਜਿਥੇ ... ਕੁਟਿਲਨੀਤੀ ਨਾਲ ਮਤਲਬ ਗੰਢਿਆ ਜਾਂਦਾ ਹੈ, ... ਦੇ ਪਰਦੇ ਵਿਚ ਅਨਯਾਯ ਲੁਕਾਯਾ ਜਾਂਦਾ ਹੈ, ਓਥੇ ... ਇਸ ਗਲ ਦਾ ਡਰ ਰੈਂਹਦਾ ਹੈ ਕਿ ਕਿਧਰੇ ਸਚਾਈ ... ਲੋਕਾਂ ਨੂੰ ਨਾ ਲਗ ਜਾਵੇ। ਜ਼ੁਲਮ ਤੇ ਬੇਈਮਾਨੀ ... ਨਾ ਖੁਲ ਜਾਵੇ। *ਕਿਉਂਕਿ ਸੰਸਾਰ ਵਿਚ ਇਹ ਕਿ...

---

*ਜਿਸਤਰਾਂ ਗੁਰਦਵਾਰਾ ਸੁਧਾਰ ਤੇ ਗੁਰੂ ਕੇ ... ਸਾਕੇ ਸਮੇਂ ਨੌਕਰਸ਼ਾਹੀ ਝੂਠੇ ਮੂਠੇ ਐਲਾਨ ਕਰਕੇ ... [illegible]

ਸਰ ਤੇ ਨਿਯਾਂ ਦੇ ਛੋਟੇ ਤੋਂ ਛੋਟੇ ਪਤ੍ਰ ਦੇ ਖੜਕਣ ਪਰ ਮ ਦੇ ਵੱਡੇ ੨ ਕੰਬਿਆਲੇ ਤ੍ਰਿਭਾਂਦੀਆਂ ਪਰੀਆਂ ਸਨ੍ਹਾਂ ਹਲ ਜਾਂਦੀਆਂ ਹਨ । ਇਸੇ ਕਰਕੇ ਝੂਠ ਨੂੰ ਲੁਕਾਣ ੀ ਨਕਲੀ—ਲਿਪਾਈ ਕਰਨੀ ਪੈਂਦੀ ਹੈ । ਸੋ ਇਸ ਪੋੜੀ ਦੇ ਪੇਚੀਲੇ ਜਾਲ ਵਿਚ ਹੀ ਵਿਚਾਰੇ ਕਨਿੰਘਮ ਫਸਣਾ ਪਿਆ ਤੇ ਓਸਦਾ ਜੋ ਬੁਰਾ ਨਤੀਜਾ ਨਿਕਲਿਆ ਅਸੀ ਉਪਰ ਦਸ ਹੀ ਆਏ ਹਾਂ । ਪਰ ਭਲਾ ਕਦੇ ਰੂੰ ਰ ਵਿਚ ਵੀ ਅੱਗ ਦੀ ਚਿੰਗਆੜੀ ਲੁਕ ਸਕਦੀ ਹੈ ? ਰ ਰੂੰ ਦੇ ਢੇਰ ਵਿਚ ਅੱਗਦੀ ਚੰਗਿਆੜੀ ਲੁਕ ਸਕਦੀ ਤਾਂ ਫਿਰ ਸੱਚ ਦੀ ਅੱਗ ਕਦੇ ਪ੍ਰਗਟ ਹੀ ਨਾ ਹੋਵੇ। ਸੱਚ ਸੱਚ ਤੇ ਝੂਠ ਝੂਠ ਹੀ ਹੈ । ਸੱਚ ਲੁਕਾਯਾ ਨਹੀਂ ਦਾ । ਭਾਵੇਂ ਅਜ ਮਿਸਟਰ ਕਨਿੰਘਮ ਇਸ ਸੰਸਾਰ ਨਹੀਂ ਪਰ ਜਿਸਤਰਾਂ ਸਮੁੰਦ੍ਰ ਵਿਚ ਤੁਰਨ ਵਾਲੇ ਜਹਾਜ਼ ਟਾਨਾਂ ਤੋਂ ਬਚਾਣ ਲਈ "ਲਾਈਟ ਹਾਊਸ" (ਚਾਂਦਣ) ਸਾਵਧਾਨ ਕਰਦੇ ਹਨ ਓਸੇਤਰਾਂ ਅਜ ਵੀ ਮਿਸਟਰ ਘਮ ਦਾ ਸਿਖ ਇਤਿਹਾਸ, ਇਤਿਹਾਸਕਾਰਾਂ ਨੂੰ ਪੁਕਾਰ ਆਖ ਰਿਹਾ ਹੈ ਕਿ ਭਰਾਵੋ ! ਵੇਖਣਾ, ਕਿਧਰੇ ਤੁਸਾਂ ਝੂਠ ਾਂ ਚਟਾਨਾਂ ਨਾਲ ਨਾ ਟਕਰਾ ਜਾਣਾ । ਇਤਿਹਾਸ ਦੀ ਤਾਂ ਖੂਬੀ ਹੈ ਕਿ ਜੈਸੀ ਘਟਨਾ ਹੋਵੇ ਵੈਸੀ ਲਿਖਣੀ । ਹਾਸ ਦੀ ਵਡਿਆਈ ਇਹੋ ਹੈ ਕਿ ਸਚਦਾ ਨਾਸ਼ ਕਦੇ ਕਰਨਾ । ਕਿਉਂਕਿ ਸੂਰਜ ਨੂੰ ਭਾਵੇਂ ਕਿਤੇ ਹੀ ਕਾਲੇ ੨ ਲ ਲੁਕਾਣ ਦੀ ਕੋਸ਼ਿਸ਼ ਕਰਨ ਪਰ ਓਸਦਾ ਪ੍ਰਕਾਸ਼ ਲੁਕ ਸਕਦਾ । ਇਸੇਤਰਾਂ ਸਚ ਨੂੰ ਭਾਵੇਂ ਕਿਨੇ ਹੀ [illegible]

ਈ ਤਰਾਂ ਉਸਦਾ ਪ੍ਰਕਾਸ਼ ਪ੍ਰਗਟੇ ਬਿਨਾ ਨਹੀਂ ਰੇਹਦਾ। ਇਹੋ ਕਾਰਨ ਹੈ ਕਿ ਅਜ ਵੀ ਅੰਗ੍ਰੇਜ਼ੀ ਵਿਚ ਸਿਖਾਂ ਦੀ ਬਾਬਤ ਜਿੰਨੇ ਇਤਿਹਾਸ ਨਿਕਲ ਰਹੇ ਹਨ ਉਹ ਸਾਰੇ ਕਨਿੰ ...ਮਦੇ ਬਣਾਏ "ਸਿਖ ਇਤਹਾਸ" ਦੇ ਆਸਰੇ ਹੀ ਨਿਕਲਦੇ ਹਨ।

ਉਪਰ ਦਸਿਆ ਗਿਆ ਹੈ ਕਿ ਸਿਖਾਂ ਦੀ ਸੁਤੰਤ੍ਰਤਾ ਨਸ਼ਟ ਹੋਏ ਨੂੰ ੭੨ ਵਰਹੇ ਹੋ ਗਏ ਹਨ। ਇੰਨੇ ਦਿਨ ਗੁਜ਼ਰ ਜਾਣ ਪਰ ਵੀ ਪੰਜਾਬੀ ਬੋਲੀ ਵਿਚ ਸਿਖਾਂ ਦੀ ਸੁਤੰਤ੍ਰਤਾ ਨਸ਼ਟ ਹੋਣ ਦੀ ਬਾਬਤ ਬਹੁਤ ਸਾਰੇ ਗੀਤ ਗਾਏ ਜਾਂਦੇ ਹਨ। ਪਰ ਸਚ ਪੁਛੋ ਤਾਂ ਪੰਜਾਬ ਦੀ ਸੁਤੰਤ੍ਰਤਾ ਖੋਹੀ ਜਾਣ ਦੀ ਚਰਚਾ ਨਾ ਸਿਰਫ ਪੰਜਾਬ ਵਿਚ ਹੀ ਬਲਕਿ ਵਿਲੈਤ ਵਿਚ ਭੀ ਹੁਣ ਤਕ ਬਰਾਬਰ ਪ੍ਰਚਲਿਤ ਹੈ। ਅੰਗ੍ਰੇਜ਼ੀ ਵਿਚ ਹੁਣ ਤਕ ਵੀ ਸਿਖਾਂ ਦੀ ਲੜਾਈ ਤੇ ਪੰਜਾਬ ਦੇ ਜ਼ਬਤ ਕਰਨ ਸੰਬੰਧੀ ਪੁਸਤਕਾਂ ਬਰਾਬਰ ਨਿਕਲ ਰਹੀਆਂ ਹਨ। ਸਿਖਾਂ ਨੇ ਅਪਣੀ ਸੁਤੰਤ੍ਰਤਾ ਦੀ ਰਖਿਆ ਲਈ ਕਿਸਤਰਾਂ ਦੀ ਬੀਰਤਾ ਪ੍ਰਗਟ ਕੀਤੀ ਸੀ ਇਸਦਾ ਅਨੁਮਾਨ ਪਾਠਕ ਇਥੋਂ ਤੋਂ ਹੀ ਕਰ ਲੈਣ ਕਿ ਇਨਾਂ ਬੀਤੇ ਵਰਿਹਾਂ ਵਿਚ ਸਿਖਾਂ ਦੀ ਲੜਾਈ ਦੀ ਬਾਬਤ ਜਿਨੀਆਂ ਪੋਥੀਆਂ ਅੰਗ੍ਰੇਜ਼ੀ ਵਿਚ ਛਪੀਆਂ ਹਨ ਉਨਾਂ ਵਿਚ ਸਿਖਾਂ ਦੀ ਲੜਾਈ ਵੇਲੇ ਮੌਜੂਦ ਅੰਗ੍ਰੇਜ਼ਾਂ ਦੇ ਵਡੇ ਅਫਸਰਾਂ ਤੋਂ ਲੈਕੇ ਛੋਟੇ ੨ ਅਫਸਰਾਂ ਦੀਆਂ ਡਾਇਰੀਆਂ ਵਿਚੋਂ ਉਸ ਲੜਾਈ ਸੰਬੰਧੀ ਕੁਝ ਨ ਕੁਝ ਨਵੀਆਂ ਗਲਾਂ ਲਿਖੀਆਂ ਗਈਆਂ ਹਨ। ਫੇਰ ਕਿਸੇ ... ਸੈਨਾਪਤੀ ਦੇ ਤਰਫਦਾਰ ਲੇਖਕ ਨੇ ਦੂਸਰੇ ਸੈਨਾਪ...

ਨੇ ਦੋਵੇਂ ਸਾਹਿਤ ਰਚਨ ਦੀ ਕੋਸ਼ਿਸ਼ ਕੀਤੀ ਹੈ । ਇਕ
ਸੈਨਾਪਤੀ ਨੇ ਆਪਣੇ ਸਾਥੀ ਦੂਸਰੇ ਸੈਨਾਪਤੀ ਦੇ ਕੰਮ ਵਿ
ਕਾਰ ਵਿਖਿਆਨ ਦਾ ਸਤਨ ਕੀਤਾ ਹੈ । ਕੇਵਲ ਇਸਤੋਂ ਹੀ
ਅਨੁਮਾਨ ਕਰ ਸਕੀਦਾ ਹੈ ਕਿ ਸਿਖਾਂ ਦੀ ਲੜਾਈ ਹਿੰਦੁ
ਸਤਾਨ ਦੇ ਇਤਿਹਾਸ ਵਿਚ ਕਿੰਨੀ ਵਡਿਆਈ ਵਾਲੀ ਹੈ
ਸਚਾ ਬੀਰ ਓਹ ਹੈ ਜਿਸਦੀ ਬੀਰਤਾ ਉਤੇ ਉਸਦੇ ਦੁਸ਼ਮਣ
ਭੀ ਮੋਹਿਤ ਹੋ ਜਾਣ । ਸੋ ਅੰਗ੍ਰੇਜ਼ ਭੀ ਸਿਖਾਂ ਦੀ ਬੀਰਤਾ
ਉਤੇ ਕਿੰਨੇ ਖੁਸ਼ ਹੋਏ ਸਨ ਕਿ ਓਹ ਅਜ ਦੀ ਸਿਖਾਂ ਦੀ
ਬੀਰਤਾ ਦੀ ਉਪਮਾਂ ਖੁਲ੍ਹੇ ਮੂੰਹ ਕੀਤੇ ਬਿਨਾਂ ਨਹੀਂ ਰੈਂਹਦੇ ।
ਈਸ਼ਵਰ ਦੇ ਇਸ ਮੰਗਲ ਮੈ ਸ੍ਰਿਸ਼ਟੀ ਵਿਚ ਇਕ ਪ
ਭੀ ਤਿਨਾਂ ਮਤਲਬ ਦੇ ਨਹੀਂ ਝੜਦਾ । ਕੌਣ ਆਖ ਸਕਦਾ
ਹੈ ਕਿ ਉਸ ਵੇਲੇ ਪੰਜਾਬ ਦੀ ਸੁਤੰਤਰਤਾ ਨਸ਼ਟ ਹੋਣ
ਵਿਚ ਵਾਹਿਗੁਰੂ ਦੀ ਕੀ ਇਛਾ ਸੀ ? ਪਰ ਇਹ ਗਲ ਸਾ
ਹੈ ਕਿ ਅੰਗ੍ਰੇਜ਼ਾਂ ਦੇ ਪੰਜਾਬ ਨੂੰ ਕਾਬੂ ਕਰਨ ਤੋਂ ਪੈਹਲ
ਪੰਜਾਬੀਆਂ ਨੇ ਖਾਸ ਕਰ ਸਿਖਾਂ ਨੇ ਸੁਤੰਤ੍ਰਤਾ ਦੇਵੀ
ਅਧੀਨ ਕਰਨ ਲਈ ਆਪਣਾ ਅਪੂਰਬ ਆਤਮ ਬਲਿਦਾਨ
ਕੀਤਾ ਸੀ ਜਿਸਦੀ ਗਵਾਹੀ ਵਿਦੇਸ਼ੀ ਇਤਿਹਾਸਕਾਰ ਦੇ ਰ
ਹਨ ਜ਼ੋਰ ਮੁਗਲੀਆ ਬਾਦਸ਼ਾਹੀ ਨੂੰ ਮਿਟਾਣ ਵਾਲੇ ਭੀ ਸਿ
ਹੀ ਸਨ ਤੇ ਉਨਾਂਨੇ ਇਹ ਦਿਖਾਕੇ ਸੰਸਾਰ ਦੀਆਂ ਅਖਾਂ ਖੋ
ਦਿਤੀਆਂ ਸਨ ਕਿ ਜੋ ਕੌਮ ਜੀਉਂਦੀ ਰੈਹਣਾ ਚਾਹੁੰਦੀ
ਪੈਹਲਾਂ ਉਸਨੂੰ ਮਰਨਾ ਚਾਹੀਦਾ ਹੈ, ਮਰਕੇ ਜੀਉਣਾ ਚਾਹੀ
ਹੈ । ਬੇਇਜ਼ਤੀ ਅਰ ਅਪਮਾਨ ਸਹਾਰਕੇ ਜੋ ਜੀਉਂਦੇ ਹ
ਓਹ ਸਦਾ ਲਈ ਮਰ ਜਾਂਦੇ ਹਨ । ਇਸ ਸਿਧਾਂਤ ਨੂੰ ਸਮ
[illegible] ਸੁਤੰਤ੍ਰਤਾਵਾਂ ਦੀ [illegible]

ਸੀ ਤਤਪਰ ਹੋਏ ਸਨ। ਮਹਾਤਮਾ ਗਾਂਧੀ ਜੀ ਦੇ ਯੁਧ ਕਾਲ ਇਸ ਵੇਲੇ ਵੀ ਸੁਤੰਤ੍ਰਤਾ ਦੀ ਪ੍ਰਾਪਤੀ ਲਈ ਜੋ ਨਾ ਮਿਲਵਰਤਨ ਆਦਿ ਕਰਮ ਹੋ ਰਹੇ ਹਨ ਓਨ੍ਹਾਂ ਸਭਨਾ ਦਾ ਕਾਰਣ ਪੰਜਾਬ ਦਾ ਹਤਿਆਕਾਂਡ ਯਾ ਜਲਿਆਂ ਵਾਲੇ ਬਾਗ ਦਾ ਖੂਨੀ ਸਾਕਾ ਹੈ। ਇਹ ਗਲ ਬਿਨਾ ਸ਼ਕ ਦੇ ਕਹੀ ਜਾ ਸਕਦੀ ਹੈ ਕਿ ਜੇਕਰ ਸਨ ੧੯੧੯ ਵਿਚ ਰੋਲਟ ਐਕਟ ਦਾ ਰੌਲਾ ਪੈਣ ਦੇ ਕਾਰਣ ਪੰਜਾਬ ਵਿਚ ਖੂਨੀ ਸਾਕਾ ਨਾ ਹੁੰਦਾ ਤੇ ਵਰਤਮਾਨ ਹਲਚਲ ਦੀ ਨੀਂਹ ਪੈਂਦੀ ਯਾ ਨਹੀਂ ਇਸ ਵਿਚ ਸ਼ਕ ਹੈ। ਸੋ ਇਸ ਸ੍ਵਾਧੀਨਤਾ ਦੇ ਯੁਗ ਵਿਚ ਪੰਜਾਬ ਦੇ ਖੋਹੇ ਜਾਣ ਦਾ ਇਤਿਹਾਸ ਵੱਡੀ ਵਡਿਆਈ ਵਾਲਾ ਹੈ। ਕਿਉਂਕਿ ਜਿਨ੍ਹਾਂ ਠੋਕਰਾਂ ਨਾਲ ਅਸੀ ਡਿਗ ਪਏ ਹਾਂ ਪੁਨ ਓਨ੍ਹਾਂ ਤੋਂ ਸਾਨੂੰ ਸਾਵਧਾਨ ਹੋ ਜਾਣਾ ਚਾਹੀਦਾ ਹੈ ਤਾਕਿ ਓਸਦਾ ਬੁਰਾ ਫਲ ਸਾਡੇ ਅਗੇ ਆਉਣ ਵਾਲੀ ਸੰਤਾਨ ਨੂੰ ਨਾ ਭੋਗਣਾ ਪਵੇ। ਆਸ਼ਾ ਹੈ ਇਸ ਵਿਸ਼ੇ ਵਿਚ ਪੰਜਾਬ ਦੇ ਖੋਹੇ ਜਾਣ ਦਾ ਇਤਿਹਾਸ ਪਾਠਕਾਂ ਨੂੰ ਬਹੁਤ ਸਾਰੀਆਂ ਗਲਾਂ ਦਸੇਗਾ।

ਛੇਕੜ ਨਿਵੇਦਨ ਹੈ ਕਿ ਉਂਞ ਤਾਂ ਮੈਂ ਹਿੰਦੀ ਵਿਚ ਕਿਨੀਆਂ ਪੁਸਤਕਾਂ ਲਿਖੀਆਂ ਹਨ ਪਰ ਸਿਖ ਇਤਿਹਾਸ ਸੰਬੰਧੀ ਮੇਰੀ ਇਹ ਤੀਜੀ ਪੋਥੀ ਹੈ। ਮੈਨੂੰ ਭਰੋਸਾ ਹੈ ਕਿ ਜਿਸ ਤਰਾਂ ਮੇਰੀਆਂ ਪੈਹਲੀਆਂ ਦੋਵੇਂ ਪੁਸਤਕਾਂ—ਸਿਖਾਂ ਦਾ ਉਥਾਨ ਔਰ ਪਤਨ ਤਥਾ "ਪੰਜਾਬ ਕੇਸਰੀ ਮਹਾਰਾਜਾ ਰਣਜੀਤ ਸਿੰਘ" ਪਾਠਕਾਂ ਨੂੰ ਪਸੰਦ ਆਈਆਂ ਸਨ ਓਸੇ ਤਰਾਂ ਹੀ ਓਹ ਇਸ ਪੁਸਤਕ ਤੋਂ ਵੀ ਪ੍ਰਸੰਨ ਹੋਣਗੇ। ਆਮੀਨ

੪੭ ਰਾਮਾਧੀਸ਼ਾ ਪਾੜਾ ਸਟ੍ਰੀਟ } ਨਿਵੇਦਕ—

ਕਲਕੱਤਾ } ਨੰਦ ਕੁਮਾਰ ਦੇਵ ਸ਼ਰਮਾ

ਸਮਰਪਣ

ਪੰਥ ਦੇ ਬੇਤਾਜ ਬਾਦਸ਼ਾਹ
ਸਰਦਾਰ ਖੜਕਸਿੰਘਜੀ ਰਈਸ ਸਯਾਲਕੋਟੀ
ਗੁਰਦ੍ਵਾਰਿਆਂਦੀ ਪਵਿਤ੍ਰਤਾ ਰੱਖਣਲਈ
ਜਿਨਾਂਨੇ ਅਪਣੇ ਸਾਰੇ ਸੁਖਾਂਨੂੰ ਲੱਤ
ਮਾਰਕੇ ਗੁਰੂ ਪੰਥ ਦੀ ਸੇਵਾ
ਕੀਤੀ ਅਰ ਜੇਲ ਗਏ
ਤਥਾ
ਜੋ ਹੁਣ ਦੇਸ ਸੇਵਾ ਹਿਤ ਫੇਰ ਦੋ ਸਾਲ ਲਈ
ਸ੍ਵਰਾਜ ਮੰਦਿਰ ਵਿਚ ਤਪਸਯਾ ਕਰਨ ਵਾਸਤੇ
ਭੇਜੇ ਗਏ ਹਨ ਓਨਾਂ ਦੇ ਕਰ ਕਮਲਾਂ ਵਿਚ ਇਹ
ਨਿਕੀ ਜੇਹੀ ਪੋਥੀ "ਅੰਤਿਮ ਸਿਖ ਬਾਦਸ਼ਾਹ"
ਸਾਦਰ ਸਮਰਪਣ ਕਰਦਾ ਹਾਂ। ਵਿਨੀਤ—

ਕੇਸਰੀ ਸਿੰਘ ਮੁਲਤਾਨੀ

੧ ਓ ਸਤਿਗੁਰਪ੍ਰਸਾਦਿ ॥

ਅੰਤਿਮ ਸਿਖ ਬਾਦਸ਼ਾਹ

ਅਥਵਾ

ਮਹਾਰਾਜਾ ਦਲੀਪ ਸਿੰਘ

ਪੰਜਾਬ ਦੀ ਦਸ਼ਾ

ਸੰਮਤ ੧੮੯੬ ਬਿਕ੍ਰਮੀ ਦੇ ਹਾੜ ਮਹੀਨੇ ਦੀ ਪੂਨਿਆਂ ਦੀ ਰਾਤ(੨੭ ਜੂਨ ਸੰਨ ੧੮੩੯)ਸਿਰਫ ਪੰਜਾਬ ਵਿਚਹੀ ਨਹੀਂ ਬਲਕੇ ਸਾਰੇ ਭਾਰਤ ਵਿਚ ਘੋਰ ਅੰਧਕਾਰ ਪਸਾਰਨ ਲਈ ਆਈ ਸੀ। ਉਸ ਦਿਨ ਉਹ ਸੂਰਜ ਅਸਤ ਹੋ ਗਿਆ ਜਿਸ ਦੀਆਂ ਤਿਖੀਆਂ ਕਿਰਨਾ ਨਾਲ ਸਾਰਾ ਪੰਜਾਬ ਪ੍ਰਕਾਸ਼ਤ ਸੀ। ਸਿਰਫ ਪੰਜਾਬ ਹੀ ਕਿਉਂ, ਬਲਕੇ ਬੀਰਤਾ, ਧੀਰਤਾ ਤੇ ਦ੍ਰਿੜਤਾ ਦਾ ਅਹੰਕਾਰ ਕਰਨ ਵਾਲਾ ਕਾਬੁਲ ਵੀ ਉਸ ਪ੍ਰਬਲ ਪ੍ਰਤਾਪੀ ਸੂਰਜ ਦੀਆਂ ਤਿਖੀਆਂ ਕਿਰਨਾ ਦਾ ਤੇਜ ਓਸ ਵੇਲੇ ਸਹਾਰਨ ਨੂੰ ਸਮਰਥ ਨਹੀਂ ਸੀ। ਇਥੋਂ ਤਕ ਕਿ ਫ੍ਰਿੰਗੀਆਂ ਦੀਆਂ ਅੱਖਾਂ ਵਿਚ ਭੀ ਜਿਸ ਪ੍ਰਬਲ ਪ੍ਰਤਾਪੀ ਸੂਰਜ ਦੀਆਂ ਤ੍ਰਿਖੀਆਂ ਕਿਰਨਾ ਨੇ ਚਕਚੌਂਧੀ ਪਾ ਦਿਤੀਸੀ ਓਹ ਸੂਰਜ ਓਸ ਦਿਨ ਅਸਤ ਹੋ ਗਿਆ। ਉਸ ਦਿਨ ਓਹ ਪੰਜਾਬ ਕੇਸਰੀ ਮਹਾਰਾਜਾ ਰਣਜੀਤ ਸਿੰਘ ਹਮੇਸ਼ਾ ਲਈ ਮਹਾਨੀਂਦ ਦੀ ਗੋਦ ਵਿਚ ਸੌਂ ਗਿਆ,ਜਿਸਦੀ ਧਾਂਕ ਨਾਲ ਇਕ ਦਿਨ ਕਾਬੁਲ ਵੀ

ਬਦਾ ਸੀ। ਜਿਸ ਬੀਰ ਸਿਰੋਮਣੀ ਮਹਾਰਾਜਾ ਰਣਜੀਤ ਸਿੰਘ ਦੀ ਅਪੂਰਵ ਬੀਰਤਾ ਦੇ ਅੱਗੇ ਪ੍ਰਤਾਪੀ ਬ੍ਰਿਟਿਸ਼ ਸ਼ੇਰ ਵੀ ਨਿਉਂ ਕੇ ਤੁਰਦਾ ਸੀ ਓਹ ਮਹਾਰਾਜਾ ਰਣਜੀਤ ਸਿੰਘ ਉਸ ਦਿਨ ਇਸ ਅਸਾਰ ਸੰਸਾਰ ਤੋਂ ਕੂਚ ਕਰ ਗਿਆ । ਸਚਮੁਚ ਹੀ ਮਹਾਰਾਜਾ ਰਣਜੀਤ ਸਿੰਘ ਬੀਰਭੂਮੀ ਪੰਜਾਬ ਦਾ ਸੱਚਾ ਬੀਰ ਸੀ। ਈਸੋ ਦੀ ੧੯ ਵੀਂ ਸਦੀ ਵਿਚ ਇਸ ਪਵਿਤ੍ਰ ਭਾਰਤ ਵਿਚ ਉਸਦੇ ਜੈਸਾ ਕੋਈ ਬੀਰ ਪੈਦਾ ਨਹੀਂ ਹੋਯਾ ਸੀ। ਵਿਦੇਸ਼ੀ ਇਤਿਹਾਸਕਾਰਾਂ ਨੇ ਵੀ ਉਸਦੀ ਗੁਣਾਵਲੀ ਗਾਉਂਦੇ ਹੋਏ ਖੁਲੇ ਮੂੰਹ ਕਿਹਾ ਹੈ—ਮਹਾਰਾਜਾ ਰਣਜੀਤ ਸਿੰਘ ਸਚ ਮੁਚ ਹੀ ਸ਼ੇਰ ਦੇ ਮਾਨਿੰਦ ਸੀ ਤੇ ਸ਼ੇਰ ਦੀ ਤਰਾਂ ਹੀ ਉਸ ਨੇ ਇਸ ਅਸਾਰ ਸੰਸਾਰ ਨੂੰ ਛਡਿਆ ਸੀ । ਉਸ ਬੀਰ ਬਹਾਦਰ ਦੀਆਂ ਸਾਰੀਆਂ ਗੱਲਾਂ ਇਥੇ ਲਿਖਣ ਦੀ ਲੋੜ ਨਹੀਂ । ਫੇਰ ਜਿਨ੍ਹਾਂ ਲੋਕਾਂ ਨੇ ਤਰੀਕੇ ਨਾਲ ਸਿਖਯਾ ਦੀਖਯਾ ਲਈ ਹੈ ਤੇ ਆਪਣੀ ਅਸਾਧਾਰਣ (ਗੈਰ ਮਾਮੂਲੀ) ਤਾਕਤ ਦੀ ਪਹਚਾਣ ਕਰਾਈ ਹੈ ਓਨਾਂ ਦੇ ਨਾਲ ਵੀ ਮਹਾਰਾਜਾ ਰਣਜੀਤ ਸਿੰਘ ਦੀ ਤੁੱਲਤਾ ਦਸਣੀ ਠੀਕ ਨਹੀਂ। ਕਿਉਂ ਕਿ ਮਹਾਰਾਜਾ ਰਣਜੀਤ ਸਿੰਘ ਦੀ ਬੀਰਤਾ, ਪਰਾਕ੍ਰਮ, ਸਾਹਸ, ਸ਼ਕਤੀ ਤੇ ਬੁੱਧੀ ਦੂਸਰੇ ਦੀ ਦਿਤੀ ਹੋਈ ਸਿਖਯਾ ਨਾਲ ਨਹੀਂ ਪ੍ਰਗਟੀ ਸੀ । ਓਨਾਂ ਦੇ ਸਭਨਾ ਗੁਣਾਂ ਦਾ ਵਿਕਾਸ਼ (ਖਿੜਾਉ) ਆਪਣੇ ਆਪ ਹੋਯਾ ਸੀ। ਵਾਹਿਗੁਰੂ ਦੀ ਦਿਤੀ ਹੋਈ ਅਕਲ, ਚਾਤਰੀ ਤੇ ਪ੍ਰਤਿਭਾ ਦੇ ਬਲ ਨਾਲ ਹੀ ਰਣਜੀਤ ਸਿੰਘ ਸੰਸਾਰ ਵਿਚ ਮਹਾਰਾਜਾ ਦੀ ਪਦਵੀ ਨੂੰ ਪਹੁੰਚਿਆ ਸੀ। ਆਪਣੀ ਫੌਜ ਨੂੰ ਵਿਦਵਾਨ ਤੇ ਯੁਧ ਵਿਦਯਾ ਵਿਚ ਨਿਪੁਣ ਕਰਨਾ ਉਸਦਾ ਸਭ ਤੋਂ ਵੱਡਾ ਕੰਮ ਸੀ। ਮਹਾ-ਰਾਜਾ ਰਣਜੀਤ ਸਿੰਘ ਨੇ ਘੋੜੇ ਦੀ ਸਵਾਰੀ ਵਿਚ ਅਸਾ

ਚਲਾਣੇ ਤੇ ਵੈਰੀਆਂ ਦੀ ਫੌਜ ਨੂੰ ਵਿੰਨ੍ਹਣ ਵਿਚ ਸੰਸਾਰ ਦੇ ਕਿਸੇ ਬੀਰ ਨਾਲੋਂ ਆਪਣੀ ਯੋਗਤਾ ਘਟ ਨਹੀਂ ਦਸੀ। ਐਸੇ ਮਹਾਤਮਾ ਦਾ ਸੰਸਾਰ ਤੋਂ ਚਲ ਵਸਣਾ ਕੀ ਸੀ ਜਾਣੋ ਪੰਜਾਬ ਦੀ ਆਜ਼ਾਦੀ ਉੱਪਰ ਬਿਜਲੀ ਦਾ ਗਿਰਨਾ ਸੀ। ਕਿਉਂਕਿ ਪੰਜਾਬ ਕੇਸਰੀ ਦੇ ਚਲਾਣੇ ਨਾਲ ਸਿਖਾਂ ਦੀ ਸ੍ਵਾਧੀਨਤਾ ਦੀ ਸਮਾਪਤੀ ਦੀ ਤਿਆਰੀ ਹੋ ਗਈ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਸਿਖ ਰਾਜ ਭਰ ਜਵਾਨੀ ਵਿਚ ਸੀ। ਉਸ ਵੇਲੇ ਸਿਖਾਂ ਦਾ ਝੰਡਾ ਹਿੰਦੂਕੁਸ਼ ਪਹਾੜ ਤੇ ਤਿਬਤ ਦੀਆਂ ਹਦਾਂ ਤਕ ਫਰਰੇ ਛਡ ਰਿਹਾ ਸੀ। ਪਛਮ ਵੱਲ ਉਸਮਾਨ ਖੇਲ ਤੇ ਖੈਬਰ ਤਥਾ ਸੁਲੇਮਾਨ ਪਰਬਤ ਨਾਲ ਸਿਖ ਰਾਜ ਦੀ ਹੱਦ ਜਾ ਮਿਲੀ ਸੀ। ਮਿਠਣ ਕੋਟ ਅਮਰਕੋਟ ਤਕ ਸਿਖ ਰਾਜ ਦੀ ਹੱਦ ਸਿੰਧ ਨਦੀ ਤੇ ਪੂਰਬ ਵਲ ਸਤਲੁਜ ਦਰੀਆ ਸੀ। ਸਤਲੁਜ ਦੇ ਪਾਰ ਵੀ ੪੫ ਪਿੰਡ ਸਿਖ ਰਾਜ ਦੀ ਅਧੀਨਗੀ ਹੇਠ ਸਨ। ਭਾਰਤ ਦਾ ਭੂਸ੍ਵਰਗ (ਕਸ਼ਮੀਰ) ਤੇ ਗਿਲਗਿਤ ਆਦਿ ਦੇਸ਼ ਵੀ ਮਹਾਰਾਜਾ ਰਣਜੀਤ ਸਿੰਘ ਦੇ ਫਤੇ ਕੀਤੇ ਹੋਏ ਸਿਖ ਰਾਜ ਦੇ ਅੰਦਰ ਸਨ। ਮਹਾਰਾਜਾ ਰਣਜੀਤ ਸਿੰਘ ਦੇ ਮਰਨ ਪਿਛੋਂ ਇਹੋ ਵੱਡਾ ਦੇਸ਼ (ਕਸ਼ਮੀਰ) ਹੀ ਪੰਜਾਬ ਦੀ ਸ੍ਵਾਧੀਨਤਾ ਦਾ ਮਲੀਆ ਮੇਟ ਕਰਨ ਦਾ ਕਾਰਣ ਬਣਿਆ।

ਬਹੁਤਵਾਰੀ ਮਹਾਰਾਜਾ ਸਾਹਿਬ ਕਿਹਾ ਕਰਦੇ ਸਨ ਕਿ ਮੇਰੇ ਮਰੇ ਪਿਛੋਂ ੧੦ ਵਰਹੇ ਤਕ ਮੇਰੀਆਂ ਜੁਤੀਆਂ ਵੀ ਰਾਜ ਕਰਨਗੀਆਂ। ਸੋ ਗਲ ਵੀ ਇਸੇ ਤਰਾਂ ਹੋਈ। ਮਹਾਰਾਜਾ ਰਣਜੀਤ ਸਿੰਘ ਦੇ ਦਬਦਬੇ ਤੇ ਰੋਬ ਦਾ ਅਨੁਮਾਨ ਪਾਠਕ ਸੱਜਨ ਕੇਵਲ ਇਤਨੇ ਤੋਂ ਹੀ ਕਰ ਲੈਣ ਕਿ ਜਿਸ ਵੇਲੇ ਮਹਾ-

ਰਾਜਾ ਸਾਹਿਬ ਲਕਵੇ ਦੀ ਬੀਮਾਰੀ ਨਾਲ ਮੰਜੀ ਉਤੇ ਪਏ ਹੋਏ ਸਨ, ਓਹ ਨਾ ਉਠ ਬੈਠ ਸਕਦੇ ਤੇ ਨਾ ਮੂੰਹੋਂ ਬੋਲ ਸਕਦੇ ਸਨ, ਉਸ ਵੇਲੇ ਵੀ ਕਿਸੇ ਸਰਦਾਰ ਨੂੰ ਯਾ ਮਹਾਰਾਜਾ ਦੇ ਕਿਸੇ ਸੰਬੰਧੀ ਨੂੰ ਇਹ ਹਿੰਮਤ ਨਹੀਂ ਪਈ ਸੀ ਕਿ ਓਹ ਬਲਵੇ ਦਾ ਝੰਡਾ ਖੜਾ ਕਰ ਦੇਵੇ। ਇਤਿਹਾਸ ਦੇ ਜਾਣੂਆਂ ਤੋਂ ਇਹ ਗੱਲ ਲੁਕੀ ਹੋਈ ਨਹੀਂ ਕਿ ਬਾਦਸ਼ਾਹ ਸ਼ਾਹਜਹਾਂ ਦੀ ਬੀਮਾਰੀ ਵੇਲੇ ਉਸਦੇ ਚਹੁੰ ਪੁਤ੍ਰਾਂ ਨੇ ਕਿਸਤਰਾ ਉਪਦ੍ਰਵ ਮਚਾਯਾ ਤੇ ਛੇਕੜ ਔਰੰਗਜ਼ੇਬ ਭਰਾਵਾਂ ਨੂੰ ਮਾਰ ਤੇ ਪਿਤਾ ਨੂੰ ਕੈਦ ਕਰਕੇ ਕਿਸ ਤਰਾਂ ਆਪ ਤਖਤ ਉੱਤੇ ਬੈਠ ਗਿਆ ਸੀ। ਫੇਰ ਪ੍ਰਤਾਪੀ ਔਰੰਗਜ਼ੇਬ ਦੇ ਸਮੇਂ ਵਿਚ ਵੀ ਕਿਸਤਰਾਂ ਗੜਬੜ ਮਚ ਗਈ ਸੀ। ਪਰ ਮਹਾਰਾਜਾ ਰਣਜੀਤ ਸਿੰਘ ਦੀ ਭਾਰੀ ਬੀਮਾਰੀ ਵਿਚ ਵੀ ਕਿਸੇ ਨੂੰ 'ਚੂੰ' ਤਕ ਕਰਨ ਦੀ ਹਿੰਮਤ ਨਹੀਂ ਪਈ। ਬੀਮਾਰ ਪਏ ਹੋਏ ਉਸ ਸ਼ੇਰ ਨਰ ਤੋਂ ਵੀ ਲੋਕ ਥਰ ੨ ਕੰਬਦੇ ਸਨ। ਸੱਚੀ ਗੱਲ ਤਾਂ ਇਹ ਹੈ ਕਿ ਮਹਾਰਾਜਾ ਰਣਜੀਤਸਿੰਘ ਵਿਚ ਫਤੇ ਪ੍ਰਾਪਤ ਕਰਨਦੀ ਜਿਸਤ੍ਰਾਂ ਦੀ ਸੁਭਾਵਿਕ ਸ਼ਕਤੀ ਸੀ ਓਸੇਤਰਾਂ ਦੀ ਹੀ ਓਸ ਵਿਚ ਹਕੂਮਤ ਕਰਨਦੀ ਵੀ ਸ਼ਕਤੀ ਸੀ। ਅਫਸੋਸ ਹੈ ਕਿ ਮਹਾਰਾਜਾ ਦੇ ਪਿਛੋਂ ਕੋਈ ਐਸਾ ਲਾਇਕ ਦੂਰੰਦੇਸ਼ ਤੇ ਚਤਰ ਪੁਰਖ ਨਾ ਜੰਮਿਆ ਜੋ ਉਸ ਭਾਰੇ ਰਾਜ ਨੂੰ ਅਸ਼ਾਂਤੀ ਦੇ ਭਾਰੇ ਝੱਖੜਾਂ ਤੋਂ ਬਚਾ ਲੈਂਦਾ। ਹਾਂ ਮਹਾਰਾਜਾ ਦੇ ਪੋਤ੍ਰੇ ਨੌਨਿਹਾਲ ਸਿੰਘ ਤੋਂ ਕੁਝ ਆਸ ਸੀ ਪਰ ਪੰਜਾਬ ਦੇ ਖੋਟਿਆਂ ਭਾਗਾਂ ਨੂੰ ਓਹ ਵੀ ਛੇਤੀ ਹੀ ਕਾਲ ਦੇ ਜਾਲ ਵਿਚ ਜਾ ਫਸੇ।

ਦੂਰੰਦੇਸ਼ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸਾਹਮਣੇ ਆਪਣੇ ਪੁਤ੍ਰ ਖੜਗ ਸਿੰਘ ਨੂੰ ਰਾਜ ਤਿਲਕ ਦੇ

ਦਿਤਾ ਤੇ ਧਿਆਨ ਸਿੰਘ ਨੂੰ ਉਸਦਾ ਵਜ਼ੀਰ ਬਣਾ ਦਿਤਾ ਸੀ ਪਰ ਮਹਾਰਾਜਾ ਦੇ ਮਰਨ ਦੇ ਥੋੜੇ ਦਿਨ ਪਿਛੋਂ ਹੀ ਰਾਜਾ ਧਿਆਨ ਸਿੰਘ ਤੇ ਖੜਗ ਸਿੰਘ ਵਿਚ ਅਣਬਣ ਹੋ ਗਈ। ਦੋਵੇਂ ਹੀ ਪੰਜਾਬ ਕੇਸਰੀ ਦੇ ਅੰਤਿਮ ਹੁਕਮ ਨੂੰ ਭੁਲ ਗਏ। ਦੋਹਾਂ ਦੇ ਦਿਲ ਵਿਚ ਇਕ ਦੂਜੇ ਉਤੇ ਇਸਤਰਾਂ ਦਾ ਵੈਰ ਪੈਦਾ ਹੋ ਗਿਆ ਕਿ ਜੋ ਸਿਖਰਾਜ ਦੀਆਂ ਜੜ੍ਹਾਂ ਪੁਟਣ ਦਾ ਕਾਰਨ ਹੋਇਆ । ਮਹਾਰਾਜਾ ਖੜਗ ਸਿੰਘ ਨੇ ਆਪਣਾ ਵਜ਼ੀਰ ਚੇਤ ਸਿੰਘ ਨੂੰ ਬਣਾ ਲਿਆ ਤੇ ਇਹ ਗੱਲ ਧਿਆਨ ਸਿੰਘ ਨੂੰ ਬੁਰੀ ਲੱਗੀ। ਚੇਤ ਸਿੰਘ ਦੁਰਾਚਾਰੀ ਤੇ ਦੁਸ਼ਟ ਸੁਭਾਵ ਦਾ ਮਨੁਖ ਸੀ ਤੇ ਉਸਨੇ ਮਹਾਰਾਜਾ ਖੜਗ ਸਿੰਘ ਨੂੰ ਆਪਣੇ ਹਥ ਕਠ ਪੁਤਲੀ ਬਣਾ ਲਿਆ। ਕਈ ਇਤਿਹਾਸਕਾਰਾਂ ਨੇ ਇਹ ਵੀ ਲਿਖਿਆ ਹੈ ਕਿ ਖੜਗ ਸਿੰਘ ਨੇ ਛਲ ਨਾਲ ਕਈ ਸਰਦਾਰਾਂ ਨੂੰ ਮਰਵਾ ਦਿਤਾ ਤੇ ਧਿਆਨ ਸਿੰਘ ਨੂੰ ਭੀ ਮਾਰਨ ਦੀ ਕੋਸ਼ਸ਼ ਕੀਤੀ। ਧਿਆਨ ਸਿੰਘ ਵੀ ਕੂਟਨੀਤੀ ਦਾ ਪੁਤਲਾ ਸੀ ਇਸ ਲਈ ਓਹ ਵੀ ਖੜਗ ਸਿੰਘ ਨੂੰ ਰਾਜ ਤੋਂ ਲਾਹ ਦੇਣ ਦੀ ਕੋਸ਼ਸ਼ ਕਰਨ ਲਗਾ। ਉਸ ਵੇਲੇ ਸਿਖ ਰਾਜ ਵਿਚ ਧਯਾਨ ਸਿੰਘ ਇਕ ਅਨੋਖੀ ਤਾਕਤ ਵਾਲਾ ਆਦਮੀ ਸੀ। ਉਸਨੇ ਖੜਗ ਸਿੰਘ ਨੂੰ ਸਿਖਾਂ ਦੀਆਂ ਨਜ਼ਰਾਂ ਵਿਚੋਂ ਗਿਰਾਣ ਖਾਤਰ ਇਹ ਖਬਰ ਉਡਾਈ ਕਿ ਖੜਗ ਸਿੰਘ ਨੇ ਅੰਗ੍ਰੇਜ਼ਾਂ ਦੀ ਅਧੀਨਗੀ ਮੰਨ ਲਈ ਹੈ ਤੇ ਰੁਪਯੇ ਵਿਚੋਂ ਛੇ ਆਨੇ ਮਾਮਲਾ ਵੀ ਦੇਣਾ ਕਬੂਲ ਕਰ ਲਿਆ ਹੈ। ਸੋ ਓਹ ਅੰਗ੍ਰੇਜ਼ਾਂ ਦੀ ਸਹੈਤਾ ਨਾਲ ਸਿਖ ਫੌਜ ਤੇ ਸਿਖ ਸਰਦਾਰਾਂ ਨੂੰ ਹਟਾਕੇ ਮੋਨਿਆਂ ਦੀ ਫੌਜ ਤੇ ਗੋਰੇ ਅਫਸਰ ਰਖਣਾ ਚਾਹੁੰਦਾ ਹੈ।

ਇਸ ਵੈਰ ਕੀ ਸੀ ਧਯਾਨ ਸਿੰਘ ਦਾ ਇਹ ਜਾਦੂ

ਗਿਆ। ਉਸ ਵੇਲੇ ਈਸਟ ਇੰਡੀਆ ਕੰਪਨੀ ਦੀ ਵੀ ਨਜ਼ਰ ਦੇਸੀ ਰਾਜਿਆਂ ਉੱਤੇ ਬਲੀਚਰ ਵਰਗੀ ਸੀ। ਇਥੋਂ ਤਕ ਕਿ ਖੜਗ ਸਿੰਘ ਦਾ ਪੁਤਰ ਨੌਨਿਹਾਲ ਸਿੰਘ ਤੇ ਖੜਗ ਸਿੰਘ ਦੀ ਇਸਤ੍ਰੀ ਰਾਣੀ ਚੰਦਕੌਰ ਵੀ ਧਿਆਨ ਸਿੰਘ ਦੇ ਮੋਹਿਨੀ ਮੰਤ੍ਰ ਦੇ ਵਸੀ ਹੋ ਗਏ। ਕਈ ਸਰਦਾਰਾਂ ਦੀ ਸਹਾਇਤਾ ਨਾਲ ਰਾਜਾ ਧਿਆਨ ਸਿੰਘ ਨੇ ਚੇਤ ਸਿੰਘ ਨੂੰ ਮਰਵਾ ਸੁਟਿਆ ਤੇ ਮਹਾਰਾਜਾ ਖੜਗ ਸਿੰਘ ਨੂੰ ਵੀ ਇਕਤਰਾਂ ਨਾਲ ਨਜ਼ਰਬੰਦ ਕਰ ਲਿਆ।

ਚੇਤ ਸਿੰਘ ਦੇ ਮਰਨ ਪਿਛੋਂ ਮਹਾਰਾਜਾ ਖੜਗਸਿੰਘ ਜੀ ਸਿਖ ਰਾਜ ਦੇ ਨਾਮ ਮਾਤ੍ਰ ਨੂੰ ਮਾਲਿਕ ਰਹਿ ਗਏ। ਇਸ ਲਈ ਓਹ ਕਿਲੇ ਵਾਲੇ ਮਕਾਨ ਨੂੰ ਛਡ ਕੇ ਆਪਣੇ ਸ਼ਹਿਰ ਵਾਲੇ ਮਕਾਨ ਵਿਚ ਜਾ ਵਸੇ ਤੇ ਅੰਤ ਸਮੇਂ ਤਕ ਓਥੇ ਹੀ ਰਹੇ। ਖੜਗ ਸਿੰਘ ਦੇ ਰਾਜ ਤੋਂ ਹਟਾਏ ਜਾਣ ਪਰ ਭਾਰੀ ਸਿਖਰਾਜ ਦੀ ਵਾਗ ਡੋਰ ੨੧—੨੨ ਵਰਿਹੇ ਦੇ ਨੌਜਵਾਨ ਲੜਕੇ ਨੌਨਿਹਾਲਸਿੰਘ ਨੇ ਫੜੀ ਤੇ ਓਹ ਮਹਾਰਾਜਾ ਬਣਿਆ।

ਇਤਿਹਾਸ ਜਾਨਣ ਵਾਲਿਆਂ ਤੋਂ ਇਹ ਲੁਕਿਆ ਹੋਇਆ ਨਹੀਂ ਕਿ ਪੰਜਾਬ ਕੇਸਰੀ ਮਹਾਰਾਜਾ ਰਣਜੀਤ ਸਿੰਘ ਦੇ ਮਰਨ ਸਮੇਂ ਜੰਮੂ ਦੇ ਰਾਜੇ ਧਿਆਨ ਸਿੰਘ ਤੇ ਗੁਲਾਬ ਸਿੰਘ ਦੀ ਤਾਕਤ ਬਹੁਤ ਵਧੀ ਹੋਈ ਸੀ। ਚੇਤ ਸਿੰਘ ਦੇ ਮਾਰੇ ਜਾਣ ਪਿਛੋਂ ਉਨਾਂ ਦਾ ਹੌਸਲਾ ਹੋਰ ਭੀ ਵਧ ਗਿਆ। ਵਿਚਾਰਾ ਕੁੰਵਰ ਨੌ ਨਿਹਾਲ ਸਿੰਘ ਵੀ ਜੰਮੂ ਦੇ ਰਾਜਿਆਂ ਦੀ ਵਧਦੀ ਹੋਈ ਤਾਕਤ ਨੂੰ ਰੋਕਣ ਲਈ ਫਿਕਰਵੰਦ ਹੋਯਾ। ਉਸ ਵੇਲੇ ਰਾਜ ਵਿਚ ਹੋਰ ਭੀ ਕਈ ਵਿਰੋਧੀ ਧੜੇ ਪੈਦਾ ਹੋ ਗਏ। ਭਾਵੇਂ ਕੁੰਵਰ ਨੌਨਿਹਾਲ ਸਿੰਘ ਜੰਮੂ ਵਾਲੇ ਰਾਜਿਆਂ ਦੀ ਤਾਕਤ ਤੇ ਹੋਰਨਾ ਬਖੇੜਿਆਂ ਨੂੰ ਮਿਟਾਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰ

ਬ੍ਰਿਟਿਸ਼ ਏਜੰਟ ਮਿਸਟਰ ਕਲਰਕ ਨੂੰ ਇਸ ਵਿਚ ਵੀ ਬ੍ਰਿਟਿਸ਼ ਰਾਜ ਲਈ ਸਾਜ਼ਸ਼ ਸੁੱਝੀ। ਇਸ ਤੋਂ ਪਹਿਲਾਂ ਐਸਾ ਹੀ ਸ਼ੱਕ ਮਿਸਟਰ ਕਲਰਕ ਦੇ ਜਾ ਨਸ਼ੀਨ ਕਪਤਾਨ ਵੇਡ ਨੂੰ ਸੁਝਿਆ ਸੀ। ਕਪਤਾਨ ਵੇਡ ਨੇ ਨਿਰਾ ਜ਼ਬਾਨੀ ਇਹ ਆਖਿਆ ਸੀ ਕਿ ਕੁੰਵਰ ਨੌਨਿਹਾਲ ਸਿੰਘ ਅਫਗਾਨੀ ਸਰਦਾਰਾਂ ਨਾਲ ਰਲਕੇ ਅੰਗ੍ਰੇਜ਼ਾਂ ਦੇ ਵਿਰੁਧ ਸਾਜ਼ਸ਼ ਕਰ ਰਹੇ ਹਨ, ਪਰ ਮਿਸਟਰ ਕਲਰਕ ਨੇ ਇਸ ਦੋਸ਼ ਨੂੰ ਸਾਬਿਤ ਕਰਨ ਲਈ ਇਕ ਚਿਠੀ ਵੀ ਪੈਦਾ ਕਰ ਲਈ ਤੇ ਜਿਸ ਤੋਂ ਇਹ ਸਾਬਿਤ ਕਰਨਾ ਚਾਹਿਆ ਕਿ ਕੁੰਵਰ ਨੌਨਿਹਾਲ ਸਿੰਘ ਆਪਣੀ ਮੋਹਰ ਵਾਲੀ ਚਿਠੀ ਭੇਜਕੇ ਅੰਗ੍ਰੇਜ਼ਾਂ ਦੇ ਬਣਾਏ ਅਮੀਰ ਸ਼ਾਹਸ਼ੁਜਾ ਦੀ ਪ੍ਰਜਾ ਨੂੰ ਭੜਕਾ ਰਿਹਾ ਹੈ ਅਤੇ ਅੰਗ੍ਰੇਜ਼ਾਂ ਦੇ ਭਾਰੇ ਦੁਸ਼ਮਣ ਦੋਸਤ ਮੁਹੰਮਦ ਨੂੰ ਉਸਨੇ ਧਨ ਦੇਣ ਦਾ ਵਚਨ ਦਿਤਾ ਹੈ। ਪਰ ਕੁੰਵਰ ਨੌਨਿਹਾਲ ਸਿੰਘ ਨੇ ਝਟ ਇਸ ਸ਼ੱਕ ਦਾ ਖੰਡਨ ਕਰਕੇ ਆਪਣੀ ਸਫਾਈ ਪੇਸ਼ ਕੀਤੀ ਤੇ ਇਹ ਸਾਬਿਤ ਕਰ ਦਿਤਾ ਕਿ ਚਿਠੀਆਂ ਜਾਲੀ ਹਨ। ਇਨਾਂ ਉਕੰਤ ਝਮੇਲਿਆਂ ਵਿਚ ਫਸ ਜਾਣ ਕਰਕੇ ਕੁੰਵਰ ਨੌਨਿਹਾਲ ਸਿੰਘ ਜੰਮੂ ਦੇ ਰਾਜਿਆਂ ਦੀ ਵਧਦੀ ਹੋਈ ਤਾਕਤ ਨੂੰ ਨਾ ਰੋਕ ਸਕਿਆ। ਇਸਦੇ ਵਿਚਾਲੇ ਹੀ ਉਸਦੀ ਜਾਨ ਲੈਣ ਵਾਲੀ ਇਕ ਵਾਰਦਾਤ ਹੋ ਗਈ। ਜਿਸਦੇ ਨਾਲ ਪੰਜਾਬ ਦਾ ਹੋਨਹਾਰ ਰਤਨ ਇਸ ਸੰਸਾਰ ਤੋਂ ਛੇਤੀ ਤੁਰ ਗਿਆ। ਉਹ ਇਸਤਰਾਂ ਹੋਈ ਕਿ ੫ ਨਵੰਬਰ ਸਨ ੧੮੪੦ ਨੂੰ ਮਹਾਰਾਜਾ ਖੜਗ ਸਿੰਘ ਦਾ ਚਲਾਣਾ ਹੋ ਗਿਆ। ਆਪਣੇ ਪਿਤਾ ਖੜਗ ਸਿੰਘ ਦਾ ਅੰਤਿਮ ਸੰਸਕਾਰ ਕਰਕੇ ਜਦ ਉਹ ਮੁੜੇ ਤਾਂ ਉਨਾਂ ਦੇ ਸਿਰ ਤੇ ਇਕ ਡਿਉਢੀ ਡਿਗ ਪਈ ਤੇ ਉਹ ਮਰ ਗਏ। ਕੁੰਵਰ ਦੇ ਚਲਾਣੇ ਨਾਲ ਸਿਖ

ਰਾਜ ਹੋਰ ਵੀ ਹਨੇਰੇ ਵਿਚ ਜਾ ਪਿਆ ।

*ਨੌਨਿਹਾਲ ਸਿੰਘ ਦੇ ਮਰਨ ਪਿਛੋਂ ਸਿਖ ਰਾਜ ਵਿ ਕਈਤਰਾਂ ਦੇ ਝਗੜੇ ਖੜੇ ਹੋ ਗਏ। ਉਨ੍ਹਾਂ ਸਭਨਾ ਬਖੇੜਿਆ ਨੂੰ ਦੂਰ ਕਰਕੇ ਰਾਜਾ ਧਿਆਨ ਸਿੰਘ ਨੇ ਸ਼ੇਰਸਿੰਘ ਨੂੰ ਤਖ਼ ਉਤੇ ਬਿਠਾਯਾ। ਪਰ ਥੋੜ੍ਹੇਹੀ ਦਿਨਾਂ ਵਿਚ ਰਾਜਾ ਧਿਆਨਸਿੰਘ ਤੇ ਮਹਾਰਾਜਾ ਸ਼ੇਰ ਸਿੰਘ ਵਿਚ ਅਣ ਬਣ ਹੋ ਗਈ। ਦੋਵੇਂ ਹੀ ਇਕ ਦੂਜੇ ਦੀ ਜਾਨ ਦੇ ਗਾਹਕ ਬਣ ਗਏ। ਛੇਕੜ ਦੋਵੇਂ (ਮਹਾਰਾਜਾ ਸ਼ੇਰਸਿੰਘਤੇ ਵਜ਼ੀਰ ਧਿਆਨਸਿੰਘ)ਸੰਧਾਂਵਾਲੀਏ ਅਜੀਤ ਸਿੰਘ ਤੇ ਲੈਹਣਾ ਸਿੰਘ ਦੇ ਹਥੋਂ ਮਾਰੇ ਗਏ । ਰਾਜਾ ਧਿਆਨ ਸਿੰਘ ਦੇ ਇਸ ਤਰਾਂ ਮਾਰੇ ਜਾਣ ਪਰ ਉਸਦੇ ਪੁਤ੍ਰ ਹੀਰਾ ਸਿੰਘ ਨੇ ਸਿਖ ਫੌਜਨੂੰ ਆਪਣੀ ਵਲਕਰਕੇ ਸੰਧਾਂਵਾਲੀ ਦੇ ਦੋਹਾਂ ਸਰਦਾਰਾਂ ਲੈਹਣਾਂ ਸਿੰਘ ਤੇ ਅਜੀਤ ਸਿੰਘ ਨੂੰ ਮਰਵਾ

---

*ਨੌ ਨਿਹਾਲ ਸਿੰਘ ਦੇ ਮਰ ਜਾਣ ਪਰ ਉਸਦੀ ਮਾਤ ਚੰਦਕੌਰ ਨੇ ਸਹਿਜ ਨਾਲ ਸ਼ੇਰ ਸਿੰਘ ਦਾ ਰਾਜਾ ਹੋਣਾ ਨ ਮੰਨਿਆ। ਰਾਜਾ ਧਿਆਨ ਸਿੰਘ ਦਾ ਭਰਾ ਗੁਲਾਬ ਸਿੰਘ ਕੁਝ ਫੌਜ ਲੈਕੇ ਰਾਣੀ ਵਲ ਹੋਗਿਆ ਤੇ ਬਾਕੀ ਸਿਖ ਫੌਜ ਸ਼ੇਰ ਸਿੰਘ ਵਲ ਹੋ ਗਈ। ੬ ਦਿਨਾਂ ਦੀ ਲੜਾਈ ਪਿਛੋਂ ਇਹ ਰਾਜੀਨਾਮਾ ਹੋਯਾ ਕਿ ਸ਼ੇਰ ਸਿੰਘ ਨੂੰ ਪੰਜਾਬ ਦਾ ਮਹਾਰਾਜਾ ਬਣਾਯਾ ਜਾਵੇ ਤੇ ਰਾਣੀ ਨੂੰ ਜਾਗੀਰ ਦਿਤੀ ਜਾਵੇ। ਕਿਸੇ ਤ ਇਤਿਹਾਸ ਲੇਖਕ ਨੇ ਇਹ ਵੀ ਲਿਖਿਆ ਹੈ ਕਿ ਖੜਗ ਸਿੰਘ ਦੇ ਗੱਦੀ ਉਤੇ ਬੈਠਦਿਆਂ ਹੀ ਸ਼ੇਰ ਸਿੰਘ ਨੇ ਆਪਣੇ ਆਪ ਨੂੰ ਵੱਡਾ ਪੁਤ੍ਰ ਮਹਾਰਾਜਾਂ (ਰਣਜੀਤ ਸਿੰਘ) ਦਾ ਆਖਕੇ ਗੱਦੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਤੇ ਇਸਦੀ ਬਾਬਤ ਉਸਨੇ ਅੰਗ੍ਰੇਜ਼ਾਂ ਨੂੰ ਵੀ ਲਿਖਿਆ ।

ਹੁੰਦਿਆਂ ਓਨਾਂ ਦੇ ਮਰਨ ਪੁਰ ਮਹਾਰਾਜਾ ਦਲੀਪ ਸਿੰਘ ਜੀ ਗੱਦੀ ਉਤੇ ਬੈਠੇ ਜਿਨਾਂ ਦਾ ਜੀਵਨ ਚਰਿਤ੍ਰ ਹੀ ਇਸ ਪੁਸਤਕ ਵਿਚ ਵਰਨਣ ਕੀਤਾ ਜਾਣਾ ਹੈ ਤੇ ਰਾਜਾ ਧਿਆਨ ਸਿੰਘ ਦਾ ਪੁਤ੍ਰ ਹੀਰਾ ਸਿੰਘ ਵਜ਼ੀਰ ਬਣਿਆ ।

ਤਖਤ ਉਤੇ ਬੈਠਣ ਸਮੇਂ ਮਹਾਰਾਜਾ ਦਲੀਪ ਸਿੰਘ ਦੀ ਉਮਰ ਕੇਵਲ ਪੰਜ ਵਰਹੇ ਦੀ ਸੀ। ਬਾਲਕ ਰਾਜੇ ਦੀ ਮਾਤਾ ਮਹਾਰਾਣੀ ਜਿੰਦਾਂ ਮਹਾਰਾਜਾ ਰਣਜੀਤ ਸਿੰਘ ਦੀ ਇਕ ਪਿਆਰੀ ਰਾਣੀ ਸੀ। ਮਹਾਰਾਜਾ ਸਾਹਿਬ ਦੀਆਂ ੧੬—੧੭ ਰਾਣੀਆਂ ਸਨ ਪਰ ਸਭਣਾਂ ਨਾਲੋਂ ਵਧ ਓਹ ਜਿੰਦਾਂ ਨੂੰ ਪਯਾਰ ਕਰਦੇ ਸਨ। ਮਹਾਰਾਜਾ ਸਾਹਿਬ ਉਸਨੂੰ "ਮਹਬੂਬਾ" ਨਾਮ ਤੋਂ ਸਦਿਆ ਕਰਦੇ ਸਨ ਜਿਸਦਾ ਅਰਥ ਹੁੰਦਾ ਹੈ "ਪਰਮ ਪਿਆਰੀ" ਮਹਾਰਾਜਾ ਨੇ ਇਸ ਨੂੰ ਬੁਢਾਪੇ ਵਿਚ ਵਿਆਹਿਆ ਸੀ। ਮਹਾਰਾਣੀ ਜਿੰਦਾਂ ਦੇ ਪਿਤਾ ਦਾ ਨਾਮ ਸਰਦਾਰ ਮੰਨਾ ਸਿੰਘ ਸੀ ਤੇ ਓਹ ਮਹਾਰਾਜਾ ਦੀ ਫੌਜ ਵਿਚ ਇਕ ਘੋੜ ਸਵਾਰ ਸੀ।

ਬਾਲਕ ਮਹਾਰਾਜਾ ਦਲੀਪ ਸਿੰਘ ਦਾ ਜਨਮ ਸੰਮਤ ੧੮੯੪ ਬਿਕ੍ਰਮੀ (ਫਰਵਰੀ ਸਨ ੧੮੩੭) ਨੂੰ ਹੋਯਾ ਸੀ ਤੇ ਸੰਮਤ ੧੯੦੦ (ਸਤੰਬਰ ਸਨ ੧੮੪੩ ਈ:) ਓਹ ਗੱਦੀ ਪਰ ਬੈਠਾਏ ਗਏ। ਭਲਾ ਪੰਜ ਛੇ ਵਰਹੇ ਦੇ ਅਬੋਧ ਬਾਲਕ ਨੂੰ ਸੰਸਾਰ ਦੀਆਂ ਭਲੀਆਂ ਬੁਰੀਆਂ ਗੱਲਾਂ ਦਾ ਕਿੰਨਾ ਗਯਾਨ ਹੁੰਦਾ ਹੈ ਇਹ ਗੱਲ ਪਾਠਕਾਂ ਤੋਂ ਕੋਈ ਲੁਕੀ ਹੋਈ ਨਹੀਂ ਪਰ ਉਸ ਵੇਲੇ ਦੇ ਕਈ ਵਿਦੇਸ਼ੀ ਇਤਿਹਾਸ ਲੇਖਕਾਂ ਨੇ ਬਾਲਕ ਦਲੀਪ ਸਿੰਘ ਦੀ ਬਾਬਤ ਜੋ ਆਪਣੀ ਸੰਮਤੀ ਪ੍ਰਗਟ ਕੀਤੀ ਹੈ ਉਸਤੋਂ ਪਤਾ ਲਗਦਾ ਹੈ ਕਿ ਬਾਲਕ ਦਲੀਪ ਸਿੰਘ

ਨੂੰ ਵੱਡੀ ਉਮਰ ਵਿਚ ਜੇਕਰ ਸੁਤੰਤ੍ਰਤਾ ਨਾਲ ਰਾਜ ਕਰਨ ਦਾ ਮੌਕਾ ਮਿਲਦਾ ਤਾਂ ਓਹ ਆਪਣੇ ਲਾਇਕ ਪਿਤਾ ਦੀ ਨਾਲਾਇਕ ਸੰਤਾਨ ਕਦੇ ਵੀ ਨਾ ਨਿਕਲਦਾ। ਪਰ ਅਕਲ ਸਿਖਣ ਤੋਂ ਪਹਿਲਾਂ ਹੀ ਬਾਲਕ ਦਲੀਪ ਸਿੰਘ ਨੂੰ ਆਪਣੇ ਰਖਿਅਕਾਂ ਦੀ ਕਿਰਪਾ ਨਾਲ ਜੋ ਇਕ ਤਰਾਂ ਦੇ ਭਖਸ਼ਕ ਸਨ, ਆਪਣੇ ਰਾਜ ਤੋਂ ਹਥ ਧੋਣੇ ਪਏ। ਹੇ ਰਾਜਨੀਤੀ! ਤੂੰ ਐਸੀਆਂ ਵਿਅੜੀਆਂ ਖੇਡਾਂ ਖਿਡਾਉਂਦੀ ਹੈਂ। ਤੇਰੇ ਗੁਝੇ ਭੇਦਾਂ ਨੂੰ ਖਾਸ ਕਰ ਪੂਰਬੀ-ਅਨ ਵਾਲਾਂ ਨੂੰ ਸਮਝਣਾ ਬੜਾ ਔਖਾ ਹੈ।ਕਿਉਂਕਿ ਪਤਾ ਨਹੀਂ ਕਦੋਂ ਸੁਲਾਹਨਾਮੇ ਤੇ ਸੰਧੀ ਦੇ ਕਾਗਜ਼ ਇਕ ਰੱਦੀ ਦੇ ਟੁਕੜੇ ਸਮਝੇ ਜਾਣ!

ਬਾਲਕ ਦਲੀਪ ਸਿੰਘ ਦੀ ਮਾਤਾ ਉਸਦੀ ਪਾਲਕ ਬਣੀ। ਕਈ ਇਤਿਹਾਸ ਲੇਖਕਾਂ ਨੇ ਉਸ ਪਵਿਤ੍ਰ ਚਰਿਤ੍ਰ ਮਹਾਰਾਣੀ ਨੂੰ ਵੀ ਵਿਭਚਾਰਣੀ ਸਾਬਤ ਕਰਨ ਲਈ ਖੁਲ੍ਹੇ ਦਿਲ ਨਾਲ ਕਾਗਜ਼ ਕਾਲੇ ਕੀਤੇ ਹਨ। ਪਰ ਉਨ੍ਹਾਂ ਭਲੇ ਲੋਕਾਂ ਨੇ ਆਪਣੀ ਅਕਲ ਨੂੰ ਤਕਲੀਫ ਦੇ ਕੇ ਜ਼ਰਾ ਇਹ ਨਹੀਂ ਸੋਚਿਆ ਕਿ ਉਸਦੇ ਹਥ ਆਈ ਹੋਈ ਤਾਕਤ ਨੂੰ ਵੇਖ ਕੇ ਈਰਖਾ ਨਾਲ ਸੜਨਾ ਕੋਈ ਅਸੰਭਵ ਗੱਲ ਨਹੀਂ ਸੀ। ਖੈਰ ਕੁਝ ਹੋਵੇ, ਪਰ ਇਸ ਵਿਚ ਕੋਈ ਸ਼ਕ ਨਹੀਂ ਕਿ ਮਹਾਰਾਣੀ ਜਿੰਦਾਂ ਸ਼ਾਂਤੀ ਵਾਲੀ ਤੇ ਗੰਭੀਰ ਤੋਂ ਗੰਭੀਰ ਸੁਭਾਵ ਦੀ ਸੀ।

ਰਾਜਾ ਹੀਰਾ ਸਿੰਘ ਚਤੁਰ ਤੇ ਬੁਧੀਵਾਨ ਸੀ। ਓਹ ਭਾਵੇਂ ਅਨੇਕ ਭਾਸ਼ਾ ਭਿਗਜ(ਕਈਆਂ ਬੋਲੀਆਂ ਦਾ ਜਾਨਣ ਵਾਲਾ) ਸੀ ਪਰ ਉਸਨੂੰ ਅੰਗ੍ਰੇਜ਼ੀ ਖਾਸ ਕਰਕੇ ਚੰਗੀ ਆਉਂਦੀ ਸੀ। ਰਾਜਾ ਹੀਰਾ ਸਿੰਘ ਦਾ ਇਕ ਸਲਾਹਕਾਰ ਪੰਡਤ ਜੱਲ੍ਹਾ ਨਾਮੇ ਸੀ। ਵਜ਼ੀਰ ਹੀਰਾ ਸਿੰਘ ਜੋ ਰਾਣੀ ਜਿੰਦਾਂ ਆਪਣੀ

ਸਲਾਹਕਾਰ ਪੰਡਤ ਜਲ੍ਹੇ ਦੀ ਸਲਾਹ ਨਾਲ ਰਾਜ ਪ੍ਰਬੰਧ ਕਰਨ ਲਗੇ। ਭਾਵੇਂ ਇਸ ਵੇਲੇ ਪੰਜਾਬ ਦੀ ਹਕੂਮਤ ਵਿਚ ਕੋਈ ਘਾਟਾ ਨਹੀਂ ਸੀ ਪਰ ਪੰਜਾਬ ਦੇ ਭਾਗਾਂ ਵਿਚ ਸੁਖ ਸਾਂਤੀ ਨਹੀਂ ਸੀ। ਥੋੜੇ ਦਿਨਾਂ ਵਿਚ ਹੀ ਹੀਰਾ ਸਿੰਘ ਨਾਲ ਵੀ ਲੋਕ ਈਰਖਾ ਕਰਨ ਲਗ ਪਏ। ਦਲੀਪ ਸਿੰਘ ਦੇ ਮਾਮੇ ਜਵਾਹਰ ਸਿੰਘ ਤੇ ਹੋਰ ਕਈ ਸਰਦਾਰਾਂ ਨੇ ਹੀਰਾ ਸਿੰਘ ਨੂੰ ਵਜ਼ੀਰੀ ਤੋਂ ਹਟਾਣ ਦੀ ਵੀ ਕੋਸ਼ਿਸ਼ ਕੀਤੀ। ਇਥੋਂ ਤਕ ਕਿ ਹੀਰਾਸਿੰਘ ਦਾ ਸਕਾ ਚਾਚਾ ਰਾਜਾ ਸੁਚੇਤ ਸਿੰਘ ਵੀ ਹੀਰਾ ਸਿੰਘ ਦਾ ਵਿਰੋਧੀ ਹੋ ਗਿਆ। ਪਰ ਚਾਚੇ ਭਤੀਜੇ ਦੇ ਆਪਸੀ ਵਿਰੋਧ ਦਾ ਕਾਰਣ ਰਾਣੀ ਜਿੰਦਾਂ ਸੀ। ਕਿਉਂਕਿ ਉਹ ਸੁਚੇਤ ਸਿੰਘ ਨੂੰ ਵਜ਼ੀਰ ਬਣਾਣਾ ਚਾਹੁੰਦੀ ਸੀ।

ਇਕ ਦਿਨ ਸ਼ਾਮ ਨੂੰ ਸੁਚੇਤ ਸਿੰਘ ਦੀ ਸਲਾਹ ਨਾਲ ਮਹਾਰਾਜਾ ਦਲੀਪ ਸਿੰਘ ਦਾ ਮਾਮਾ ਮਹਾਰਾਜ ਨੂੰ ਖਾਲਸਾ ਫੌਜ ਵਿਚ ਲੈ ਗਿਆ ਤੇ ਉਥੇ ਉਸਨੇ ਕਿਹਾ ਕਿ ਹੀਰਾ ਸਿੰਘ ਮਹਾਰਾਜ ਨੂੰ ਬਹੁਤ ਦੁਖ ਦੇਂਦਾ ਹੈ ਇਸ ਲਈ ਆਪ ਜੇਕਰ ਮਹਾਰਾਜੇ ਦੀ ਰਖਿਆ ਨਹੀਂ ਕਰੋਗੇ ਤਾਂ ਮੈਂ ਮਹਾਰਾਜੇ ਨੂੰ ਅੰਗ੍ਰੇਜ਼ਾਂ ਦੀ ਸ਼ਰਨ ਵਿਚ ਲੈ ਜਾਵਾਂਗਾ।

ਚਤਰ ਵਜ਼ੀਰ ਹੀਰਾ ਸਿੰਘ ਨੇ ਪੈਹਲਾਂ ਤੋਂ ਹੀ ਇਹ ਅਫਵਾਹ ਉਡਾ ਰੱਖੀ ਸੀ ਕਿ ਮਹਾਰਾਜੇ ਦਾ ਮਾਮਾ ਜਵਾਹਰ ਸਿੰਘ ਮਹਾਰਾਜੇ ਨੂੰ ਅੰਗ੍ਰੇਜ਼ਾਂ ਦੇ ਹਵਾਲੇ ਕਰਨ ਵਾਲਾ ਹੈ। ਸੋ ਜਵਾਹਰ ਸਿੰਘ ਦੇ ਮੂੰਹੋਂ ਅੰਗ੍ਰੇਜ਼ਾਂ ਦਾ ਨਾਮ ਸੁਣਦਿਆਂ ਹੀ ਫੌਜ ਭੜਕ ਗਈ। ਉਸਨੇ ਜਵਾਹਰ ਸਿੰਘ ਨੂੰ ਮਹਾਰਾਜੇ ਸਣੇ ਸਾਰੀ ਰਾਤ ਆਪਣੇ ਪੈਹਰੇ ਵਿਚ ਰਖਿਆ ਅਤੇ ਸਵੇਰ ਹੁੰਦੇ ਹੀ ਇਸਦੀ ਖਬਰ ਹੀਰਾ ਸਿੰਘ ਨੂੰ ਦਿਤੀ। ਹੀਰਾ ਸਿੰਘ ਨੇ

ਜਵਾਹਰ ਸਿੰਘ ਨੂੰ ਕੈਦ ਕਰ ਲਿਆ ਤੇ ਸੁਚੇਤ ਸਿੰਘਦੀ ਫੌਜ ਨੂੰ ਜੋ ਉਸ ਵੇਲੇ ਕਿਲੇ ਵਿਚ ਕੈਦ ਸੀ ਹਥਿਆਰ ਖੋਹਕੇ ਬਾਹਰ ਕੱਢ ਦਿਤੀ। ਇਹ ਗੱਲ ਸੁਚੇਤ ਸਿੰਘ ਨੂੰ ਬਹੁਤ ਬੁਰੀ ਲਗੀ ਪਰ ਰਾਜਾ ਗੁਲਾਬ ਸਿੰਘ ਸੁਚੇਤ ਸਿੰਘ ਨੂੰ ਸਮਝਾ ਬੁਝਾਕੇ ਜੰਮੂ ਲੈ ਗਏ। ਮਹਾਰਾਜਾ ਦਲੀਪ ਸਿੰਘ ਦੇ ਦੋਬਾਰਾ ਸ਼ਹਰ ਵਿਚ ਔਣ ਪਰ ੧੦੧ ਤੋਪਾਂ ਦੀ ਸਲਾਮੀ ਕੀਤੀ ਗਈ। ਓਸ ਦਿਨ ਤੋਂ ਖਾਲਸਾ ਫੌਜ ਰਾਜਾ ਸੁਚੇਤ ਸਿੰਘ ਨੂੰ ਲਾਹੌਰ ਦਰਬਾਰ ਦਾ ਦੁਸ਼ਮਣ ਸਮਝਣ ਲਗੀ। ਇਸਤਰਾਂ ਹੀਰਾ ਸਿੰਘ ਨੇ ਉਸ ਵੇਲੇ ਸੁਚੇਤ ਸਿੰਘ ਤੇ ਜਵਾਹਰਸਿੰਘਦਾ ਕੁਝ ਦਿਨਾਂਲਈ ਦਮਨ ਕਰ ਦਿਤਾਪਰ ਓਸਦੇ ਨਾਲ ਅਸ਼ਾਂਤੀਦੀ ਅੱਗ ਹਮੇਸ਼ਾ ਲਈ ਬਲ ਪਈ ਤੇਜਿਸਨੇ ਸਮਾਂ ਪਾਕੇ ਭਿਆਨਕਰੂਪ ਧਾਰਨ ਕਰ ਲਿਆ।

ਓਸ ਵੇਲੇ ਸਿਖ ਰਾਜ ਦੇ ਹਰੇਕ ਸਰਦਾਰ ਨੂੰ ਹਕੂਮਤ ਪ੍ਰਾਪਤ ਕਰਨ ਦੀ ਲਾਲਸਾ ਇਨੀ ਲਗੀ ਹੋਈ ਸੀ ਕਿ ਓਨਾਂ ਦੇ ਦਿਲਾਂ ਵਿਚੋਂ ਭਲਾ ਬੁਰਾ ਵਿਚਾਰਨ ਦੀ ਅਕਲ ਜਾਂਦੀ ਰਹੀ ਸੀ। ਘਰ ਦੀ ਇਹ ਫੁਟ ਪੰਜਾਬ ਦੀ ਅਜਾਦੀ ਨੂੰ ਸਦਾ ਲਈ ਮਿਟਾਣ ਦਾ ਕਾਰਣ ਬਣੀ। ਹਰੇਕ ਸਰਦਾਰ ਕੋਈ ਨਾਂ ਕੋਈ ਐਸੀ ਚਾਲ ਚਲਦਾ ਸੀ ਜਿਸਤੋਂ ਪੁਰਾਣੇ ਝਮੇਲੇ ਦੂਰ ਹੋਣੇ ਕਿਤੇ ਰਹੇ ਸਗੋਂ ਨਵੇਂ ਝਮੇਲੇ ਪੈਦਾ ਹੋ ਜਾਂਦੇ ਸਨ ਅਤੇਜਿਨ੍ਹਾਂ ਦੇ ਕਾਰਣ ਕੋਈ ਨਾ ਕੋਈ ਉਪਦ੍ਰਵ ਹੋਏ ਬਿਨਾ ਨਹੀਂ ਰੈਂਹਦਾ ਸੀ। ਹੀਰਾ ਸਿੰਘ ਦੇ ਸਲਾਹਕਾਰ ਪੰਡਿਤ ਜਲ੍ਹਾ ਨੇ ਇਹ ਸਾਜਸ਼ ਅਰੰਭੀ ਕਿ ਦਲੀਪ ਸਿੰਘ ਨੂੰ ਗੱਦੀ ਤੋਂ ਹਟਾਕੇ ਸ਼ੇਰ ਸਿੰਘ ਦੇ ਪੁਤ੍ਰ ਨੂੰ ਗੱਦੀ ਦਿਤੀ ਜਾਵੇ। ਪਰ ਛੇਤੀ ਹੀ ਇਸਦਾ ਭੇਦ ਖੁਲ੍ਹ ਗਿਆ। ਰਾਣੀ ਜਿੰਦਾਂ ਦੇ ਸਾਹਮਣੇ ਜਲ੍ਹੇ ਪੰਡਿਤ

ਦੀ ਕੋਈ ਪੇਸ਼ ਨਾ ਗਈ।

ਏਧਰ ਲਾਹੌਰ ਵਿਚ ਇਸਤਰਾਂ ਦੇ ਕਾਰਨਾਮੇ ਹੋ ਹੀ ਰਹੇ ਸਨ ਕਿ ਓਧਰ ਜੰਮੂ ਵਿਚ ਬੈਠਾ ਗੁਲਾਬ ਸਿੰਘ ਵੀ ਚੁਪ ਨਹੀਂ ਸੀ। ਕਿਉਂਕਿ ਉਸ ਵੇਲੇ ਸਿਖ ਰਾਜ ਦੇ ਸਾਰੇ ਹੀ ਆਗੂ ਆਪਣੇ ੨ ਸਵਾਰਥਾਂ ਲਈ ਅੰਨ੍ਹੇ ਹੋ ਰਹੇ ਸਨ। ਗੁਲਾਬ ਸਿੰਘ ਨੇ ਲਾਹੌਰ ਦਰਬਾਰ ਵਿਚ ਇਕ ਜਾਲੀ ਚਿਠੀ ਭਿਜਵਾਈ ਕਿ ਮਹਾਰਾਜਾ ਰਣਜੀਤ ਸਿੰਘ ਦੇ ਦੋਵੇਂ ਪੁਤ੍ਰ ਕੰਵਰ ਸਿੰਘ ਤੇ ਕਸ਼ਮੀਰਾ ਸਿੰਘ* ਸੰਧਾਂ ਵਾਲੀਏ ਅਤਰ ਸਿੰਘ ਨਾਲ ਮਿਲਕੇ ਗੱਦੀ ਪ੍ਰਾਪੰਤ ਕਰਨ ਲਈ

---

*ਗੁਜਰਾਤ ਦੇ ਸਰਦਾਰ ਸਾਹਿਬ ਸਿੰਘ ਦੀਆਂ ਦੋ ਵਿਧਵਾ ਇਸਤ੍ਰੀਆਂ ਸਨ, ਰਤਨ ਕੌਰ ਤੇ ਦਯਾ ਕੌਰ। ਸੰਨ ੧੮੧੨ ਵਿਚ ਜਦ ਉਕਤ ਸਰਦਾਰ ਜੀ ਚਲਾਣਾ ਕਰ ਗਏ ਤਾਂ ਮਹਾਰਾਜਾ ਰਣਜੀਤ ਸਿੰਘ ਨੇਂ ਉਸਦੀਆਂ ਦੋਹਾਂ ਸਰਦਾਰਨੀਆਂ ਨੂੰ ਅਨੰਦ ਪੜ੍ਹਾਕੇ ਆਪਣੇ ਘਰ ਪਾ ਲਿਆ। ਦਯਾ ਕੌਰ ਦੀ ਕੋਈ ਸੰਤਾਨ ਨਹੀਂ ਸੀ, ਇਸ ਲਈ ਉਸਨੇ ਕਸ਼ਮੀਰਾ ਸਿੰਘ ਤੇ ਪਿਸ਼ੌਰਾ ਸਿੰਘ ਨਾਮੇਂ ਦੋ ਲੜਕੇ ਖਰੀਦ ਕੇ ਓਹਨਾਂ ਨੂੰ ਆਪਣਾ ਪੁਤ੍ਰ ਬਣਾਯਾ। ਪਿਸ਼ੌਰਾ ਸਿੰਘ ਤਾਂ ਲਾਹੌਰ ਦੇ ਇਕ ਦੁਕਾਨਦਾਰ ਪਾਸੋਂ ਖਰੀਦਿਆ ਗਿਆ ਸੀ ਤੇ ਕਸ਼ਮੀਰਾ ਸਿੰਘ ਜੰਮੂ ਦੇ ਕਿਸੇ ਰਾਜਪੂਤ ਪਾਸੋਂ ਮੁਲ ਲਿਆ ਗਿਆ ਸੀ। ਇਹਨਾਂ ਦੋਹਾਂ ਪੁਤ੍ਰਾਂ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਖਿੰਦੀ ਪੁਤ੍ਰਾਂ ਵਾਂਗ ਕਰਕੇ ਜਾਣਿਆ ਤੇ ਉਹਨਾਂ ਨੂੰ ਸਿਆਲ ਕੋਟ ਦਾ ਇਲਾਕਾ ਜਗੀਰ ਵਿਚ ਦਿਤਾ। ਰਾਣੀ ਦਯਾ ਕੌਰ ਦਾਸੀ ਨਹੀਂ ਸੀ, ਰਣਜੀਤ ਸਿੰਘ ਨੇ ਉਸਦੇ ਨਾਲ ਅਨੰਦ ਪੜ੍ਹਾਯਾ ਸੀ।

ਸਾਜ਼ਸ਼ ਕਰ ਰਹੇ ਹਨ। ਵਜ਼ੀਰ ਹੀਰਾਸਿੰਘ ਨੇ ਓਹਨਾਂ ਦੋਹਾਂ ਨੂੰ ਦਬਾਣ ਲਈ ਫੌਜ ਭੇਜ ਦਿਤੀ। ਪਰ ਖਾਲਸਾ, ਫੌਜ ਮਹਾਰਾਜਾ ਰਣਜੀਤਸਿੰਘਦੇ ਪੁਤ੍ਰਾਂਦੀ ਵੱਡੀ ਇਜ਼ਤ ਕਰਦੀਸੀ। ਇਸ ਲਈ ਓਸਨੂੰ ਇਹ ਡਰ ਪਿਆ ਕਿ ਹੀਰਾ ਸਿੰਘ ਨੇ ਜੋ ਫੌਜ ਲਹੌਰੋਂ ਭੇਜੀ ਹੈ ਓਹ ਕਿਧਰੇ ਮਹਾਰਾਜੇ ਦੇ ਪੁਤ੍ਰਾਂ ਨੂੰ ਮਾਰ ਨਾ ਸੁਟੇ। ਇਸ ਡਰ ਕਰਕੇ ਖਾਲਸਾ ਫੌਜ ਨੇ ਹੀਰਾ ਸਿੰਘ ਨੂੰ ਧਿਆਨ ਸਿੰਘ ਦੀ ਹਵੇਲੀ ਵਿਚ ਕੈਦ ਕਰ ਦਿਤਾ। ਜਦ ਹੀਰਾ ਸਿੰਘ ਨੇ ਖਾਲਸਾ ਫੌਜ ਨੂੰ ਇਹ ਵਚਨ ਦਿਤਾ ਕਿ ਕਸ਼ਮੀਰਾ ਸਿੰਘ ਤੇ ਪਿਸ਼ੌਰਾ ਸਿੰਘ ਦੋਹਾਂ ਦੇ ਪ੍ਰਾਣਾਂ ਤੇ ਜਾਗੀਰ ਦੀ ਰਖਯਾ ਕੀਤੀ ਜਾਵੇਗੀ ਤੇ ਅਗੇ ਨੂੰ ਜਲ੍ਹਾ ਪੰਡਤ ਰਾਜ ਦੇ ਕਿਸੇ ਕੰਮ ਵਿਚ ਹਥ ਨਹੀਂ ਪਾਵੇਗਾ ਤਦ ਫੌਜ ਨੇ ਹੀਰਾ ਸਿੰਘ ਨੂੰ ਛਡ ਦਿਤਾ। ਪਰ ਗੁਲਾਬ ਸਿੰਘ ਨੇ ਲਾਹੌਰ ਦਰਬਾਰ ਦੇ ਹੁਕਮ ਨਾਲ ਆਪਣੀ ਫੌਜ ਕੰਵਰ ਕਸ਼ਮੀਰਾ ਸਿੰਘ ਤੇ ਪਿਸ਼ੌਰਾ ਦੇ ਮੁਕਾਬਲੇ ਲਈ ਭੇਜੀ। ਫੌਜ ਨੇ ਓਹਨਾਂ ਦੀ ਜਾਗੀਰ ਜ਼ਬਤ ਕਰ ਲਈ ਅਰ ਓਹ ਦੋਵੇਂ ਨਠ ਗਏ। ਥੋੜੇ ਦਿਨਾਂ ਪਿਛੋਂ ਗੁਲਾਬ ਸਿੰਘ ਨੇ ਓਹਨਾਂਨੂੰ ਦਮ ਦਿਲਾਸਾ ਦੇਕੇ ਅਪਣੇ ਪਾਸ ਜੰਮੂ ਬੁਲਾਯਾ ਤੇ ਨਜ਼ਰ ਬੰਦ ਕਰਕੇ ਓਹਨਾਂ ਪਾਸੋਂ ੧ ਲੱਖ ਰੁਪਯਾ ਮੰਗਿਆ। ਏਧਰ ਖਾਲਸਾ ਫੌਜ ਨੇ ਵੀ ਕਸ਼ਮੀਰਾ ਸਿੰਘ ਤੇ ਪਿਸ਼ੌਰਾ ਸਿੰਘ ਦਾ ਪੱਖ ਕੀਤਾ। ਇਸ ਲਈ ਲਾਚਾਰ ਹੋਕੇ ਰਾਜਾ ਗੁਲਾਬ ਸਿੰਘ ਨੇ ੨੦ ਹਜ਼ਾਰ ਰੁਪਯਾ ਲੈਕੇ ਦੋਹਾਂ ਨੂੰ ਛਡ ਦਿੱਤਾ, ਪਰ ਦਿੱਲ ਦੀ ਸਫਾਈ ਨਾ ਹੋਈ। ਅਥਵਾ ਇਹ ਆਖੋ ਕਿ ਭਾਗ ਵਿਧਾਤਾ ਹੀ ਪੰਜਾਬ ਤੋਂ ਰੁੱਠਾ ਹੋਯਾ ਸੀ। ਜਿਸ ਕਰਕੇ ਸਿਖ ਰਾਜ ਦੇ ਸਰਦਾਰ ਇਕ ਦੂਜੇ ਨੂੰ ਮਿਟਾਣ ਲਗੇ

ਜੀ ਆਪੋ ਆਪਣੀ ਤਾਕਤ ਖਰਚ ਕਰ ਰਹੀ ਸਨ । ਉਸ ਵੇਲੇ ਸਿਖ ਰਾਜ ਦੀ ਘਰੋਗੀ ਅਸ਼ਾਂਤੀ ਨੇ ਜੰਗਲ ਦੀ ਅੱਗ ਸਮਾਨ ਭਿਆਨਕ ਰੂਪ ਧਾਰਣ ਕੀਤਾ । ਸਦਾ ਹੀ ਕੋਈ ਨਾ ਕੋਈ ਨਵਾਂ ਉਪਦ੍ਰਵ ਹੋ ਜਾਣ ਲਗਾ । ਇਸ ਘਰੋਗੀ ਅਸ਼ਾਂਤੀ ਦੇ ਕਾਰਣ ਰਾਜ ਪ੍ਰਬੰਧ ਦੀ ਦਸ਼ਾ ਵੀ ਠੀਕ ਨਹੀਂ ਸੀ।

ਮੁਲਤਾਨ ਦੇ ਦੀਵਾਨ ਸਾਵਣ ਮਲ ਦੇ ਮਰਜਾਣਪਿਛੋਂ ਉਸਦੇ ਪੁਤ੍ਰ ਮੂਲਰਾਜ ਨੇ ਲਾਹੌਰ ਦਰਬਾਰ ਨੂੰ ਮਾਮਲਾ ਦੇਣਾ ਬੰਦ ਕਰ ਦਿਤਾ ਅਤੇ ਉਹ ਮੁਲਤਾਨ ਨੂੰ ਲਾਹੌਰ ਦੇ ਅਧੀਨ ਨਾ ਦੱਸਕੇ ਸੁਤੰਤ੍ਰ ਰਿਆਸਤ ਹੀ ਦਸਣ ਲਗ ਪਿਆ । ਏਧਰੋਂ ਉਸ ਵੇਲੇ ਖਾਲਸਾ ਫੌਜ ਨੂੰ ਤਨਖਾਹ ਵੀ ਨਾ ਮਿਲੀ । ਰਾਜ ਦੇ ਖਜ਼ਾਨੇ ਦੀ ਪੜਤਾਲ ਕਰਨ ਲਈ ਜਲ੍ਹਾ ਪੰਡਿਤ ਨੂੰ ਲਾਯਾ ਗਿਆ । ਉਸਨੇ ਸਾਰੇ ਯੂਰਪੀਨ ਨੌਕਰਾਂ ਨੂੰ ਹਟਾ ਦਿਤਾ । ਓਧਰ ਖਾਲਸਾ ਫੌਜ ਤਨਖਾਹ ਦੇ ਨਾ ਮਿਲਣ ਕਰਕੇ ਅਪ੍ਰਸੰਨ ਸੀ ਹੀ ਉਪਰੋਂ ਕਸ਼ਮੀਰਾ ਸਿੰਘ ਤੇ ਪਿਸ਼ੌਰਾ ਸਿੰਘ ਦੇ ਝਗੜੇ ਦੇ ਕਾਰਣ ਉਹ ਹੋਰ ਵੀ ਅਧੀਰ ਹੋ ਗਏ । ਉਸਨੇ ਕਸ਼ਮੀਰ ਤੋਂ ਰਾਜਾ ਸੁਚੇਤ ਸਿੰਘ ਨੂੰ ਪ੍ਰਧਾਨ ਵਜ਼ੀਰ ਬਨਾਣ ਲਈ ਬੁਲਾ ਭੇਜਿਆ । ਲਾਹੌਰ ਦਰਬਾਰ ਦੇ ਕੁਝ ਸਰਦਾਰਾਂ ਨੇ ਵੀ ਹੀਰਾ ਸਿੰਘ ਦੇ ਵਿਰੁਧ ਸੁਚੇਤ ਸਿੰਘ ਨੂੰ ਭੜਕਾਕੇ ਸਦ ਭੇਜਿਆ । ਉਨਾਂ ਦੇ ਆਖੇ ਲਗਕੇ ਸੁਚੇਤ ਸਿੰਘ ੨੭ ਮਾਰਚ ਸਨ ੧੮੪੩ ਨੂੰ ਸੁਚੇਤ ਸਿੰਘ ਸ਼ਾਹਦਰਾ (ਲਾਹੌਰ) ਪਹੁੰਚ ਗਿਆ । ਸੁਚੇਤ ਸਿੰਘ ਦੀ ਆਮਦ ਸੁਣਦਿਆਂ ਹੀ ਹੀਰਾਸਿੰਘ ਬਹੁਤ ਘਬਰਾਇਆ ਤੇ ਉਹ ਆਪ ਖਾਲਸਾ ਫੌਜ ਵਿਚ ਗਿਆ । ਉਸਨੇ ਹਰੇਕ ਫੌਜ ਸਵਾਰ ਤੇ ਸਿਪਾਹੀ ਨੂੰ ਸੋਨੇ ਦਾ ਇਕ ੨ ਕੜਾ ਤੇ ਹਰੇਕ ਅਫਸਰ ਨੂੰ ਸੋਨੇ ਦਾ

ਇਕ ੨ ਕੈਂਠਾ ਦੇਣ ਦਾ ਵਚਨ ਕੀਤਾ ਤੇ ਫੌਜ ਵਿਚ ਇ
ਰਾਂ ਦੀ ਜੋਸ਼ੀਲੀ ਅਪੀਲ ਕੀਤੀ:—

"ਖਾਲਸਾ ਫੌਜ ਦੇ ਬੀਰੋ, ਮੈਂ ਤੁਹਾਡੇ ਪੁਰਾਣੇ ਵਜ਼ੀਰ ਧਿਆਨ ਸਿੰਘ ਦਾ ਪੁਤ੍ਰ ਤੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਕੇਸਰੀ ਦਾ ਨਾਦੀ ਪੁਤ੍ਰ ਮੈਂ ਹੀਰਾ ਸਿੰਘ ਤੁਹਾਡੇ ਸਾਹਮਣੇ ਖੜਾ ਹਾਂ। ਜੇਕਰ ਮੈਂ ਕੋਈ ਕਸੂਰ ਕੀਤਾ ਹੈ ਤਾਂ ਇਹ ਲਓ ਤਲਵਾਰ ਤੇ ਮੇਰਾ ਸਿਰ ਵੱਢ ਸੁਟੋ। ਪਰ ਮੈਨੂੰ ਮੇਰੇ ਚਾਚੇ ਸੁਚੇਤ ਸਿੰਘ ਦੇ ਹਥੋਂ ਜੋ ਕਿ ਫਿਰੰਗੀਆਂ ਦਾ ਗੁੱਝਾ ਮਿਤ੍ਰ ਹੈ ਨਾ ਮਰਵਾਓ। ਜੇਕਰ ਤੁਸਾਂ ਉਸਨੂੰ ਨਹੀਂ ਸਦਿਆ ਤਾਂ ਉਸਨੂੰ ਦੂਰ ਕਰਨ ਵਿਚ ਮੇਰੀ ਮਦਦ ਕਰੋ। ਪਿਆਰੇ ਖਾਲਸਾ ਬਹਾਦਰੋ! ਇਸ ਵੇਲੇ ਸਿਵਾ ਤੁਹਾਡੇ ਮੈਨੂੰ ਕਿਸੇ ਦਾ ਭਰੋਸਾ ਯਾ ਸਹਾਰਾ ਨਹੀਂ।"

ਹੀਰਾ ਸਿੰਘ ਦਾ ਇਹ ਮੋਹਣੀ ਮੰਤ੍ਰ ਫੁਰ ਗਿਆ। ਜੇਹੜੀ ਖਾਲਸਾ ਫੌਜ ਪਹਿਲਾ ਉਸਦੇ ਵਿਰੁਧ ਸੀ ਹੁਣ ਓਹ ਉਸਦੀ ਸਹਾਇਕ ਹੋ ਗਈ। ਖਾਲਸਾ ਫੌਜ ਨੇ ਸੁਚੇਤ ਸਿੰਘ ਨੂੰ ਜੰਮੂ ਮੁੜ ਜਾਣ ਲਈ ਆਖ ਭੇਜਿਆ। ਏਧਰੋਂ ਹੀਰਾ ਸਿੰਘ ਨੇ ਕਹਿ ਭੇਜਿਆ—ਚਾਚਾ ਜੀ, ਤੁਸੀਂ ਬਿਰਥਾ ਪ੍ਰਾਣ ਗਵਾਣ ਲਈ ਕਿਉਂ ਆਏ ਹੋ, ਜੰਮੂ ਵਿਚ ਮੁੜ ਜਾਓ। ਪਰ ਸੁਚੇਤ ਸਿੰਘ ਨੇ ਇਹ ਗਲ ਨਾ ਮੰਨੀ। ਉਸਨੇ ਰਾਤ ਇਕ ਪੁਰਾਣੀ ਮਸੀਤ ਵਿਚ ਬਿਤਾਈ। ਉਸ ਵੇਲੇ ਉਸਦੇ ਨਾਲ ਸਿਰਫ ੪੦ ਆਦਮੀ ਸਨ। ਜੰਮੂ ਤੋਂ ਉਸਦੇ ਨਾਲ ਸਾਢੇ ਤਿੰਨ ਸੌ ਮਨੁਖ ਆਏ ਸਨ ਪਰ ਓਨਾਂ ਵਿਚੋਂ ਬਹੁਤ ਸਾਰੇ ਆਪਣੇ ਘਰਾਂ ਨੂੰ ਮੁੜ ਗਏ ਸਨ। ਫੇਰ ਕੀ ਸੀ, ਸਵੇਰੇ ਹੁੰਦਿਆਂ ਸਾਰ ਖਾਲਸਾ ਫੌਜ ਦੇ ਕੋਈ ਪੰਦਰਾ ਹਜ਼ਾਰ ਆ

ਸਵਾਰਾਂ ਨੇ ਸੁਰੇਤ ਸਿੰਘ ਨੂੰ ਘੇਰ ਲਿਆ। ਮਸੀਤ ਦੇ ਪਾ
ਹੀ ਅੰਨ੍ਹੇ ਮੁਸਲਮਾਨ ਫਕੀਰਾਂ ਦੀ ਇਕ ਸਭਾ ਸੀ। ਖਾਲਸਾ
ਫੌਜ ਦੇ ਘੇਰਾ ਪਾ ਲੈਣ ਪਿਛੋਂ ਓਨਾਂ ਮੁਸਲਮਾਨਾਂ ਨੇ ਰਾਜਾ
ਸੁਰੇਤ ਸਿੰਘ ਨੂੰ ਕਿਹਾ ਕਿ ਤੁਹਾਨੂੰ ਅਸੀ ਇਸਤਰਾਂ ਨਾਲ
ਕੱਢ ਲੈ ਜਾਵਾਂਗੇ ਕਿ ਇਸਦਾ ਕਿਸੇਨੂੰ ਪਤਾ ਵੀ ਨਹੀਂ ਲਗੇਗਾ
ਪਰ ਸੁਰੇਤ ਸਿੰਘ ਨੇ ਨਾ ਮੰਨੀ। ਓਸਨੇ ਕਿਹਾ—ਇਸਤਰਾਂ
ਦੇ ਲੁਕਣ ਛਿਪਣ ਨਾਲੋਂ ਲੜਾਈ ਵਿਚ ਮਰ ਜਾਣਾ ਚੰਗਾ ਹੈ।

ਬਸ ਫੇਰ ਕੀ ਸੀ, ਖਾਲਸਾ ਫੌਜ ਦੀਆਂ ਤੋਪਾਂ ਲਗੀਆਂ
ਅੱਗ ਵਰਸਾਣ। ਓਹ ਵਿਚਾਰੇ ਅੰਨ੍ਹੇ ਫਕੀਰ ਵੀ ਵਿਚੇ ਸੁਆਹ
ਹੋ ਗਏ। ਪਰ ਸੁਰੇਤ ਸਿੰਘ ਨੇ ਆਪਣੇ ਧੀਰਜ ਦੀ ਹਦ ਕਰ
ਵਿਖਾਈ। ਓਹ ਉਸ ਵੇਲੇ ਆਪਣੇ ਸਾਥੀਆਂ ਸਣੇ ਕੋਈ ਕਥਾ
ਸੁਣਦਾ ਸੀ। ਜਦ ਖਾਲਸਾ ਫੌਜ ਦੀਆਂ ਤੋਪਾਂ ਨਾਲ ਮਸੀਤ
ਦੀਆਂ ਕੰਧਾਂ ਡਿਗ ਪਈਆਂ ਓਦੋਂ ਓਹ ਵੈਰੀਆਂ ਦਾ ਟਾਕਰਾ
ਕਰਨ ਲਈ ਬਾਹਰ ਨਿਕਲਿਆ। ਓਸਨੇ ਸ਼ੇਰ ਵਾਂਗ ਗਜ
ਦਿਆਂ ਹੋਇਆਂ ਖਾਲਸਾ ਫੌਜ ਨੂੰ ਕਿਹਾ:—

"ਪਿਆਰੇ ਖਾਲਸਾ ਜੀ, ਮੈਂ ਤੁਹਾਡੇ ਆਪੇ ਸਦਣ ਤੇ
ਤੁਹਾਡੇ ਉਤੇ ਇਤਬਾਰ ਕਰਕੇ ਇਥੇ ਆਯਾ ਹਾਂ ਅਤੇ ਹੁਣ ਵੀ
ਇਹ ਮੈਨੂੰ ਉਮੈਦ ਹੈ ਕਿ ਤੁਸੀ ਮੇਰੇ ਨਾਲ ਬਹਾਦਰਾਂ ਵਾਂਗ
ਪੇਸ਼ ਆਓਗੇ। ਆਓ ਇਕ ੨ ਆਦਮੀ ਵਾਰੋ ਵਾਰੀ ਮੇਰੇ ਨਾਲ
ਲੜ ਲਓ। ਸੰਸਾਰ ਨੂੰ ਵੀ ਪਤਾ ਲਗ ਜਾਵੇ ਕਿ ਰਾਜਪੂਤ
ਕੈਸੇ ਹੁੰਦੇ ਹਨ।

ਇਹ ਆਖਕੇ ਸੁਰੇਤ ਸਿੰਘ ਨੇ ਆਪਣੇ ਸਾਥੀਆਂ ਸਣੇ
ਖਾਲਸਾ ਫੌਜ ਦਾ ਮੁਕਾਬਲਾ ਕੀਤਾ। ਸੁਰੇਤ ਸਿੰਘ ਦੇ ਪਹਿਲੇ
ਹੱਲੇ ਨਾਲ ਖਾਲਸਾ ਫੌਜ ਦੀਆਂ ਚਾਰ ਪਲਟਣਾਂ ਨੇ

ਗਈਆਂ। ਸੁਰੇਤ ਸਿੰਘ ਦੇ ਵਜ਼ੀਰ ਰਾਇ ਕੇਸਰੀ ਸਿੰਘ ਨੇ ਬੜੀ ਬੀਰਤਾ ਪ੍ਰਗਟ ਕੀਤੀ। ਅਕੱਲੇ ਰਾਇ ਕੇਸਰੀ ਸਿੰਘ ਨੇ ਹੀ ੨੦ ਆਦਮੀ ਮਾਰੇ। ਸੁਰੇਤ ਸਿੰਘ ਦੇ ਇਕ ਹੋਰ ਸਾਥੀ ਅਜੀਤ ਸਿੰਘ ਨੇ ਖਾਲਸਾ ਫੌਜ ਦੇ ੧੦ ਮਨੁੱਖਾਂ ਨੂੰ ਢੇਰ ਸੁਟਿਆ। ਇਸਤਰਾਂ ਖਾਲਸਾ ਫੌਜ ਦੇ ੧੬੦ ਮਨੁੱਖ ਮਾਰੇ ਗਏ ਤੇ ਜ਼ਖਮੀ ਹੋਏ। ਰਾਇ ਕੇਸਰੀ ਸਿੰਘ ਨੇ ਆਪਣੀ ਪੂਰੀ ਬੀਰਤਾ ਇਥੋਂ ਤਕ ਦਿਖਲਾਈ ਕਿ ਕਈ ਵਾਰੀ ਸੱਟਾਂ ਖਾ ਖਾ ਕੇ ਜ਼ਿਆਦਾ ਖ... ਓਹ ਫੇਰ ਤਲਵਾਰ ਲੈਕੇ ਉਠ ਖੜਾ ਹੁੰਦਾ ਤੇ ਖਾਲਸਾ ਫੌਜ ਦੇ ਉਤੇ ਹਮਲੇ ਕਰਦਾ ਸੀ। ਇਸ ਪ੍ਰਕਾਰ ਸੇਰ ਦੀ ਤਰਾਂ ਲੜ-ਦਿਆਂ ਹੋਇਆਂ ਰਾਇ ਕੇਸਰੀ ਸਿੰਘ ਅੰਤ ਨੂੰ ਥੱਕਕੇ ਡਿਗ ਪਿਆ ਤੇ ਖਾਲਸਾ ਫੌਜ ਦੇ ਸੈਂਕੜਿਆਂ ਵੈਰ ਘੱਟੇ ਕਰਕੇ ਰਾਜਾ ਸੁਰੇਤ ਸਿੰਘ ਵੀ ਮਰ ਗਿਆ।

ਵਿਰੋਧੀਆਂ ਦੇ ਮਾਰੇ ਜਾਣ ਪਰ ਜਦ ਲੜਾਈ ਮਿ-ਟ ਗਈ ਤਾਂ ਵਜ਼ੀਰ ਹੀਰਾ ਸਿੰਘ ਲੜਾਈ ਦੇ ਮੈਦਾਨ ਵਿਚ ਫਿਰਦਾ ਅੰਤ ਜ਼ਖਮੀ ਹੋਏ ਪਏ ਰਾਇ ਕੇਸਰੀ ਸਿੰਘ ਦੇ ਪਾਸ ਪਹੁੰਚਿਆ। ਕੇਸਰੀ ਸਿੰਘ ਨੇ "ਜੈ ਦੇਵ" ਆਖਕੇ ਹੀਰਾ ਸਿੰਘ ਨੂੰ ਨਮਸਕਾਰ ਕੀਤੀ ਤੇ ਪੀਣ ਲਈ ਪਾਣੀ ਮੰਗਿਆ। ਪਰ ਹੀਰਾ ਸਿੰਘ ਨੇ ਉਸ ਵੇਲੇ ਕੇਸਰੀ ਸਿੰਘ ਦੇ ਨਾਲ ਬਹੁਤ ਬੁਰਾ ਵਰਤਾਉ ਕੀਤਾ। ਉਸਨੇ ਮੇਹਣਾ ਮਾਰਦੇ ਹੋਏ ਕਿਹਾ—"ਪਾਣੀ ਪਹਾੜੀਆਂ ਵਿਚੋਂ ਮੰਗਵਾਓ। ਪਹਾੜੀਆਂ ਵਿਚ ਬਹੁਤ ਜਲ ਤੇ ਮਿੱਠਾ ਖਾਲੀ ਹੈ।" ਇਸਤਰਾਂ ਹੀਰਾ ਸਿੰਘ ਦਾ ਪੱਥਰ ਦਿਲ ਕੇਸਰੀ ਸਿੰਘ ਦੀ ਐਸੀ ਦਸ਼ਾ ਵੇਖਕੇ ਵੀ ਨਾ ਪਸੀਜਿਆ। ਪਾਣੀ ਮੰਗਣ ਦੇ ਕੁਝ ਦੇਰ ਪਿਛੋਂ ਹੀ ਕੇਸਰੀ ਸਿੰਘ ਨੇ ਪ੍ਰਾਣ ਤਿਆਗ ਦਿਤੇ।

ਲੜਾਈ ਵਿਚ ਮਾਰੇ ਗਏ ਆਪਣੇ ਸਾਥੇ ਸੁਰੇਤ ਸਿੰਘ...

ਹੀਰਾ ਸਿੰਘ ਨੇ ਕਬੂਤਰ ਛੁੱਡਿਆ। ਕੇਵਲ ਕੁਝ ਮਿੰਟਾਂ ਤੇ ਖੂਨ ਨਾਲ ਲਿਬੜੀ ਹੋਈ ਸੁਚੇਤ ਸਿੰਘ ਦੀ ਲੋਥ ਉਸਨੂੰ ਮਿਲ ਗਈ। ਉਸਦੇ ਮੁਰਦਾ ਸਰੀਰਨੂੰ ਵੇਖਕੇ ਹੀਰਾਸਿੰਘਦਾ ਪੱਥਰ ਦਿਲ ਪਸੀਜਿਆ ਤੇ ਉਥੇ ਧਾਹਾਂ ਮਾਰਕੇ ਰੋਇਆ। ਪਰ ਪਤਾ ਨਹੀਂ ਉਸਦਾ ਰੋਣਾ ਸੱਚਾ ਰੋਣਾ ਸੀ ਯਾ ਲੋਕ ਵਿਖਾਵਾ ਸੀ, ਜੋ ਕੁਝ ਹੋਵੇ ਉਸ ਵੇਲੇ ਉਸਨੇ ਆਪਣੇ ਚਾਚੇ ਦੀ ਲੋਥ ਨੂੰ ਸੁਨਹਰੀ ਪਾਲਕੀ ਵਿਚ ਪਵਾਕੇ ਕਿਲੇ ਵਿਚ ਪਹੁੰਚਾਇਆ ਅਤੇ ਉਸਦਾ ਅੰਤਿਮ ਸੰਸਕਾਰ ਵੱਡੇ ਭਾਰੇ ਠਾਠ ਬਾਠ ਨਾਲ ਕੀਤਾ। ਇਸ ਮੌਕੇ ਉਸਨੇ ਇਸ ਗਲ ਨੂੰ ਚੰਗੀ ਤਰਾਂ ਸਿੱਧ ਕਰ ਦਿਖਾਯਾ—"ਜੀਵਤ ਪਿਤਰ ਨ ਮਾਨੈ ਕੋਊ, ਮੂਏ ਸਿਰਾਧ ਕਰਾਹੀ।" ਸਿਖ ਸਰਦਾਰਾਂ ਨੇ ਉਸਦੇ ਨਾਲ ਹਮਦਰਦੀ ਪ੍ਰਗਟ ਕੀਤੀ। ਸੁਚੇਤ ਸਿੰਘ ਦੀਆਂ ਅੰਜੇ ਰਾਣੀਆਂ ਆਪਣੇ ਪਤੀ ਦੇ ਨਾਲ ਹੀ ਸਤੀ ਹੋ ਗਈਆਂ। ਇਸ ਤਰਾਂ ਸੁਚੇਤ ਸਿੰਘ ਉਤੇ ਫਤੇ ਪ੍ਰਾਪਤ ਕਰਕੇ ਹੀਰਾ ਸਿੰਘ ਨੇ ਵਡੀ ਧੂਮ ਧਾਮ ਨਾਲ ਨਗਰ ਵਿਚ ਪ੍ਰਵੇਸ਼ ਕੀਤਾ। ਫਤੇ ਦੀ ਖੁਸ਼ੀ ਵਿਚ ਉਸਦੀ ਸਵਾਰੀ ਦੇ ਅਗੇ ਨਗਾਰੇ ਵਜਾਏ ਜਾਂਦੇ ਸਨ ਤੇ ਮੋਹਰਾਂ ਤੇ ਰੁਪਯਾਂ ਦੀ ਸਖਾਵਤ ਹੋ ਰਹੀ ਸੀ।

ਸੁਚੇਤ ਸਿੰਘ ਦੇ ਇਸਤਰਾਂ ਮਾਰੇ ਜਾਣ ਪਿਛੋਂ ਜਵਾਹਰ ਸਿੰਘਜੀ ਹੀਰਾ ਸਿੰਘ ਦੇ ਸਾਹਮਣੇ ਕੁਝ ਦਿਨਾਂ ਲਈ ਦਬ ਗਿਆ। ਪਰ ਸ਼ਾਂਤੀ ਫੇਰ ਭੀ ਨਾ ਹੋਈ। ਜਵਾਹਰ ਸਿੰਘ ਲਾਹੌਰ ਵਿਚ ਆਪਣਾ ਵਸ ਚਲਦਾ ਨ ਵੇਖ ਅੰਮ੍ਰਿਤਸਰ ਚਲਿਆ ਗਿਆ ਅਤੇ ਉਥੇ ਓਹ ਖਾਲੀ ਨਾ ਬੈਠਾ। ਉਸਨੇ ਅਕਾਲੀਆਂ ਨੂੰ ਮਿਲਾਕੇ ਭਾਰੀ ਸਾਜ਼ਸ਼ ਕੀਤੀ। ਇਸ ਕੰਮ ਵਿਚ ਮਿਸ੍ਰ ਲਾਲ ਸਿੰਘਜੀ ਉਸਦਾ ਸਹਾਇਕ ਬਣਿਆ

ਮਾਲੂਮ ਹੁੰਦਾ ਹੈ ਮਿਸ੍ਰ ਲਾਲ ਸਿੰਘ ਨੇ ਆਪਣੇ ਪਾਲਕਾਂ ਨਾਲ ਵਿਸਾਹ ਘਾਤ ਕਰਨ ਨੂੰ ਅਪਣੀ ਤਰੱਕੀ ਦਾ ਸਾਧਨ ਸਮਝ ਰਖਿਆ ਸੀ। ਉਸਨੇ ਅੰਗ੍ਰੇਜ਼ਾਂ ਨਾਲ ਮਿਲਕੇ ਖਾਲਸਾ ਫੌਜ ਨਾਲ ਜੋ ਵਿਸਾਹਘਾਤ ਕੀਤਾ ਉਸਦਾ ਵਰਣਨ ਅਗੇ ਚਲਕੇ ਆਵੇਗਾ। ਪਰ ਉਸਨੇ ਆਪਣੇ ਪਾਲਕ ਰਾਜਾ ਧਯਾਨ ਸਿੰਘ ਦੇ ਪੁਤ੍ਰ ਤੇ ਅਪਣੇ ਮਿਤ੍ਰ ਰਾਜਾ ਹੀਰਾ ਸਿੰਘ ਨਾਲ ਵਿਸਾਹਘਾਤ ਕਰਨ ਵਿਚ ਵੀ ਕੋਈ ਕਸਰ ਨ ਰਖੀ। ਰਾਜਾ ਧਯਾਨਸਿੰਘ ਦੀ ਕ੍ਰਿਪਾ ਨਾਲ ਉਸਨੂੰ ਲਹੌਰ ਦਰਬਾਰ ਵਿਚ ਥਾਂ ਮਿਲੀ ਸੀ। ਓਹ ਹਮੇਸ਼ਾ ਹੀਰਾ ਸਿੰਘ ਦੇ ਨਾਲ ਰੈਂਹਦਾ ਤੇ ਉਸਦਾ ਪੱਕਾ ਮਿਤ੍ਰ ਸੀ। ਪਰ ਉਸਦੀ ਜਲ੍ਹਾ ਪੰਡਿਤ ਤੇ ਰਾਜਾ ਹੀਰਾਸਿੰਘ ਦੇ ਨਾਲ ਮਿਤ੍ਰਤਾ "ਹਥ ਵਿਚ ਮਾਲਾ, ਬਗਲ ਵਿਚ ਛੁਰੀ" ਇਸ ਕਹਾਵਤ ਅਨੁਸਾਰ ਸੀ। ਉਪਰੋਂ ੨ ਉਸਦੀ ਮਿਤ੍ਰਤਾ ਸੀ ਪਰ ਅੰਦਰੋਂ ਅੰਦਰ ਓਹ ਜਵਾਹਰ ਸਿੰਘ ਨਾਲ ਰਲਕੇ ਹੀਰਾ ਸਿੰਘ ਦੇ ਮਾਰਨ ਦੀਆਂ ਗੋਂਦਾ ਗੁੰਦ ਰਿਹਾ ਸੀ। ਇਸੇ ਸਮੇਂ ਊਨੇ ਵਾਲੇ ਬਾਬੇ ਦੇ ਚੇਲੇ ਭਾਈ ਬੀਰ ਸਿੰਘ ਨੌਰੰਗਾਬਾਦ ਵਾਲੇ ਨੇ ੧੫੦੦ ਆਦਮੀ ਅਪਣੇ ਪਾਸ ਨੌਕਰ ਰਖ ਲਏ। ਕੰਵਰ ਕਸ਼ਮੀਰਾ ਸਿੰਘ ਤੇ ਪਿਸ਼ੌਰਾ ਸਿੰਘ ਵੀ ਉਸਦੇ ਨਾਲ ਰਲ ਗਏ। ਸੰਧਾਂ ਵਾਲੀਆ ਅਤਰ ਸਿੰਘ ਵੀ ਇਸ ਟੋਲੇ ਨਾਲ ਮਿਲ ਗਿਆ। ਹੀਰਾ ਸਿੰਘ ਨੂੰ ਭਾਈ ਬੀਰ ਸਿੰਘ ਦੀ ਤਾਕਤ ਵਧੀ ਹੋਈ ਵੇਖਕੇ ਸ਼ਕ ਪਿਆ ਤੇ ਉਸ ਨੇ ਆਪਣੇ ਇਸ ਵਿਰੋਧੀ ਟੋਲੇ ਦਾ ਵੀ ਨਾਸ ਕੀਤਾ। ਭਾਈ ਬੀਰ ਸਿੰਘ ਸੰਧਾਂਵਾਲੀਆ ਅਤਰ ਸਿੰਘ ਤੇ ਕਸ਼ਮੀਰਾ ਸਿੰਘ ਖਾਲਸਾ ਫੌਜ ਨਾਲ ਲੜਕੇ ਤੇ ਮਾਰੇ ਗਏ। ਇਸ ਘਟਨਾ ਦੇ ਹੋਣ ਤੋਂ ਇਕ ਦਿਨ

ਪਹਿਲਾਂ ਹੀ ਪਿਸ਼ੌਰਾ ਸਿੰਘ ਲਾਹੌਰ ਚਲਿਆ ਆਯਾ ਸੀ ਜਿਸਤੋਂ ਉਹ ਬਚ ਗਿਆ। ਹੀਰਾ ਸਿੰਘ ਨੇ ਉਸਦੀ ਜਗੀਰ ਦੇ ਦਿਤੀ ਤੇ ਵਿਖਲਾਵੇ ਲਈ ਬੜੀ ਇਜ਼ਤ ਕੀਤੀ। ਜਗੀਰ ਦੇਣ ਤੇ ਇੱਜ਼ਤ ਕਰਨ ਵਿਚ ਹੀਰਾ ਸਿੰਘ ਦਾ ਇਹ ਮਤਲਬ ਸੀ ਕਿ ਪਿਸ਼ੌਰਾ ਸਿੰਘ ਨੂੰ ਲਾਹੌਰ ਵਿਚ ਰੈਂਹਦਿਆਂ ਕਸ਼ਮੀਰਾ ਸਿੰਘ ਆਦਿਕ ਦੇ ਮਰਨ ਦਾ ਪਤਾ ਨਾ ਲਗੇ। ਜੇਕਰ ਇਹੋ ਗਲ ਹੋਈ ਲਾਹੌਰ ਰੈਹਣ ਵੇਲੇ ਪਿਸ਼ੌਰਾ ਸਿੰਘ ਨੂੰ ਕਸ਼ਮੀਰਾ ਸਿੰਘ ਆਦਿਕ ਦੇ ਮਾਰੇ ਜਾਣ ਦੀ ਕੋਈ ਖਬਰ ਨਾ ਲਗੀ।

ਕੁਦਰਤ ਦਾ ਕੁਝ ਨਿਯਮ ਹੀ ਐਸਾ ਹੈ ਕਿ ਸੰਸਾਰ ਦੇ ਇਸ ਸਟੇਜ ਉਤੇ ਕੋਈ ਵੀ ਪਾਤ੍ਰ ਬਹੁਤ ਦਿਨ ਤਕ ਆਪਣਾ ਖੇਲ ਨਹੀ ਕਰ ਸੱਕਦਾ। ਸਭਨਾ ਦੇ ਹੀ ਕਰਮਾਂ ਦੀ ਹਦ ਹੁੰਦੀ ਹੈ। ਭਾਵੇਂ ਰਾਜਾ ਹੀਰਾ ਸਿੰਘ ਨੇ ਆਪਣੇ ਸਾਰੇ ਹੀ ਵਿਰੋਧੀਆਂ ਨੂੰ ਸੰਸਾਰ ਤੋਂ ਵਿਦਾ ਕਰ ਦਿਤਾ ਅਥਵਾ ਉਨਾਂ ਦੀ ਤਾਕਤ ਖੋਹ ਲਈ ਸੀ ਪਰ ਰਾਜਾ ਹੀਰਾ ਸਿੰਘ ਦੇ ਕੰਮ ਦੀ ਵੀ ਸਮਾਪਤੀ ਹੋਣ ਵਾਲੀ ਸੀ। ਅਪਣੀ ਤਰੱਕੀ ਦੇ ਰਾਹ ਵਿਚੋਂ ਅਨੇਕਾਂ ਵਿਰੋਧੀ ਰੂਪੀ ਕੰਡਿਆਂ ਨੂੰ ਹਟਾਣ ਪਰ ਵੀ ਰਾਜਾ ਹੀਰਾ ਸਿੰਘ ਜੇਕਰ ਖਾਲਸਾ ਫੌਜ ਦੇ ਹਥੋਂ ਮਾਰਿਆ ਗਿਆ ਤੇ ਉਸਦੇ ਸਾਥੀ ਜਲ੍ਹੇ ਪੰਡਿਤ ਦੀ ਵੀ ਇਹੋ ਦਸ਼ਾ ਹੋਈ।

ਹੀਰਾ ਸਿੰਘ ਤੇ ਜਲ੍ਹੇ ਪੰਡਿਤ ਦਾ ਖਾਲਸਾ ਫੌਜ ਦੇ ਹਥੋਂ ਮਾਰੇ ਜਾਣ ਦਾ ਕਾਰਣ ਇਹ ਸੀ ਕਿ ਉਨਾਂ ਦੇ ਵਿਰੁਧ ਤਦਬੀਰਾਂ ਦੀਆਂ ਅਫਵਾਹਾਂ ਫੈਲ ਗਈਆਂ ਸਨ। ਇਥੋਂ

ਮਹਾਰਾਜਾ ਦਲੀਪ ਸਿੰਘ ਰਾਜ ਦੇ ਸਮੇਂ ਜੱਲ੍ਹਾ ਪੰਡਿਤ ਤੇ ਹੀਰਾ ਸਿੰਘ ਜ਼ਬਰਦਸਤੀ ਰਾਣੀ ਜਿੰਦਾਂ ਨੂੰ ਆਪਣੇ ਕਾਬੂ ਕਰਦੇ ਰਹੇ। ਇਸ ਪਰ ਖਾਲਸਾ ਫ਼ੌਜ ਵਿਗੜ ਗਈ। ਹੀਰਾ ਸਿੰਘ ਨੇ ਜੰਮੂ ਨੂੰ ਨਠ ਜਾਣਾ ਚਾਹਿਆ ਪਰ ਖਾਲਸਾ ਫ਼ੌਜ ਨੇ ਉਸਨੂੰ ਤੇ ਉਸਦੇ ਸਾਥੀ ਜੱਲ੍ਹਾ ਪੰਡਿਤ ਨੂੰ ਲਾਹੌਰੋਂ ਬਾਹਰ ਨਿਕਲਦਿਆਂ ਹੀ ਮਾਰ ਸੁਟਿਆ। ਹੀਰਾ ਸਿੰਘ, ਸੋਹਨ ਸਿੰਘ ਤੇ ਜੱਲੇ ਪੰਡਿਤ ਦਾ ਸਿਰ ਹਰੇਕ ਘਰ ਤੇ ਦੁਕਾਨ ਵਿਚ ਫੇਰਿਆ ਗਿਆ। ਉਸਨੂੰ ਵੇਖਕੇ ਇਸਤ੍ਰੀਆਂ ਵੀ ਆਖਦੀਆਂ ਸਨ ਕਿ ਜਿਸ ਬੀਰ ਸੁਚੇਤ ਸਿੰਘ ਨੂੰ ੨੦ ਹਜਾਰ ਆਦਮੀ ਚਾਹੁੰਦੇ ਸਨ ਉਸਨੂੰ ਮਰਵਾਣ ਵਾਲਾ ਇਹੋ ਅਭਾਗਾ ਹੈ। ਰਾਜੇ ਹੀਰਾ ਸਿੰਘ ਦਾ ਸਿਰ ਲਾਹੌਰੀ ਦਰਵਾਜ਼ੇ ਉਤੇ ਤੇ ਮੀਆਂ ਸੋਹਨ ਸਿੰਘ (ਰਾਜੇ ਗੁਲਾਬ ਸਿੰਘ ਦਾ ਲੜਕਾ) ਦਾ ਸਿਰ ਮੋਰੀ ਦਰਵਾਜ਼ੇ ਉਤੇ ਲਟਕਾਇਆ ਗਿਆ। ਫੇਰ ਉਹ ਰਾਜੇ ਧਿਆਨ ਸਿੰਘ ਦੀ ਹਵੇਲੀ ਵਿਚ ਸੁਟ ਦਿਤੇ ਗਏ। ਫਰਵਰੀ ਸਨ ੧੮੪੬ ਈਸਵੀ ਵਿਚ ਜਦ ਗੁਲਾਬ ਸਿੰਘ ਲਾਹੌਰ ਪਹੁੰਚਿਆ ਤੇ ਉਸਨੂੰ ਹੀਰਾ ਸਿੰਘ ਤੇ ਸੋਹਨ ਸਿੰਘ ਦੇ ਸਿਰਾਂ ਦਾ ਪਤਾ ਲਗਾ ਤਦ ਉਸਨੇ ਉਨ੍ਹਾਂ ਦੋਹਾਂ ਦਾ ਸੰਸਕਾਰ ਕਰਵਾਇਆ। ਇਹ ਲਿਖ ਦੇਣਾ ਵੀ ਜ਼ਰੂਰੀ ਹੈ ਕਿ ਜੇਕਰ ਹੀਰਾ ਸਿੰਘ ਜੱਲ੍ਹੇ ਪੰਡਿਤ ਦਾ ਸਾਥ ਨਾ ਕਰਦਾ ਤਾਂ ਖਾਲਸਾ ਫ਼ੌਜ ਉਸਨੂੰ ਕਦੇ ਨਾ ਮਾਰਦੀ। ਸਿੱਖਾਂ ਨੇ ਹੀਰਾ ਸਿੰਘ ਪਾਸੋਂ ਇਹ ਆਖਕੇ ਜੱਲ੍ਹੇ ਪੰਡਿਤ ਨੂੰ ਮੰਗਿਆ ਤੇ ਕਿਹਾ ਕਿ ਜੱਲ੍ਹੇ ਨੂੰ ਦੇ ਦੇ ਅਸੀਂ ਤੇਰਾ ਇਕ ਵਾਲ ਵੀ ਵਿੰਗਾ ਨਹੀਂ ਕਰਾਂਗੇ। ਪਰ ਹੀਰਾ ਸਿੰਘ ਨੇ ਜੱਲੇ ਪੰਡਿਤ ਦਾ ਸਾਥ ਨਾ ਛਡਿਆ।

ਹੀਰਾ ਸਿੰਘ ਦੇ ਮਰੇ ਪਿਛੋਂ ਜਵਾਹਰ ਸਿੰਘ ਵਜ਼ੀਰ ਬਣਿਆ। ਪਰ ਓਹ ਵੀ ਬਹੁਤ ਦਿਨ ਤਕ ਵਜ਼ੀਰ ਪੁਣੇ ਨੂੰ ਤੋੜ ਨਾ ਸਕਿਆ* ਉਸਦੇ ਵਜ਼ੀਰ ਪੁਣੇ ਦੇ ਸਮੇਂ ਵੀ ਪੰਜਾਬ ਵਿਚ ਚਾਰੇ ਪਾਸੇ ਅਸ਼ਾਂਤੀ ਦੀ ਅਗ ਬਲਦੀ ਰਹੀ। ਰਣਜੀਤ ਸਿੰਘ ਦੇ ਪੁਤ੍ਰ ਪਿਸ਼ੌਰਾ ਸਿੰਘ ਨਾਲ ਜਵਾਹਰ ਸਿੰਘ ਦੀ ਲਾਗ ਬਾਜ਼ੀ ਸੀ। ਰਾਜਾ ਗੁਲਾਬ ਸਿੰਘ ਨੇ ਇਸ ਵੈਰ ਦੀ ਅਗ ਵਿਚ ਆਹੁਤੀ ਪਾਣ ਵਰਗਾ ਕੰਮ ਕੀਤਾ। ਉਸ ਸਮੇਂ ੨ ਸਿਰ ਦੋਹਾਂ ਨੂੰ ਇਕ ਦੂਸਰੇ ਦੇ ਵਿਰੁਧ ਭੜਕਾਉਂਦਾ ਰਿਹਾ। ਕਿਉਂਕਿ ਇਸ ਵਿਚ ਗੁਲਾਬ ਸਿੰਘ ਦਾ ਮਤਲਬ ਸੀ। ਪਹਿਲਾ ਮਤਲਬ ਉਸਦਾ ਇਹ ਸੀ ਕਿ ਜੇਕਰ ਪਿਸ਼ੌਰਾ ਸਿੰਘ ਮਰਵਾਇਆ ਗਿਆ ਤਾਂ ਉਸਦੀ ਜਾਗੀਰ ਜੋ ਜੰਮੂ ਦੇ ਨੇੜੇ ਹੈ ਮੈਂ ਆਪਣੇ ਰਾਜ ਵਿਚ ਮਿਲਾ ਲਵਾਂ। ਦੂਸਰਾ ਮਤਲਬ ਉਸਦਾ ਇਹ ਸੀ ਕਿ ਪਿਸ਼ੌਰਾ ਸਿੰਘ ਦੇ ਮਰਨੇ ਸਾਰ ਖਾਲਸਾ ਫੌਜ ਜਵਾਹਰ ਸਿੰਘ ਨੂੰ ਵੀ ਜੀਉਂਦਾ ਨਹੀਂ ਛੋੜੇਗੀ। ਇਸ ਸਮੇਂ ਵਿਚ ਹੀ ਪਿਸ਼ੌਰਾ ਨੇ ਸਿੰਘ ਉਠਾਇ

---

*ਸਰ ਵਿਲੀਅਮ ਲੀ ਵਾਰਨਰ ਨੇ "ਮਾਰਕਵੀਸ ਔਫ ਡਲਹੌਜ਼ੀ" ਦੇ ਜੀਵਨ ਵਿਚ ਲਿਖਿਆ ਹੈ ਕਿ ਜਵਾਹਰ ਸਿੰਘ ਰਾਜਾ ਸੁਚੇਤ ਸਿੰਘ ਦਾ ਘਾਤਕ ਸੀ। ਪਰ ਉਸਦਾ ਇਹ ਲਿਖਣਾ ਠੀਕ ਨਹੀਂ। ਜਵਾਹਰ ਸਿੰਘ ਸੁਚੇਤ ਸਿੰਘ ਦਾ ਮਿਤ੍ਰ ਸੀ ਤੇ ਉਸਨੇ ਉਸਦਾ ਖੂਨ ਨਹੀਂ ਕਰਾਇਆ। ਸੁਚੇਤ ਸਿੰਘ ਦਾ ਖੂਨ ਪਾਠਕ ਜਿਸਤਰਾਂ ਉਪਰ ਪੜ੍ਹ ਆਏ ਹਨ, ਹੀਰਾ ਸਿੰਘ ਦੀ ਪ੍ਰੇਰਨਾ ਨਾਲ ਖਾਲਸਾ ਫੌਜ ਨੇ ਹੀ ਕੀਤਾ ਸੀ।

ਅਟਕ ਦਾ ਕਿਲਾ ਲੈ ਲਿਆ। ਜਵਾਹਰ ਸਿੰਘ ਨੇ ਪਿਸ਼ੌਰਾ ਸਿੰਘ ਨੂੰ ਦਬਾਣ ਲਈ ਫਤੇ ਖਾਂ ਤੇ ਚਤਰ ਸਿੰਘ ਅਟਾਰੀ ਵਾਲੇ ਨੂੰ ਭੇਜਿਆ। ਓਨਾਂ ਨੇ ਜਦ ਦੇਖਿਆ ਕਿ ਸਾਰੀ ਫੌਜ ਪਿਸ਼ੌਰਾ ਸਿੰਘ ਵੱਲ ਹੈ ਤਾਂ ਓਸਨੂੰ ਦਮ ਦਿਲਾਸਾ ਦੇਕੇ ਕਿਲੇ ਖਾਲੀ ਕਰਾ ਲਿਆ। ਉਸਦਾ ਬਹੁਤ ਆਦਰ ਸਤਕਾਰ ਕੀਤਾ ਤੇ ਓਸਨੂੰ ਲਾਹੌਰ ਲੈ ਤੁਰੇ। ਪਰ ਦੂਜੇ ਦਿਨ ਹੀ ਰਾਹ ਵਿਚ ਫਤੇਖਾਂ ਤੇ ਚਤਰਸਿੰਘ ਨੇ ਪਿਸ਼ੌਰਾ ਸਿੰਘ ਦੇ ਹਥ ਪੈਰ ਬੰਨ੍ਹਕੇ ਪੈਰਾਂ ਵਿਚ ਬੇੜੀਆਂ ਪਾ ਦਿਤੀਆਂ। ਇਸਤਰਾਂ ਧੋਖੇ ਨਾਲ ਹਥ ਪੈਰ ਬੰਨ੍ਹਕੇ ਉਸਨੂੰ ਫੇਰਅਟਕ ਦੇ ਕਿਲੇ ਵਿਚ ਲੈ ਗਏ ਤੇ ਰਾਤੋ ਰਾਤ ਉਸਨੂੰ ਮਾਰਕੇ ਓਨਾਂ ਨਦੀ ਵਿਚ ਸੁੱਟ ਦਿਤਾ। ਪਿਸ਼ੌਰਾ ਸਿੰਘ ਦੇ ਖੂਨ ਦੀ ਖਬਰ ਸੁਣਕ ਸਾਰੀ ਖਾਲਸਾ ਫੌਜ ਵਿਗੜ ਗਈ। ਫੌਜ ਨੇ ਇਸ ਖੂਨ ਦੇ ਬਦਲੇ ਜਵਾਹਰ ਸਿੰਘ ਨੂੰ ਮਾਰ ਦੇਣ ਦਾ ਵਿਚਾਰ ਕੀਤਾ।

ਜਵਾਹਰ ਸਿੰਘ ਨੇ ਆਪਣੇ ਪ੍ਰਾਣ ਬਚਾਣ ਦੇ ਬਹੁਤ ਜਤਨ ਕੀਤੇ। ਓਸਨੇ ਫੌਜ ਨੂੰ ਬਹੁਤ ਸਾਰਾ ਲੋਭ ਲਾਲਚ ਵੀ ਦਿਤਾ। ਪਰ ਖਾਲਸਾ ਫੌਜ ਆਪਣੇ ਵਿਚਾਰਤੋਂ ਤਿਲ ਮਾਤ੍ਰ ਵੀ ਦੂਰ ਨਾਂ ਗਈ। ਸੰਮਤ ੧੯੦੨ ਬਿਕ੍ਰਮੀ (੨੧ ਸਤੰਬਰ ਸਨ ੧੮੪੫) ਵਾਲੇ ਦਿਨ ਜਵਾਹਰਸਿੰਘ ਮਹਾਰਾਜੇ ਦਲੀਪ ਸਿੰਘਨੂੰ ਝੋਲੀ ਵਿਚ ਲੈਕੇ ਇਕ ਹਾਥੀ ਉਤੇ ਤੇ ਦੂਜੇ ਉਤੇ ਆਪਣੀ ਭੈਣ ਰਾਣੀ ਜਿੰਦਾਂ(ਦਲੀਪ ਸਿੰਘ ਦੀ ਮਾਂ)ਨੂੰ ਸਵਾਰ ਕਰਾਕੇ ਖਾਲਸਾ ਫੌਜ ਵਿਚ ਗਿਆ। ਫੌਜ ਦੇ ਸਿਪਾਹੀਆਂ ਨੇ ਦਲੀਪ ਸਿੰਘ ਨੂੰ ਝੋਲੀ ਵਿਚੋਂ ਕੱਢ ਲਿਆ ਤੇ ਉਸਨੂੰ ਉਥੇ ਹੀ ਮਾਰ ਦਿਤਾ। ਜਵਾਹਰ ਸਿੰਘ ਦੇ ਮਾਰੇ ਜਾਣ ਦਾ ਰਾਣੀ ਜਿੰਦਾਂ ਨੂੰ ਬਹੁਤ ਸ਼ੋਕ ਹੋਇਆ। ਰਾਣੀ ਅਤੇ ਜਵਾਹਰ ਸਿੰਘ ਦੇ

ਪਦਾਰਥ ਆਪਣੇ ਨਾਲ ਲੈ ਗਏ ਸਨ ਓਸਨੂੰ ਫੌਜ ਨੇ ਲੁਟ ਲਿਆ। ਜੇਹੜੇ ਤੰਬੂ ਡੇਰੇ ਰਾਣੀ ਦੀ ਆਗਤ ਭਾਗਤ ਲਈ ਓਥੇ ਖੜੇ ਕੀਤੇ ਗਏ ਸਨ ਓਨਾਂ ਵਿਚੋਂ ਰਾਣੀ ਨੂੰ ਕੱਢ ਦਿਤਾ ਗਿਆ। ਖਾਲਸਾ ਫੌਜ ਨੇ ਦਲੀਪਸਿੰਘ ਨੂੰ ਵੀ ਰਾਣੀ ਪਾਸੋਂ ਲੈਕੇ ਕਾਬੂ ਕਰ ਲਿਆ। ਕਿਉਂਕਿ ਫੌਜ ਨੂੰ ਇਹ ਭਰਮ ਸੀ ਕਿ ਰਾਣੀ ਗੁਸੇ ਵਿਚ ਆਕੇ ਆਪਣਾ ਘਾਤ ਨਾ ਕਰ ਲਵੇ ਯਾ ਦਲੀਪ ਸਿੰਘ ਨੂੰ ਹੀ ਨਾ ਮਾਰ ਸੁਟੇ। ਜਦ ਇਹ ਭਰਮ ਦੂਰ ਹੋਗਿਆ ਤਾਂ ਫੇਰ ਦਲੀਪ ਸਿੰਘ ਨੂੰ ਮਾਤਾ ਪਾਸ ਜਾਣ ਦਿਤਾ ਗਿਆ। ਫੌਜ ਨੇ ਸਾਰੀ ਰਾਤ ਰਾਣੀ ਉਤੇ ਸਖਤ ਨਜ਼ਰ ਰਖੀ ਓਹ ਆਪਣੇ ਪਯਾਰੇ ਭਾਈ ਦੇ ਮਾਰੇ ਜਾਣ ਤੇ ਰੋਂਦੀਵਿਲਕਦੀ ਤੇ ਫੌਜ ਨੂੰ ਗਾਲੀਆਂ ਦੇਂਦੀ ਰਹੀ। ਦੂਜੇ ਦਿਨ ਸਵੇਰੇ ਉਸਨੂੰ ਅਪਣੇ ਭਰਾ ਦੀ ਲੋਥ ਵੇਖਣ ਲਈ ਦਿਤੀ ਗਈ। ਓਹ ਨਜ਼ਾਰਾ ਵਡਾ ਹੀ ਕਰੁਣਾ—ਜਨਕ ਸੀ। ਭਰਾ ਦੀ ਲੋਥ ਵੇਖਦਿਆਂ ਸਾਰ ਰਾਣੀ ਨੇ ਪੱਥਰ ਦਿਲਾਂ ਨੂੰ ਵੀ ਹਿਲਾ ਦੇਣ ਵਾਲਾ ਵਿਰਲਾਪ ਕੀਤਾ। ਉਸਦੇ ਰੋਣ ਨੂੰ ਵੇਖਕੇ ਜਿਨਾਂ ਨੇ ਆਪਣੇ ਹਥਾਂ ਨਾਲ ਜਵਾਹਰ ਸਿੰਘ ਨੂੰ ਮਾਰਿਆ ਸੀ ਓਹ ਵੀ ਰੋਣ ਲਗ ਪਏ। ਸ਼ੋਕ ਵਿਚ ਅਧੀਰ ਹੋਈ ੨ ਰਾਣੀ ਕਦੇ ਆਪ ਅਪਣੇ ਭਰਾ ਦੀ ਲੋਥ ਉਤੇ ਢੇਹ ਪੈਂਦੀ ਸੀ ਤੇ ਕਦੇ ਦਲੀਪ ਸਿੰਘ ਨੂੰ ਫੜਕੇ ਉਸਦੇ ਉਤੇ ਸੁਟਦੀ ਸੀ। ਮਹਾਰਾਣੀ ਜਿੰਦਾਂ ਦੀ ਦਸ਼ਾ ਓਸ ਵੇਲੇ ਠੀਕ ਪਾਗਲਾਂ ਵਰਗੀ ਹੋ ਰਹੀ ਸੀ। ਉਸ ਵੇਲੇ ਉਸਦੀ ਬਾਬਤ ਕਿਸੇ ਕਵੀ ਦਾ ਕਹੇ ਹੋਏ ਲਿਖਿਆ ਸ਼ੇਰ ਠੀਕ ਫਬਦਾ ਸੀ:—

"ਲਗਾਏ ਖਾਕ ਛਤੀਓਂ ਸੇ ਜ਼ਮੀ ਸੇ ਲਗਾ ਕਰ।
ਤੜੱਪਤੀ, ਰੋਤੀ, ਸਿਸਕਤੀ ਥੀ ਬਾਲ ਖੋਲੇ ਹੁਏ।"

ਰਾਣੀ ਜਿੰਦਾਂ ਗੁੱਸੇ ਵਿਚ ਆਕੇ ਕਿਸੇ ਵੇਲੇ ਅਪਣੇ ਸਿਰ ਦੇ ਵਾਲ ਪੁਟਦੀ ਸੀ ਤੇ ਕਿਸੇ ਵੇਲੇ ਅਪਣੇ ਕਪੜੇ ਪਾੜਦੀ ਸੀ। ਵਡੀ ਮੁਸ਼ਕਿਲ ਨਾਲ ਕੁਝ ਲੋਕਾਂ ਦੇ ਸਮਝਾਨ ਤੇ ਕੁਝ ਜਬਰਨ ਉਥੋਂ ਹਟਾਣ ਪਰ ਉਹ ਚੁਪ ਹੋਈ। ਫੇਰ ਦੁਪੈਹਰ ਵੇਲੇ ਰਾਣੀ ਨੂੰ ਸ਼ੈਹਰ ਪੁਚਾਯਾ ਗਿਆ ਤੇ ਜਵਾਹਰ ਸਿੰਘ ਦੀ ਲੋਥ ਦਾ ਮਸਤੀ ਦਰਵਾਜ਼ੇ ਪਾਸ ਸੰਸਕਾਰ ਕੀਤਾ ਗਿਆ। ਜਵਾਹਰ ਸਿੰਘ ਦੇ ਮਰੇ ਪਿਛੋਂ ਰਾਣੀ ਜਿੰਦਾਂ ਸ਼ੋਕ ਨਾਲ ਬਿਹਬਲ ਰਹੀ। ਉਹ ਰੋਜ ਹੀ ਆਪਣੇ ਸਿਰਦੇ ਕੇਸ ਖੋਲਕੇ ਬਿਨਾਂ ਕਿਸੇ ਪਰਦੇ ਵਰਦੇ ਦੇ ਸਭਨਾ ਲੋਕਾਂ ਦੇ ਸਾਹਮਣੇ ਅਪਣੇ ਭਰਾ ਦੀ ਸਮਾਧ ਉਤੇ ਜੋ ਮਸਤੀ ਦਰਵਾਜ਼ੇ ਦੇ ਬਾਹਰ ਸੀ ਜਾਯਾ ਕਰਦੀ ਤੇ ਉਥੇ ਜਾਕੇ ਉਹ ਬਹੁਤ ਰੋਂਦੀ ਹੁੰਦੀ ਸੀ ਕੁਝ ਦਿਨਾਂ, ਪਿਛੋਂ ਰਾਣੀ ਨੇ ਸੰਮਨ ਬੁਰਜ ਵਿਚ ਸਰਦਾਰਾਂ ਤੇ ਪੀਰਾਂ ਦੀ ਇਕ ਸਭਾ ਕਰਾਈ। ਉਸ ਸਭਾ ਵਿਚ ਰਾਣੀ ਨੇ ਕਿਹਾ—ਜੇਕਰ ਮੇਰੇ ਵੈਰੀਆਂ ਨੂੰ ਫੜਕੇ ਮੇਰੇ ਹਵਾਲੇ ਕੀਤਾ ਜਾਵੇ ਤਾਂ ਫੇਰ ਮੈਂ ਖੁਸ਼ ਹੋਵਾਂਗੀ। ਪੰਚਾਯਤ ਨੇ ਵੀ ਮਹਾਰਾਣੀ ਦੇ ਕਥਨ ਮੂਜਬ ਇਸਤਰਾਂ ਦਾ ਫੈਸਲਾ ਕੀਤਾ ਕਿ ਰਾਜਾ ਸੁਚੇਤਸਿੰਘ ਦਾ ਵਜ਼ੀਰ ਜਵਾਹਰ ਮਲ ਜੋ ਜਵਾਹਰ ਸਿੰਘ ਦੇ ਮਾਰਨ ਦੀ ਸਾਜਸ਼ ਵਿਚ ਸ਼ਾਮਲ ਸੀ ਉਹ ਤੇ ਹੋਰ ਵੀ ਕਈ ਡੋਗਰੇ ਰਾਜਪੂਤ ਫੜਕੇ ਰਾਣੀ ਨੂੰ ਸੌਂਪੇ ਗਏ। ਉਨਾਂ ਸਭਨਾ ਨੂੰ ਰਾਣੀ ਨੇ ਰਾਤੋ ਰਾਤ ਸ਼ੈਹਰ ਛੋਡਣ ਤੇ ਘੋੜ ਸਵਾਰਾਂ ਨਾਲ ਪਹਾੜਾਂ ਵਿਚ ਜਾ ਵਸਨ ਦਾ ਹੁਕਮ ਦਿਤਾ। ਰਾਣੀ ਨੇ ਹੋਰ ਕੋਈ ਚਾਰਾ ਨਾ ਵੇਖ ਸ਼ਾਂਤੀ ਫੜੀ।

ਖਾਲਸਾ ਫੌਜ ਜਵਾਹਰ ਸਿੰਘ ਉਤੇ ਬਹੁਤ ਗੁੱਸੇ ਸੀ ਕਿ ਜਿਸ ਕਰਕੇ ਉਸਨੇ ਜਵਾਹਰ ਸਿੰਘ ਦੀਆਂ ਇਸਤ੍ਰੀਆਂ

ਨਾਲ ਵੀ ਬਹੁਤ ਭੈੜਾ *ਸਲੂਕ ਕੀਤਾ। ਜਦ ਜਵਾਹਰ ਸਿੰਘ ਦੀਆਂ ਦੋ ਇਸਤ੍ਰੀਆਂ ਤੇ ਤਿਨ ਦਾਸੀਆਂ ਜਵਾਹਰ ਸਿੰਘ ਦੀ ਚਿਖਾ ਵਿਚ ਸਤੀ ਹੋਣ ਲਗੀਆਂ ਤਾਂ ਸਿਪਾਹੀਆਂ ਨੇ ਉਨ੍ਹਾਂ ਦੇ ਸਰੀਰ ਉਤੋਂ ਗੈਹਣੇ ਲਾਹ ਲਏ ਅਤੇ ਇਕ ਬੇਸ਼ਰਮ ਸਿਪਾਹੀ ਨੇ ਤਾਂ ਜ਼ਰੀ ਦੇ ਲਾਲਚ ਪਿਛੇ ਇਕਦੀ ਸੁਥਣ ਨੂੰ ਵੀ ਹਥ ਪਾਯਾ। ਉਨਾਂਦੇ ਨੱਕਾਂ ਵਿਚੋਂ ਨੱਥਾਂ ਚੀਰਕੇ ਲਾਹੀਆਂ ਗਈਆਂ।

ਜਵਾਹਰ ਸਿੰਘ ਦੇ ਮਾਰੇ ਜਾਣ ਪਰ ਸਾਰੇ ਪੰਜਾਬ ਵਿਚ ਅਸ਼ਾਂਤੀ ਫੈਲ ਗਈ ਤੇ ਕੋਈ ਸਿਰ ਕਰਦਾ ਨਾ ਰਿਹਾ। ਜੰਮੂ ਦੇ ਰਾਜੇ ਗੁਲਾਬ ਸਿੰਘ ਨੂੰ ਵਜ਼ਾਰਤ ਲਈ ਸਦਿਆ ਗਿਆ ਪਰ ਉਸਨੇ ਖਾਲਸਾ ਫੌਜਦੀ ਤਾਕਤ ਵਧੀਹੋਈ ਵੇਖਕੇ ਵਜ਼ੀਰ

---

*ਸਰ ਲੇਪਿਲ ਗ੍ਰਿਫਿਨ ਨੇ ਆਪਣੀ ਪੁਸਤਕ "ਰਣਜੀਤ ਸਿੰਘ" ਵਿਚ ਲਿਖਿਆ ਹੈ ਕਿ ਇਹ ਇਸਤ੍ਰੀਆਂ ਸਤੀ ਹੋਣਾਂ ਨਹੀਂ ਚਾਹੁੰਦੀਆਂ ਸਨ ਪਰ ਓਹ ਜਬਰਨ ਸਤੀ ਕੀਤੀਆਂ ਗਈਆਂ। ਸਤੀ ਹੋਣ ਸਮੇਂ ਰਾਜਵਲੋਂ ਰਾਜਾ ਦੀਨਾ ਨਾਥ ਉਥੇ ਮੌਜੂਦ ਸੀ। ਉਸਨੇ ਸਤੀਆਂ ਦੇ ਚਰਨਾਂ ਉਤੇ ਮੱਥਾ ਟੇਕਿਆ ਜਿਸ ਪਰ ਸਤੀਆਂ ਨੇ ਦਲੀਪਸਿੰਘ ਨੂੰ ਤਾਂ ਅਸੀਸ ਦਿਤੀ ਤੇ ਖਾਲਸਾ ਫੌਜ ਨੂੰ ਬਹੁਤ ਗਾਲਾਂ ਕਢੀਆਂ ਜਦ ਸਤੀਆਂ ਪਾਸੋਂ ਪੰਜਾਬ ਦੇ ਭਾਵੀ ਭਾਗਾਂ ਬਾਬਤ ਪੁਛਿਆ ਗਿਆ ਤਾਂ ਉਨ੍ਹਾਂ ਨੇ ਕਿਹਾ:—"ਇਕ ਵਰ੍ਹੇ ਦੇ ਅੰਦਰ ਹੀ ਪੰਜਾਬਦੀ ਸੁਤੰਤ੍ਰਤਾ ਨਸ਼ਟ ਹੋ ਜਾਵੇਗੀ, ਖਾਲਸੇ ਦਾ ਰਾਜ ਉਲਟ ਜਾਵੇਗਾ ਤੇ ਖਾਲਸਾ ਫੌਜ ਦੀਆਂ ਇਸਤ੍ਰੀਆਂ ਰੀ ਸਾਡੇ ਵਾਂਗਣ ਵਿਧਵਾ ਹੋਣਗੀਆਂ।" ਸੋ ਇਨਾਂ ਸਤੀਆਂ ਦਾ ਸਰਾਪ ਪੰਜਾਬ ਨੂੰ ਬਹੁਤ ਛੇਤੀ ਜਾ ਲਗਾ।

ਹੋਣਾ ਨਾਮਨਜੂਰ ਕੀਤਾ। ਫੇਰ ਤੇਜਾ ਸਿੰਘ ਨੂੰ ਵਜੀਰ ਬਣਨ ਲਈ ਕਿਹਾ ਗਿਆ ਪਰ ਉਸ ਵੀ ਨਾ ਮੰਨਿਆ ।

ਉਸ ਵੇਲੇ ਪੰਜਾਬ ਦਾ ਪ੍ਰਧਾਨ ਮੰਤ੍ਰੀ ਬਣਨਾ ਕੋਈ ਠੱਠਾ ਮਖੌਲ ਨਹੀਂ ਸੀ। ਉਸ ਵੇਲੇ ਵਜੀਰ ਦਾ ਕੰਮ ਕੌਂਸਲ ਵਿਚ ਦੋ ਚਾਰ ਸਵਾਲਾਂ ਦਾ ਜਵਾਬ ਦੇ ਦੇਣਾ ਜਾਂ ਚੰਗੀਤਰਾਂ ਕੋਈ ਲੈਕਚਰ ਫਟਕਾਰਨਾ ਹੀ ਨਹੀਂ ਸੀ। ਉਸ ਵੇਲੇ ਪੰਜਾਬ ਦਾ ਵਜੀਰ ਓਹ ਹੋ ਸਕਦਾ ਸੀ ਜੋ ਖਾਲਸਾ ਫੌਜ ਨੂੰ ਕਾਬੂ ਰੱਖਣ ਦੀ ਤਾਕਤ ਰਖਦਾ ਹੁੰਦਾ। ਸੋ ਸਾਰੇ ਪੰਜਾਬ ਵਿਚ ਉਸ ਵੇਲੇ ਐਸਾ ਕੋਈ ਮਾਈ ਦਾ ਲਾਲ ਨਜਰ ਨਹੀਂ ਆਉਂਦਾ ਸੀ। ਖਾਲਸਾ ਫੌਜ ਦੀ ਵਧੀ ਹੋਈ ਤਾਕਤ ਵੇਖਕੇ ਕਿਸੇ ਨੂੰ ਵੀ ਵਜੀਰ ਬਣਨ ਦੀ ਹਿੰਮਤ ਨਾ ਪਈ। ਜਿਸਨੂੰ ਵਜੀਰ ਬਣਨ ਲਈ ਕਿਹਾ ਜਾਂਦਾ ਸੀ ਉਹ ਝਟ ਨਾਂਹ ਕਰ ਦੇਂਦਾ ਸੀ। ਜਦ ਕਿਸੇ ਨੇ ਵੀ ਵਜੀਰ ਬਣਨਾ ਮਨਜੂਰ ਨਾ ਕੀਤਾ ਤਾਂ ਦੁਸੈਹਰੇ ਦੇ ਪਿਛੋਂ ਮਹਾਰਾਣੀ ਜਿੰਦਾਂ ਹੀ ਪ੍ਰਤਿਪਾਲਿਕਾ ਬਣਾਈ ਗਈ।

ਮਹਾਰਾਣੀ ਜਿੰਦਾਂ, ਦੀਵਾਨ ਦੀਨਾ ਨਾਥ, ਭਾਈ ਰਾਮ ਸਿੰਘ ਤੇ ਮਿਸਰ ਲਾਲ ਸਿੰਘ ਆਦਿਕ ਨਾਲ ਰਾਜਸੀ ਮਾਮਲਿਆਂ ਵਿਚ ਸਲਾਹ ਕਰਕੇ ਸਭ ਕੰਮਕਾਰ ਚਲਾਣ ਲਗੀ। ਪਰ ਮਹਾਰਾਣੀ ਲਾਲ ਸਿੰਘ ਨੂੰ ਬਹੁਤ ਚਾਹੁੰਦੀ ਸੀ ਤੇ ਉਸਦੀ ਖਾਸ ਤਰੱਕੀ ਕਰਨ ਦੀ ਇਛਾ ਸੀ। ਇਸ ਲਈ ਵਜਾਰਤ ਵਾਸਤੇ ਪੰਜ ਮਨੁਖਾਂ ਦੇ ਨਾਮਾਂ ਦੀਆਂ ਚਿਠੀਆਂ ਪਾਈਆਂ ਤੇ ਲਾਲ ਸਿੰਘ ਦੇ ਨਾਮ ਦੀ ਹੀ ਚਿਠੀ ਨਿਕਲ ਆਈ। ਪਰ ਫੌਜ ਨੇ ਉਸਦਾ ਵਜੀਰ ਹੋਣਾ ਕਬੂਲ ਨਾ ਕੀਤਾ ਜਿਸਤੋਂ ਉਹ ਵਜੀਰ ਨਾ ਬਣ ਸਕਿਆ। ਮਹਾਰਾਣੀ ਜਿੰਦਾਂ ਆਪ ਹੀ ਸਾਰੇ ਕੰਮ ਕਾਜ ਕਰਨ ਲਗੀ। ਮਿਸਰ

ਲਾਲ ਸਿੰਘ ਰਾਜਸੀ ਕੰਮਾਂ ਵਿਚ ਮਹਾਰਾਣੀ ਨੂੰ ਸਹਾਇਤਾ ਦੇਂਦਾ ਸੀ। ਤੇਜਾ ਸਿੰਘ ਨੂੰ ਸੈਨਾਪਤੀ ਬਣਾਇਆ ਗਿਆ ਤੇ ਮਹਾਰਾਣੀ ਨੇ ਲਾਲ ਸਿੰਘ ਨੂੰ ਰਾਜਾ ਦਾ ਖਿਤਾਬ ਦਿਤਾ ਤੇ ਹੋਰ ਸਭਨਾ ਕੰਮਾਂ ਦੀ ਮਨਜ਼ੂਰੀ ਫੌਜੀ ਮੈਹਕਮੇ ਦੇ ਅਧੀਨ ਰਹੀ। ਪਰ ਅੰਦਰੂਨੀ ਹਾਲਤ ਨੇ ਪੰਜਾਬ ਦੀ ਉਸ ਵੇਲੇ ਦੀ ਸੁਤੰਤ੍ਰਤਾ ਅਥਵਾ ਮਹਾਰਾਜਾ ਰਣਜੀਤ ਸਿੰਘ ਦੇ ਕਾਇਮ ਕੀਤੇ ਹੋਏ ਸਿਖ ਰਾਜ ਦਾਂ ਕਿਸਤਰਾਂ ਨਾਸ ਕੀਤਾ ਓਹ ਪਾਠਕ ਅੱਗੇ ਚਲਕੇ ਵੇਖਣਗੇ।

ਲੜਾਈ ਦਾ ਡਰ

ਜਿਸ ਵੇਲੇ ਪੰਜਾਬ ਵਿਚ ਇਸਤਰਾਂ ਗੜ ਬੜ ਮਚੀ ਹੋਈ ਸੀ ਓਸ ਵੇਲੇ ਅੰਗ੍ਰੇਜ਼ ਵੀ ਚੁਪ ਨਹੀਂ ਬੈਠੇ ਸਨ। ਈਸਟ ਇੰਡੀਆ ਕੰਪਨੀ ਦੇ ਸੰਚਾਲਕ ਓਸ ਵੇਲੇ ਹੀ ਇਹ ਗੱਲ ਤਾੜ ਗਏ ਸਨ ਇਕ ਨਾ ਇਕ ਦਿਨ ਸਾਡਾ ਸਿਖ ਰਾਜ ਦੀ ਫੌਜਾਂ ਨਾਲ ਟਾਕਰਾ ਹੋਏ ਬਿਨਾ ਨਹੀਂ ਰਹੇਗਾ। ਅਥਵਾ ਇਉਂ ਆਖ ਦੇਵੋ ਕਿ ਦੂਰੰਦੇਸ਼ ਅੰਗ੍ਰੇਜ਼ ਇਹ ਸਮਝ ਗਏ ਸਨ ਕਿ ਬਿਨਾ ਸਿਖ ਰਾਜ ਨੂੰ ਕਾਬੂ ਕੀਤੇ ਸਰਹੱਦੀ ਉੱਤੇ ਅੰਗ੍ਰੇਜ਼ੀ ਰਾਜ ਟਿਕ ਨਹੀਂ ਸਕਦਾ। ਪੰਜਾਬ ਦੇ ਅੰਦਰ ਅਸ਼ਾਂਤੀ ਦੀ ਅੱਗ ਮਚ ਹੀ ਰਹੀ ਸੀ। ਏਧਰੋਂ ਅੰਗ੍ਰੇਜ਼ਾਂ ਨੇ ਵੀ ਐਸੇ ਜੋੜ ਤੋੜ ਕਰਨੇ ਸ਼ੁਰੂ ਕੀਤੇ ਜਿਨਾਂ ਤੋਂ ਸਿਖਾਂ ਨੂੰ ਸ਼ਕ ਪੈ ਗਿਆ ਕਿ ਅੰਗ੍ਰੇਜ਼ਾਂ ਦੀ ਨਜ਼ਰ ਪੰਜਾਬ ਨੂੰ ਲੈਣ ਦੀ ਹੈ। ਓਸ ਵੇਲੇ ਖਾਲਸਾ ਫੌਜ ਵਿਚ ਇਹ ਅਫਵਾਹ ਝਟ ਪਟ ਫੈਲ ਗਈ ਕਿ ਅੰਗ੍ਰੇਜ਼ ਪੰਜਾਬ ਉਤੇ ਕਬਜ਼ਾ ਕੀਤਾ ਚਾਹੁੰਦੇ ਹਨ। ਮਹਾਰਾਜਾ ਸ਼ੇਰ ਸਿੰਘ ਦੇ ਵੇਲੇ ਜਦ ਖਾਲਸਾ ਫੌਜ ਭੜਕ ਗਈ ਸੀ ਓਸ

ਵੇਲੇ ਅੰਗ੍ਰੇਜ਼ਾਂ ਨੇ ਓਸਨੂੰ ਇਹ ਲਿਖਿਆ ਸੀ ਕਿ ਅਸੀ ੧੨੦੦੦ ਬ੍ਰਿਟਿਸ਼ ਬੀਰਾਂ ਦੇ ਨਾਲ ਤੁਸਾਡੀ ਆਪ ਮੁਹਾਰੀ ਫੌਜ ਨੂੰ ਦਬਾਣ ਲਈ ਤਿਆਰ ਬੈਠੇ ਹਾਂ, ਪਰ ਇਸਦੇ ਬਦਲੇ ਸਾਨੂੰ ਤੁਸੀ ੪੦ ਲਖ ਰੁਪਯਾ ਤੇ ਸਤਲੁਜ ਦੇ ਦਖਣੀ ਹਿਸੇ ਦੇਣੇ ਹੋਣਗੇ। ਇਸ ਗਲਨੂੰ ਸ਼ੇਰਸਿੰਘ ਨੇਮਨਜ਼ੂਰ ਨਾ ਕੀਤਾ ਕਿਉਂਕਿ ਇਨਾਂ ਸ਼ਰਤਾਂ ਦੇ ਮੰਨ ਲੈਣ ਪੁਰ ਆਪਣੀ ਫੌਜ ਦੇ ਹਥੋਂ ਹੀ ਮਾਰੇ ਜਾਣ ਦਾ ਓਸਨੂੰ ਡਰ ਸੀ। ਸਚ ਮੁਚ ਹੀ ਇਹ ਡਰ ਖਾਲੀ ਡਰ ਨਹੀਂ ਸੀ। ਕਿਉਂਕਿ ਉਸ ਵੇਲੇ ਦੇ ਸਿਖ ਆਪਣੀ ਸੁਤੰਤ੍ਰਤਾ ਵਿਦੇਸ਼ੀਆਂ ਦੇ ਹਥ ਦੇਣ ਲਈ ਤਿਆਰ ਨਹੀਂ ਸਨ। ਪਰ ਈਸਟ ਇੰਡੀਆ ਕੰਪਨੀ ਦੇ ਕੱਟਰ ਕਰਮ ਚਾਰੀ ਕਦ ਚੁਪ ਬੈਠਣ ਵਾਲੇ ਤੇ ਸਮਾਂ ਚੁਕਾਣ ਵਾਲੇ ਸਨ। ਓਹਨੀ ਦਿਨੀ ਹੀ ਅਫਗਾਨਿਸਤਾਨ ਵਿਚ ਰੈਹਣ ਵਾਲੇ ਅੰਗ੍ਰੇਜ਼ੀ ਰਾਜਦੂਤ (ਏਜੰਟ) ਨੇ ਇਹ ਪ੍ਰਗਟ ਕੀਤਾ ਕਿ "ਹੁਣ ਪੰਜਾਬ ਦੇ ਰਾਜ ਨਾਲ ਹੋਈ ੨ ਸਾਡੀ ਸੁਲਾਹ ਟੁਟ ਗਈ ਹੈ ਤੇ ਅਸੀ ਹੁਣ ਪਿਸ਼ਾਵਰ ਨੂੰ ਸਿਖਾਂ ਪਾਸੋਂ ਖੋਹਕੇ ਅਫਗਾਨਾਂ ਨੂੰ ਦੇਵਾਂਗੇ।

ਅੰਗ੍ਰੇਜ਼ੀ ਏਜੰਟ ਦਾ ਇਹ ਇਸ਼ਤਿਹਾਰ ਕੀ ਸੀ ਜਾਣੋ ਬਿਨਾ ਬਦਲ ਦੇ ਹੀ ਸਿਖਾਂ ਉਤੇ ਬਿਜਲੀ ਪਈ। ਸਿਖ ਸੋਚਣ ਲਗੇ ਜਿਨਾਂ ਅੰਗ੍ਰੇਜ਼ਾਂ ਨਾਲ ਦੋਸਤੀ ਰੱਖਣਦਾ ਸਾਨੂੰ ਮਾਨ ਸੀ ਓਹੀ ਅੰਗ੍ਰੇਜ਼ ਸਾਡਾ ਸਤਯਾਨਾਸ ਕਰਨ ਲਈ ਤਿਆਰ ਬੈਠੇ ਹਨ ? ਹੈਂ ? ਇਹ ਕੇਹੀ ਦੋਸਤੀ ? ਇਸਤਰਾਂ ਕੁਝ ਦਿਨਾਂ ਪਿਛੋਂ ਹੋਰ ਵੀ ਦੋ ਚਾਰ ਐਸੀਆਂ ਵਾਰਦਾਤਾਂ ਹੋਈਆਂ ਕਿ ਜਿਨਾਂ ਤੋਂ ਸਿਖਾਂ ਦਾ ਸ਼ਕ ਹੋਰ ਵੀ ਵਧਦਾ ਗਿਆ।

ਸੰਬਤ ੧੮੯੪ ਬਿਕ੍ਰਮੀ (੨੭ ਜੂਨ ਸਨ ੧੮੩੯) ਸ਼ਾਹਸ਼ੁਜਾ ਨੂੰ ਕਾਬੁਲ ਦੀ ਗੱਦੀ ਉਤੇ ਬਿਠਾਲਕੇ ਅੰਗ੍ਰੇਜ਼ੀ ਫੌਜ ਜਦ ਵਾਪਸ ਆ ਰਹੀ ਸੀ ਓਸ ਵੇਲੇ ਮਹਾਰਾਜਾ ਰਣਜੀਤ ਸਿੰਘ ਨੇ ਚਲਾਣਾ ਕੀਤਾ ਸੀ। ਅੰਗ੍ਰੇਜ਼ਾਂ ਨੇ ਪੰਜਾਬ ਦੇ ਵਿਚੋਂ ਆਪਣੀ ਫੌਜ ਲਿਜਾਣ ਦਾ ਵਿਚਾਰ ਕੀਤਾ ਸੀ ਤੇ ਇਹ ਗਲ ਸਿਖਾਂ ਨੂੰ ਬੁਰੀ ਲਗੀ ਸੀ। ਓਦੋਂ ਤਾਂ ਅੰਗ੍ਰੇਜ਼ਾਂ ਨੇ ਸਿਖਾਂ ਦੇ ਰਾਜ ਵਿਚੋਂ ਮੁੜਕੇ ਫੌਜ ਨਾ ਲਿਜਾਣ ਦੀ ਪ੍ਰਤਿਗਯਾ ਕੀਤੀ ਪਰ ਛੇਤੀ ਹੀ ਅਫਗਾਨਿਸਤਾਨ ਵਿਚ ਅੰਗ੍ਰੇਜ਼ਾਂ ਨੂੰ ਫੇਰ ਫੌਜ ਭੇਜਣ ਦੀ ਲੋੜ ਪੈ ਗਈ। ਓਸ ਵੇਲੇ ਬ੍ਰਾਡਫੁਟ ਨਾਮੇ ਇਕ ਅੰਗ੍ਰੇਜ਼ ਨੇ ਅੰਗ੍ਰੇਜ਼ਾਂ ਦੀ ਉਕਤ ਪ੍ਰਤਿਗਯਾ ਕੀਤੀ ਹੋਈ ਨੂੰ ਤੋੜ ਦਿਤਾ। ਜਦ ਦੋਸਤ ਮੁਹੰਮਦ ਖਾਂ ਦੇ ਪੁਤ੍ਰ ਅਕਬਰ ਖਾਂ ਨੇ ਵਿਸਾਹਘਾਤ ਨਾਲ ਬਾਲਾ ਹਿਸਾਰ ਵਾਲੇ ਅੰਗ੍ਰੇਜ਼ ਏਜੰਟ ਮੈਕਨਾਟਨ ਦਾ ਖੂਨ ਕਰ ਦਿਤਾ ਤੇ ਅਫਗਾਨਾਂ ਨੇ ਅੰਗ੍ਰੇਜ਼ੀ ਫੌਜ ਦੇ ਸਾਰੇ ਸਿਪਾਹੀਆਂ ਨੂੰ ਬੁਰੀਤਰਾਂ ਮਾਰ ਘਤਿਆ ਓਦੋਂ ਅੰਗ੍ਰੇਜ਼ਾਂ ਨੇ ਅਫਗਾਨਿਸਤਾਨ ਉਤੇ ਫੇਰ ਚੜ੍ਹਾਈ ਕੀਤੀ ਸੀ। ਓਸ ਵੇਲੇ ਅੰਗ੍ਰੇਜ਼ਾਂ ਦੀ ਬੇਨਤੀ ਮੰਨਕੇ ਓਨਾਂ ਦੀ ਸਹਾਯਤਾ ਲਈ ਸਿਖ ਫੌਜ ਵੀ ਗਈ ਸੀ। ਫਤੇ ਕਰਨ ਪਿਛੋਂ ਅੰਗ੍ਰੇਜ਼ੀ ਫੌਜ ਨੇ ਤਾਂ ਬਜ਼ਾਰ ਲੁਟੇ ਪਰ ਸਿਖ ਫੌਜਨੂੰ ਜਨਰਲ ਡਲ੍ਹੂਕਨੇ ਲੁਟਣ ਨਾ ਦਿਤਾ ਜਿਸ ਦਾ ਅਸਰ ਭੀ ਸਿਖਾਂ ਦੇ ਦਿਲ ਉਤੇ ਬੁਰਾ ਪਿਆ।

ਸੰਬਤ ੧੮੬੬ ਬਿਕ੍ਰਮੀ (ਸਨ ੧੮੦੯) ਵਿਚ ਅੰਗ੍ਰੇਜ਼ਾਂ ਨੇ ਇਹ ਪ੍ਰਤਿਗਯਾ ਕੀਤੀ ਸੀ ਕਿ ਅਸੀ ਸਿਖ ਰਾਜ ਦੇ ਨੇੜੇ ਅੰਗ੍ਰੇਜ਼ੀ ਫੌਜ ਦੀ ਛਾਵਣੀ ਨਹੀਂ ਪਾਵਾਂਗੇ। ਪਰ ਪਿਛੋਂ ...

ਅੰਗ੍ਰੇਜ਼ਾਂਨੇਇਸ ਪ੍ਰਤਿਗਜ਼ਾਨੂੰ ਭੁਲਾਕੇ ਲੁਧਿਆਨੇ ਵਿਚ ਛਾਵਣੀ ਪਾ ਲਈ। ਇਸਦੇ ਸਿਵਾ ਨੇਪਾਲ ਦੀ ਲੜਾਈ ਦੇ ਪਿਛੋਂ ਸਬਾਥੂ ਵਿਚ ਪੁਲਿਸ ਦੀ ਹਿਫਾਜ਼ਤ ਲਈ ਇਕ ਪਲਟਨ ਰਖੀ। ਸੰਮਤ ੧੮੯੫ (ਸਨ ੧੮੩੮) ਲਾਹੌਰ ਦੇ ਨੇੜੇ ਦੇ ਥਾਵਾਂ ਉਤੇ ਅੰਗ੍ਰੇਜ਼ਾਂ ਨੇ ਫੌਜ ਰਖੀ। ਫੇਰ ਅੰਗ੍ਰੇਜ਼ਾਂਨੇ ਈਰਾਨ ਉਤੇ ਚੜ੍ਹਾਈ ਕਰਨ ਦੇ ਬਹਾਨੇ ਫੀਰੋਜ਼ਪੁਰ ਵਿਚ ੧੮੦੦੦ ਫੌਜ ਰਖੀ ਤੇ ਫੀਰੋਜ਼ਪੁਰ ਲਾਹੌਰ ਤੋਂ ਬਹੁਤ ਦੂਰ ਨਹੀਂ ਬਲਕੇ ਪੇਹਲੇ ਤਾਂ ਫੀਰੋਜ਼ਪੁਰ ਹੀ ਸਿਖ ਰਾਜ ਦੇ ਅੰਦਰ ਸੀ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਫੀਰੋਜ਼ਪੁਰ ਰਾਣੀ ਲਛਮਣ ਕੌਰ ਦੇ ਪਾਸ ਸੀ। ਰਾਣੀ ਲਛਮਣ ਕੌਰ ਵਿਧਵਾ ਤੇ ਨਿਰਸੰਤਾਨ ਸੀ ਤੇ ਓਸਦੇ ਸ਼ੈਹਰ ਨੂੰ ਇਕ ਹੋਰ ਰਾਜ ਲੋਭੀ ਮਨੁਖ ਨੇ ਹੜਪ ਕਰਨਾ ਚਾਹਿਆ ਸੀ। ਪਰ ਵਿਧਵਾ ਦੀ ਬੇਨਤੀ ਕਰਨ ਪੁਰ ਓਸਦੀ ਸਹਾਇਤਾ ਮਹਾਰਾਜਾ ਰਣਜੀਤ ਸਿੰਘ ਨੇ ਕੀਤੀ ਤੇ ਓਸਦਾ ਰਾਜ ਵੈਰੀਆਂ ਦੇ ਪੰਜੇ ਵਿਚੋਂ ਰਖ ਲਿਆ। ਸੋ ਚਾਹੀਦਾ ਤਾਂ ਇਹਸੀ ਕਿ ਰਾਣੀ ਲਛਮਣਕੌਰ ਦੇ ਮਰੇ ਪਿਛੋਂ ਫੀਰੋਜ਼ਪੁਰਉਤੇ ਲਾਹੌਰ ਦਰਬਾਰ ਕਬਜ਼ਾ ਕਰਦਾ ਪਰ ਅੰਗ੍ਰੇਜ਼ਾਂ ਨੇ ਲਾਹੌਰ ਦਰਬਾਰ ਦਾ ਕੋਈ ਹੱਕ ਨਾਂ ਮੰਨਕੇ ਉਸਨੂੰ ਆਪਣੇ ਰਾਜ ਵਿਚ ਮਿਲਾ ਲਿਆ।

ਅੰਗ੍ਰੇਜ਼ਾਂ ਨੇ ੧੨੦੦੦ ਫੌਜ ਰੱਖਣ ਵੇਲੇ ਇਹ ਕਿਹਾ ਸੀ ਕਿਇਥੇ ਸਿਰਫ ਇਕ ਵਰ੍ਹਾ ਫੌਜ ਰੱਖੀ ਜਾਵੇਗੀ ਪਰ ਇਕ ਵਰ੍ਹਾ ਬੀਤਣ ਪਿਛੋਂ ਭੀ ਓਨਾਂ ਉਥੋਂ ਫੌਜ ਨਾ ਹਟਾਈ। ਬਲਕੇ ਅਫਗਾਨਿਸਤਾਨ ਨਾਲ ਲੜਾਈ ਛਿੜਨ ਪਰ ਤਾਂ ਅੰਗ੍ਰੇਜ਼ਾਂ ਨੇ ਫੀਰੋਜ਼ਪੁਰ ਵਿਚ ਪੱਕੀ ਛਾਉਣੀ ਪਾ ਲਈ। ਇਸਤੋਂ

ਅੰਗ੍ਰੇਜ਼ਾਂ ਨੇ ਫੀਰੋਜ਼ਪੁਰ ਤੇ ਲੁਧਿਆਣੇ ਦੇ ਸਿਵਾ ਅੰਬਾਲੇ ਵਿਚ ਤੇ ਸਿਖ ਰਾਜ ਦੇ ਨੇੜੇ ਵਾਲੇ ਪਹਾੜੀ ਇਲਾਕਿਆਂ ਵਿਚ ਭੀ ਕਈ ਛਾਉਣੀਆਂ ਪਾਈਆਂ। ਸੰਮਤ ੧੮੯੫ ਬਿਕ੍ਰਮੀ (ਸਨ ੧੮੩੮) ਵਿਚ ਸਰਹਦ ਉਤੇ ਸਿਰਫ ੨੫੦੦ ਅੰਗ੍ਰੇਜ਼ੀ ਫੌਜ ਤੇ ੬ ਤੋਪਾਂ ਸਨ। ਪਰ ਲਾਰਡ ਆਕਲੈਂਡ ਦੇ ਸਮੇਂ ਓਥੇ ਅਠ ਹਜ਼ਾਰ ਫੌਜ ਵਧਾਈ ਗਈ। ਫੇਰ ਲਾਰਡ ਐਲਿਨਬਰਾ ਦੇ ਸਮੇਂ ੧੪੦੦੦ ਕੀਤੀ ਤੇ ਲਾਰਡ ਹਾਰਡਿੰਗ ਦੇ ਸਮੇਂ ਮੁਕਾਬਲ ਨਾਲੋਂ ਵੀ ਵੱਧ ਅਰਥਾਤ ੩੨੦੦੦ ਫੌਜ ਤੇ ੬੮ ਤੋਪਾਂ ਕੀਤੀਆਂ ਗਈਆਂ। ਇਸਦੇ ਸਿਵਾ ਮੇਰਠ ਵਿਚ ਕਈ ਤੋਪਾਂ ਸਣੇ ੧੦੦੦੦ ਫੌਜ ਰਖੀ ਗਈ। ਇਸਤਰਾਂ ਚਾਰੇ ਪਾਸੇ ਅੰਗ੍ਰੇਜ਼ਾਂ ਦੀ ਫੌਜੀ ਤਿਆਰੀ ਵੇਖਕੇ ਪੰਜਾਬ ਨਿਵਾਸੀਆਂ ਨੂੰ ਇਸ ਗੱਲ ਦਾ ਵਿਸ਼ਵਾਸ ਹੋਗਿਆ ਸੀ ਕਿ ਇਹ ਤਿਆਰੀ ਸਿਰਫ ਰਾਜ ਦੀ ਰਾਖੀ ਲਈ ਹੀ ਨਹੀਂ ਬਲਕੇ ਇਸਦਾ ਅੰਦਰੂਨੀ ਮਤਲਬ ਕੁਝ ਹੋਰ ਹੈ ਤੇ ਓਹ ਮਤਲਬ ਕਿਧਰੇ ਬਾਲਕ ਮਹਾਰਾਜਾ ਦਲੀਪ ਸਿੰਘ ਦਾ ਰਾਜ ਹੜਪਣ ਦਾ ਹੀ ਨਾ ਹੋਵੇ।

ਇਨ੍ਹਾਂ ਉਪਰ ਦੱਸੇ ਸਭਨਾਂ ਕਾਰਨਾਂ ਦੇ ਸਿਵਾ ਸਿਖਾਂ ਦੇ ਜੋਸ਼ ਵਿਚ ਆਜਾਣ ਦਾ ਹੋਰ ਵੀ ਇਕ ਕਾਰਨ ਸੀ। ਓਹ ਇਹ ਸੀ ਕਿ ਕੁੰਵਰ ਨੌਨਿਹਾਲ ਸਿੰਘ ਦੇ ਸਮੇਂ ਕੁਝ ਅੰਗ੍ਰੇਜ਼ਾਂ ਨੇ ਇਹ ਪ੍ਰਸਤਾਵ ਕੀਤਾ ਸੀ ਕਿ ਰਣਜੀਤ ਸਿੰਘ ਦੇ ਪੋਤ੍ਰੇ ਦੇ ਮਰਨ ਪਿਛੋਂ ਪੇਸ਼ਾਵਰ ਨੂੰ ਪੰਜਾਬ ਨਾਲੋਂ ਵੱਖ ਕਰਕੇ ਕਾਬੁਲ ਦੇ ਉਸ ਵੇਲੇ ਦੇ ਅਮੀਰ ਤੇ ਅੰਗ੍ਰੇਜ਼ਾਂ ਦੇ ਮਿਤ੍ਰ ਸ਼ਾਹਸ਼ੁਜਾ ਨੂੰ ਸੌਂਪ ਦਿਤਾ ਜਾਵੇ। ਅਫਗਾਨ ਲੜਾਈ ਦੇ ਪਿਛੋਂ ਇਹ ਖਬਰ ਬਿਜਲੀ ਵਾਂਗ ਸਾਰੇ ਪੰਜਾਬ ਵਿਚ ਫੈਲ ਗਈ ਸੀ ਕਿ "ਅੰਗ੍ਰੇਜ਼ [illegible] ਲਈ [illegible] ਤੋਂ [illegible]

ਰਹੇ ਹਨ ਤੇ ਮੁਲਤਾਨ ਉਤੇ ਹਮਲਾ ਕਰਨ ਲਈ ਸਿੰਧ ਵਿ
ਪੰਜ ਹਜ਼ਾਰ ਫੌਜ ਅਕਠੀ ਕਰ ਰਹੇ ਹਨ।"

ਭਾਵੇਂ ਇਹ ਖਬਰ ਅੰਗ੍ਰੇਜ਼ਾਂਨੇ ਸਿਖ ਦਰਬਾਰਨੂੰ ਨਹੀਭੇਜੀ ਸੀ ਪਰ ਸਿਖਾਂ ਨੂੰ ਅੰਗ੍ਰੇਜ਼ਾਂ ਦੀਆਂ ਪੈਹਲੀਆਂ ਚਾਲਾਂ ਵੇਖਕੇ ਇਸਦੀ ਸਚਾਈ ਉੱਤੇ ਕੋਈ ਸ਼ਕ ਨਹੀਂ ਰਿਹਾ ਸੀ। ਇਸਦੇ ਸਿਵਾ ਹੋਰ ਵੀ ਕਈ ਕੰਮ ਸ਼ਕ ਵਧਾਣ ਵਾਲੇ ਹੁੰਦੇ ਰਹੇ। ਸੰਮਤ ੧੯੬੦ ਬਿਕ੍ਰਮੀ ਨੂੰ ਮੇਜਰ ਬ੍ਰਾਡਫੁਟ ਏਜੰਟ ਬਣਿਆ। ਸਿਖ ਓਸ ਪਰ ਪ੍ਰਸੰਨ ਨਹੀਂ ਸਨ। ਓਸਨੇ ਏਜੰਟ ਬਣਦਿਆਂ ਹੀ ਲਾਹੌਰ ਦਰਬਾਰ ਦੇ ਅਧੀਨ ਵਾਲੇ ਸਤਲੁਜ ਪਾਰ ਦੇ ਪਟਿ-ਆਲਾ ਆਦਿ ਰਾਜਵਾੜਿਆਂ ਨੂੰ ਅੰਗ੍ਰੇਜ਼ਾਂਦੇ ਅਧੀਨ ਦਸਿਆ। ਓਹ ਸਿਰਫ ਉਨਾਂ ਨੂੰ ਹੀ ਅਪਣੇ ਅਧੀਨ ਦਸਕੇ ਚੁਪ ਨਾਹੋਯਾ ਬਲਕੇ ਓਸਨੇ ਇਥੋਂ ਤਕ ਦਸਿਆ ਕਿ ਦਲੀਪ ਸਿੰਘ ਦੇ ਮਰੇ ਪਿਛੋਂ ਅਥਵਾ ਕਿਸੇ ਕਾਰਣ ਤੋਂ ਉਸਦੇ ਰਾਜ ਤੋਂ ਹਟਾਏ ਜਾਣ ਪਰ ਇਨਾ ਰਾਜਵਾੜਿਆਂ ਦੇ ਮਾਲਕ ਅੰਗ੍ਰੇਜ਼ੀ ਰਾਜ ਦੇ ਬਿਲਕੁਲ ਅਧੀਨ ਹੋ ਜਾਣਗੇ।

ਇਸਤਰਾਂ ਮੇਜਰ ਬ੍ਰਾਡਫੁਟ ਸਿਖਾਂ ਨੂੰ ਬਰਾਬਰ ਖਿਝਾਉਂਦਾ ਹੀ ਰਿਹਾ। ਕਈ ਛੋਟੀਆਂ ਮੋਟੀਆਂ ਵਾਰਦਾਤਾਂ ਭੀ ਹੋਈਆਂ ਜਿਨਾਂ ਤੋਂ ਸਿਖ ਜੋਸ਼ ਵਿਚ ਆਉਂਦੇ ਰਹੇ ਪਰ ਓਨਾਂ ਨੇ ਧੀਰਜ ਨਾ ਛਡਿਆ। ਮੇਜਰ ਬ੍ਰਾਡਫੁਟ ਨੇ ਕੁਝ ਸਿਖ ਘੋੜ ਸਵਾਰਾਂ ਉਤੇ ਅਪਣੀ ਫੌਜ ਨੂੰ ਲੜਾਈ ਕਰਨ ਦਾ ਹੁਕਮ ਦੇ ਦਿਤਾ, ਇਸ ਪਰ ਵੀ ਸਿਖਾਂ ਨੇ ਸ਼ਾਂਤੀ ਨੂੰ ਨਾ ਛਡਿਆ ਅਤੇ ਚੁਪ ਕਰਕੇ ਸਹਾਰਦੇ ਗਏ। ਓਹਨੀਂ ਦਿਨੀਂ ਅੰਗ੍ਰੇਜ਼ਾਂ ਦੇ ਕੋਲੋਂ ੨ ਜਹਾਜ਼ ਸਤਲੁਜ ਨਦੀ ਵਿਚ ਡਿਨਾਂ ਜਿਥੇ ਤੌਂ

ਦੇ ਆਉਂਦੇ ਜਾਂਦੇ ਰਹਿੰਦੇ ਸਨ। ਫਿਲੌਰ ਦੇ ਕਿਲੇ ਦੇ ਪਾਸ ਸਿਖਾਂ ਦੀਆਂ ਤੋਪਾਂ ਦੇ ਸਾਹਮਣੇ ਅੰਗ੍ਰੇਜ਼ਾਂ ਦਾ ਇਕ ਜਹਾਜ਼ ਬਹੁਤ ਦਿਨ ਤਕ ਲੰਗਰ ਸੁਟਕੇ ਪਿਆ ਰਿਹਾ। ਸਿਖਾਂ ਨੇ ਉਸ ਨਾਲ ਜ਼ਰਾ ਵੀ ਛੇੜ ਛਾੜ ਨਾ ਕੀਤੀ। ਸਿਖਾਂ ਦੇ ਇਸ ਸ਼ਾਂਤ ਸੁਭਾਵ ਦੀ ਉਸ ਵੇਲੇ ਦੇ ਕਈ ਅੰਗ੍ਰੇਜ਼ਾਂ ਨੇ ਵੀ ਉਪਮਾ ਕੀਤੀ ਹੈ। ਪਰ ਮੇਜਰ ਬ੍ਰਾਡਫੁਟ ਤੋਂ ਸਿਖਾਂ ਦਾ ਇਹ ਸ਼ਾਂਤ ਵਤੀਰਾ ਨਾ ਸਹਾਰਿਆ ਗਿਆ। ਮੁਲਤਾਨ ਦਾ ਦੀਵਾਨ ਮੂਲਰਾਜ ਸਿਖ ਰਾਜਦੇ ਅਧੀਨ ਸੀ।ਉਸਨੇ ਸਿਖਰਾਜਦੀ ਹੁਕਮ ਅਦੂਲੀ ਕੀਤੀ ਤੇ ਅੰਗ੍ਰੇਜ਼ਾਂ ਪਾਸੋਂ ਲਾਹੌਰ ਦਰਬਾਰ ਦੇ ਵਿਰੁਧ ਸਹਾ-ਯਤਾ ਮੰਗੀ। ਮੇਜਰ ਬ੍ਰਾਡਫੁਟ ਨੇ ਵੀ ਉਸਨੂੰ ਸਹਾਯਤਾ ਦੇਣੀ ਮੰਨ ਲਈ ਜਿਸਤੋਂ ਸਿਖ ਹੋਰ ਵੀ ਖਿਝ ਗਏ।

ਸਿਰਫ ਬ੍ਰਾਡਫੁਟ ਹੀ ਕਿਉਂ, ਸਿੰਧ ਫਤੇ ਕਰਨ ਵਾਲੇ 'ਨੇਪੀਅਰ' ਨੇ ਵੀ ਸਿਖਾਂਨੂੰ ਖਿਝਾਨ ਵਿਚ ਕੋਈ ਕਸਰ ਬਾਕੀ ਨਹੀਂ ਰੱਖੀ ਸੀ। ਸੰਬਤ ੧੯੦੨ (ਸਨ ੧੮੪੫) ਵਿਚ ਕੁਝ ਸਿਖ ਸਵਾਰ ਲੁਟੇਰੇ ਡਾਕੂਆਂ ਦਾ ਪਿਛਾ ਕਰਦੇ ਹੋਏ ਸਿੰਧਦੇਸ ਵਿਚ ਜਾ ਪਹੁੰਚੇ। ਓਦੋਂ ਤੁਕ ਵੀ ਸਿੰਧ ਦੇਸ ਵਿਚ ਲਾਹੌਰ ਦਰਬਾਰ ਤੇ ਈਸਟ ਇੰਡੀਆ ਕੰਪਨੀ ਦੀ ਕੋਈ ਹਦ ਬੰਦੀ ਨੀਯਤ ਨਹੀਂ ਹੋਈ ਸੀ। ਇਹ ਹੋਣ ਪਰ ਵੀ ਨੇਪੀਅਰ ਨੇ ਸ਼ਾਂਤੀ ਭੰਗ ਕਰਨ ਦੇ ਬਹਾਨੇ ਸਿਖ ਸਵਾਰਾਂ ਉੱਤੇ ਹਮਲਾ ਕਰ ਦਿਤਾ। ਇਸਤੋਂ ਪੈਹਲਾਂ ਨੇਪੀਅਰ ਨੇ ਅੰਗ੍ਰੇਜ਼ਾਂ ਨੂੰ ਇਕ ਛਾਵਣੀ ਬਨਾਣ ਲਈ ਕਿਹਾ ਸੀ ਪਰ ਅੰਗ੍ਰੇਜ਼ਾਂ ਨੇ ਉਸਦੀ ਗਲ ਨਹੀਂ ਮੰਨੀ ਸੀ ਇਸ ਕਰਕੇ ਉਸਦੀ ਇਛਾ ਇਕ ਵਡੀ ਭਾਰੀ ਛਾਵਣੀ ਬਨਾਣਦੀ ਉਸ ਵੇਲੇ ਪੂਰੀ ਨਾ ਹੋਈ।

ਨੇਪੀਅਰ ਤੇ ਬ੍ਰਾਡਫੁਟ ਇੰਨਾ ਕੁਝ ਕਰਕੇ ਵੀ ਚੁਪ ਨਾ

ਰਹੇ । ਓਹ ਹੋਰ ਵੀ ਅਗੇ ਵਧੇ ਤੇ ਉਨਾਂ ਇਸ ਗਲ ਦਾ ਜਰਾ ਵਿਚਾਰ ਨਾ ਕੀਤਾ ਕਿ ਇਸਦਾ ਨਤੀਜਾ ਅੰਤ ਨੂੰ ਕੀ ਹੋਵੇਗਾ। ਮੇਜਰ ਬ੍ਰਾਡਫੁਟ ਨੇ ਲੁਧਿਆਨੇਦੇ ਪਾਸ ਵਾਲੇ ਦੇ ਸਿਖਸਥਾਨਾਂ ਨੂੰ ਅੰਗ੍ਰੇਜ਼ੀ ਵਿਚ ਮਿਲਾ ਲਿਆ ਤੇ ਇਸਦਾ ਇਹ ਕਾਰਨ ਦਸਿਆ ਕਿ ਅੰਗ੍ਰੇਜ਼ਾਂ ਦੇ ਅਪ੍ਰਾਧੀ ਇਨਾਂ ਵਿਚ ਜਾ ਲੁਕਦੇ ਹਨ । ਜਿਸ ਕਰਕੇ ਉਹ ਅੰਗ੍ਰੇਜ਼ੀ ਅਦਾਲਤ ਦੇ ਵਿਚਾਰ ਤੋਂ ਬਚ ਜਾਂਦੇ ਹਨ । ਜੇਕਰ ਉਸਦਾ ਕਹਿਣਾ ਸੱਚਾ ਵੀ ਮੰਨ ਲਈਏ ਤਾਂ ਇਹ ਕੋਈ ਐਸੀ ਗਲ ਨਹੀਂ ਸੀ ਕਿ ਜੋ ਸਿਖ ਰਾਜਈਆਂ ਥਾਵਾਂ ਨੂੰ ਹੜਪੇ ਬਿਨਾ ਪੂਰੀ ਨਹੀਂ ਸੀ ਹੁੰਦੀ। ਓਹ ਮਿਤ੍ਰ ਰਾਜੇ ਪਾਸੋਂ ਪਰਵਾਨਾ ਲੈਕੇ ਆਪਣੇ ਅਪ੍ਰਾਧੀਆਂ ਦਾ ਪਤਾ ਕੱਢ ਸਕਦਾ ਸੀ। ਪਰ ਉਥੇ ਤਾਂ ਗੱਲ ਹੀ ਕੁਝ ਹੋਰ ਸੀ।

ਬਹੁਤ ਘਿਸਣ ਪਰ ਚੰਦਨ ਵਿਚੋਂ ਵੀ ਅੱਗ ਨਿਕਲਦੀ ਹੈ। ਸਹਨਸ਼ੀਲਤਾ ਦੀ ਵੀ ਕੋਈ ਹੱਦ ਬੰਨਾ ਹੁੰਦਾ ਹੈ। ਸੋ ਉਕਤ ਗਲਾਂ ਨੂੰ ਵੇਖਕੇ ਸਿਖਾਂ ਦਾ ਖੂਨ ਉਬਲ ਉਠਿਆ। ਉਧਰ ਸਿਖਾਂ ਦੇ ਆਪਣੇ ਘਰ ਵੀ ਦੇਸ਼ਦ੍ਰੋਹੀ ਸਰਦਾਰਾਂ ਦਾ ਕੋਈ ਘਾਟਾ ਨਹੀਂ ਸੀ। ਓਹ ਵੀ ਸਿਖ ਫੌਜ ਨੂੰ ਵਾਰੰਵਾਰ ਵੰਗਾਰ ਰਹੇ ਸਨ। ਕਿਉਂਕਿ ਓਹ ਖਾਲਸਾ ਫੌਜ ਦੀ ਵਧੀ ਹੋਈ ਤਾਕਤ ਨੂੰ ਵੇਖਕੇ ਡਰਦੇ ਸਨ। ਖੁਦ ਮਹਾਰਾਣੀ ਜਿੰਦਾਂ ਵੀ ਖਤਰਾ ਸਮਝਦੀ ਸੀ। ਖਜਾਨਾ ਖਾਲੀ ਪਿਆ ਸੀ ਤੇ ਰਾਜ ਨੂੰ ਆਮਦਨ ਦੇ ਜਰੀਏ ਸਾਰੇ ਬੰਦ ਸਨ। ਇਸਤਰਾਂ ਮਹਾਰਾਣੀ ਜਿੰਦਾਂ ਵੀ ਖਾਲਸਾ ਫੌਜ ਦੀ ਤਾਕਤ ਨੂੰ ਰੋਕਣ ਵਿਚ ਅਸਮਰਥ ਸੀ। ਉਸ ਵੇਲੇ ਦੇ ਕਈ ਸਿਖਾਂ ਨੇ ਖੁਲਮਖੁਲਾ ਇਹ ਆਖਣਾ ਅਰੰਭ ਕਰ ਦਿਤਾ ਸੀ ਕਿ ਅਸੀ ਤਾਂ ਸ਼ੇਰਸਿੰਘ

ਦੇ ਛੋਟੇ ਪੁਤ੍ਰ ਨੂੰ ਪੰਜਾਬ ਦਾ ਮਹਾਰਾਜਾ ਬਣਾਵਾਂਗੇ।ਸੋ ਖਾਲਸਾ ਫੌਜ ਦਾ ਧਿਆਨ ਦੂਸਰੇ ਪਾਸੇ ਦਿਵਾਨ ਲਈ ਰਾਣੀ ਜਿੰਦਾਂ ਨੇ ਵੀ ਅੰਗ੍ਰੇਜ਼ਾਂ ਨਾਲ ਸਿਖਾਂ ਦੀ ਲੜਾਈ ਕਰਾਨ ਦੀ ਠਾਨ ਲਈ। ਜਦ ਫੌਜ ਨੇ ਇਹ ਗਲ ਸੁਣੀ ਤਾਂ ਓਸਨੇ ਵੀ ਗੋਲਾ ਬਾਰੂਦ ਤੇ ਲੜਾਈ ਦੇ ਚੰਗੇ ਸਮਾਨ ਲਈ ਹਾਲ ਦੁਹਾਈ ਪਾਈ। ਪਰ ਓਸ ਵੇਲੇ ਸਮਾਨ ਅਕੱਠਾ ਨਾ ਹੋ ਸਕਿਆ ਤੇ ਕੁਝ ਦਿਨਾਂ ਲਈ ਲੜਾਈ ਦਾ ਖਿਆਲ ਛਡਣਾ ਪਿਆ। ਇਨ੍ਹੀਂ ਦਿਨੀਂ ਕੁਝ ਸਮੇਂ ਲਈ ਲਾਹੌਰ ਦਰਬਾਰ ਦਾ ਮੋਹ-ਕਮਾ ਅਮ੍ਰਿਤਸਰ ਬਦਲਿਆ ਗਿਆ ਤੇ ਰਾਮਬਾਗ ਵਾਲੇ ਰਾਜ ਮਹਿਲ ਤੋਂ ਰਾਜ ਦੇ ਕੰਮਾਂਕਾਰਾਂ ਬਾਬਤ ਹੁਕਮ ਨਿਕਲਦੇ ਰਹੇ। ਨਵੰਬਰ ਸਨ ੧੯੪੫ ਦੇ ਪੈਹਲੇ ਹਫਤੇ ਵਿਚ ਦਰ-ਬਾਰ ਫਿਰ ਲਾਹੌਰ ਚਲਿਆ ਗਿਆ। ਫੇਰ ਕੁਝ ਦਿਨ ਲਾਹੌਰ ਦੇ ਸ਼ਾਲਾਮਾਰ ਬਾਗ ਵਿਚ ਦਰਬਾਰ ਦੇ ਜਲਸੇ ਹੋਏ। ਮਿਸਰ ਲਾਲ ਸਿੰਘ ਨੇ ਖੁਲਮਖੁਲਾ ਵਜ਼ਾਰਤ ਕਾਬੂ ਕਰ ਲਈ। ਪਰ ਸਾਰੇ ਕੰਮ ਓਹ ਰਾਣੀ ਜਿੰਦਾਂ ਦੀ ਆਗਿਆ ਨਾਲ ਕਰਦਾ ਰਿਹਾ। ਖਾਲਸਾ ਫੌਜ ਨੂੰ ਜੋਸ਼ ਦੇਣ ਲਈ ਤੇ ਓਸਦਾ ਧਿਆਨ ਹੋਰ ਪਾਸ ਦਿਵਾਨ ਲਈ ਝੂਠੀਆਂ ਅਫਵਾਹਾਂ ਉਡਾ-ਈਆਂ ਗਈਆਂ ਕਿ ਅੰਗ੍ਰੇਜ਼ੀ ਫੌਜ ਸਤਲੁਜ ਦੇ ਦਖਣ ਪੂਰਬ ਵਲੇ ਪਾਸੇ ਵਧ ਰਹੀ ਹੈ। ਸਿਖ ਰਾਜ ਦੇ ਜੇਹੜੇ ਪਿੰਡ ਤੇ ਨਗਰ ਸਤਲੁਜ ਦੇ ਦਖਣੀ ਤੇ ਪੂਰਬੀ ਹਿਸੇ ਵਿਚ ਸਨ ਓਨਾਂ ਦੇ ਹਾਕਮਾਂ ਦੀਆਂ ਬਣਾਵਟੀ ਚਿਠੀਆਂ ਵਿਖਾਈਆਂ ਕਿ ਅੰਗ੍ਰੇਜ਼ ਹਾਕਮ ਉਨ੍ਹਾਂ ਦੀ ਸਿਖ ਪ੍ਰਜਾ ਨੂੰ ਹਰਤਰਾਂ ਨਾਲ ਸਤਾ ਰਹੇ ਹਨ। ਇਹ ਅਫਵਾਹਾਂ ਇਸ ਢੰਗ ਨਾਲ ਫੈਲਾ-ਈਆਂ ਗਈਆਂ ਕਿ ਜਿਨ੍ਹਾਂ ਦੇ ਸੁਣਦੇ ਸਾਰ ਸਿਖ ਫੌਜ

ਖੂਨ ਉਬਲ ਪਿਆ। ਸਾਰੇ ਲਾਹੌਰ ਵਿਚ ਅੰਗ੍ਰੇਜ਼ਾਂ ਦੇ ਆ ਜਾਣ ਦਾ ਡਰ ਛਾ ਗਿਆ।

ਨਵੰਬਰ ਸਨ ੧੮੪੫ ਦੇ ਆਰੰਭਵਿਚ ਲਾਲਸਿੰਘ ਨੇ ਸਾਰੇ ਸਰਦਾਰਾਂ ਤੇ ਫੌਜੀ ਅਫਸਰਾਂ ਦੀ ਇਕ ਸਭਾ ਕੀਤੀ ਤੇ ਇਹ ਸਭਾ ਲਾਹੌਰ ਦੇ ਸ਼ਾਲਾਮਾਰ ਬਾਗ ਵਿਚ ਹੋਈ। ਦੀਵਾਨ ਦੀਨਾ ਨਾਥ ਨੇ ਸਭਾ ਵਿਚ ਇਕ ਚਿਠੀ ਪੜ੍ਹਕੇ ਸੁਣਾਈ ਜਿਸਦਾ ਮਤਲਬ ਇਹ ਸੀ ਕਿ ਸਤਲੁਜ ਦੇ ਦਖਣ ਵਾਲੇ ਪਾਰ ਦੇ ਜੋ ਸਿਖ ਨਗਰ ਹਨ ਓਨਾਂ ਨਾਲ ਅੰਗ੍ਰੇਜ਼ੀ ਅਫਸਰ ਆਪਣੀ ਪ੍ਰਜਾ ਜਿਹਾ ਵਰਤਾਉ ਕਰ ਰਹੇ ਹਨ ਤੇ ਓਨਾਂ ਪਾਸੋਂ ਮਾਮਲਾ ਮੰਗ ਰਹੇ ਹਨ। ਕਸ਼ਮੀਰ ਤੇ ਪਿਸ਼ਾਵਰ ਵਿਚ ਹਕੂਮਤ ਦੀ ਕੋਈ ਵਿਧੀ ਨਹੀਂ ਜਿਸ ਕਰਕੇ ਉਥੋਂ ਮਾਮਲੇ ਦਾ ਇਕ ਪੈਸਾ ਵੀ ਵਸੂਲ ਨਹੀਂ ਹੁੰਦਾ। ਸਾਰੇ ਰਾਜ ਵਿਚ ਚਾਰੇ ਪਾਸੇ ਅਰਾਜਕਤਾ ਫੈਲੀ ਹੋਈ ਹੈ। ਇਸਦੇ ਸਿਵਾ ਦੀਵਾਨ ਦੀਨਾਨਾਥ ਨੇ ਇਹ ਵੀ ਕਿਹਾ ਕਿ "ਆਪਨੂੰ ਯਾਦ ਰਖਣਾ ਚਾਹੀਦਾ ਹੈਕਿ ਤੁਹਾਡੇ ਮਹਾਰਾਜਾ ਬਾਲਕ ਹਨ। ਸਾਰੇ ਰਾਜ ਭਗਤ ਸਿਖ ਆਪਣੇ ਸਿਖ ਹੱਕਾਂ ਦੀ ਰਖਯਾ ਲਈ ਆਪਣੇ ਫਰਜ਼ਾਂ ਨੂੰ ਜਾਣਨ ਕਿਉਂਕਿ ਇਸ ਵੇਲੇ ਸਿਖ ਰਾਜ ਤੇ ਉਸਦੀ ਤਾਕਤ ਨੂੰ ਕਾਇਮ ਰੱਖਣ ਦਾ ਕੋਈ ਪੱਕਾ ਪ੍ਰਬੰਧ ਜੇਕਰ ਨਾ ਕੀਤਾ ਜਾਵੇਗਾ ਤਾਂ ਉਸਦਾ ਨਤੀਜਾ ਬਹੁਤ ਭੈੜਾ ਹੋਵੇਗਾ।" ਇਸਤਰਾਂ ਦੀ ਲੰਮੀਚੌੜੀ ਸਪੀਚ ਕਰਕੇ ਦੀਵਾਨ ਦੀਨਾ ਨਾਥ ਨੇ ਮਹਾਰਾਣੀ ਜਿੰਦਾਂ, ਵਜ਼ੀਰ ਲਾਲ ਸਿੰਘ ਤੇ ਸੈਨਾਪਤੀ ਤੇਜਾ ਸਿੰਘ ਦਾ ਇਹ ਪ੍ਰਸਤਾਵ ਸਭਾ ਵਿਚ ਪੇਸ਼ ਕੀਤਾ ਕਿ "ਹੁਣ ਅੰਗ੍ਰੇਜ਼ਾਂ ਨਾਲ ਲੜਾਈ ਹੀ ਕਰਨੀ ਚਾਹੀਦੀ ਹੈ।"

ਬਹੁਤ ਕੈਹਣ ਦੀ ਲੋੜ ਨਹੀਂ। ਉਕਤ ਚੌਕੜੀ ਦਾ ਜਾਦੂ ਚਲ ਗਿਆ। ਖਾਲਸਾ ਫੌਜ ਦੇ ਸਰਦਾਰਾਂ ਨੇ ਇਸਨੂੰ ਮਨਜ਼ੂਰ ਕਰ ਲਿਆ। ਬਲਾ ਟਲ ਗਈ। ਰਾਣੀ ਜਿੰਦਾਂ, ਲਾਲ ਸਿੰਘ ਤੇ ਤੇਜਾ ਸਿੰਘ ਦੀ ਜਾਨ ਵਿਚ ਇਸ ਵੇਲੇ ਜਾਨ ਪਈ ਕਿ ਹੁਣ ਖਾਲਸਾ ਫੌਜ ਦੇ ਹਥੋਂ ਕਿਸੇ ਨ ਕਿਸੇਤਰਾਂ ਬਚ ਜਾਵਾਂਗੇ।

ਉਕਤ ਸਭਾ ਦੇ ਤਿਨ ਦਿਨ ਪਿਛੋਂ ਬਾਲਕ ਮਹਾਰਾਜੇ ਨੂੰ ਅਮ੍ਰਿਤਸਰ ਤੋਂ ਲਾਹੌਰ ਲਿਆਂਦਾ ਗਿਆ। ਲੜਾਈ ਦਾ ਐਲਾਨ ਕੱਢਣ ਤੋਂ ਪੈਹਲਾਂ ਸਾਰੇ ਸਿਖ ਸਰਦਾਰ ਮਹਾਰਾਜੇ ਰਣਜੀਤ ਸਿੰਘ ਦੀ ਸਮਾਧ ਉਤੇ ਅਕੱਠੇ ਹੋਏ। ਉਥੇ ਰਾਜਾ ਲਾਲ ਸਿੰਘ ਤੇ ਤੇਜਾ ਸਿੰਘ ਨੂੰ ਫੌਜੀ ਤੇ ਰਾਜਸੀ ਹੱਕ ਦੇ ਦਿਤੇ ਗਏ। ਖਾਲਸਾ ਫੌਜ ਦੇ ਸਾਰੇ ਸਰਦਾਰਾਂ ਤੇ ਪੰਚਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਪ੍ਰਤਿਗਯਾ ਕੀਤੀ ਕਿ ਅਸੀ ਸਾਰੇ ਮਹਾਰਾਜਾ ਦਲੀਪਸਿੰਘ ਦੇ ਰਾਜ ਭਗਤ ਰਹਾਂਗੇ, ਰਾਜਾ ਲਾਲ ਸਿੰਘ ਤੇ ਸਰਦਾਰ ਤੇਜਾ ਸਿੰਘ ਦੇ ਸਾਰੇ ਹੁਕਮ ਮੰਨਾਂਗੇ। ਪ੍ਰਤਿਗਯਾ ਦੇ ਬਾਦ ਗੁਰੂ ਜੀ ਦਾ ਵਾਕ ਲੈਕੇ ਕੜਾਹ ਪ੍ਰਸਾਦ ਵੰਡਿਆ ਗਿਆ।

੧੭ ਨਵੰਬਰ ਸਨ ੧੮੪੫ ਵਾਲੇ ਦਿਨ ਹੇਠ ਲਿਖੇ ਚਹੁੰ ਕਾਰਣਾ ਕਰਕੇ ਅੰਗ੍ਰੇਜ਼ਾਂ ਨਾਲ ਲੜਾਈ ਕਰਨ ਦਾ ਐਲਾਨ ਕਢਿਆ ਗਿਆ (੧) ਅੰਗ੍ਰੇਜ਼ੀ ਫੌਜ ਸਤਲੁਜ ਵਲ ਵਧ ਰਹੀ ਹੈ ਤੇ ਉਸਨੇ ਪੰਜਾਬ ਉਤੇ ਚੜ੍ਹਾਈ ਕਰਨ ਦੀ ਤਿਆਰੀ ਕਰ ਲਈ ਹੈ। (੨) ਫੀਰੋਜ਼ਪੁਰ ਵਾਲੇ ਅੰਗ੍ਰੇਜ਼ੀ ਖਜ਼ਾਨੇ ਵਿਚ ਰਾਜਾ ਸੁਚੇਤ ਸਿੰਘ ਦਾ ੧੮ ਲੱਖ ਰੁਪਯਾ ਜਮਾ ਹੈ ਜੋ ਲਾਹੌਰ ਦਰਬਾਰ ਦੇ [illegible]

ਅੰਗ੍ਰੇਜ਼ਾਂ ਨੇ ਨਹੀਂ ਦਿਤਾ (੩) ਮ੍ਰਿਤ ਰਾਜਾ ਸੁਚੇਤ ਸਿੰਘ ਦੀ ਜਾਇਦਾਦ ਉਪਰ ਲਾਹੌਰ ਦਰਬਾਰ ਦਾ ਹੱਕ ਹੈ। (੪) ਸਤਲੁਜ ਦੇ ਦਖਣੀ ਹਿੱਸੇ ਵਲ ਜੋ ਖਾਲਸਾ ਰਾਜ ਦੇ ਪਿੰਡ ਹਨ ਉਨਾਂ ਵਿਚ ਅੰਗ੍ਰੇਜ਼ਾਂ ਨੇ ਸਿਖ ਫੌਜ ਨੂੰ ਔਣ ਜਾਣ ਤੋਂ ਰੋਕ ਦਿਤਾ ਹੈ।

ਗੱਲ ਕੀ ਜਿਸ ਤਰਾਂ ਕਿ ਅੰਗ੍ਰੇਜ਼ਾਂ ਨੇ ਆਪਣੇ ਕੰਮਾਂ ਨਾਲ ਸਿਖਾਂ ਦੇ ਦਿਲ ਵਿਚ ਲੜਾਈ ਕਰਨ ਦਾ ਸ਼ਕ ਪਾ ਦਿਤਾ ਸੀ ਉਨਾਂ ਕੰਮਾਂ ਨੂੰ ਤੇ ਗੱਲਾਂ ਨੂੰ ਦੇਸ਼ਧ੍ਰੋਹੀ ਸਰਦਾਰਾਂ ਨੇ ਲੂਣ ਮਿਰਚਾਂ ਲਾਕੇ ਸੁਣਾਇਆ ਤੇ ਖਾਲਸਾ ਫੌਜ ਨੂੰ ਅੰਗ੍ਰੇਜ਼ਾਂ ਨਾਲ ਲੜਾਈ ਕਰਨ ਦਾ ਜੋਸ਼ ਦਿਵਾਯਾ। ਫੇਰ ਕੀ ਸੀ ਚਿਰਾਂ ਤੋਂ ਅੱਗ ਦੀ ਜੇਹੜੀ ਚਿਨਗਾਰੀ ਸਿਖਾਂ ਦੇ ਦਿਲ ਵਿਚ ਦਬੀ ਪਈ ਸੀ ਉਹ ਬਲ ਉੱਠੀ। ਖਾਲਸਾ ਫੌਜ ਸਮਝਣ ਲੱਗ ਪਈ ਕਿ ਹੁਣ ਬਿਨਾ ਲੜਾਈ ਕੀਤੇ ਦੇ ਖਾਲਸਾ ਦਲੀਪ ਸਿੰਘ ਦਾ ਰਾਜ ਨਹੀਂ ਬਚ ਸਕਦਾ। ਕਿਉਂਕਿ ਉਸ ਵੇਲੇ ਦੇ ਈਸਟ ਇੰਡੀਆ ਕੰਪਨੀ ਦੇ ਕਰਮਚਾਰੀਆਂ ਦੇ ਵਰਤਾਉ ਤੇ ਦੇਸ਼ਧ੍ਰੋਹੀ ਸਰਦਾਰਾਂ ਨੇ ਭੜਕਾਏ ਦੇਕੇ ਫੌਜ ਨੂੰ ਮੰਦੀ ਪੱਟੀ ਪੜ੍ਹਾ ਦਿਤੀ। ਫੌਜ ਇਹ ਸਮਝਣ ਲਗੀ ਕਿ ਗੁਰੂ ਬਿਨਾ ਸ਼ਸਤ੍ਰ ਉਠਾਏ ਦੇ ਪੰਜਾਬ ਦੀ ਸੁਤੰਤ੍ਰਤਾ ਨਹੀਂ ਬਚ ਸਕਦੀ।

ਸਿਖਾਂ ਦੀ ਅੰਗ੍ਰੇਜ਼ਾਂ ਨਾਲ ਲੜਾਈ

ਰਾਜਾ ਬਿਕ੍ਰਮਾਜੀਤ ਦੀ ਉਨੀਵੀ ਸਦੀ ਹੌਲੀ ੨ ਕਲਾਂ ਦੇ ਅਨੰਤ ਪ੍ਰਵਾਹ ਵਿਚ ਲੀਨ ਹੋ ਗਈ। ਉਸਦੀ ਥਾਂ ਵੀਹਵੀਂ ਸਦੀ ਨੇ ਅਪਣਾ ਕਬਜਾ ਜਮਾਕੇ ਸਾਰੇ ਭਾਰਤ ਨੂੰ ਨਵੇਂ ਰੰਗਾਂ ਵਿਚ ਰੰਗ ਦਿਤਾ ਹੈ। ਸਮੇਂ ਦੇ ਉਲਟ ਫੇਰਾਂ ਨਾਲ ਭਾਰਤ ਪਰਾਧੀਨਤਾ ਦੀਆਂ ਬੇੜੀਆਂ ਨਾਲ ਜਕੜਿਆ ਪਿਆ ਹੈ। ਇਸ ਵਿਚ ਹੁਣ ਸ੍ਵਾਧੀਨਤਾ ਦਾ ਪ੍ਰਕਾਸ਼ ਨਹੀਂ ਹੈ। ਸ੍ਵਾਧੀ-ਨਤਾ ਦੇ ਨਸ਼ੇ ਵਿਚ ਮਸਤ ਬੀਰ ਪੁਰਖਾਂ ਦੀ ਬੀਰਤਾ ਰੂਪੀ ਅਗਨੀ ਦੇ ਕਿਣਕੇ ਹੁਣ ਪ੍ਰਗਟ ਨਹੀਂ ਹੁੰਦੇ। ਹੁਣ ਭਾਰਤ ਭੂੰਡ ਗਜਨੀ ਰਿਖੀਆਂ ਦੇ ਸ਼ਾਸਤ੍ਰ ਵਿਚਾਰ ਦੀ ਸਗ੍ਯਾ ਨਹੀਂ ਰਹੀ। ਭਾਰਤਵਾਸੀਆਂ ਦੀ ਵਡਿਆਈ ਹਿੰਦੂ ਰਾਜਾ ਪ੍ਰਿਥਵੀ ਰਾਜ ਦੇ ਨਾਲ ਸਦਾ ਲਈ ਲੈ ਹੋ ਗਈ ਅਤੇ ਮੁਸਲਮਾਨਾਂ ਦੀ ਤਾਕਤ ਜ਼ੁਲਮੀ ਬਾਦਸ਼ਾਹ ਔਰੰਗਜ਼ੇਬ ਦੇ ਨਾਲ ਨਸ਼ਟ ਹੋ ਗਈ। ਇਸ ਵੇਲੇ ਹਿੰਦੂ ਤੇ ਮੁਸਲਮਾਨ ਦੋਹਾਂ ਦੀ ਇਕੋ ਜਿਹੀ ਹਾਲਤ ਹੈ। ਜਿਨਾਂ ਪ੍ਰਦੇਸੀ ਵਪਾਰੀਆਂ ਨੂੰ ਪੈਹਲਾਂ ਇਸ ਦੇਸ ਵਿਚ ਵਪਾਰ ਕਰਨ ਤੇ ਕੋਠੀਆਂ ਖੋਹਲਣ ਦਾ ਹੁਕਮ ਵਡੀ ਮੁਸ਼ਕਲ ਨਾਲ ਮਿਲਦਾ ਸੀ ਓਹ ਵਪਾਰੀ ਇਸ ਦੇਸ਼ ਦੇ ਕੁਲ ਕਰਤਾ ਹਰਤਾ ਹਨ। ਅਪਣੀ ਅਕਲ ਨਾਲ ਅਨੇਕਾਂ ਕਠਨਾਈਆਂ ਨੂੰ ਦੂਰ ਕਰਕੇ ਓਹ ਅੰਗ੍ਰੇਜ਼ ਵਪਾਰੀ ਇਸ ਵੇਲੇ ਅਨੇਕਾਂ ਰਾਜਿਆਂ ਮਹਾਰਾਜਿਆਂ ਨੂੰ ਪੁਤਲੀਆਂ ਵਾਂਗ ਨਚਾ ਰਹੇ ਹਨ। ਜਿਨਾਂ ਮੁਗਲ ਬਾਦਸ਼ਾਹਾਂ ਦੇ ਨੌਕਰਾਂ ਪਾਸੋਂ ਵਪਾਰ ਕਰਨ ਦਾ ਹੁਕਮ ਪ੍ਰਾਪਤ ਕਰਨ ਲਈ ਅੰਗ੍ਰੇਜ਼ਾਂ ਨੂੰ ਕਈ ਤਰਾਂ ਦੀਆਂ ਖੁਸ਼ਾਮਦਾਂ ਤੇ ਮਿੰਨਤਾਂ ਤਰਲੇ ਕਰਨੇ

ਪੈਂਦੇ ਸਨ ਓਹ ਤਾਂ ਬਾਦਸ਼ਾਹੀ ਕਰ ਰਹੇ ਹਨ ਤੇ ਮੁਗਲ ਖਾਨ
ਦਾਨ ਦੇ ਮਨੁਖ ਹੁਣ ਦਾਣੇ ੨ ਲਈ ਮੁਥਾਜ ਹਨ। ਸੋ ਐਸੇ
ਚਾਲਾਕ ਤੇ ਅਨੋਖੀ ਅਕਲ ਵਾਲੇ ਅੰਗ੍ਰੇਜ਼ਾਂ ਦੇ ਆ ਜਾਣ ਪਰ
ਉਸ ਵੇਲੇ ਕੋਈ ਰਾਜਾ ਐਸਾ ਨਹੀਂ ਸੀ ਜੋ ਦੇਸ਼ ਤੇ ਆਪਣੇ
ਰਾਜ ਨੂੰ ਨਿਰਾਪਦ ਸਮਝੇ। ਸਿਖ ਸਰਦਾਰ ਜੋ ਉਸ ਵੇਲੇ
ਤਕ ਬਚ ਰਹੇ ਸਨ ਓਹ ਆਪਣੀ ਖੈਰ ਨਹੀਂ ਸਮਝਦੇ ਸਨ
ਕਈਆਂ ਨੂੰ ਇਹ ਡਰ ਪਿਆ ਹੋਇਆ ਸੀ ਕਿ ਇਕ ਨ ਇਕ
ਸਾਡਾ ਰਾਜ ਵੀ ਕੰਪਨੀ ਖੋਹ ਲਵੇਗੀ। ਸੋ ਇਸੇ ਸ਼ਕ ਦੇ ਪਿਛੇ
ਥੋੜੇ ਜੇਹੇ ਸਿਖਾਂ ਨੇ ਆਪਣੀ ਆਜ਼ਾਦੀ ਕਾਇਮ ਰਖਣ ਲਈ
ਅੰਗ੍ਰੇਜ਼ਾਂ ਨਾਲ ਲੜਾਈ ਅਰੰਭ ਦਿਤੀ। ਸਿਖਾਂ ਦਾ ਇਹ ਸ਼ਕ
ਸਚਾ ਸੀ ਕਿ ਨਿਰਾ ਵਹਿਮ ਸੀ ਪੜਤਾਲ ਕਰਨ ਦੀ ਇਥੇ
ਲੋੜ ਨਹੀਂ। ਪਰ ਇਸ ਵਿਚ ਸ਼ਕ ਨਹੀਂ ਕਿ ਉਸ ਵੇਲੇ ਹਰੇਕ
ਸਿਖ ਉਸ ਲੜਾਈ ਨੂੰ ਆਪਣੀ ਆਜ਼ਾਦੀ ਦੀ ਲੜਾਈ ਜਾਣਦਾ
ਸੀ। ਇਸ ਲੜਾਈ ਦੇ ਸਮੇਂ ਸਿਖਾਂ ਵਿਚ ਭਾਰੀ ਉਤਸ਼ਾਹ ਸੀ
ਉਸ ਵੇਲੇ ਖਾਲਸਾ ਫੌਜ ਦੇ ਸਿਪਾਹੀਆਂ ਨੇ ਆਪਣੇ ਮਾਨ
ਅਪਮਾਨ ਨੂੰ ਕਿਨਾਰੇ ਉਤੇ ਰੱਖਕੇ ਖੁਸ਼ੀ ੨ ਛੋਟੇ ਤੋਂ ਛੋਟੇ ਕੰ
ਕੰਮ ਆਪਣੀ ਹਥੀਂ ਕੀਤੇ ਸਨ। ਘੋੜਿਆਂ ਵਾਲਿਆਂ ਨੇ ਉਨ੍ਹਾਂ ਆਪ
ਤੋਪਾਂ ਖਿਚੀਆਂ ਸਨ। ਕੁਲੀਆਂ ਪਾਸੋਂ ਰਸਦ ਲਦਾਨ ਦ
ਛੁਡਾਕੇ ਆਪ ਉਸਨੂੰ ਢੋਇਆ ਸੀ। ਉਨ੍ਹਾਂ ਨੇ ਥੈਲੀਆਂ ਵਿਚ
ਹੀ ਆਪ ਰਸਤ ਲੱਦੀ ਤੇ ਆਪ ਪੁਚਾਈ ਸੀ। ਮਤਲਬ ਕਿ
ਕਿ ਉਸ ਵੇਲੇ ਸਾਰੇ ਪੰਜਾਬ ਦੇ ਵਿਚ ਭਾਰੀ ਜੋਸ਼
ਉਤਸ਼ਾਹ ਸੀ।

ਤਿਥੀ ਮੰਘਰ ੧੯੦੧(੧੭ ਨਵੰਬਰ ੧੮੪੫) ਵਾ
ਦਿਨ ਸਿਖ ਫੌਜ ਨੇ ਲੜਾਈ ਦਾ ਐਲਾਨ ਕੀਤਾ ; ੧

ਕਈ ਥਲ ਨੂੰ ਓਹ ਸਤਲੁਜ ਦੇ ਉਰਵਾਰਲੇ ਕਿਨਾਰੇ ਜਾ ਬੈਠੀ ਅਤੇ ੧੯ ਦਸੰਬਰ ਨੂੰ ਉਸਨੇ ਅੰਗ੍ਰੇਜ਼ਾਂ ਨੂੰ ਅਪਣੇ ਔਣ ਦੀ ਖਬਰ ਦਿਤੀ । ਅੰਗ੍ਰੇਜ਼ ਭੀ ਇਸ ਗਲੋਂ ਬੇਖਬਰ ਨਹੀਂ ਸਨ ਉਸ ਵੇਲੇ ਏਸ ਲੜਾਈ ਲਈ ਵੈਲਿੰਗਟਨ ਦਾ ਡਯੂਕ ਖੁਦ ਆਯਾ ਸੀ। ਵੈਲਿੰਗਟਨ ਦੀ ਕਿਸਮਤ ਚੰਗੀ ਸੀ । ਉਸਦੀ ਕਿਸਮਤ ਵਾਟਰਲੂ ਦੀ ਲੜਾਈ (ਨੈਪੋਲੀਅਨ ਬੋਨਾਪਾਰਟ ਨਾਲ ਜੋ ਹੋਈ ਸੀ) ਵਿਚ ਖੁਲ੍ਹ ਚੁਕੀ ਸੀ । ਇਸੇ ਕਰਕੇ ਸਾਰੇ ਦੇਸ਼ ਵਿਚ ਓਹ ਉਸ ਵੇਲੇ ਪ੍ਰਸਿਧ ਹੋਯਾ ਸੀ। ਸੋ ਅੰਗ੍ਰੇਜ਼ਾਂ ਦੇ ਸੈਨਾਪਤੀ 'ਗਫ' ਨੇ ਇਸ ਲੜਾਈ ਦਾ ਭਾਰ ਵਿਲਿੰਗਟਨ ਨੂੰ ਸੌਂਪ ਦਿਤਾ । ਉਸਨੇ ਵੀ ਸਿਖਾਂ ਦੇ ਐਲਾਨ ਦਾ ਜਵਾਬ ਐਲਾਨ ਦੇ ਰਾਹੀਂ ਦਿਤਾ । ਜਿਸਦਾ ਮਤਲਬ ਇਹ ਸੀ:—

"ਸਿਖ ਫੌਜਨੇ ਬਿਨਾ ਕਾਰਣ ਅੰਗ੍ਰੇਜ਼ੀ ਆਬਾਦੀ ਉਤੇ ਹਮਲਾ ਕੀਤਾ ਹੈ ਇਸ ਲਈ ਬ੍ਰਿਟਿਸ਼ ਰਾਜ ਦੀ ਇਜਤ ਅਟਲ ਰਖਣ ਲਈ ਸੁਲਾਹ ਤੋੜਨ ਵਾਲਿਆਂ ਨੂੰ ਉਚਿਤ ਸਜ਼ਾ ਦੇਣੀ ਪੈਂਦੀ ਹੈ ਹੁਣ ਤੋਂ ਸਤਲੁਜ ਦੇ ਖਬੇ ਪਾਸੇ ਦਾ ਸਾਰਾ ਦੇਸ ਜੋ ਮਹਾਰਾਜਾ ਦਲੀਪ ਸਿੰਘ ਦੇ ਅਧੀਨ ਹੈ ਬ੍ਰਿਟਿਸ਼ ਰਾਜ ਦੇ ਅਧੀਨ ਸਮਝਿਆ ਜਾਵੇਗਾ"।

ਇਹ ਐਲਾਨ ਕਰਕੇ ਹੀ ਅੰਗ੍ਰੇਜ਼ ਨਿਸਚਿੰਤ ਹੋਕੇ ਨਹੀਂ ਬੈਠ ਗਏ । ਉਨਾਂ ਨੇ ਚੰਗੀਤਰਾਂ ਅਪਣੀ ਫੌਜ ਨੂੰ ਤਿਆਰ ਕੀਤਾ । ਬਲਕੇ ਇਹ ਆਖਣਾ ਹੀ ਠੀਕ ਹੋਵੇਗਾ ਕਿ ਅੰਗ੍ਰੇਜ਼ਾਂ ਨੇ ਸਿਖਾਂ ਦੇ ਲੜਾਈ ਦੇ ਐਲਾਨ ਕਰਣ ਤੋਂ ਪੈਹਲਾਂ ਹੀ ਸਾਰੀ ਤਿਆਰੀ ਕਰ ਲਈ ਸੀ । ਅੰਬਾਲੇ ਤੋਂ ਸਤਲੁਜ ਤਕ ਦੇ ਦੇਸ਼ ਵਿਚ ੩੨ ਹਜ਼ਾਰ ਚਾਰਸੌ ੭੯ ਸਿਪਾਹੀ ਪੈਹਲੋਂ ਹੀ ਮੌਜੂਦ ਸਨ । ਜਦ ਫੀਰੋਜ਼ਪੁਰ ਲੁਧਿਆਨੇ ਤੇ

ਅੰਬਾਲੇ ਦੇ ਅੰਗ੍ਰੇਜ਼ਾਂ ਨੇ ਇਹ ਸੁਣਿਆ ਕਿ ਸਿਖ ਅੱਗੇ ਵਧ ਰਹੇ ਹਨ ਤਾਂ ਉਨ੍ਹਾਂ ਨੇ ਵੀ ਆਪਣੀ ਫੌਜ ਭੇਜ ਦਿਤੀ। ਕਿਹਾ ਜਾਂਦਾ ਹੈ ਕਿ ਉਸ ਵੇਲੇ ਅੰਗ੍ਰੇਜ਼ਾਂ ਦੀ ਫੌਜ ਵਿਚ ੧੨ ਹਜ਼ਾਰ ਮਨੁਖ ਤੇ ੬੯ ਤੋਪਾਂ ਸਨ। ਹੁਣ ਤਕ ਅੰਗ੍ਰੇਜ਼ਾਂ ਨੂੰ ਸਿਖਾਂ ਦੇ ਹਥਾਂ ਦਾ ਕੁਝ ਪਤਾ ਨਹੀਂ ਸੀ। ਉਹ ਜਾਣਦੇ ਸਨ ਕਿ ਸਿਖ ਸਿਰਫ ਘਮੰਡੀ ਹਨ। ਉਹ ਏਡੇ ਬੀਰ ਨਹੀਂ ਜੋ ਸਾਡੇ ਸਾਮਣੇ ਠੈਹਰ ਸਕਣ। ਅੰਗ੍ਰੇਜ਼ੀ ਫੌਜ ਦੇ ਹਿੰਦੁਸਤਾਨੀ ਸਿਪਾਹੀ ਤੇ ਗੋਰੇ ਸਿਖਾਂ ਨੂੰ ਮਾਰਕੇ ਭਜਾ ਦੇਣਗੇ। ਪਰ ਸਿਖਾਂ ਨੇ ਇਸ ਲੜਾਈ ਵਿਚ ਆਪਣੀ ਅਨੂਪਮ ਬੀਰਤਾ ਦਾ ਉਹ ਸਬੂਤ ਦਿਤਾ ਜਿਸਦੀ ਕਿ ਉਪਮਾਂ ਅੰਗ੍ਰੇਜ਼ ਇਤਿਹਾਸਕਾਰਾਂ ਨੇ ਭੀ ਖੁਲ੍ਹੇ ਮੂੰਹ ਕੀਤੀ ਹੈ।

ਬਹੁਤ ਕਰਕੇ ਵੇਖਿਆ ਜਾਂਦਾ ਹੈ ਕਿ ਹਾਰਨ ਵਾਲੇ ਵੈਰੀ ਦੀ ਦੂਣੀ ਚੌਣੀ ਫੌਜ ਦੱਸਣ ਵਿਚ ਵੀ ਅਪਣੀ ਵਡੀ ਤਾਰੀਫ ਸਮਝੀ ਜਾਂਦੀ ਹੈ। ਸੋ ਕਈ ਵਿਦੇਸ਼ੀ ਇਤਿਹਾਸਕਾਰਾਂ ਨੇ ਇਸ ਚਾਲ ਦਾ ਸ਼ਿਕਾਰ ਹੋਕੇ ਸਿਖ ਫੌਜ ਦੀ ਗਿਣਤੀ ੨੫ ਤੋਂ ੩੦ ਹਜ਼ਾਰ ਤਕ ਦੱਸੀ ਹੈ ਤੇ ਕਿਸੇ ਨੇ ਤਾਂ ਹੋਰ ਵੀ ਅਗੇਰੇ ਛਾਲ ਮਾਰਕੇ ੪੦ ਹਜ਼ਾਰ ਤਕ ਦੱਸੀ ਹੈ। ਨਾਲੇ ਇਹ ਵੀ ਕਿਹਾ ਜਾਂਦਾ ਹੈ ਕਿ ਸਿਖਾਂ ਦੇ ਪਾਸ ਉਸ ਵੇਲੇ ਘਟ ਤੋਂ ਘਟ ੧੫੦ ਤੋਪਾਂ ਸਨ। ਸੋ ਅਸੀ ਇਸਦੇ ਉਤੇ ਅਪਣੀ ਵਲੋਂ ਕੁਝ ਨਾ ਲਿਖਕੇ ਪ੍ਰਸਿਧ ਇਤਿਹਾਸਕਾਰ ਕਨਿੰਘਮ ਦੇ ਕਥਨ ਵਲ ਅਪਣੇ ਪਾਠਕਾਂ ਦਾ ਧਿਆਨ ਖਿਚਦੇ ਹਾਂ। ਉਹ ਲਿਖਦਾ ਹੈ:—

ਜਿਤਣ ਵਾਲਿਆਂ ਤੇ ਹਾਰਨ ਵਾਲਿਆਂ ਸਭਨਾਂ ਨੇ ਹੀ ਫੌਜੀ ਤਾਕਤ ਦੀ ਬਾਬਤ ਬਹੁਤ ਅਤਿਕਤੀ ਦੱਸੀ ਹੈ।

ਕਹਿੰਦੇ ਹਨ ਕਿ ਸਿਖਾਂ ਦੀ ਫੌਜ ਅੰਗ੍ਰੇਜ਼ੀ ਫੌਜ ਨਾਲੋਂ ਡਿਓਢੀ ਸੀ ਪਰ ਇਸਦੀ ਬਾਬਤ ਕੋਈ ਪੱਕਾ ਸਬੂਤ ਨਹੀਂ ਮਿਲਦਾ।

ਸੋ ਭਾਵੇਂ ਕੁਝ ਹੋਵੇ, ਪਰ ਇਸ ਲੜਾਈ ਵਿਚ ਸਿਖਾਂ ਦੀ ਰਣਬਹਾਦੁਰੀ ਵੇਖਕੇ ਅੰਗ੍ਰੇਜ਼ ਹੈਰਾਨ ਹੋ ਗਏ ਸਨ।

ਸਿਖ ਜਿੰਨੇ ਉਤਸ਼ਾਹ ਨਾਲ ਇਸ ਲੜਾਈ ਵਿਚ ਜੁਟੇ ਸਨ ਉਨਾ ਹੀ ਸਿਖ ਸੈਨਾਪਤੀਆਂ ਨੇ ਵਿਸਾਹਘਾਤ ਕੀਤਾ ਸਿਖ ਫੌਜ ਦੇ ਸੈਨਾਪਤੀ ਮਿਸਰ ਲਾਲ ਸਿੰਘ ਨੇ ਫੌਜ ਸਣੇ ਸਤਲੁਜ ਦੇ ਪਾਰ ਜਾਂਦਿਆਂ ਹੀ ਅੰਗ੍ਰੇਜ਼ ਏਜੰਟ ਮਿਸਟਰ ਨਿਕਲਸਨ ਨੂੰ ਲਿਖਿਆ:—"ਤੁਸੀ ਜਾਣਦੇ ਹੋਵੋਗੇ ਕਿ ਮੈਂ ਅੰਗ੍ਰੇਜ਼ਾਂ ਦਾ ਮਿਤ੍ਰ ਹਾਂ। ਮੈਂ ਫੌਜ ਸਣੇ ਸਤਲੁਜ ਦੇ ਪਾਰ ਆ ਗਿਆ ਹਾਂ। ਹੁਣ ਦਸੋ ਮੈਨੂੰ ਕੀ ਕਰਨਾ ਚਾਹੀਦਾ ਹੈ।"

ਇਸਦੇ ਜਵਾਬ ਵਿਚ ਨਿਕਲਸਨ ਨੇ ਲਿਖਿਆ:— "ਜੇਕਰ ਤੁਸੀ ਸਚਮੁਚ ਹੀ ਅੰਗ੍ਰੇਜ਼ਾਂ ਦੇ ਮਿਤ੍ਰ ਹੋ ਤਾਂ ਫੀਰੋਜ਼ਪੁਰ ਉਤੇ ਹਮਲਾ ਨਾ ਕਰਨਾ। ਜਿੰਨੇ ਦਿਨ ਹੋ ਸਕੇ ਦੇਰ ਕਰੋ ਅਤੇ ਜਿਸਤਰਾਂ ਹੋਵੇ ਆਪਣੀ ਫੌਜ ਨੂੰ ਗਵਰਨਰ ਦੇ ਸਾਹਮਣੇ ਲੈ ਜਾਓ।"

ਸੋ ਲਾਲ ਸਿੰਘ ਨੇ ਮੁਲ ਖਰੀਦੇ ਗੋਲੇ ਵਾਂਗ ਇਸ ਹੁਕਮ ਨੂੰ ਮੰਨਿਆ ਤੇ ਫੀਰੋਜ਼ਪੁਰ ਪਹੁੰਚ ਗਿਆ। ਓਸ ਵੇਲੇ ਫੀਰੋਜ਼ਪੁਰ ਵਿਚ ਸਰਜਾਨ ਲਿਟਲਰ ਦੀ ਮਾਤਹਤੀ ਵਿਚ ਅੱਠ ਹਜ਼ਾਰ ਫੌਜ ਸੀ। ਪਰ ਸਿਖਾਂ ਦਾ ਸੈਨਾਪਤੀ ਇਸ ਥੋੜੀ ਜਿਹੀ ਫੌਜ ਉਤੇ ਹਮਲਾ ਕਰਨ ਲਈ ਤਿਆਰ ਨਾ ਹੋਯਾ। ਖਾਲਸਾ ਫੌਜ ਵਾਰੰਵਾਰ ਫੀਰੋਜ਼ਪੁਰ ਉਤੇ ਹਮਲਾ ਕਰਨ ਲਈ ਆਖਣ ਲਗੀ। ਪਰ ਤੇਜਾ ਸਿੰਘ ਤੇ ਲਾਲ ਸਿੰਘ ਦੋਹਾਂ ਨੇ ਫੌਜ ਦਾ ਕਿਹਾ ਟਾਲ ਛਡਿਆ ਤੇ ਕਿਹਾ-"ਅੰਗ੍ਰੇਜ਼ਾਂ ਦੇ

ਗਵਰਨਰ ਜਨਰਲ ਨੂੰ ਕੈਦ ਕਰਨ ਜਾਂ ਮਾਰ ਸੁਟਣ ਨਾਲ ਖਾਲਸਾ ਫੌਜ ਦਾ ਜੱਸ ਚਾਰ ਕੂੰਟੇ ਫੈਲ ਜਾਵੇਗਾ, ਸੋ ਅਸੀਂ ਅੰਗ੍ਰੇਜ਼ਾਂ ਦੇ ਵੱਡੇ ਸੈਨਾਪਤੀ ਤੋਂ ਬਿਨਾ ਹੋਰ ਕਿਸੇ ਨਾਲ ਲੜਨਾ ਅਪਣੀ ਬੇਇੱਜ਼ਤੀ ਸਮਝਦੇ ਹਾਂ।

ਸਾਰ ਵਿਚ ਸਿਖ ਫੌਜ ਅਪਣੇ ਸਰਦਾਰਾਂ ਦੇ ਛਲ ਕਪਟ ਨੂੰ ਸਮਝ ਨ ਸਕੀ। ਉਸਨੂੰ ਸਰਦਾਰਾਂ ਨੇ ਜਿਸ ਪਾਸੇ ਤੋਰਿਆ ਉਸੇ ਪਾਸੇ ਤੁਰ ਪਈ। ਜੇਕਰ ਪਾਪੀ ਲਾਲ ਸਿੰਘ ਤੇ ਤੇਜਾ ਸਿੰਘ ਪੰਜਾਬ ਦੇ ਪੈਰਾਂ ਵਿਚ ਬੇੜੀਆਂ ਪਾਵਣ ਲਈ ਵਿਸਾਹਘਾਤ ਨਾ ਕਰਦੇ ਤਾਂ ਇਸ ਲੜਾਈ ਦਾ ਨਤੀਜਾ ਕੁਝ ਹੋਰ ਹੀ ਹੁੰਦਾ*ਇਸੇ ਤਰਾਂ ਜੇ, ਥੌਮ, ਲੌਡਲੀ ਸਾਹਿਬ ਨੇ ਆਪਣੀ ਪੋਥੀ "ਹਿਸਟਰੀ ਆਫ ਬ੍ਰਿਟਿਸ਼ ਇੰਡੀਆ" ਦੇ ਦੂਜੇ ਭਾਗ ਦੇ ਸਫੇ ੧੪੨ ਉਤੇ ਲਿਖਿਆ ਹੈ:-"ਇਨ੍ਹਾਂ ਦੋਹਾਂ ਹਮਲਿਆਂ ਦੇ ਪਿਛੋਂ ਸਿਖ ਫੌਜ ਦੇ ਸਰਦਾਰਾਂ ਦੇ [illegible] ਵਿਸ਼ਾਹਘਾਤ ਕਰਨ ਪਰ ਭੀ ਅੰਗ੍ਰੇਜ਼ ਅਪਣੇ ਸਰਬੰਸ ਨਾਸ ਹੋਣ ਤੋਂ ਬਚੇ ਨਹੀਂ ਰਹ ਸਕਦੇ ਸਨ।"

---

*ਕਈ ਹੋਰ ਅੰਗ੍ਰੇਜ਼ ਇਤਿਹਾਸਕਾਰਾਂ ਨੇ ਵੀ ਸਿਖ ਫੌਜ ਦੇ ਸਰਦਾਰਾਂ ਦੇ ਇਸ ਵਿਸਾਹਘਾਤ ਦੀ ਭਾਰੀ ਨਿੰਦਿਆ ਕੀਤੀ ਹੈ। ਸਰਚਾਰਲਸ ਦੀ "ਚਿਠੀ ਪੱਤ੍ਰੀ" ਨਾਮੇ ਪੋਥੀ ਤੋਂ ਪਤਾ ਲਗਦਾ ਹੈ ਕਿ ਜੇਕਰ ਵਿਸਾਹਘਾਤੀ ਲਾਲ ਸਿੰਘ ਖਾਲਸਾ ਫੌਜ ਨੂੰ ਫੀਰੋਜ਼ਪੁਰ ਉਤੇ ਹਮਲਾ ਕਰਨੋ ਨਾ ਰੋਕਦਾ ਤੇ ਅੱਠ ਹਜ਼ਾਰ ਫੌਜ ਨਾਲ ਘਿਰੇ ਹੋਏ ਗਵਰਨਰ ਜਨਰਲ ਹਾਰਡਿੰਗ ਉਤੇ ਹਲਾ ਬੋਲ ਦੇਂਦਾ ਤਾਂ ਅੰਗ੍ਰੇਜ਼ਾਂ ਦੀ ਜ਼ਰੂਰ ਹਾਰ ਹੁੰਦੀ।

ਇਕ ਹੋਰ ਇਤਿਹਾਸਕਾਰ ਲਿਖਦਾ ਹੈ ਕਿ ਇਸ ਵੇਲੇ ਜੇਕਰ ਮਹਾਰਾਜਾ ਰਣਜੀਤ ਸਿੰਘ ਆਪ ਜੀਊਂਦਾ ਹੁੰਦਾ ਤਾਂ ਉਸਦਾ ਪੈਹਲਾ ਕੰਮ ਇਹ ਹੁੰਦਾ ਕਿ ਉਹ ਸਤਲੁਜ ਟਪਕੇ ਅੰਗ੍ਰੇਜ਼ੀ ਇਲਾਕੇ ਉਤੇ ਹਲਾ ਬੋਲਦਾ ਤੇ ਲੁਟਮਾਰ ਮਚਾ ਦੇਂਦਾ।

ਮੈਕਗ੍ਰੇਗਰ ਸਾਹਿਬ ਲਿਖਦਾ ਹੈ ਕਿ "ਜੇਕਰ ਲਾਲ ਸਿੰਘ ਖਾਲਸਾ ਫੌਜ ਨੂੰ ਇਕ ਜਗਾ ਨਾ ਰੋਕਕੇ ਏਧਰ ਓਧਰ ਫੈਲਾ ਦੇਂਦਾ ਤਾਂ ਇਸ ਦਸ਼ਾ ਵਿਚ ਇਸ ਲੜਾਈ ਦੇ ਸ਼ਾਂਤ ਹੋਣ ਵਿਚ ਬਹੁਤ ਦੇਰ ਲਗਦੀ। ਪਰ ਇਸਤਰਾਂ ਦਾ ਕੰਮ ਲਾਲ ਸਿੰਘ ਦੀ ਇਛਾ ਤੇ ਆਸ਼ਾ ਦੇ ਵਿਰੁਧ ਸੀ।"

ਸਨ ੧੮੪੫ ਈ: ਦੀ ਅਠਾਰਵੀਂ ਦਸੰਬਰ, ਭਾਰਤ ਵਰਸ਼ ਦੇ ਇਤਿਹਾਸ ਵਿਚ ਅਮਰ ਹੋਣ ਲਈ ਫੀਰੋਜ਼ਪੁਰ ਤੋਂ ੨੦ ਮੀਲ ਦੂਰ ਮੁਦਕੀ ਦਾ ਮੈਦਾਨ ਸਿਖਾਂ ਤੇ ਅੰਗ੍ਰੇਜ਼ਾਂ ਦਾ ਨਾਟਕ ਘਰ ਬਣਿਆ। ਅੰਗ੍ਰੇਜ਼ੀ ਫੌਜ ਦੇ ੧੧ ਹਜ਼ਾਰ ਯੋਧੇ ਆਪਣੀ ਸ਼ੇਰ ਵਰਗੀ ਗੂੰਜ ਨਾਲ ਅਕਾਸ਼ ਨੂੰ ਗੁੰਜਾਉਂਦੇ ਹੋਏ ਆ ਡਟੇ; ਦੂਜੇ ਪਾਸੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਮੰਤ੍ਰ ਨਾਲ ਦੀਖਿਤ ਖਾਲਸਾ ਫੌਜ "ਸਤਸ੍ਰੀ ਅਕਾਲ" ਦੇ ਜੈਕਾਰੇ ਤੇ "ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤੇ" ਦੇ ਨਾਰੇ ਛਡਦੀ ਹੋਈ ਆਪਣੇ ਦੇਸ਼ ਦੀ ਰਖਿਆ ਲਈ ਆਈ। ਦੋਹਾਂ ਪਾਸਿਆਂ ਤੋਂ ਅੱਗ ਵਰ੍ਹਨ ਲੱਗੀ। ਇਸ ਲੜਾਈ ਵਿਚ ਖਾਲਸਾ ਫੌਜ ਦਾ ਸੈਨਾਪਤੀ ਮਿਸਰ ਲਾਲ ਸਿੰਘ ਸੀ। ੨੨ ਤੋਪਾਂ, ਦੋ ਹਜ਼ਾਰ ਰਸਾਲਾ ਤੇ ਅੱਠ ਨੌਂ ਹਜ਼ਾਰ ਪੈਦਲ ਸਿਖ ਫੌਜ ਨੂੰ ਉਸਨੇ ੧੧ ਹਜ਼ਾਰ ਅੰਗ੍ਰੇਜ਼ੀ ਫੌਜ ਨਾਲ ਭਿੜਾ ਦਿਤਾ। ਮਿਸਰ ਲਾਲ ਸਿੰਘ ਨੇ ਵਿਸਾਹਘਾਤ ਦਾ

ਸਬੂਤ ਦੇਣ ਲਈ ਹੌਲੀ ੨ ਸੈਨਾਪਤੀ ਦੇ ਫਰਜ਼ਾਂ ਨੂੰ ਛੱਡ ਦਿਤਾ। ਕਿਉਂਕਿ ਉਸਦੀ ਦਿਲੀ ਇਛਾ ਤਾਂ ਇਹੋ ਸੀ ਕਿ ਖਾਲਸਾ ਫੌਜ ਸੈਨਾਪਤੀ ਦੇ ਨ ਹੋਣ ਪਰ ਅੰਗ੍ਰੇਜ਼ਾਂ ਨਾਲ ਲੜਕੇ ਮਰ ਜਾਵੇ। ਪਰ ਐਸੇ ਨੀਚ ਸੈਨਾਪਤੀ ਸ਼ਾਯਦ ਹੀ ਇਸ ਸੰਸਾਰ ਵਿਚ ਹੋਣਗੇ ਜਿਨ੍ਹਾਂ ਦਾ ਇਹ ਖਿਆਲ ਹੋਵੇ:

"ਸਰ ਕੇ ਕਟਨੇ ਕਾ ਹਮੇ ਕੁਛ ਗਮ ਨਹੀਂ,
ਖਮ ਨ ਆ ਜਾਏ ਤੇਰੀ ਤਲਵਾਰ ਮੇਂ।"

ਭਾਵੇਂ ਖਾਲਸਾ ਫੌਜ ਦੇ ਸੈਨਾਪਤੀ ਆਪਣੇ ਫਰਜ਼ ਤੋਂ ਬੇਮੁਖ ਹੋ ਗਏ ਸਨ ਪਰ ਕੀ ਸੈਨਾ ਦਾ ਉਤਸ਼ਾਹ ਢਿਲਾ ਹੋ ਗਿਆ ਸੀ ? ਨਹੀਂ ! ਖਾਲਸਾ ਫੌਜ ਦੇ ਬੀਰ ਅਪਣੇ ਸੈਨਾਪਤੀ ਦੀ ਨੀਚਤਾ ਨਾਲ ਵੀ ਢਿਲੇ ਨਾ ਪਏ। ਜਿਸ ਪੰਜਾਬ ਵਿਚ ਇਕ ਵਾਰੀ ਰਾਜਾ ਅਨੰਗਪਾਲ ਦੇ ਸਮੇਂ ਹਾਥੀ ਦੇ ਭੜਕ ਜਾਣ ਪਰ ਸਾਰੀ ਫੌਜ ਆਈ ਹੋਈ ਫਤੇ ਛੱਡਕੇ ਨੱਠ ਗਈ ਸੀ* ਓਸੇ ਪੰਜਾਬ ਵਿਚ ਬੀਰ ਸਿਖ ਫੌਜ ਨੇ ਅਪਣੇ ਸੈਨਾਪਤੀ ਦੇ ਬੇਮੁਖ ਹੋਣ ਪਰ ਵੀ ਅਪਣੀ ਬੀਰਤਾ ਵਿਖਾਲੀ ਜਿਸਤੋਂ ਅੰਗ੍ਰੇਜ਼ੀ ਫੌਜ ਦੇ ਛੱਕੇ ਛੁਟ ਗਏ। ਅੰਗ੍ਰੇਜ਼ੀ ਫੌਜਦੇ ਹਿੰਦੁਸਤਾਨੀ ਸਿਪਾਹੀਆਂ ਨੂੰ ਅਪਣੀ ਬੀਰਤਾ

---

*ਸਨ ੧੦੦੯ ਈ: ਵਿਚ ਸੁਲਤਾਨ ਮਹਮੂਦ ਗਜ਼ਨਵੀ ਨੇ ਲਾਹੌਰ ਉਤੇ ਚੜਾਈ ਕੀਤੀ ਸੀ। ਓਸਵੇਲੇ ਲਾਹੌਰ ਦੇ ਰਾਜੇ ਅਨੰਗਪਾਲ ਦਾ ਹਾਥੀ ਭੜਕ ਗਿਆ ਤੇ ਓਹ ਮੈਦਾਨ ਛੱਡਕੇ ਨੱਠਾ। ਓਸਦੇ ਪਿਛੇ ਹੀ ਹਿੰਦੂ ਫੌਜ ਜੋ ਜਿੱਤ ਲੈਣ ਵਾਲੀ ਸੀ ਨੱਠ ਪਈ। ਜਿਸ ਤੋਂ ਹਿੰਦੂਆਂ ਦੀ ਹਾਰ ਹੋ ਗਈ।

ਦਾ ਵੱਡਾ ਘਮੰਡ ਸੀ। ਓਹ ਸਮਝਦੇ ਸਨ ਕਿ ਜਿਸਤਰਾਂ ਹੋਰਨਾ ਹਿੰਦੀ ਕੌਮਾਂ ਨੂੰ ਅਸਾਂ ਮਾਰ ਭਜਾਯਾ ਹੈ ਓਸੇਤਰਾਂ ਸਿਖਾਂ ਨੂੰ ਵੀ ਮਾਰ ਭਜਾਵਾਂਗੇ। ਪਰ ਓਨਾਂ ਨੂੰ ਇਹ ਭੁੱਲ ਪਈ ਹੋਈ ਸੀ ਤੇ ਜਿਸਨੂੰ ਓਹ ਛੇਤੀ ਹੀ ਜਾਣ ਗਏ। ਕਿਹਾ ਜਾਂਦਾ ਹੈ ਕਿ ਅੰਗਰੇਜਾਂ ਦਾ ਪ੍ਰਧਾਨ ਸੈਨਾਪਤੀ ਇਹ ਵੇਖਕੇ ਅਚਰਜ ਰਹ ਗਿਆ ਕਿ ਸੈਨਾਪਤੀ ਨਹੀਂ ਫੇਰ ਵੀ ਸਿਖ ਫੌਜ ਅੰਗ੍ਰੇਜ਼ੀ ਫੌਜ ਨੂੰ ਧੱਕੀ ਜਾਂਦੀ ਹੈ। ਸਿਖ ਫੌਜ ਦੇ ਹੱਲੇ ਨੂੰ ਨਾ ਸਹਾਰਦੀ ਹੋਈ ਅੰਗ੍ਰੇਜ਼ੀ ਫੌਜ ਅਪਣੀ ਫ੍ਰਿਗੇਡਦੇ ਪਿਛੇ ਜਾਕੇ ਪ੍ਰਾਣ ਬਚਾ ਰਹੀ ਹੈ। ਲੜਾਈ ਵਿਚ ਮੁੜਕੇ ਫੌਜ ਨੂੰ ਲਿਔਣ ਲਈ ਓਸਨੂੰ ਵੱਡੀ ਮੁਸ਼ਕਿਲ ਪਈ। ਲੜਾਈ ਵਿਚ ਖਾਲਸਾ ਫੌਜ ਦੇ ਹਥ ਦੀ ਫੁਰਤੀ ਵੇਖਕੇ ਅੰਗ੍ਰੇਜ਼ੀ ਫੌਜ ਮੋਹੀ ਗਈ ਸੀ। ਕਿਸੇ ੨ ਇਤਿਹਾਸਕਾਰ ਦਾ ਕੈਹਣਾ ਤਾਂ ਇਥੋਂ ਤਕ ਹੈ ਕਿ ਸਿਖਾਂ ਦੀ ਬੀਰਤਾ ਨਾਲ ਅੰਗ੍ਰੇਜ਼ੀ ਫੌਜ ਦੀਆਂ ਅੱਖਾਂ ਐਸੀਆਂ ਚੁੰਧਿਆ ਗਈਆਂ ਕਿ ਓਸਨੇ ਆਪਸ ਵਿਚ ਹੀ ਇਕ ਦੂਜੇ ਉੱਤੇ ਗੋਲੀਆਂ ਚਲਾਈਆਂ। ਲਾਚਾਰ ਹੋਕਰ ਇਸ ਗੜ ਬੜ ਤੋਂ ਬਚਣ ਲਈ ਅੰਗ੍ਰੇਜ਼ੀ ਫੌਜ ਸੰਗੀਨਾ ਖਿਚਕੇ ਸਿਖਾਂ ਉੱਤੇ ਪਈ। ਸੰਗੀਨ ਦੇ ਸਾਹਮਣੇ ਸਿਖ ਫੌਜ ਨਾ ਠੈਹਰ ਸਕੀ ਤੇ ਪਿਛੇ ਹਟੀ। ਪਰ ਹਟਦੀ ਹੋਈ ਨੇ ਵੀ ਅਪਣੀ ਅਪੂਰਵ ਬੀਰਤਾ ਦਾ ਸਬੂਤ ਦਿਤਾ॥ ਸਿਖ ਸੈਨਾ ੨॥ ਕੋਹ ਤਕ ਹਟਦੀ ਗਈ ਪਰ ਤਿੱਤਰ ਬਿਤਰ ਨਾ ਹੋਈ। ਪਿਛੇ ਮੁੜਦੀ ਹੋਈ ਨੇ ਵੀ ਵੈਰੀਆਂ ਦੇ ਕਲੇਜੇ ਨੂੰ ਦਹਲਾ ਦਿਤਾ। ਰਾਤ ਦੇ ਪੈਜਾਣ ਕਰਕੇ ਲੜਾਈ ਇਥੇ ਖਤਮ ਕਰਨੀ ਪਈ। ਇਸ ਲੜਾਈ ਵਿਚ ਅੰਗ੍ਰੇਜ਼ਾਂ ਦੇ ੭੨ ਮਨੁਖ ਮਾਰੇ ਗਏ। ਪ੍ਰਸਿਧ ਅੰਗ੍ਰੇਜ਼ ਬੀਰ [illegible]

ਵੇਲ' ਤੇ ਸੈਨਾ ਪਤੀ 'ਕਸ ਵਿਲ' ਹਮੇਸ਼ਾ ਲਈ ਮਹਾਨੀਂਦ ਵਿਚ ਸੌਂ ਗਏ। ਸਿੱਖਾਂ ਦੀਆਂ ੧੭ ਤੋਪਾਂ ਅੰਗ੍ਰੇਜ਼ਾਂ ਦੇ ਹਥ ਆਈਆਂ। ਸਿੱਖ ਫੌਜ ਦੇ ਥੀਰ ਵੀ ਅੰਗ੍ਰੇਜ਼ਾਂ ਨਾਲੋਂ ਵਧ ਨਾ ਜ਼ਖਮੀ ਹੋਏ ਤੇ ਨਾ ਮਰੇ। ਕਰਨਲ ਮੇਲੀਸਨ ਜੈਸੇ ਨਿਰਪੱਖ ਇਤਿਹਾਸਕਾਰ ਨੇ ਸਾਫ ਲਿਖਿਆ ਹੈ:—"ਇਸ ਵਿਚ ਸ਼ੱਕ ਹੈ ਕਿ ਮੁਦਕੀ ਦੀ ਲੜਾਈ ਵਿਚ ਛਤੇ ਨੇ ਬਿਲਕੁਲ ਅੰਗ੍ਰੇਜ਼ਾਂ ਦੀ ਸ਼ਰਣ ਲਈ ਹੋਵੇ।" ਇਸ ਗਲ ਦਾ ਪਤਾ ਅੰਗ੍ਰੇਜ਼ਾਂ ਦੇ ਓਸ ਦਿਨ ਦੇ ਕੰਮ ਤੋਂ ਹੀ ਲਗਦਾ ਹੈ। ਓਸ ਰਾਤ ਹੋਰ ਕੁਝ ਨਾ ਕਰ ਅੰਗ੍ਰੇਜ਼ੀ ਫੌਜ ਦੇ ਸਿਪਾਹੀ ਸੈਨਾਪਤੀ ਲਿਟਲਰ ਦੀ ਫੌਜ ਵਿਚ ਸ਼ਾਮਲ ਹੋਣ ਲਈ ਲਾਚਾਰ ਹੋਏ।

ਵੈਰੀ ਨਾਲ ਦਯਾ ਤੇ ਉਦਾਰਤਾ ਭਰਿਆ ਵਰਤਾਉ ਕਰਨਾ ਕੇਵਲ ਹਿੰਦੂ ਜਾਤੀ ਨੇ ਹੀ ਸਿਖਿਆ ਹੈ। ਸੰਸਾਰ ਵਿਚ ਹੋਰ ਐਸੀਆਂ ਜਾਤੀਆਂ ਬਹੁਤ ਘਟ ਹਨ ਕਿ ਜਿਨਾਂ ਨੇ ਕਾਬੂ ਆਏ ਹੋਏ ਵੈਰੀ ਨਾਲ ਦਯਾ ਅਤੇ ਉਦਾਰਤਾ ਵਾਲਾ ਵਰਤਾਉ ਕੀਤਾ। ਓਸਦੇ ਲਈ ਇਕ ਦ੍ਰਿਸ਼ਟਾਂਤ ਇਥੇ ਦੇ ਦੇਣਾ ਠੀਕ ਹੋਵੇਗਾ। ਸਿਖਾਂ ਦੇ ਹਥ ਲਫਟੈਂਟ ਵਿਡਲਫ ਨਾਮੇ ਇਕ ਗੋਰਾ ਆ ਪਿਆ। ਓਹ ਉਸਨੂੰ ਫੜਕੇ ਅਪਣੇ ਅਫਸਰ ਪਾਸ ਲੈ ਗਏ। ਉਸਦੇ ਸਾਮਣੇ ਜਾਂਦਿਆਂ ਹੀ ਸਿਖ ਅਫਸਰ ਨੇ ਹਸਦਿਆਂ ੨ ਇਹ ਆਖਕੇ ਕਿ "ਅਸੀ ਵੈਰੀਆਂ ਪਾਸੋਂ ਇਤੇ ਬਦਲਾ ਨਹੀਂ ਲੈਂਦੇ" ਉਸਨੂੰ ਛੁਡਾ ਦਿਤਾ। ਸਿਖ ਅਫਸਰ ਨੇ ਓਸ ਗੋਰੇ ਨੂੰ ਕਿਹਾ—"ਤੁਮ ਅਪਨੀ ਫੌਜ ਮੇ ਬਿਨਾ ਕਿਸੀ ਡਰਕੇ ਚਲੇ ਜਾਓ ਔਰ ਲੜਨੇ ਕੇ ਲੀਏ ਤੈਯਾਰ ਹੋ ਜਾਓ। ਲੜਾਈ ਮੇਂ ਤੁਮਾਰੇ ਸੇ ਬਦਲਾ ਲੀਆ

ਨੀਂ ...ਆਵੇਗਾ।" ਇਤਨੇ ਪਰ ਵੀ ਉਸ ਗੋਰੇ ਦਾ ਡਰ ਜਦ ਦੂਰ ਹ... ਨਾ ਹੋਯਾ ਤਾ ਇਕ ਸਿਖ ਅਪਣੇ ਅਫਸਰ ਦੀ ਪਰਵਾਨਗੀ ... ਨਾਲ ਲੈਕੇ ਉਸ ਗੋਰੇ ਨੂੰ ਉਸਦੀ ਛਾਵਣੀ ਵਿਚ ਜੋ ਓਥੋਂ ਪੰਜ ਕੋਹ ...ਰਪ... ...ੀ ਨਾਲ ਲਿਜਾਕੇ ਛੱਡ ਆਯਾ। ਸਿਖਾਂ ਦੇ ਅਜਿਹੇ ਉਦਾਰ ਵਿਚ... ਵਰਤਾਉ ਤੋਂ ਉਸ ਵੇਲੇ ਦਾ ਗਵਰਨਰ ਜਨਰਲ ਹਾਰਡਿੰਗ ...ਕੁਲ ...ਇੰਨਾ ਖੁਸ਼ ਹੋਯਾ ਕਿ ਉਸਨੇ ਲਫਟੰਟ ਵਿਡਲਫ ਨੂੰ ਮੁੜਕੇ ਪਤ... ਸਿਖਾਂ ਨਾਲ ਲੜਨ ਵਾਸਤੇ ਨਾ ਭੇਜਿਆ। ਮੈਕਗ੍ਰੇਗਰ ਨੇ ਵੀ ਉਸ... ਲਿਖਿਆ ਹੈ ਕਿ ਮੁਦਕੀ ਦੀ ਲੜਾਈ ਪਿਛੋਂ ਇਕ ਵਾਰੀ ਸਪਾਹੀ... ਕਈ ਅੰਗ੍ਰੇਜ਼ ਰਾਹ ਭੁਲਕੇ ਸਿਖਾਂ ਦੀ ਛਾਵਣੀ ਵਿਚ ਜਾ ਲਵੇਂ... ਪਹੁੰਚੇ। ਪਰ ਸਿਖਾਂ ਨੇ ਉਨਾਂ ਨਾਲ ਬੁਰਾ ਵਰਤਾਉ ਨਾ ਕਰਕੇ ...ਸਗੋਂ ਇਕ ੨ ਰੁਪਯਾ ਰਾਹ ਖਰਚ ਦੇਕੇ ਵਿਦਾ ਕੀਤਾ। ਸੋ ...ਸੰਸਾਰ ਵਿਚ ਇਕ ਹਿੰਦੂ ਜਾਤੀ ਨੂੰ ਛੱਡਕੇ ਹੋਰ ਕਿਸੇ ਜਾਤੀ ...ਨੇ ਸ਼ਾਇਦ ਹੀ ਆਪਣੇ ਜਾਲ ਵਿਚ ਫਸੇ ਹੋਏ ਵੈਰੀ ਨਾਲ ...ਐਸਾ ਅੱਛਾ ਵਰਤਾਉ ਕੀਤਾ ਹੋਵੇ।

੨੧ ਦਸੰਬਰ ਨੂੰ ਪ੍ਰਧਾਨ ਸੈਨਾਪਤੀ ਗਫ ਨੇ ਅਪਣੀ ...ਫੌਜ ਲਿਟਲਰ ਦੀ ਫੌਜ ਨਾਲ ਮੇਲ ਦਿਤੀ। ਪਾਠਕ, ...ਆਪ ਪੜ੍ਹ ਹੀ ਆਏ ਹੋ ਕਿ ਫੀਰੋਜ਼ਪੁਰ ਵਿਚ ਲਿਟਲਰ ...ਦੀ ਕਮਾਨ ਹੇਠ ਅੱਠ ਹਜ਼ਾਰ ਅੰਗ੍ਰੇਜ਼ੀ ਫੌਜ ਸੀ। ਫੇਰੂ ਸ਼ੈਹਰ ...ਮੁਦਕੀ ਤੇ ਫੀਰੋਜ਼ਪੁਰੋਂ ੫ ਕੋਹ ਦੂਰ ਹੈ। ਸੋ ਲਿਟਲਰ ਦੀ ਤੇ ...ਗਫ ਦੀ ਦੋਵੇਂ ਫੌਜਾਂ ਇਥੇ ਇਕਠੀਆਂ ਹੋ ਗਈਆਂ। ਦੋਹਾਂ ...ਫੌਜਾਂ ਦੇ ਮਿਲ ਜਾਣ ਪਰ ਅੰਗ੍ਰੇਜ਼ੀ ਫੌਜ ਦੀ ਗਿਣਤੀ ੧੯ ...ਹਜ਼ਾਰ ਹੋ ਗਈ। ਨਾਲ ਜਿਸਦੇ ੬੫ ਤੋਪਾਂ ਵੀ ਸਨ। ਇਸ ...ਤਰਾਂ ਭਾਰੀ ਜਮਘਟ ਕਰਕੇ ਅੰਗ੍ਰੇਜ਼ੀ ਫੌਜ ਫੇਰੂ ਸ਼ੈਹਰ ਉਤੇ ...ਹਮਲਾ ਕਰਨ ਲਈ ਤੁਰ ਪਈ। ਹਿੰਦੁਸਤਾਨ ਦੇ ਉਸ ਵੇਲੇ

ਗਵਰਨਰ ਜਨਰਲ ਲਾਰਡ ਹਾਰਡਿੰਗ ਨੇ ਆਪਣੇ ਉਚ ਓਹਦੇ ਦੀ ਕੋਈ ਪਰਵਾਹ ਨਾ ਕਰਕੇ ਪ੍ਰਧਾਨ ਸੈਨਾਪਤੀ 'ਗਫ' ਦੇ ਹੇਠ ਇਕ ਫੌਜੀ ਕੰਪਨੀ ਦੀ ਕਪਤਾਨੀ ਅਪਣੀ ਖੁਸ਼ੀ ਨਾਲ ਲਈ। ਇਸ ਤਰਾਂ ਓਸ ਵੇਲੇ ਦੇ ਖੁਦ ਵਾਈਸਰਾਏ ਨੇ ਓਸ ਵਿਚ ਆਪ ਸ਼ਾਮਲ ਹੋਕੇ ਅਪਣੇ ਬੀਰਾਂ ਦਾ ਹੌਸਲਾ ਵਧਾਇਆ। ਮੁਦਕੀ ਦੇ ਪਿਛੋਂ ਫੇਰੂ ਸ਼ੈਹਰ ਵਿਖੇ ਭਾਰੀ ਉਤਸਾਹ ਨਾਲ ਆਏ। ਸਿਖਾਂ ਦਾ ਵੀ ਇਹੋ ਉਦੇਸ਼ ਸੀ ਕਿ ਯਾ ਫਤੇ ਪ੍ਰਾਪਤ ਕਰਾਂਗੇ ਯਾ ਕਟ ਮਰਾਂਗੇ। ਸੋ ਇਸਦੇ ਲਈ ਸਿਖਾਂ ਨੇ ਇਕ ਬਹੁਤ ਅੱਛਾ ਵ੍ਯੂਹ ਬਣਾਇਆ ਅਤੇ ਪਕਿਆਈ ਕੀਤੀ। ਅੰਗ੍ਰੇਜ਼ੀ ਫੌਜ ਨੇ ਸਿਖਾਂ ਦੇ ਓਸ ਵ੍ਯੂਹ ਨੂੰ ਤੋੜਨ ਲਈ ਤੋਪਾਂ ਮਾਰੀਆਂ ਤੇ ਹਮਲੇ ਕੀਤੇ ਪਰ ਸਿਖਾਂ ਦਾ ਵ੍ਯੂਹ ਨਾ ਟੁਟਾ। ਸਿਖਾਂ ਨੇ ਵੀ ਤੋਪਾਂ ਦਾਗਣੀਆਂ ਅਰੰਭ ਦਿਤੀਆਂ। ਨਿਸ਼ਾਨਾ ਖਾਲੀ ਨਾ ਗਿਆ। ਅੰਗ੍ਰੇਜ਼ੀ ਤੋਪਾਂ ਟੁਟਣ ਲਗ ਪਈਆਂ। ਓਨਾਦੀਆਂ ਰਸਤ ਨਾਲ ਭਰੀਆਂ ਹੋਈਆਂ ਗਡੀਆਂ ਚਕਨਾ ਚੂਰ ਹੋ ਗਈਆਂ। ਬਾਰੂਦ ਦੇ ਢੇਰ ਨੂੰ ਅਗ ਲਗ ਜਾਣ ਕਰਕੇ ਕਈ ਅੰਗ੍ਰੇਜ਼ੀ ਬੀਰ ਉਡ ਗਏ ਪਰ ਅੰਗ੍ਰੇਜ਼ ਵੀ ਜਰਾ ਨਾ ਘਬਰਾਏ। ਉਨਾਂ ਨੇ ਅਪਣੀ ਪਿਠ ਨਾ ਵਿਖਾਈ। ਸਾਰਾ ਦਿਨ ਪਰਬਤ ਵਾਂਗ ਅਚਲ ਹੋਕੇ ਸਿਖ ਫੌਜ ਦੇ ਸਾਮਣੇ ਡਟੇ ਰਹੇ। ਪਰ ਰਾਤ ਪੈਂਦਿਆਂ ਹੀ ਅੰਗ੍ਰੇਜ਼ਾਂ ਦੇ ਵ੍ਯੂਹ ਦਾ ਖਬਾ ਪਾਸਾ ਖਰਾਬ ਹੋਗਿਆ ਤੇ ਲਿਟਲਰ ਅਪਣੀ ਫੌਜ ਸਣੇ ਨਠ ਪਿਆ। ਵਾਲਸ ਦੀਆਂ ਪਲਟਣਾਂ ਨੇ ਗਿਲ-ਬਰਟ ਦੀ ਫੌਜ ਦੇ ਬਣੇ ਹੋਏ ਵ੍ਯੂਹ ਦੇ ਸੱਜੇ ਹਿਸੇ ਦੀ ਸ਼ਰਨ ਲੈਕੇ ਜਾਨ ਬਚਾਈ। ਸਿਰਫ ਇਕ ਗਿਲਬਰਟ ਦੀ ਫੌਜ ਦੇ ਪੈਰ ਨਾ ਉਖੜੇ। ਵ੍ਯੂਹ ਦੇ ਇਸੇ ਹਿਸੇ ਵਿਚ ਹੀ

ਪ੍ਰਧਾਨ ਸੈਨਾਪਤੀ ਗਫ ਤੇ ਗਵਰਨਰ ਲਾਰਡ ਹਾਰਡਿੰਗ ਮੌਜੂਦ ਸੀ। ਲਾਰਡ ਹਾਰਡਿੰਜ*ਤੋਂ ਅੰਗ੍ਰੇਜ਼ੀ ਫੌਜ ਦੀ ਐਸੀ

---

*ਹਿੰਦੁਸਤਾਨ ਦੇ ਉਸ ਵੇਲੇ ਦੇ ਗਵਰਨਰ ਜਨਰਲ ਸਰ ਹੈਨਰੀ ਹਾਰਡਿੰਜ ਨੇ ਇੰਗਲੈਂਡ ਦੇ ਪ੍ਰਧਾਨ ਵਜ਼ੀਰ ਸਰ ਰਾਬਰਟ ਪੀਲ ਨੂੰ ਜੋ ਚਿਠੀ ੨੧ ਦਿਸੰਬਰ ਦੇ ਜੰਗ ਬਾਬਤ ਭੇਜੀ ਸੀ ਉਸਤੋਂ ਸਿਖਾਂ ਦੀ ਬੀਰਤਾ ਅਰ ਸਰਹੈਨਰੀ ਹਾਰਡਿੰਜ ਦੇ ਦਿਲ ਦੀ ਦਸ਼ਾ ਦਾ ਪਤਾ ਲਗਦਾ ਹੈ। ਸਰ ਹੈਨਰੀ ਨੇ ਉਸ ਵਿਚ ਲਿਖਿਆ ਸੀ:—

੨੧ ਦਸੰਬਰ ਦੀ ਰਾਤ ਕਾਲ ਦੀ ਰਾਤ ਵਰਗੀ ਸੀ। ਕੜਾਕੇ ਦੀ ਠੰਡ ਪੈ ਰਹੀ ਸੀ। ਮੈਂ ਵੀ ਬਿਨਾ ਅੰਨ ਪਾਣੀ ਦੇ ਤੇ ਬਿਨਾ ਓਢਣੇ ਦੇ ਖਾਲੀ ਜ਼ਮੀਨ ਉਤੇ ਅਪਣੇ ਸਾਥੀਆਂ ਸਣੇ ਸਾਰੀ ਰਾਤ ਜਾਗਦਿਆਂ ਕਟੀ। ਸਾਮਣੇ ਬਲਦਾ ਹੋਯਾ ਕੈਂਪ ਸੀ। ਸਾਡੇ ਬਹਾਦਰ ਸਿਪਾਹੀ ਤੋਪਾਂ ਦੀ ਗੜਗਜ ਵਿਚ ਸੁਤੇ ਹੋਏ ਸਨ। ਫਤੇ ਦੀ ਖੁਸ਼ੀ ਤੇ ਜ਼ਖਮੀਆਂ ਦੀ ਦੁਖ ਭਰੀ ਆਵਾਜ਼, ਸਿਖਾਂ ਦੀ "ਸਤਿ ਸ੍ਰੀ ਅਕਾਲ" ਤੇ ਸਾਡੇ ਫੌਜੀਆਂ ਦੀ ਹੁਰਰੇ ਦੀ ਅਵਾਜ਼, ਸਾਰੀਆਂ ਕਠੀਆਂ ਮਿਲਕੇ ਭਯਾਨਕ ਮਾਲੂਮ ਹੁੰਦੀਆਂ ਸਨ। ਇਸੇ ਦਸ਼ਾ ਵਿਚ ਹੀ ਮੈਨੂੰ ਉਨ੍ਹਾਂ ਥੋੜੇ ਜੇਹੇ ਮਨੁਖਾਂ ਨਾਲ ਜੇਹੜੇ ਕਲ ਬੈਟਰੀ ਲਿਆਏ ਸਨ ਰਾਤ ਕਟਣੀ ਪਈ। ਮੈ ਕਈ ਵਾਰੀ ਉਠਕੇ ਤੇ ਸਭਨਾ ਪਲਟਣਾ ਵਿਚ ਜਾਕੇ ਸਿਪਾਹੀਆਂ ਨੂੰ ਹੌਸਲਾ ਦੇਂਦਾ ਰਿਹਾ। ਮੇਰੇ ਸਿਪਾਹੀ ਜੋ ਮੇਰੇਨਾਲ ਪੈਨਿਨਸੂਲਾ ਲੜਾਈ ਵਿਚਲੜੇ ਸਨ ਵਡੇ ਉਤਸਾਹੀ ਸਨ। ਮੈਂ ਸਭਨਾ ਨੂੰ ਇਹੋ ਕੈਂਹਦਾ ਸਾਂ— ਵੈਰੀ ਉਤੇ ਖੂਬ ਦਬਕੇ ਹਮਲਾ ਕਰੋ ਵਡੇ ਲਓ ਯਾ ਲੜਾਈ ਵਿਚ ਮਰਕੇ ਸੁਰਗ ਨੂੰ ਜਾਉ।

ਦਸ਼ਾ ਨਾ ਸਹਾਰੀ ਗਈ। ਉਸਨੇ ਅਪਣੀ ਘੜੀ ਤੇ ਤਮਗੇ ਅਪਣੇ ਪੁਤ੍ਰ ਨੂੰ ਦੇਕੇ ਇਹ ਪ੍ਰਤਿਗਿਆ ਕੀਤੀ ਕਿ ਯਾ ਤਾਂ ਇਸ ਲੜਾਈ ਵਿਚ ਮੈਂ ਮਰ ਜਾਵਾਂਗਾ ਯਾ ਫਤੇ ਹਾਸਲ ਕਰਕੇ ਅੰਗ੍ਰੇਜ਼ਾਂ ਦੀ ਵਡਿਆਈ ਵਧਾਵਾਂਗਾ। ਸਿਖਾਂ ਦੀ ਇਕ ਤੋਪ ਹਰ ਮਿੰਟ ਵਿਚ ਅੱਗ ਉਗਲਦੀ ਹੋਈ ਅੰਗ੍ਰੇਜ਼ੀ ਵੀਰਾਂ ਨੂੰ ਨਿਗਲ ਰਹੀ ਸੀ। ਲਾਟ ਹਾਰਡਿੰਜ ਅਪਣੀ ਜਾਨ ਦੀ ਕੁਝ ਪ੍ਰਵਾਹ ਨਾ ਕਰਕੇ ਅਪਣੇ ਕਈ ਸਾਥੀਆਂ ਸਣੇ ਓਸ ਤੋਪ ਦੇ ਕੋਲ ਦੌੜਿਆ ਗਿਆ ਤੇ ਉਸਦੇ ਮੂੰਹ ਵਿਚ ਕਿਲ ਠੋਕਕੇ ਉਸਨੂੰ ਬੰਦ ਕਰ ਦਿਤਾ। ਧੰਨ ਲਾਰਡ ਹਾਰਡਿੰਜ ਜਿਸਨੇ ਅਪਣੀ ਜਾਨ ਦੀ ਕੁਝ ਪਰਵਾਹ ਨਹੀਂ ਕੀਤੀ।

ਹੁਣ ਚਲੋ ਖਾਲਸਾ ਫੌਜ ਵਿਚ। ਵਿਸਾਹਘਾਤੀ ਸੂਦਾਰ ਫੇਰੂ ਸ਼ੈਹਰ ਵਿਚ ਵੀ ਅਪਣੇ ਵਿਸਾਹਘਾਤ ਤੇ ਦੇਸ਼ਦ੍ਰੋਹ ਦਾ ਸਬੂਤ ਦਿਤੇ ਬਿਨਾ ਨਾ ਰਹੇ। ਲੜਾਈ ਤੋਂ ਥੋੜੀ ਦੂਰ ਉਤੇ ਸਿਖ ਫੌਜ ਦਾ ਇਕ ਹੋਰ ਦਲ ਖੜਾ ਸੀ। ਜੇਕਰ ਓਹ ਦਲ ਲੜਾਈ ਵਿਚ ਡਟੀ ਹੋਈ ਸਿਖ ਫੌਜ ਨਾਲ ਆ ਮਿਲਦਾ ਤਾਂ ਫੇਰ ਸ਼ਾਇਦ ਹੀ ਅੰਗ੍ਰੇਜ਼ੀ ਫੌਜ ਦਾ ਇਕ ਵੀ ਸਿਪਾਹੀ ਬਚਦਾ। ਪਰ ਸਚ ਤਾਂ ਇਹ ਹੈ ਕਿ ਸਿਖ ਅੰਗ੍ਰੇਜ਼ਾਂ ਨਾਲ ਨਹੀਂ ਲੜ ਰਹੇ ਸਨ, ਓਹ ਤਾਂ ਅਪਣੀ ਕਿਸਮਤ ਨਾਲ ਲੜ ਰਹੇ ਸਨ। ਦੁਸ਼ਟ ਲਾਲ ਸਿੰਘ ਨੇ ਇਸ ਮੌਕੇ ਪਰ ਵੀ ਆਪਣੀ ਫੌਜ ਨੂੰ ਲੜਨ ਦਾ ਹੁਕਮ ਨਾ ਦਿਤਾ। ਕਿਉਂਕਿ ਓਸ ਕੁਲ ਦੇ ਕਲੰਕ ਨੇ ਤਾਂ ਇਹ ਦਿਲ ਵਿਚ ਧਾਰ ਲਿਆ ਸੀ ਕਿ:—

"ਇਸ ਸਾਦਗੀ ਪੈ ਕੌਨ ਨ ਮਰ ਜਾਏ ਐ ਖੁਦਾ,
ਲੜਤੇ ਹੈਂ, ਔਰ ਹਾਥ ਮੇਂ ਤਲਵਾਰ ਭੀ ਨਹੀਂ।"

ਸਿਖ ਫੌਜ ਦੇ ਸਿਪਾਹੀਆ ਨੇ ਕਈ ਵਾਰੀ ਅਪਣੇ

ਸਰਦਾਰਾਂ ਨੂੰ ਦੂਜੀ ਖੜੀ ਸਿਖ ਫੌਜ ਦੇ ਹੁਲਾਣ ਲਈ ਕਿਹਾ ਪਰ ਓਨਾਂ *ਵਿਸਾਹਘਾਤੀਆਂ ਨੇ ਇਹ ਆਖਕੇ ਟਾਲ ਦਿਤਾ ਕਿ ਉਸਦੇ ਉਤੇ ਵੀ ਅੰਗ੍ਰੇਜ਼ ਹਮਲਾ ਕਰਨ ਵਾਲੇ ਹਨ।

ਦੂਜੇ ਦਿਨ ਸਵੇਰ ਹੁੰਦਿਆਂ ਹੀ ਫੇਰ ਲੜਾਈ ਛਿੜ ਪਈ। ਸੂਰਜ ਦੀਆਂ ਸੁਹਾਵਣੀਆਂ ਕਿਰਨਾਂ ਦੇ ਨਾਲ ੨ ਅੰਗ੍ਰੇਜ਼ਾਂ ਨੇ ਵੀ ਅਪਣੀ ਖੁਸ਼ੀ ਦੀ ਅਵਾਜ਼ ਨਾਲ ਅਕਾਸ਼ ਨੂੰ ਗੂੰਜਾ ਦਿਤਾ। ਇਸ ਵੇਲੇ ਅੰਗ੍ਰੇਜ਼ੀ ਫੌਜ ਨੇ ਲਾਲ ਸਿੰਘ ਵਾਲੀ ਫੌਜ ਦੀ ਬੜੀ ਦੁਰਗਤ ਕੀਤੀ। ਪਾਸ ਹੀ ਤੇਜਾ ਸਿੰਘ ਦੇ ਅਧੀਨ ਇਕ ਦਲ ਖੜਾ ਸੀ। ਪਰ ਦੇਸ ਦ੍ਰੋਹੀ ਤੇਜਾ ਸਿੰਘ ਨੇ ਲਾਲ ਸਿੰਘ ਦੀ ਫੌਜ ਦੀ ਦੁਰਗਤ ਹੁੰਦੀ ਵੇਖਕੇ ਵੀ ਆਪਣੀ ਫੌਜ ਨੂੰ ਲੜਨ ਦਾ ਹੁਕਮ ਨਾ ਦਿਤਾ ਸਏ ਤਕ ਕਿ ਅੰਗ੍ਰੇਜ਼ਾਂ ਦਾ ਇਕ ਨਵਾਂ ਦਲ ਤਿਆਰ ਹੋਕੇ ਸਿਖਾਂ ਉਤੇ ਨਾ ਟੁਟ ਪਿਆ। ਤੇਜਾ ਸਿੰਘ ਵਾਲੀ ਫੌਜ ਦੇ ਲੜਾਈ ਵਿਚ

---

*ਸਿਖ ਇਤਿਹਾਸ ਦੇ ਪ੍ਰਸਿਧ ਲੇਖਕ ਕਨਿੰਘਮ ਨੇ ਇਸ ਲੜਾਈ ਨੂੰ ਦਿਲ ਹਿਲਾ ਦੇਣ ਵਾਲੇ ਸ਼ਬਦਾਂ ਵਿਚ ਲਿਖਦੇ ਹੋਏ ਤੇਜਾ ਸਿੰਘ ਦੀ ਨੀਚਤਾ ਬਾਰੇ ਲਿਖਿਆ ਹੈ:- ਇਹ ਗਲ ਐਸੀ ਸੀ ਕਿ ਜਿਸਤੋਂ ਸੜੇ ਦਿਲ ਵਾਲੇ ਮਨੁਖ ਨੂੰ ਦ੍ਰਿੜਤਾ ਨਾਲ ਲੜਾਈ ਕਰਨ ਦਾ ਉਤਸਾਹ ਵਧਦਾ। ਪਰ ਵਿਸਾਹਘਾਤੀ ਸਿਖ ਸੈਨਾਪਤੀ ਤੇਜਾ ਸਿੰਘ ਉਤੇ ਇਸਦਾ ਉਲਟ ਅਸਰ ਹੋਯਾ। ਉਸਨੇ ਤੋਪਾਂ ਬੰਦ ਕਰਵਾ ਦਿਤੀਆਂ ਤੇ ਆਪਣੇ ਘੋੜੇ ਨੂੰ ਮੋੜਕੇ ਸਤਲੁਜ ਵਲ ਜਿੰਨੀ ਛੇਤੀ ਹੋ ਸਕਿਆ ਓਨੀ ਛੇਤੀ ਓਹ ਨਠਾ। ਇਹ ਗਲ ਓਸਨੇ ਉਸ ਵੇਲੇ ਕੀਤੀ ਜਦ ਕਿ ਸਿਖਾਂ ਨੂੰ ਫਤੇ ਮਿਲਣ ਵਾਲੀ ਸੀ। ਕਿਉਂਕਿ ਓਸ ਵੇਲੇ ਅੰਗ੍ਰੇਜ਼ੀ ਫੌਜ ਦਾ ਕੁਝ ਹਿਸਾ ਫੀਰੋਜ਼ਪੁਰ ਤੋਂ ਪਿਛੇ ਹਟ ਰਿਹਾ ਸੀ।

ਸ਼ਾਮਿਲ ਹੁੰਦਿਆਂ ਹੀ ਅੰਗ੍ਰੇਜ਼ੀ ਫੌਜ ਦੇ ਛੱਕੇ ਛੁਟ ਗਏ। ਫਤੇ ਸਿਖਾਂ ਨੂੰ ਮਿਲਣ ਵਾਲੀ ਸੀ ਪਰ ਅਜੇਹੇ ਸਮੇਂ ਤੇਜਾ ਸਿੰਘ ਅਪਣੇ ਨੀਚ ਸੁਭਾਵ ਦਾ ਸਬੂਤ ਦਿਤੇ ਬਿਨਾ ਨਾ ਰਿਹਾ। ਉਸਨੇ ਨਠਦੀ ਹੋਈ ਅੰਗ੍ਰੇਜ਼ੀ ਫੌਜ ਦਾ ਪਿੱਛਾ ਕਰਨ ਤੋਂ ਅਪਣੀ ਸਿਖ ਫੌਜ ਨੂੰ ਹੀ ਨਾ ਰੋਕਿਆ ਸਗੋਂ ਆਪ ਵੀ ਨਠ ਪਿਆ ਤੇ ਫੌਜ ਨੂੰ ਅਪਣੇ ਮਗਰ ਲਾ ਲਿਆ। ਹਾਇ ! ਜੋ ਸਿਖ ਫੌਜ ਫਤੇ ਦੀ ਭਾਰੀ ਇੱਛਾ ਨਾਲ ਮਤਵਾਲੀ ਹੋ ਰਹੀ ਸੀ, ਉਸਨੂੰ ਅਪਣੇ ਵਿਸਾਹਘਾਤੀ ਸਰਦਾਰਾਂ ਦੇ ਕਾਰਣ ਪ੍ਰਾਪਤ ਹੋਈ ੨ ਫਤੇ ਤੋਂ ਹਥ ਧੋਣਾਂ ਪਿਆ। ਉਸ ਵੇਲੇ ਅੰਗ੍ਰੇਜ਼ਾਂ ਦਾ

---

*ਅੰਗ੍ਰੇਜ਼ੀ ਫੌਜ ਦੇ ਜਨਰਲ ਸਰ ਚਾਰਲਸ ਗਫ ਨੇ ਤੇ ਆਰਥਰ ਡੀ, ਇਨੇਂਸ ਨੇ ਜੋ "ਸਿਖ ਤੇ ਸਿਖਯੁਧ" ਨਾਮੇ ਕਿਤਾਬ ਲਿਖੀ ਹੈ ਉਸ ਵਿਚ ਇਸ ਲੜਾਈ ਦੀ ਬਾਬਤ ਇਸ ਤਰਾਂ ਲਿਖਿਆ ਹੈ:—"ਹੁਣ ਤਕ ਕਦੇ ਕੋਈ ਦੇਸੀ ਫੌਜ ਜਿਸਦੀ ਗਿਣਤੀ ਕੁਝ ਹੀ ਵੱਧ ਹੋਵੇ ਅੰਗ੍ਰੇਜ਼ਾਂ ਨਾਲ ਨਹੀਂ ਲੜੀ ਸੀ ਜੈਸੇ ਕਿ ਸਿਖ ਲੜੇ। ਸਿਖਾਂ ਦੀ ਬੀਰਤਾ ਦੇ ਕਾਰਣ ਫੇਰੂ ਸ਼ਹਿਰ ਦੀ ਲੜਾਈ ਦਾ ਨਤੀਜਾ ਸ਼ਕ ਵਾਲਾ ਰਿਹਾ। ਭਾਵੇਂ ਅੰਗ੍ਰੇਜ਼ਾਂ ਨੂੰ ਫਤੇ ਮਿਲ ਗਈ ਪਰ ਇਸ ਗਲ ਵਿਚ ਕਿਹ ਮੰਨਣ ਦਾ ਫਰਕ ਰਿਹਾ ਕਿ ਜੇਕਰ ਸਿਖ ਫੌਜ ਦੇ ਸੇਨਾ-ਪਤੀ ਲਾਇਕ ਹੁੰਦੇ ਤੇ ਸਿਖ ਫੌਜ ਨੂੰ ਆਪਣੀ ਖੁਸ਼ੀ ਪ੍ਰਗਟ ਕਰਨ ਦਾ ਸਮਾਂ ਦੇਂਦੇ ਤਾਂ ਪਤਾ ਨਹੀਂ ਇਸ ਲੜਾਈ ਦਾ ਕੀ ਨਤੀਜਾ ਹੁੰਦਾ।"

ਸਮਝ ਲਿਆ ਤੁਸਾਂ ਪਾਠਕੋ ? ਇਹ ਅੱਖਰ ਉਸਦੀ ਕਲਮ ਵਿਚੋਂ ਨਿਕਲੇ ਹਨ ਜਿਸਨੇ ਅਪਣੀ ਕਿਤਾਬ ਵਿਚ ਸਿਖਾਂ ਦੀ ਨਿੰਦਿਆ ਹੀ ਨਿੰਦਿਆ ਕੀਤੀ ਹੈ।

ਗੋਲੀ ਮੁਕ ਗਿਆ ਸੀ। ਓਨਾਂ ਦੀ ਫੌਜ ਪਿਛੇ ਮੁੜ ਰਹੀ ਸੀ, ਜੇਕਰ ਓਸ ਵੇਲੇ ਤੇਜਾ ਸਿੰਘ ਵਿਸਾਹਘਾਤ ਨਾ ਕਰਦਾ ਤਾਂ ਜ਼ਰੂਰ ਫਤੇ ਸਿੱਖਾਂ ਨੂੰ ਹੀ ਮਿਲਦੀ। ਪਰ ਤੇਜਾ ਸਿੰਘ ਦੀ ਦਿਲੀ ਇੱਛਾ ਤਾਂ ਸਿੱਖਾਂ ਦਾ ਨਾਸ ਕਰਣ ਦੀ ਸੀ। ਫੇਰ ਸਿੱਖ ਕਿਸਤਰਾਂ ਫਤੇ ਪ੍ਰਾਪਤ ਕਰਦੇ ? ਓਧਰ ਸਿੱਖਾਂ ਦੇ ਸੈਨਾਪਤੀਆਂ ਵਾਂਗ ਅੰਗ੍ਰੇਜ਼ਾਂ ਦੇ ਸੈਨਾਪਤੀ ਮੂਰਖ ਨਹੀਂ ਸਨ। ਓਹ ਅਪਣੇ ਦੇਸ਼ ਤੇ ਕੌਮ ਦੀ ਵਡਿਆਈ ਰੱਖਣ ਲਈ ਲੜ ਰਹੇ ਸਨ। ਸੋ ਸਿੱਖਾਂ ਨੂੰ ਮੈਦਾਨ ਛੱਡਦਾ ਵੇਖਕੇ ਓਹ ਕਿਓਂ ਬੇਖਬਰ ਰਹਿੰਦੇ। ਓਨਾਂ ਨੇ ਨੱਠਦੀ ਹੋਈ ਸਿੱਖ ਫੌਜ ਉੱਤੇ ਭਾਰੀ ਹਮਲਾ ਕਰਕੇ ਫਤੇ ਲੈ ਲਈ।

ਇਸ ਵਿਚ ਕੋਈ ਸ਼ਕ ਨਹੀਂ ਕਿ ਅੰਗ੍ਰੇਜ਼ਾਂ ਨੂੰ ਫਤੇ ਮਿਲੀ ਪਰ ਇਹ ਫਤੇ ਓਨਾਂ ਨੂੰ ਹਾਰ ਨਾਲੋਂ ਵੀ ਵਧ ਮਹਿੰਗੀ ਪਈ। ਸਿੱਖਾਂ ਦੀਆਂ ੭੦ ਤੋਪਾਂ ਤੇ ਸਿਖ ਰਾਜ ਦੇ ਕੁਝ ਪਿੰਡ ਓਨਾਂ ਦੇ ਹਥ ਆਏ। ਪਰ ਸਾਰੀ ਫੌਜਾਂ ਦਾ ਸਤਵਾਂ ਹਿਸਾ ਯੁਧ ਦੀ ਭੇਟਾ ਹੋ ਗਿਆ। ਸੋ ਆਪਣੀ ਫੌਜ ਦਾ ਇੰਨਾ ਭਾਰੀ ਨੁਕਸਾਨ ਵੇਖਕੇ ਅੰਗ੍ਰੇਜ਼ਾਂ ਦੇ ਗੁਸੇ ਦੀ ਹੱਦ ਵੱਧ ਗਈ। ਓਨਾਂ ਨੇ ਸਿਖਾਂ ਪਾਸੋਂ ਇਸਦਾ ਬਦਲਾ ਲੈਣ ਦੀ ਠਾਣ ਲਈ। ਅੰਗ੍ਰੇਜ਼ ਆਪਣੀ ਫੌਜ ਵਧਾਣ ਲੱਗੇ ਤੇ ਬਾਰੂਦ ਤੋਪਾਂ ਦੇ ਘਟ ਹੋਣ ਕਰਕੇ ਕੁਝ ਦਿਨ ਤਕ ਓਨਾਂ ਲੜਾਈ ਬੰਦ ਕਰ ਦਿੱਤੀ। ਅੰਗ੍ਰੇਜ਼ਾਂ ਦੀ ਇਸਤਰਾਂ ਦੀ ਢਿਲ ਵੇਖਕੇ ਸਿਖ ਫੌਜ ਦੂਣੇ ਉਤਸਾਹ ਨਾਲ ਲੜਨ ਲਈ ਸਤਲੁਜ ਦੇ ਇਸ ਪਾਰ ਉਤਰ ਆਏ। ਇਹ ਵੇਖਕੇ ਅੰਗ੍ਰੇਜ਼ ਬਹੁਤ ਘਬਰਾਏ। ਕਿਉਂਕਿ ਪੰਜਾਬ ਦੀ ਹੱਦ ਉਤੇ ਓਨਾਂ ਦੀ ਦਸ਼ਾ ਬਹੁਤ ਨਾਜ਼ੁਕ ਸੀ। ਥੋੜੇ ਦਿਨ ਪਹਿਲੇ ਜਿਨਾਂ ਸਿਖਾਂ ਦੇ ਰਾਜ

ਨੂੰ ਕਲਮ ਦੀ ਘਸੀਟ ਨਾਲ ਅੰਗ੍ਰੇਜ਼ਾਂ ਨੇ ਅਪਣੇ ਅਧੀਨ ਕੀਤਾ ਹੋਇਆ ਸੀ। ਹੁਣ ਉਹ ਸਿਖ ਸਰਦਾਰ ਭੀ ਅੰਗ੍ਰੇਜ਼ਾਂ ਨੂੰ ਕਿਸੇ ਤਰਾਂ ਦੀ ਸਹਾਇਤਾ ਦੇਣ ਲਈ ਤਿਆਰ ਨਾ ਹੋਏ।

ਧਰਮਕੋਟ ਤੇ ਹੋਰ ਕਈ ਛੋਟੇ ੨ ਕਿਲੇ ਅੰਗ੍ਰੇਜ਼ਾਂ ਦੇ ਕਬਜ਼ੇ ਲੱਗ ਚੁਕੇ ਸਨ। ਸੋ ਸਨ ੧੮੪੬ ਈ: ਦੀ ੧੭ ਜਨਵਰੀ ਨੂੰ ਅੰਗ੍ਰੇਜ਼ਾਂ ਨੇ ਇਕ ਬ੍ਰਿਗੇਡ ਧਰਮਕੋਟ ਵਲ ਭੇਜੀ। ਇਸ ਬ੍ਰਿਗੇਡ ਦੇ ਭੇਜੇ ਜਾਣ ਦਾ ਇਹ ਮਤਲਬ ਸੀ ਕਿ ਸਿਖ ਲੜਾਈ ਝਗੜੇ ਵਿਚ ਫਸ ਜਾਣ ਤੇ ਅੰਗ੍ਰੇਜ਼ਾਂ ਦੀ ਰਸਦ ਬਹੀਰਾਂ ਨਾ ਲੁਟਣ। ਸੋ ਸਿਖਾਂ ਦੇ ਇਕ ਦਲ ਦੀ ਇਸ ਬ੍ਰਿਗੇਡ ਨਾਲ ਮੁਠ ਭੇੜ ਹੋ ਹੀ ਗਈ। ਇਹ ਸਿਖ ਦਲ ਰਣ ਜੋਰ ਸਿੰਘ ਦੇ ਮਾਤਹਤ ਸੀ। ਇਸ ਲੜਾਈ ਵਿਚ ਸਿਖਾਂ ਨੇ ਅੰਗ੍ਰੇਜ਼ੀ ਸਿਪਾਹੀਆਂ ਨੂੰ ਮਾਰ ਭਜਾਯਾ। ਪਰ ਹੋਰਨਾ ਸਿਖ ਸਰਦਾਰਾਂ ਦੀ ਤਰਾਂ ਰਣਜੋਰ ਸਿੰਘ ਨੇ ਭੀ ਅਪਣੀ ਕੌਮ ਨਾਲ ਵਿਸਾਹਘਾਤ ਕੀਤਾ। ਇਸਦੇ ਪਿਛੋਂ ਅਲੀਵਾਲ ਵਿਚ ਸਿਖ ਗੋਲੰਦਾਜ਼ਾਂ ਨੇ ਭਾਰੀ ਬੀਰਤਾ ਵਿਖਾਲੀ। ਪਰ ਕਿਸਮਤ ਇਸ ਲੜਾਈ ਵਿਚ ਭੀ ਸਿਖਾਂ ਉੱਤੇ ਖੁਸ਼ ਨਹੀਂ ਸੀ। ਅਲੀ-ਵਾਲ ਵਿਚ ੧੮ ਅੰਗ੍ਰੇਜ਼ ਸਿਖਾਂ ਨੇ ਕੈਦ ਕੀਤੇ ਪਰ ਉਨ੍ਹਾਂ ਨਾਲ ਵਰਤਾਉ ਚੰਗਾ ਕੀਤਾ।

ਇੰਨੇ ਵਿਚ ਖਾਲਸਾ ਫੌਜ ਨੇ ਇਕ ਹੋਰ ਭੁਲ ਕੀਤੀ। ਜਾਣੋ ਉਸਨੇ ਅਪਣੇ ਪੈਰਾਂ ਉੱਤੇ ਆਪ ਕੁਹਾੜਾ ਮਾਰਿਆ। ਪਾਠਕ ਭੁਲੇ ਨਹੀਂ ਹੋਣਗੇ ਕਿ ਜਵਾਹਰ ਸਿੰਘ ਦੇ ਮਾਰੇ ਜਾਣ ਪਿਛੋਂ ਪੰਜਾਬ ਵਿਚ ਸਿਖ ਰਾਜ ਦਾ ਕੋਈ ਵਜ਼ੀਰ ਨਹੀਂ ਸੀ। ਸੋ ਅਲੀਵਾਲ ਦੀ ਲੜਾਈ ਵੇਲੇ ਸਿਖਾਂ ਨੇ ਜੰਮੂ ਦੇ ਰਾਜੇ ਗੁਲਾਬ ਸਿੰਘ ਨੂੰ ਵਜ਼ੀਰ ਚੁਕ ਬਣਾਯਾ। ਸੋ ਗੁਲਾਬ ਸਿੰਘ ਨੇ

ਜ਼ੀਰ ਬਨਾਣਾ ਅਪਣੇ ਫਟਾਂ ਉਤੇ ਆਪ ਲੂਣ ਛਿੜਕਣ ਦੇ ਸਮਾਨ ਹੋਯਾ। "ਠੱਗ ਠੱਗ ਮਾਸੀ ਦੇ ਪੁਤ !" ਗੁਲਾਬ ਸਿੰਘ ਵਿਸਾਹਘਾਤ ਵਿਚ ਤੇ ਦੇਸ਼ ਧ੍ਰੋਹ ਵਿਚ ਰਣਜੋਰ ਸਿੰਘ, ਲਾਲ ਸਿੰਘ ਤੇ ਤੇਜਾ ਸਿੰਘ ਨਾਲੋਂ ਕੋਈ ਘਟ ਨਹੀਂ ਸੀ। ਅੰਗ੍ਰੇਜ਼ਾਂ ਨਾਲ ਲੜਾਈ ਛਿੜਨ ਸਮੇਂ ਸਿਖਾਂ ਦੇ ਕੈਹਣ ਕਰਕੇ ਉਸਨੇ ਵਜ਼ੀਰ ਬਣਨਾ ਮੰਨ ਲਿਆ। ਭਾਵੇਂ ਖਾਲਸਾ ਫੌਜ ਜੰਮੂ ਦੇ ਰਾਜੇ ਗੁਲਾਬ ਸਿੰਘ ਨੂੰ ਭਾਰੀ ਨਫਰਤ ਕਰਦੀ ਸੀ ਪਰ ਉਸ ਦੀ ਧੀਰਤਾ ਬੀਰਤਾ ਤੇ ਰਾਜਨੀਤਿਕ ਚਾਲਾਂ ਤੋਂ ਸਾਰੇ ਲੋਕ ਜਾਣੂ ਸਨ। ਇਸੇ ਕਰਕੇ ਖਾਲਸਾ ਫੌਜ ਨੇ ਵਜ਼ਾਰਤ ਦੀ ਖਾਲੀ ਕੁਰਸੀ ਉਪਰ ਉਸਨੂੰ ਬਿਠਾਯਾ। ਪਰ ਗੁਲਾਬ ਸਿੰਘ ਦਾ ਵਜ਼ੀਰ ਹੋਣਾਂ ਸਿਖਾਂ ਲਈ "ਡੁਬਦੇ ਨੂੰ ਤਿਨਕੇ ਦਾ ਸਹਾਰਾ" ਸਮਾਨ ਸੀ। ਉਧਰ ਅੰਗ੍ਰੇਜ਼ਾਂ ਦਾ ਗਵਰਨਰ ਜਨਰਲ ਲਾਰਡ ਹਾਰਡਿੰਗ ਸਿਖਾਂ ਨਾਲ ਲੜਾਈ ਕਰਨ ਦੇ ਨਤੀਜੇ ਨੂੰ ਵੇਖਕੇ ਬਹੁਤ ਘਾਬਰ ਰਿਹਾ ਸੀ। ਉਸਨੇ ਚੋਰੀ ਚੋਰੀ ਗੁਲਾਬ ਸਿੰਘ ਨਾਲ ਅਗੇ ਲਿਖੇ ਮਤਲਬ ਦੀ ਸ਼ਰਤ ਕਰ ਲਈ*—ਜਦ ਅੰਗ੍ਰੇਜ਼ ਸਿਖ ਫੌਜ ਉਤੇ ਹਮਲਾ ਕਰੇ

---

*ਵੇਖੋ ਕਨਿੰਘਮ ਦੀ ਸਿਖ ਹਿਸਟਰੀ ਦਾ ਸਫਾ ੩੨੧—੩੨੨ ਜੋ ੧੮੪੯ ਦੀ ਛਪੀ ਹੋਈ ਹੈ। ਫੇਰ ਵੇਖੋ ਸਰ ਚਾਰਲਸ ਜੇਮਸ ਨੈਪੀਅਰ ਦੀ ਕਿਤਾਬ "ਡਿਫੈਕਟਸ ਆਫ ਸਿਵਿਲ ਐਂਡ ਮਿਲਿਟਰੀ ਆਫ ਦੀ ਇੰਡੀਅਨ ਗਵਰਨਮੈਂਟ" ਦਾ ਸਫਾ ੩੭੫ ਓਹ ਲਿਖਦਾ ਹੈ:—ਜੇਕਰ ਗੁਲਾਬ ਸਿੰਘ ਸਿਖਾਂ ਨਾਲ ਵਿਰੋਧ ਨਾ ਕਰਦਾ ਤਾਂ ਏਧਰ ਓਧਰ ਪਈ ਹੋਈ ਅੰਗ੍ਰੇਜ਼ੀ ਫੌਜ ਸਿਖਾਂ ਦੀ ਤਲਵਾਰ ਦਾ ਸ਼ਿਕਾਰ ਹੋ ਜਾਂਦੀ।

ਤੋਂ ਸਿਖ ਸੈਨਾਪਤੀ ਨਿਕਲ ਜਾਂਯਾ ਕਰਨ। ਇਸਤਰਾਂ ਨਾਲ ਸਿਖਾਂ ਦੇ ਹਾਰਨਪੁਰ ਲਾਹੌਰ ਦਰਬਾਰ ਓਨਾਂ ਸਿਪਾਹੀਆਂ ਨੂੰ ਹਾਰਜਾਣ ਪਿਛੋ ਕੱਢ ਦੇਵੇ ਜਿਸ ਤੋਂ ਸਤਲੁਜ ਪਾਰ ਹੋਣ ਤੇ ਲਾਹੌਰ ਪਹੁੰਚਣ ਵਿਚ ਅੰਗ੍ਰੇਜ਼ਾਂ ਨੂੰ ਕੋਈ ਰੋਕ ਨਾ ਪਵੇ। ਸੋ ਗੁਲਾਬ ਸਿੰਘ ਨੇ ਲਾਰਡ ਹਾਰਡਿੰਜ ਦੀ ਇਹ ਸ਼ਰਤ ਮੰਨ ਲਈ ਤੇ ਫੌਜੀ ਸਰਦਾਰਾਂ ਨੇ ਇਸਨੂੰ ਅਖਰੋ ਅੰਖਰ ਪੂਰਾ ਕੀਤਾ। ਓਨਾਂ ਨੇ ਓਸ ਪ੍ਰਤਿਗਜਾ ਨੂੰ ਇਥੋਂ ਤਕ ਨਿਬਾਹਿਆ ਕਿ ਰਣਜੋਰ ਸਿੰਘ ਦੇ ਪਿਛੋਂ ਲਾਲ ਸਿੰਘ ਤੇ ਤੇਜਾ ਸਿੰਘ ਬਲਵਾਨ ਸਿਖ ਫੌਜਦੇ ਨਾਲ ਦੂਜੀ ਵਾਰੀ ਜਦ ਸਤਲੁਜ ਪਾਰ ਟਪ ਆਏ ਸਨ ਓਸ ਵੇਲੇ ਅੰਗ੍ਰੇਜ਼ੀ ਫੌਜ ਦੀ ਵਡੀ ਨਾਜਕ ਦਸ਼ਾ ਸੀ। ਓਸ ਵੇਲੇ ਅੰਗ੍ਰੇਜ਼ਾਂ ਪਾਸ ਨਾ ਤਾਂ ਕਾਫੀ ਰਸਦ ਸੀ ਤੇ ਨਾ ਤੋਪ ਗੋਲਾ ਸੀ। ਜੇਕਰ ਸਿਖ ਅੰਗ੍ਰੇਜ਼ਾਂ ਦੀ ਕਮਜੋਰ ਫੌਜ ਉਤੇ ਹਲਾ ਕਰਦੇ ਤੇ ਦਿਲੀਓਂ ਆਉਂਦੀ ਹੋਈ ਰਸਤ ਲੁਟ ਲੈਂਦੇ ਤਾਂ ਓਸ ਵੇਲੇ ਦਾ ਇਤਿਹਾਸ ਕਿਸੇ ਹੋਰ ਹੀ ਰੰਗ ਵਿਚ ਹੁੰਦਾ। ਪਰ ਵਾਹਿਗੁਰੂ ਨੂੰ ਇਹ ਮਨਜ਼ੂਰ ਨਹੀਂ ਸੀ। ਇਸੇ ਕਰਕੇ ਓਸ ਵੇਲੇ ਦੇ ਸਿਖ ਸੈਨਾਪਤੀਆਂ ਦੀ ਅਕਲ ਉਤੇ ਸ੍ਵਾਰਥ ਦਾ ਪੜਦਾ ਪੈ ਗਿਆ। ਸਿਖ ਰਾਜ ਹਮੇਸ਼ਾ ਲਈ ਸਿਖਾਂ ਦੇ ਹਥੋਂ ਜਾਂਦਾ ਰਿਹਾ।

ਕਈ ਛੋਟੀਆਂ ਮੋਟੀਆਂ ਲੜਾਈਆਂ ਦੇ ਪਿਛੋਂ ਸਿਖਾਂ ਤੇ ਅੰਗ੍ਰੇਜ਼ਾਂ ਦੀ ਇਤਿਹਾਸ ਪ੍ਰਸਿਧ ਸਭਰਾਵਾਂ ਵਾਲੀ ਲੜਾਈ ਹੋਈ। ਇਸ ਲੜਾਈ ਵਿਚ ਸ੍ਵਾਧੀਨਤਾ ਹਮੇਸ਼ਾਂ ਲਈ ਸਿਖਾਂ ਪਾਸੋਂ ਵਿਦਾ ਹੋ ਗਈ। ਈਸ਼ਵਰ ਜਿਸਨੂੰ ਭਾਰੀ ਕਸ਼ਟ ਦੇਣਾ ਚਾਹੁੰਦਾ ਹੈ ਓਸ ਦੀ ਮਤ ਪੈਹਲਾਂ ਮਾਰ ਲੈਂਦਾ ਹੈ ਇਹ ਦਸ਼ਾ ਓਸ ਵੇਲੇ ਸਿਖਾਂ ਦੀ ਹੋਈ। ਖਾਲਸਾ ਫੌਜ ਅਪਣੇ

ਰਦਾਰਾਂ ਦੇ ਵਿਸਾਹਘਾਤ ਅਰ ਓਨਾਂ ਦੇ ਸੋਨੇ ਚਾਂਦੀ ਦੇ ਾਲਚ ਪਿਛੇ ਅਪਣੇ ਦੇਸਦੀ ਸੁਤੰਤ੍ਰਤਾ ਵੇਚਣ ਦਾ ਪਤਾ ਹ ਅੰਤ ਤੁਕ ਨ ਪਾ ਸਕੀ। ਸੋ ਹੋਰਨਾ ਜੰਗਾਂ ਵਾਂਗ ਹੀ ਭਰਾਵਾਂ ਦੀ ਲੜਾਈ ਦੀ ਦਸ਼ਾ ਹੋਈ। ਦਿਲੀਓਂ ਰਸਦ ਸਮਾਨ ਦੇ ਆ ਜਾਣ ਤਥਾ ਸਿਖਾਂ ਦੀ ਫੌਜ ਦੇ ਸਰਦਾਰਾਂ ਦੇ ਵਸਾਹਘਾਤ ਕਰਨ ਨਾਲ ਅੰਗ੍ਰੇਜ਼ਾਂ ਦੀ ਤਾਕਤ ਬਹੁਤ ਧ ਗਈ ਸੀ।

ਇਸ ਪ੍ਰਕਾਰ ਖਾਲਸਾ ਫੌਜ ਵਾਰੰਵਾਰ ਲੜਾਈ ਦਾ ਨਤੀਜਾ ਅਪਣੇ ਉਲਟ ਵੇਖਕੇ ਜਦ ਨਿਰਾਸਾ ਦੇ ਸਮੁੰਦ੍ਰ ਵਿਚ ਗੋਤੇ ਖਾ ਰਹੀ ਸੀ ਤਾਂ ਓਸ ਵੇਲੇ ਇਕ ਬੁਢਾ ਬੀਰ ਖਾਲਸਾ ਫੌਜ ਨੂੰ ਉਤਸਾਹ ਦੇਣ ਲਈ ਆ ਨਿਕਲ ਪਿਆ। ਓਹ ਬੁਢਾ ਬੀਰ ਹੋਰ ਕੋਈ ਨਹੀਂ ਸੀ, ਓਹ ਮਹਾਰਾਜਾ ਰਣ-ਜੀਤ ਸਿੰਘ ਦਾ ਦਖਮਨ ਦਾ ਸਾਥੀ ਤੇ ਕੁੰਵਰ ਨੌਨਿਹਾਲਸਿੰਘ ਦਾ ਸਹੁਰਾ "ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ" ਸੀ। ਬੁਢੇ ਹੋਣ ਪਰ ਵੀ ਸਰਦਾਰ ਸ਼ਾਮ ਸਿੰਘ ਦੀਆਂ ਸੁਕੀਆਂ ਹਡੀਆਂ ਵਿਚ ਅਪਣੀ ਜਨਮਭੂਮੀ ਦੀ ਅਜਾਦੀ ਕਾਇਮ ਰੱਖਣ ਲਈ ਜੋਸ਼ ਆਗਿਆ ਤੇ ਓਸਦੀ ਰੱਗ ੨ ਵਿਚ ਖੂਨ ਖੋਲਣ ਲੱਗ ਪਿਆ। ਉਸਨੇ ਅਪਨੇ ਜੋਸ਼ਭਰੇ ਬਚਨਾ ਨਾਲ ਸਿਖਾਂ ਦੇ ਮਰੇ ਹੋਏ ਦਿਲਾਂ ਨੂੰ ਫੇਰ ਜਿਵਾਲਿਆ ਤੇ ਕਿਹਾ ਆਓਖਾਲਸਾ ਬੀਰੋ,ਅਪਣੇ ਦੇਸਨੂੰ ਅਜਾਦਰੱਖਣਲਈ ਵੈਰੀ ਨਾਲ ਲੜ ਮਰੀਏ ਤੇ ਇਸ ਕੰਮ ਵਿਚ ਮੈਂ ਤੁਹਾਡੇ ਨਾਲ ਹਾਂ। ਸਰਦਾਰ ਸ਼ਾਮ ਸਿੰਘ ਦੀ ਇਹ ਗਲ ਨਿਰੀ ਮੂੰਹ ਦੀ ਬਕਬਕ ਹੀ ਨਹੀਂ ਸੀ। ਓਸਨੇ ਲੜਾਈ ਵਿਚ ਜਾਣ ਤੋਂ ਪਹਿਲਾਂ ਸ੍ਰੀਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਇਹ ਪ੍ਰਤਿ-

ਗਿਆ ਕੀਤੀ ਕਿ ਮੈਂ ਪ੍ਰਾਣ ਰੈਂਹਦਿਆਂ ਤਕ ਲੜਾਈ ਵਿਚੋਂ ਪਿਛੇ ਨਹੀਂ ਹਟਾਂਗਾ । ਇਸਤਰਾਂ ਦੀ ਪ੍ਰਤਿਗਯਾ ਕਰਕੇ ਚਿਟੀ ਪੁਸ਼ਾਕਾ ਪਹਿਰ ਤੇ ਚਿਟੇ ਘੋੜੇ ਤੇ ਸਵਾਰ ਹੋਕੇ ਸਰਦਾਰ ਸ਼ਾਮ ਸਿੰਘ ਜੀ ਜੰਗ ਮੈਦਾਨ ਵਿਚ ਗਏ* ਯੁਧ ਵਿਚ ਜਾਣ ਤੋਂ ਪਹਿਲਾਂ ਉਨ੍ਹਾਂਨੇ ਫਿਰ ਇਕ ਵਾਰੀ ਖਾਲਸਾ ਫੌਜਨੂੰ ਕਿਹਾ: "ਖਾਲਸਾ ਬਹਾਦਰੋ ! ਆਓ, ਪਰਾਧੀਨ ਹੋਣ ਨਾਲੋਂ ਮੌਤ ਨੂੰ ਜਫੀ ਪਾਕੇ ਮਰੀਏ।" ਬਸ ਫੇਰ ਕੀ ਸੀ । ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਮੰਤ੍ਰ ਨਾਲ ਦੀਖਸ਼ਤ ਹੋਈ ਖਾਲਸਾ ਫੌਜ "ਸਤ ਸ੍ਰੀ ਅਕਾਲ, ਤੇ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤੇ" ਕਹਿੰਦੀ ਹੋਈ ਅੰਗ੍ਰੇਜ਼ਾਂ ਨਾਲ ਭਿੜ ਗਈ । ਸਰਦਾਰ ਸ਼ਾਮ ਸਿੰਘ ਨੇ ਇਸ ਲੜਾਈ ਵਿਚ ਭਾਰੀ ਪਰਾਕ੍ਰਮ ਵਿਖਾਯਾ। ਅਪਣੇ ਚਿਟੇ ਘੋੜੇ ਉਤੇ ਸਵਾਰ ਹੋਕੇ ਫੌਜ

---

*ਸਰਦਾਰ ਸ਼ਾਮ ਸਿੰਘ ਜੀ ਅਟਾਰੀ ਵਾਲੇ ਬਹੁਤ ਥੋੜੇ ਸਮੇਂ ਵਿਚ ਹੀ ਸਿਖਾਂ ਦੇ ਪਿਆਰੇ ਹੋ ਗਏ ਸਨ । ਸਨ ੧੮੩੧ ਈ: ਵਿਚ ਉਨ੍ਹਾਂਦੀ ਲੜਕੀ ਦਾ ਵਿਵਾਹ ਮਹਾਰਾਜਾ ਰਣਜੀਤ ਸਿੰਘ ਦੇ ਪੋਤ੍ਰੇ ਨੌਨਿਹਾਲ ਸਿੰਘ ਨਾਲ ਹੋਯਾ ਸੀ। ਯੁਧ ਵਿਚ ਸਰਦਾਰ ਸ਼ਾਮ ਸਿੰਘ ਜੀ ਜਦ ਮਾਰੇ ਗਏ ਤਾਂ ਉਨ੍ਹਾਂ ਦੇ ਨੌਕਰ ਲੋਥ ਲੱਭਕੇ ਅਟਾਰੀ ਲੈ ਗਏ। ਉਨ੍ਹਾਂ ਦੀ ਰਾਣੀ ਵਿਵਾਹ ਵੇਲੇ ਦੇ ਕਪੜੇ ਪਾਕੇ ਪਤੀ ਦੇ ਨਾਲ ਸਤੀ ਹੋਈ। ਉਸਦੀ ਯਾਦ ਵਿਚ ਹੁਣ ਤਕ ਇਕ ਥੰਮ ਖੜਾ ਹੈ । ਜਾਣੋ ਉਹ ਥੰਮ ਅਟਾਰੀ ਆਉਣ ਵਾਲਿਆਂ ਦਾ ਸਵਾਗਤ ਕਰਦਾ ਹੋਯਾ ਇਹ ਆਖ ਰਿਹਾ ਹੈ ਕਿ—ਦੇਸਦੇ ਲਈ ਅਪਣੇ ਫਰਜ਼ ਪਾਲਣ ਵਿਚ ਅਪਣੇ ਪ੍ਰਾਣਾ ਦੀ ਭੀ ਪਰਵਾਹ ਨਹੀਂ ਕਰਨੀ ਚਾਹੀਦੀ।

ੇ ਹਰੇਕ ਹਿਸੇ ਵਿਚ ਓਹ ਫਿਰਦੇ ਤੇ ਜੋਸ਼ ਦੇ ਰਹੇ ਸਨ। ਪਰ ਦ ਓਨਾਂ ਨੇ ਡਿਠਾਕਿ ਹੁਣ ਸਰਬੰਸ ਨਾਸ ਹੋਣ ਵਿਚ ਕੋਈ ੇਰ ਨਹੀਂ ਤਾਂ ਓਨਾਂਨੇ ਅੰਗ੍ਰੇਜ਼ਾਂ ਦੀ ੫੦ ਨੰ: ਪਲਟਣ ਉਤੇ ਲਵਾਰ ਸੂਤਕੇ ਹਮਲਾ ਕੀਤਾ ਤੇ ਅਪਣੇ ਸਾਥੀਆਂ ਨੂੰ ਵੀ ੱਗੇ ਵਧਣ ਲਈ ਕਿਹਾ। ਓਨਾਂ ਦੇ ੫੦ ਸਾਥੀ ਅਗੇ ਵਧੇ ਰ ਓਹ ਅੰਗ੍ਰੇਜ਼ੀ ਫੌਜ ਦਾ ਹਮਲਾ ਨਾ ਸਹਾਰਕੇ ਸਤਲੁਜ ਵਿਚ ਜਾ ਪਏ। ਸਰਦਾਰ ਸ਼ਾਮ ਸਿੰਘ ਨੂੰ ਸਤ ਗੋਲੀਆਂ ਲੱਗੀਆਂ ਤੇ ਓਨਾਂ ਦਾ ਜੀਵਨ ਦੀਵਾ ਬੁਝ ਗਿਆ ਪਰ ਸੰਸਾਰ ਵਿਚ ਓਹ ਅਪਣਾ ਜਸ ਛਡ ਗਿਆ।

ਸਭਰਾਵਾਂ ਦੀ ਲੜਾਈ ਵਿਚ ਸਿਖਾਂਦਾ ਸਰਬੰਸ ਨਸ਼ਟ ਹੋ ਗਿਆ। ਓਨਾਂ ਦਾ ਅਦਮਯ ਉਤਸਾਹ ਤੇ ਪ੍ਰਬਲ ਪਰਾ ਕ੍ਰਮ ਕੁਝ ਵੀ ਕੰਮ ਨ ਆਯਾ। ਵਿਸ਼ਾਹਘਾਤੀ ਲਾਲ ਸਿੰਘ ਤੇ ਤੇਜਾਸਿੰਘਨੇ ਹੀ ਸਿਖਾਂ ਦਾ ਨਾਸ ਕਰ ਦਿਤਾ। ਲਾਲਸਿੰਘ ਨੇ ਸਭਰਾਵਾਂ ਵਾਲੇ ਸਿਖਾਂ ਦੇ ਪੜਾਉ ਦਾ ਸਾਰਾ ਹਾਲ ਇਸ ਤਰਾਂ ਨਾਲ ਅੰਗ੍ਰੇਜ਼ਾਂ ਨੂੰ ਲਿਖਿਆ ਸੀ—"ਇਸ ਲੜਾਈ ਦਾ ਸੈਨਾਪਤੀ ਤੇਜਾ ਸਿੰਘ ਹੈ। ਪਰ ਇਸ ਵਿਚ ਤੁਹਾਡਾ ਕੋਈ ਹਰਜ ਨਹੀਂ, ਤੇਜਾ ਸਿੰਘ ਆਪਣੀ ਪ੍ਰਤਿਗਯਾ ਉਤੇ ਪੱਕਾ ਹੈ। ਓਹ ਜਿਥੋਂ ਤਕ ਹੋ ਸਕੇਗਾ ਤੁਹਾਡੇ ਭਲੇ ਦੀ ਹੀ ਗਲ ਕਰੇਗਾ। ਰਸਾਲਾ ਮੇਰੇ ਹਥ ਹੈ ਤੇ ਮੈਂ ਓਸਨੂੰ ਏਧਰ ਓਧਰ ਖਿੰਡਾ ਪੁੰਡਾ ਦਿਤਾ ਹੈ। ਸਿਖਾਂ ਦੀ ਛਾਵਣੀ ਦਾ ਸੱਜਾ ਹਿਸਾ ਬਹੁਤ ਕਮਜ਼ੋਰ ਹੈ। ਓਧਰ ਦੀ ਕੰਧ ਵੀ ਬੜੀ ਕਮਜ਼ੋਰ ਹੈ।"

ਇਸਤਰਾਂ ਖਾਲਸਾ ਫੌਜ ਦੇ ਸਰਦਾਰ ਅੰਗ੍ਰੇਜ਼ਾਂ ਨੂੰ ਅਪਣੀ ਛਾਵਣੀ ਦਾ ਹਾਲ ਦਸਕੇ ਹੀ ਚੁਪ ਨਾ ਬੈਠੇ। ਓਨਾਂ

ਵਿਸਾਹਘਾਤੀਆਂ ਨੇ ਗੋਲੰਦਾਜ਼ਾਂ ਨੂੰ ਗੋਲਾ ਬਰੂਦ ਦੇਣਾ ਬੰਦ ਕਰ ਦਿਤਾ। ਬਦਮਾਸ਼ ਤੇ ਦੇਸ਼ਧ੍ਰੋਹੀ ਤੇਜਾ ਸਿੰਘ ਇਤ ਤੋਂ ਹੀ ਨਿਚਿੰਤ ਨਾ ਹੋਯਾ। ਓਹ ਵਡੀ ਭਾਰੀ ਫੌਜ ਨੂੰ ਨੱਠਾ ਕੇ ਲੈ ਗਿਆ ਤੇ ਬਾਕੀ ਫੌਜ ਨੂੰ ਉਸਨੇ ਵੈਰੀਆਂ ਉਤੇ ਹਮਲਾ ਕਰਨੋਂ ਰੋਕ ਦਿਤਾ। ਓਸਨੇ ਸਤਲੁਜ ਉਤੇ ਬਣੇ ਹੋਏ ਬੇੜੀਆਂ ਦੇ ਪੁਲ ਨੂੰ ਵੀ ਤੁੜਵਾ ਦਿਤਾ। ਇਸਤਰਾਂ ਖਾਲਸਾ ਫੌਜ ਨੂੰ ਹੁਣ ਆਪਣੇ ਦੇਸ ਦੀ ਰਖਿਆ ਲਈ ਲੜਕੇ ਮਰ ਜਾਣ ਤੋਂ ਸਿਵਾ ਹੋਰ ਕੋਈ ਚਾਰਾ ਨਾ ਰਿਹਾ। ਪਰ ਓਹ ਲੜੇ ਕਿਸ ਤਰਾਂ? ਲੜਨ ਦਾ ਹੁਕਮ ਦੇਣ ਵਾਲਾ ਸੈਨਾਪਤੀ ਨਹੀਂ ਸੀ ਗੋਲੇ ਬਾਰੂਦ ਬਿਨਾਂ ਤੋਪਾਂ ਬੰਦੂਕਾਂ ਬੰਦ ਪਈਆਂ ਸਨ। ਇਨ ਹੋਣ ਪਰ ਵੀ ਓਹ ਨਿਰਾਸ ਨਾ ਹੋਏ। ਓਨਾਂ ਨੇ ਬ੍ਰਿਧ ਸਰਦਾਰ ਸ਼ਾਮ ਸਿੰਘ ਦੇ ਹੁਕਮ ਨਾਲ ਅਪਣੀ ਚਿਰਦੀ ਸਾਥਣ ਕ੍ਰਿਪਾਨ (ਤਲਵਾਰ) ਦਾ ਸਹਾਰਾ ਲਿਆ। ਪਰ ਕ੍ਰਿਪਾਨ ਤੋਪਾਂ ਦੇ ਗੋਲਿਆਂ ਦੇ ਸਾਹਮਣੇ ਕਦ ਠੈਹਰ ਸਕਦੀ ਸੀ ਕਰੀਬ ਅੱਠ ਹਜ਼ਾਰ ਸਿਖ ਓਸ ਦਿਨ ਸ਼ਹੀਦ ਹੋਕੇ ਸੁਰਗ ਨੂੰ ਗਏ। ਪਰ ਓਨਾਂ ਬਹਾਦਰ ਸਿਖਾਂ ਨੇ ਅੰਗ੍ਰੇਜ਼ੀ ਫੌਜ ਦੇ ਘੇਰੇ ਵਿਚ ਪੈਕੇ ਵੀ ਮਾਫੀ ਨਾ ਮੰਗੀ। ਇਸਤਰਾਂ ਨਾਲ ਇਤਿਹਾਸ ਪ੍ਰਸਿਧ ਸਭਰਾਵਾਂ ਦੀ ਲੜਾਈ ਹੋਈ ਤੇ ਲੜਾਈ ਦੀ ਸਮਾਪਤੀ ਦੇ ਨਾਲ ੨ ਪੰਜਾਬ ਦੀ ਆਜ਼ਾਦੀ ਦੀ ਵੀ ਸਮਾਪਤੀ ਹੋ ਗਈ। ਇਸ ਲੜਾਈ ਵਿਚ ਅੰਗ੍ਰੇਜ਼ਾਂ ਦੇ ਦੋ ਹਜ਼ਾਰ ਚਾਰ ਸੌ ਤ੍ਰਿਆਸੀ ਮਨੁਖ ਮਰੇ।

ਸੁਲਹ ਤੇ ਨਵਾਂ ਪ੍ਰਬੰਧ

"ਮਿੱਠਾ ਬੋਲੀਂ ਸ਼ਤ੍ਰੂ ਸੰਗ ਧਰ ਵਿਚ ਦਿਲਦੇ ਵੈਰ।
ਰੋਵੀਂ ਫਿਰ ਸਿਰ ਵੱਢਕੇ ਬਣ ਜਾਵੀਂ ਨਿਰਵੈਰ॥"
(ਨੀਤੀ ਰਤਨਾਕਰ)

ਸਭਰਾਵਾਂ ਦੀ ਲੜਾਈ ਦੇ ਪਿਛੋਂ ਅੰਗ੍ਰੇਜ਼ ਵੇਹਿਕਰ ਟਿਕੇ ਬੈਠੇ ਨਾ ਰਹੇ। ਕੁਝ ਦਿਨ ਆਰਾਮ ਕਰਨ ਪਿਛੋਂ ਅੰਗ੍ਰੇਜ਼ੀ ਫੌਜ ਸਤਲੁਜ ਦੇ ਉਰਵਾਰ ਲੰਘੀ। ਬਾਕੀ ਫੌਜ ਲੈਕੇ ਲਾਰਡ ਹਾਰਡਿੰਗ ਨੇ ਵੀ ਉਸਦੇ ਪਿਛੇ ੨ ਕੂਚ ਕੀਤਾ ਤਿੰਨਾਂ ਦਿਨਾਂ ਵਿਚ ਕਸੂਰ ਪਹੁੰਚਕੇ ੨੦ ਫਰਵਰੀ ਸਨ੧੮੪੬ ਵਾਲੇ ਦਿਨ ਹੇਠ ਲਿਖਿਆ ਐਲਾਨ ਗਵਰਨਰ ਜਨਰਲ ਨੇ ਕਢਿਆ:—"ਅੰਗ੍ਰੇਜ਼ਾਂ ਦਾ ਖਿਆਲ ਪੰਜਾਬ ਨੂੰ ਅਪਣੇ ਰਾਜ ਵਿਚ ਮਿਲਾਣ ਦਾ ਨਹੀਂ। ਪਰ ਕਿਉਂਕਿ ਸਿਖਾਂ ਨੇ ਸੁਲਾਹ ਤੋੜੀ ਹੈ ਇਸ ਲਈ ਉਨਾਂ ਨੂੰ ਸਜ਼ਾ ਦੇਣ ਵਾਸਤੇ ਪੰਜਾਬ ਅੰਗ੍ਰੇਜ਼ਾਂ ਦੇ ਹਥ ਵਿਚ ਰਹੇਗਾ। ਅਗੋਂ ਨੂੰ ਸ਼ਾਂਤੀ ਰਖਣ ਤਥਾ ਲੜਾਈ ਦਾ ਹਰਜਾਨਾ ਵਸੂਲ ਕਰਨ ਲਈ ਸਿਖ ਰਾਜ ਦੇ ਕਈ ਇਲਾਕੇ ਅੰਗ੍ਰੇਜ਼ਾਂ ਦੇ ਅਧੀਨ ਰਹਿਣਗੇ। ਭਾਵੇਂ ਲਾਹੌਰ ਦਰਬਾਰਨੂੰ ਵੀ ਸੁਲਾਹ ਤੋੜਨ ਦੀ ਪੂਰੀ ਸਜ਼ਾ ਮਿਲਣੀ ਚਾਹੀਦੀ ਹੈ ਪਰ ਲਾਟ ਸਾਹਿਬ ਦਰਬਾਰ ਤੇ ਸਰਦਾਰਾਂ ਨੂੰ ਅਪਣੇ ਰਾਜ ਦੇ ਸੁਧਾਰਨ ਦਾ ਮੌਕਾ ਦੇਣਾ ਚਾਹੁੰਦੇ ਹਨ। ਦਰਬਾਰ ਦੇ ਸਰਦਾਰਾਂ ਦੀ ਸਹਾਇਤਾ ਨਾਲ ਅੰਗ੍ਰੇਜ਼ਾਂ ਦੇ ਪਰਮ ਮਿਤ੍ਰ ਮਹਾਰਾਜਾ ਰਣਜੀਤ ਸਿੰਘਦੇ ਪੁਤ੍ਰ ਦੀ ਅਧੀਨਤਾ ਵਿਚ ਹੀ ਨਿਰਦੋਸ਼ ਸਿਖ ਰਾਜ ਨੂੰ ਕਾਇਮ ਰਖਣ ਦੀ ਉਨਾਂ ਦੀ ਭਾਰੀ ਇਛਾ ਹੈ। ਪਰ ਜੇ ਸਿਖ ਕੌਮ ਨੂੰ ਰਾਜਦ੍ਰੋਹ ਤੋਂ ਬਚਣਦਾ ਇਹ ਨਵਾਂ ਉਪਾ ਮਨਜ਼ੂਰ ਨਾ ਹੋਯਾ ਤੇ ਅੰਗ੍ਰੇਜ਼

ਨਾਲ ਮੁੜਕੇ ਲੜਾਈ ਕਰਨ ਦੀ ਤਿਆਰੀ ਕੀਤੀ ਗਈ ਤੇ ਜਿਸ ਢੰਗ ਨਾਲ ਪੰਜਾਬ ਦੀ ਹਕੂਮਤ ਕਰਨ ਵਿਚ ਅੰਗ੍ਰੇਜ਼ ਦੀ ਭਲਾਈ ਹੋਵੇਗੀ ਉਸੇ ਢੰਗ ਨਾਲ ਲਾਟ ਸਾਹਿਬ ਹਕੂਮਤ ਦਾ ਪ੍ਰਬੰਧ ਕਰਨਗੇ।

ਇਹ ਇਸ਼ਤਿਹਾਰ ਕਾਹਦਾ ਸੀ ਸਾਡੇ ਪੰਜਾਬ ਵਾਸੀਆਂ ਉਤੇ ਜਿਵੇਂ ਖੌਲ ਦੇ ਬਿਜਲੀ ਪਈ। ਉਹ ਇਸ ਇਸ਼ਤਿਹਾਰ ਨੂੰ ਪੜ੍ਹਦਿਆਂ ਸਾਰ ਭੌਚਕ-ਰਹ ਗਏ। ਉਨ੍ਹਾਂ ਨੂੰ ਇਹ ਆਸ ਨਹੀਂ ਸੀ ਕਿ ਸਭਰਾਵਾਂ ਦੀ ਲੜਾਈ ਦੇ ਹੁੰਦਿਆਂ ਹੀ ਅੰਗ੍ਰੇਜ਼ ਇਸ ਤਰਾਂ ਪੰਜਾਬ ਵਿਚ ਆ ਜਾਣਗੇ। ਜਿਨ੍ਹਾਂ ਸ੍ਵਾਰਥੀ ਸਰਦਾਰਾਂ ਨੇ ਵਿਸ਼ਵਾਸਘਾਤ ਕਰਕੇ ਇਹ ਦਿਨ ਲਿਆਂਦਾ ਸੀ ਉਹ ਵੀ ਹੁਣ ਪਛਤਾਣ ਲੱਗੇ ਤੇ ਸੋਚਣ ਲੱਗੇ ਕਿ ਹੁਣ ਕਿਸ ਤਰਾਂ ਅੰਗ੍ਰੇਜ਼ਾਂ ਨੂੰ ਲਾਹੌਰ ਵੜਨੋਂ ਰੋਕੀਏ। ਇਸ ਤਰਾਂ ਦੀਆਂ ਕੋਸ਼ਸ਼ਾਂ ਕਰਨ ਵਿਚ ਜੰਮੂ ਦਾ ਰਾਜਾ ਗੁਲਾਬ ਸਿੰਘ ਪ੍ਰਧਾਨ ਸੀ। ਉਹ ਰੋਂਦਾ ਝਖਦਾ ਹੋਇਆ ਕਸੂਰ ਵਿਚ ਲਾਟ ਹਾਰਡਿੰਗ ਦੇ ਪਾਸ ਗਿਆ ਤੇ ਉਸਨੇ ਪੰਜਾਬ ਵਿਚ ਨਾ ਵੜਨ ਦੀ ਬੇਨਤੀ ਕੀਤੀ। ਪਰ ਲਾਟ ਸਾਹਿਬ ਨੇ ਉਸਦੀ ਇਕ ਨਾ ਸੁਣੀ। ਕੇਵਲ ਗੁਲਾਬ ਸਿੰਘ ਨੇ ਇਹ ਸੋਚਿਆ ਕਿ ਜੇਕਰ ਬਾਲਕ ਦਲੀਪ ਸਿੰਘ ਨੂੰ ਲਾਟ ਸਾਹਿਬ ਦੇ ਪਾਸ ਲਿਆਂਦਾ ਜਾਵੇ ਤਾਂ ਸ਼ਾਇਦ ਉਸਦਾ ਦਿਲ ਪਸੀਜ ਜਾਵੇ। ਇਹ ਸੋਚਕੇ ਗੁਲਾਬ ਸਿੰਘ ਤੇ ਹੋਰ ਕਈ ਸਰਦਾਰ ਬਾਲਕ ਮਹਾਰਾਜੇ ਨੂੰ ਲਾਟ ਸਾਹਿਬ ਦੇ ਪਾਸ ਲੈ ਗਏ। ਲਾਟ ਸਾਹਿਬ ਨੇ ਮਹਾਰਾਜੇ ਦਲੀਪ ਸਿੰਘ ਤਥਾ ਸਿਖ ਸਰਦਾਰਾਂ ਦਾ ਆਦਰਭਾਉ ਕੀਤਾ ਤੇ ਕਿਹਾ—"ਪੰਜਾਬ ਨੂੰ ਅੰਗ੍ਰੇਜ਼ੀ ਰਾਜ ਵਿਚ ਮਿਲਾ ਲੈਣ ਦੀ ਸਾਡੀ ਮਰਜ਼ੀ ਨਹੀਂ

ਰਾਜਾ ਦਲੀਪ ਸਿੰਘ ਅਪਣੇ ਪਿਤੀ ਰਾਜ ਉੱਤੇ ਬਣੇ ਜਿਹੜੇ ਦਰਿਆ ਬਿਆਸ ਤੇ ਸਤਲੁਜ ਦੇ ਵਿਚਕਾਰਲਾ ਦੇਸ਼ ਤੇ ਡੇਢ ਕ੍ਰੋੜ ਰੁਪਯਾ ਜੰਗ ਦੇ ਹਰਜਾਨੇ ਵਜੋਂ ਦੇਣਾ ਪਵੇਗਾ। ਨਾਲੇ ਇਹ ਸ਼ਰਤਾਂ ਲਾਹੌਰ ਰਹਿਕੇ ਹੀ ਪੱਕੀਆਂ ਕੀਤੀਆਂ ਜਾਣਗੀਆਂ ਹੋਰ ਕਿਸੇ ਜਗ੍ਹਾ ਉੱਤੇ ਨਹੀਂ"।

ਲਾਚਾਰ ਮਹਾਰਾਜਾ ਦਲੀਪ ਸਿੰਘ ਨੂੰ ਸਣੇ ਵਜ਼ੀਰ ਗੁਲਾਬ ਸਿੰਘ ਸਿਖ ਤੇ ਸਰਦਾਰਾਂ ਦੇ ਵਾਪਸ ਲਾਹੌਰ ਮੁੜਨਾ ਪਿਆ।

ਸਨ ੧੮੪੬ ਈ: ਦੀ ੨੦ ਫਰਵਰੀ ਨੂੰ ਵਿਜਈ ਅੰਗ੍ਰੇਜ਼ ਲਾਹੌਰ ਆ ਪਹੁੰਚੇ। ਅਪਣੇ ਪਿਤਾ ਮਹਾਰਾਜਾ ਰਣਜੀਤ ਸਿੰਘ ਦੇ ਸਿੰਘਾਸਨ ਉੱਤੇ ਬਾਲਕ ਦਲੀਪ ਸਿੰਘ ਨੂੰ ਮੁੜਕੇ ਬਿਠਾਯਾ ਗਿਆ* ਬਾਲਕ ਦਲੀਪ ਸਿੰਘ ਨੂੰ ਮੁੜਕੇ ਗੱਦੀ ਉੱਤੇ ਬਿਠਾਲਣ ਤੋਂ ਲਾਹੌਰਵਾਸੀ ਜਾਣ ਗਏ ਕਿ

---

*ਲਾਰਡ ਹਾਰਡਿੰਜ ਨੇ ਦਲੀਪ ਸਿੰਘ ਨੂੰ ਰਾਜ ਸਿੰਘਾਸਨ ਉੱਤੇ ਬੈਠਾਕੇ ਦੂਜੇ ਦਿਨ ਵੱਡਾ ਭਾਰੀ ਦਰਬਾਰ ਕੀਤਾ। ਦਰਬਾਰ ਦੇ ਸਮੇਂ ਲਾਰਡ ਹਾਰਡਿੰਜ ਨੇ ਕੋਹਨੂਰ ਹੀਰਾ ਵੇਖਣ ਦੀ ਇੱਛਾ ਪ੍ਰਗਟ ਕੀਤੀ। ਗੁਲਾਬ ਸਿੰਘ ਖੁਦ ਉਸ ਹੀਰੇ ਨੂੰ ਵਿਖਾਣ ਲਈ ਲੈ ਆਯਾ। ਲਾਰਡ ਹਾਰਡਿੰਜ ਉਸ ਹੀਰੇ ਨੂੰ ਵੇਖ ਬਹੁਤ ਪ੍ਰਸੰਨ ਹੋਯਾ ਤੇ ਉਸਨੇ ਅਪਣੇ ਹਥਾਂ ਨਾਲ ਸਾਰੇ ਅੰਗ੍ਰੇਜ਼ ਅਫਸਰਾਂ ਨੂੰ ਵਿਖਾਯਾ ਤੇ ਗੁਲਾਬ ਸਿੰਘ ਨੂੰ ਉਸਨੇ ਮੋੜ ਦਿਤਾ। ਸਭਰਾਵਾਂ ਯੁਧ ਦੀ ਫਤੇ ਦੇ ਬਦਲੇ ਸਰ ਹੈਨਰੀ ਹਾਰਡਿੰਜ ਤੇ ਪ੍ਰਧਾਨ ਸੈਨਾਪਤੀ ਹਯੂ ਗਫ ਨੂੰ ਲਾਰਡ ਦਾ ਖ਼ਿਤਾਬ ਮਿਲਿਆ।

ਹੁਣ ਪੰਜਾਬ ਪੈਹਲਾਂ ਵਾਂਗ ਨਹੀਂ ਰਿਹਾ। ਵਿਜਈ ਅੰਗ੍ਰੇਜ਼ ਨੇ ਇਹ ਰਾਜ ਬਾਲਕ ਦਲੀਪ ਸਿੰਘ ਨੂੰ ਭਿਛਿਆ ਦੇ ਦਿਤਾ ਹੈ। ਲਾਹੌਰ ਪਹੁੰਚਕੇ ਅੰਗ੍ਰੇਜ਼ਾਂ ਨੇ ਇਸਤਰਾਂ ਦਾ ਰੰਗ ਢੰਗ ਵਿਖਾਯਾ ਜਿਸਤੋਂ ਲੋਕ ਸਮਝਣ ਲੱਗੇ ਕਿ ਇਨਾਂ ਨੇ ਵਡੀ ਕ੍ਰਿਪਾ ਕੀਤੀ ਹੈ ਜੋ ਸਿਖ ਰਾਜ ਨੂੰ ਅੰਗ੍ਰੇਜ਼ੀ ਰਾਜ ਵਿਚ ਨਹੀਂ ਮਿਲਾਯਾ। ਪਰ ਲਾਰਡਹਾਰਡਿੰਜ ਦੂਰੰਦੇਸ਼ ਤੇ ਉਦਾਰ ਦਿਲ ਮਨੁਖ ਸੀ। ਉਸਨੇ ਪੰਜਾਬ ਨੂੰ ਅੰਗ੍ਰੇਜ਼ੀ ਰਾਜਦੇ ਨਾਲ ਨਾ ਮਿਲਾਣ ਵਿਚ ਵਡੀ ਦੂਰੰਦੇਸੀ ਸੋਚੀ ਸੀ। ਉਸ ਵੇਲੇ ਅਮ੍ਰਿਤਸਰ ਵਲ ੨੦ ਹਜਾਰ ਖਾਲਸਾ ਫੌਜ ਤਿਆਰ ਬੈਠੀ ਸੀ। ਸਭਰਾਵਾਂ ਦੀ ਲੜਾਈ ਵਿਚ ਹਾਰ ਹੋਣ ਕਰਕੇ ਉਹ ਬਹੁਤ ਜੋਸ਼ ਵਿਚ ਸੀ। ਇਸ ਲਈ ਉਸ ਵੇਲੇ ਦੂਰੰਦੇਸ਼ੀ ਨਾਲ ਹੀ ਪੰਜਾਬ ਵਿਚ ਸ਼ਾਂਤੀ ਕਾਇਮ ਰੱਖ ਸਕੀਦੀ ਸੀ। ਇਸ ਵੇਲੇ ਵੀ ਜੇਕਰ ਕੋਈ ਮਨੁਖ ਢੰਗ ਨਾਲ ਸਿਖ ਫੌਜ ਨੂੰ ਚਲਾਉਂਦਾ ਤਾਂ ਸਿਖਫੌਜ ਅਪਣੇ ਅਪਮਾਨ ਦਾ ਬਦਲਾ ਲੈਣ ਲਈ ਤਿਆਰ ਹੋ ਜਾਂਦੀ। ਸੋ ਇਹ ਸੋਚ ਸਮਝ ਕੇ ਹੀ ਲਾਰਡ ਹਾਰਡਿੰਜ ਨੇ ਪੰਜਾਬ ਨੂੰ ਅੰਗ੍ਰੇਜ਼ੀ ਰਾਜਦੇ ਨਾਲ ਸ਼ਾਮਿਲ ਨਾ ਕੀਤਾ। ਕਿਉਂਕਿ ਲਾਰਡ ਹਾਰਡਿੰਜ ਨੇ ਵੇਖਿਆ ਕਿ ਸਿਰਫ ਪੰਜਾਬ ਨੂੰ ਅੰਗ੍ਰੇਜ਼ੀ ਰਾਜ ਵਿਚ ਮਿਲਾ ਲੈਣ ਨਾਲ ਹੀ ਕੰਮ ਨਹੀਂ ਚਲ ਸਕਦਾ। ਕੰਮ ਉਹ ਕਰਨਾ ਚਾਹੀਦਾ ਹੈ ਕਿ ਜਿਸ ਨਾਲ ਖਾਲਸਾ ਫੌਜ ਬਲਹੀਨ ਹੋ ਜਾਵੇ। ਕਿਉਂਕਿ ਖਾਲਸਾ ਫੌਜ ਦੇ ਕਾਰਣ ਅੰਗ੍ਰੇਜ਼ਾਂ ਨੂੰ ਇਤਨਾ ਨੁਕਸਾਨ ਉਠਾਣਾ ਪਿਆ ਉਸਨੂੰ ਕਮਜੋਰ ਕੀਤੇ ਬਿਨਾ ਅੱਗੇ ਨੂੰ ਪੰਜਾਬ ਦਾ ਚੰਗੀਤਰਾਂ ਅੰਗ੍ਰੇਜ਼ਾਂ ਦੇ ਹਥ ਵਿਚ ਕਾਨੂ ਰਹਿਣਾ ਅਸੰਭਵ ਸੀ। ਸੋ ਲਾਹੌਰ ਦਰਬਾਰ ਦੇ ਕੁ

ਰਮਚਾਰੀ ਵੀ ਲਾਰਡ ਹਾਰਡਿੰਗ ਦੇ ਇਸ ਕੰਮ ਵਿਚ ਹਾਇਕ ਰਹੇ* ਸੁਲਾਹ ਦੀਆਂ ਸ਼ਰਤਾਂ ਅਨੁਸਾਰ ਲਾਹੌਰ ਰਬਾਰ ਨੂੰ ਸਿਰਫ ੨੦ ਹਜਾਰ ਪੈਦਲ ਤੇ ੧੨ ਹਜਾਰ ਕ ਸਵਾਰ ਫੌਜ ਨਾਲੋਂ ਵਧ ਰੱਖਣ ਦੀ ਤਾਕਤ ਜਾਂਦੀ ਹੀ। ਬਾਕੀ ਫੌਜ ਨੂੰ ਉਸਦਾ ਹਿਸਾਬ ਦੇਕੇ ਰੁਖਸਤ ਕੀਤਾ ਗਿਆ। ਲਾਹੌਰ ਦਰਬਾਰ ਦੀਆਂ ਬਾਕੀ ਤੋਪਾਂ ਵੀ ਗ੍ਰੇਜ਼ਾਂ ਨੇ ਕਾਬੂ ਕੀਤੀਆਂ ਜਿਨਾਂ ਦੀ ਗਿਣਤੀ ਰੀਬ ੨੦੦ ਸੀ। ਅਗੇ ਨੂੰ ਲਾਹੌਰ ਦਰਬਾਰ ੩੦ ਤੋਪਾਂ ਵਧ ਨਾ ਰਖਣ ਦੀ ਕੈਦ ਵਿਚ ਆ ਗਿਆ। ਲੁਲਿਆਨੀ (ਕਸੂਰ) ਵਿਚ ਪੈਹਲੋਂ ਹੀ ਇਸਤਰਾਂ ਦੀ ਸੁਲਹ ਬਾਬਤ ਲ ਬਾਤ ਹੋ ਚੁਕੀ ਸੀ। ਸੋ ਮਾਰਚ ਦੀ ੯ ਸਨ ੧੮੪੬ ਨੂੰ ਲਾਹੌਰ ਦਰਬਾਰ ਤੇ ਅੰਗ੍ਰੇਜ਼ਾਂ ਦੀ ਪੈਹਲੀ ਸੁਲਹ ਹੋਈ। ਇਸਦੇ ਅਨੁਸਾਰ ਲਾਹੌਰ ਦਰਬਾਰ ਨੂੰ ਸਤਲੁਜ ਤੇ ਬਿਆਸ ਦੇ ਵਿਚਕਾਰ ਵਾਲਾ (ਦੁਆਬਾ) ਦੇਸ ਹਮੇਸ਼ਾ ਲਈ ਛਡਣਾ ਪਿਆ। ਲੜਾਈ ਦਾ ਹਰਜਾਨਾ ਡੇਢ ਕਰੋੜ ਰੁਪਣਾ ਦੇਣੋਂ

---

*ਉਰਦੂ ਦੇ ਇਤਿਹਾਸ ਲੇਖਕਾਂ ਨੇ ਇਹ ਲਿਖਿਆ ਹੈ ਕਿ ਮਹਾਰਾਣੀ ਜਿੰਦਾਂ ਅਪਣੇ ਭਰਾ ਜਵਾਹਰ ਸਿੰਘ ਦੇ ਮਾਰੇ ਜਾਣ ਤੋਂ ਬਹੁਤ ਦੁਖੀ ਸੀ ਤੇ ਉਸਨੇ ਲਾਲ ਸਿੰਘ ਨੂੰ ਖਾਲਸਾ ਫੌਜ ਦਾ ਨਾਸ ਕਰਨ ਦੀ ਸਲਾਹ ਦਿਤੀ ਸੀ। ਉਸੇ ਦੀ ਸਲਾਹ ਨਾਲ ਤੇਜਾ ਸਿੰਘ ਨੇ ਫੌਜ ਨੂੰ ਬਰੂਦ ਸਿਕਾ ਨਾ ਦਿਤਾ। ਪਤਾ ਨਹੀਂ ਇਹ ਕਿਥੋਂ ਤਕ ਸਚ ਹੈ। ਕਈ ਲੇਖਕਾਂ ਨੇ ਤਾਂ ਮਹਾਰਾਣੀ ਤੇ ਲਾਲ ਸਿੰਘ ਦਾ ਅਯੋਗ ਸਬੰਧ ਹੋਣਾ ਭੀ ਦਸਿਆ ਹੈ।

ਅਸਮਰਥ ਹੋਣ ਕਰਕੇ ਇਕ ਕਰੋੜ ਦੇ ਬਦਲੇ ਸਿਖ
ਹਜਾਰਾ ਸਣੇ ਕਸ਼ਮੀਰ ਦੇ ਅੰਗ੍ਰੇਜ਼ਾਂ ਦੀ ਭੇਟਾ ਕੀਤਾ ਗਿਆ
ਬਾਕੀ ੫੦ ਲਖ ਰੁਪਯਾ ਲਾਹੌਰ ਦਰਬਾਰ ਨੇ ਕੁਝ ਦਿਨ
ਪਿਛੋਂ ਦੇਣਦਾ ਵਾਇਦਾ ਕਰ ਲਿਆ । ਭਾਵੇਂ ਅੰਗ੍ਰੇਜ਼ਾਂ ਨੇ
ਪੰਜਾਬ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਨਾ ਦੇਣ ਦਾ
ਪ੍ਰਤਿਗਯਾ ਕੀਤੀ ਸੀ, ਪਰ ਸੰਧੀ ਦੀਆਂ ਸ਼ਰਤਾਂ ਵਿਚ ਇਹ ਤੈ
ਹੋਗਿਆ ਸੀ ਕਿ ਲੋੜ ਅਨੁਸਾਰ ਲਾਹੌਰ ਦਰਬਾਰ ਨੂੰ ਸਮੇਂ
ਸਮੇਂ ਸਿਰ ਗਵਰਨਰ ਜਨਰਲ ਸਲਾਹ ਦਿਤਾ ਕਰੇਗਾ।
ਇਹ ਵੀ ਤੈ ਹੋਯਾ ਕਿ ਲਾਹੌਰ ਵਿਚ ਅੰਗ੍ਰੇਜ਼ੀ ਫੌਜ ਇਕ
ਵਰਹਾ ਤਕ ਰਹੇਗੀ ਤੇ ਉਸਦਾ ਖਰਚ ਲਾਹੌਰ ਦਰਬਾਰ
ਦੇਵੇਗਾ ।ਲਾਹੌਰ ਵਿਚ ਅੰਗ੍ਰੇਜ਼ੀ ਫੌਜ ਦੇ ਹੁੰਦੇ ਸਿਖ ਫੌਜ
ਨਹੀਂ ਰਹੇਗੀ ।

ਅਸੀਂ ਉਪਰ ਦਸ ਆਏ ਹਾਂ ਕਿ ਲਾਹੌਰ ਦਰਬਾਰ
ਦੇ ਸਿਰ ਅੰਗ੍ਰੇਜ਼ਾਂ ਦੇ ਲੜਾਈ ਦੇ ਹਰਜਾਨੇ ਵਿਚੋਂ ੫੦ ਲੱਖ
ਰੁਪਯਾ ਦੇਣਾ ਬਾਕੀ ਸੀ । ਪਰ ਲਾਹੌਰ ਦਰਬਾਰ ਦੇ ਖਜਾਨੇ
ਵਿਚ ਉਸ ਵੇਲੇ ਇੰਨਾ ਰੁਪਯਾ ਨਹੀਂ ਸੀ । ਸੋ ਉਸਨੇ ਪੰਜਾਬ
ਦੇ ਸਰਦਾਰਾਂ ਪਾਸੋਂ ਇਹ ਰੁਪਯਾ ਅਕੱਠਾ ਕਰਕੇ ਦੇਣ ਦਾ
ਨਿਸਚਾ ਕੀਤਾ । ਉਸ ਵੇਲੇ ਦੇ ਕਈ ਸਰਦਾਰਾਂ ਨੇ ਵੀ ਰੁਪਯਾ
ਦੇਣੋਂ ਅਸਮਰਥਤਾ ਪ੍ਰਗਟ ਕੀਤੀ । ਉਨ੍ਹਾਂ ਨੇ ਕਿਹਾ ਇਸ
ਵੇਲੇ ਸਾਡੇ ਪਾਸ ਕੁਝ ਨਹੀਂ । ਸਾਡੀ ਸਾਰੀ ਜਾਇਦਾਤ ਨਸ਼ਟ
ਹੋ ਗਈ ਹੈ । ਪਰ ਐਸੇ ਵੀ ਕਈ ਸਰਦਾਰ ਨਿਕਲੇ ਜਿਨ੍ਹਾਂ ਨੇ
ਲਾਹੌਰ ਦਰਬਾਰ ਦੀ ਭਲਾਈ ਲਈ ਬਿਨਾ ਕਿਸੇ ਨਾਂਹ ਦੇ
ਰੁਪਯਾ ਕੱਢਕੇ ਦੇ ਦਿਤਾ । ਐਸੇ ਸਰਦਾਰਾਂ ਵਿਚੋਂ ਅਟਾਰੀ ਦਾ
ਸਰਦਾਰ ਚਤਰ ਸਿੰਘ ਮੁਖੀ ਸੀ । ਇਸਤਰਾਂ ਲਾਹੌਰ ਦਰ

ਤੇ ਲੈ ਅੰਗ੍ਰੇਜ਼ਾਂ ਦਾ ਓਹ ਰੁਪਯਾ ਵੀ ਪੂਰਾ ਕਰ ਹੀ ਦਿਤਾ।

ਇਸ ਪ੍ਰਕਾਰ ਲਾਰਡ ਹਾਰਡਿੰਗਦਾ ਆਰਜ਼ੀ ਸਕੀਮ ਪੂਰਾ ਹੋ ਗਿਆ ਤੇ ਸਿਖ ਰਾਜ ਦੀ ਨਵੇਂ ਸਿਰੇ ਸਥਾਪਨਾ ਹੋਈ। ਮਹਾਰਾਣੀ ਜਿੰਦਾਂ ਦਾ ਪੁਤ੍ਰ ਮਹਾਰਾਜਾ ਦਲੀਪ ਸਿੰਘ ਫੇਰ ਸਿੰਘਾਸਨ ਉਤੇ ਬੈਠਾ। ਪਰ ਮਹਾਰਾਣੀ ਜਿੰਦਾਂ ਸਿਖ ਫ਼ੌਜ ਦੇ ਪਹਿਲੇ ਉਪਦ੍ਰਵਾਂ ਨੂੰ ਭੁਲੀ ਨਹੀਂ ਸੀ। ਇਸ ਲਈ ਉਸਨੇ ਗਵਰਨਰ ਜਨਰਲ ਪਾਸ ਬੇਨਤੀ ਕੀਤੀ ਕਿ:—

"ਮੈਨੂੰ ਤੇ ਮੇਰੇ ਪੁਤ੍ਰ ਨੂੰ ਪੰਜਾਬ ਵਿਚ ਸਿਖਾਂ ਦੇ ਵਸ ਵਿਚ ਰੱਖਣ ਨਾਲੋਂ ਅੰਗ੍ਰੇਜ਼ੀ ਕੈਦ ਵਿਚ ਰੱਖਣਾ ਯਾ ਆਪਣੇ ਨਾਲ ਗਵਰਨਮੈਂਟ ਹਾਊਸ ਲੈ ਜਾਣਾ ਸਾਡੇ ਲਈ ਚੰਗਾ ਹੈ" ਇਸਦੇ ਪਿਛੋਂ ਬਾਲਕ ਮਹਾਰਾਜਾ ਦਲੀਪ ਸਿੰਘ ਦੇ ਦਸਤ-ਖਤਾਂ ਵਾਲੀ ਇਕ ਚਿਠੀ ਰਾਮ ਸਿੰਘ, ਰਾਜਾ ਲਾਲ ਸਿੰਘ ਤੇਜਾ ਸਿੰਘ, ਦੀਵਾਨ ਦੀਨਾਨਾਥ ਤੇ ਮੀਆਂ ਫ਼ਕੀਰ ਦੀਨ ਦੀ ਰਾਹੀਂ ਗਵਰਨਰ ਜਨਰਲ ਦੇ ਪਾਸ ਭੇਜੀ ਗਈ। ਜਿਸਦਾ ਮਤਲਬ ਇਹ ਸੀ ਕਿ ਲਾਹੌਰ ਦਰਬਾਰ ਦੇ ਇਸ ਨਵੇਂ ਪ੍ਰਬੰਧ ਵਿਚ ਕੋਈ ਗੜਬੜ ਨਾ ਪਵੇ ਇਸਦਾ ਕੋਈ ਉਪਾਉ ਜ਼ਰੂਰ ਹੋਣਾ ਚਾਹੀਦਾ ਹੈ। ਜਿਸਦੀ ਬਾਬਤ ਸਾਡੀ ਇਹ ਰਾਇ ਹੈ ਕਿ ਕੁਝ ਦਿਨਾਂ ਲਈ ਅੰਗ੍ਰੇਜ਼ੀ ਫ਼ੌਜ ਦਰਬਾਰ ਦੀ ਰਖਯਾ ਲਈ ਇਥੇ ਰਹੇ। ਕਹਿਣ ਦੀ ਲੋੜ ਨਹੀਂ ਕਿ ਗਵਰਨਰ ਜਨਰਲ ਲਾਰਡ ਹਾਰਡਿੰਗ ਨੇ ਮਹਾਰਾਣੀ ਤੇ ਦਰਬਾਰ ਦੇ ਸਾਰੇ ਸਰਦਾਰਾਂ ਦੀ ਇਹ ਗੱਲ ਮਨਜ਼ੂਰ ਕਰ ਲਈ।

"ਅੰਨ੍ਹਿਆਂ ਤੈਨੂੰ ਕੀ ਚਾਹੀਦਾ ਹੈ ? ਜੀ ਦੋ ਅੱਖਾਂ"

ਮਾਰਚ ਦੀ ੮ ਤਾਰੀਖ ਨੂੰ ਸ਼ਾਮ ਦੇ ਚਾਰ ਵਜੇ ਲਾਰਡ ਹਾਰਡਿੰਗ ਦੇ ਤੰਬੂ ਵਿਚ ਇਕ ਸਭਾ ਹੋਈ। ਇਸ ਵਿਚ

ਅੰਗ੍ਰੇਜ਼ਾਂ ਵਲੋਂ ਗਵਰਨਰ ਜਨਰਲ ਪ੍ਰਧਾਨ ਸੈਨਾਪਤੀ ਹੋਰਵੀ ਕਈ ਅਫਸਰ ਸਨ। ਸਿਖਾਂ ਵਲੋਂ ਮਹਾਰਾਜਾ ਦਲੀ ਸਿੰਘ, ਰਾਜਾ ਗੁਲਾਬ ਸਿੰਘ, ਸਰਦਾਰ ਤੇਜਾ ਸਿੰਘ ਹੋਰ ੩੦ ਸਰਦਾਰ ਤਥਾ ਰਾਜਕਰਮਚਾਰੀ ਸਨ। ਲਾਟ ਹਾ ਡਿੰਜ ਨੇ ਸਿਖ ਸਰਦਾਰਾਂ ਤੇ ਰਾਜ ਕਰਮਚਾਰੀਆਂ ਨੂੰ ਕਿਹਾ ਤੁਹਾਡੇ ਅੰਦਰੂਨੀ ਮਾਮਲਿਆਂ ਵਿਚ ਅੰਗ੍ਰੇਜ਼ ਸਰਕਾਰ ਹਥ ਪਾ ਨੂੰ ਤਿਆਰ ਨਹੀਂ। ਲਾਹੌਰ ਤੋਂ ਮੈਂ ਸਾਰੇ ਅੰਗ੍ਰੇਜ਼ੀ ਸਿਪਾ ਹਟਾ ਦੇਣ ਲਈ ਤਿਆਰ ਸਾਂ ਪਰ ਲਾਹੌਰ ਦਰਬਾਰ ਦੇ ਖਾ ਕੈਹਣੇ ਕਰਕੇ ਮੈਂ ਇਥੇ ਅੰਗ੍ਰੇਜ਼ੀ ਫੌਜ ਛੱਡਣ ਲਈ ਰਾਜ਼ ਹੋਯਾ ਹਾਂ। ਇਸ ਸੁਧਾਰੇ ਗਏ ਕੰਮ ਵਿਚ ਕਾਮਯਾਬੀ ਅਥਵ ਅਕਾਮਯਾਬੀ ਪ੍ਰਾਪਤ ਕਰਨੀ ਤੁਹਾਡੇ ਹਥ ਹੈ। ਮੈਂ ਇਸ ਵਿ ਤੁਹਾਡੀ ਮਦਦ ਕਰਨੋਂ ਕੋਈ ਕਸਰ ਨਹੀਂ ਕਰ ਰਿਹਾ। ਜੇਕਰ ਤੁਸਾਂ ਹਕੂਮਤ ਦੇ ਕਿਸੇ ਕੰਮ ਵਿਚ ਕੋਈ ਕਸੂਰ ਕੀਤਾ ਤਾਂ ਅੰਗ੍ਰੇਜ਼ੀ ਸਰਕਾਰ ਸਿਖ ਦਰਬਾਰ ਦੀ ਕਿਸੇਤਰਾਂ ਦੀ ਰਖਯਾ ਕਰਨ ਵਿਚ ਸਮਰਥ ਨਹੀਂ ਹੋਵੇਗੀ। ਜੇਕਰ ਸਿਖ ਦਰਬਾਰ ਚੰਗੀਤਰਾਂ ਰਾਜ ਕਾਜ ਤੋਰੇਗਾ ਤੇ ਸੁਲਹ ਦੀਆਂ ਸ਼ਰਤਾਂ ਵਲੋਂ ਮੂੰਹ ਨਹੀਂ ਮੋੜੇਗਾ ਤਾਂ ਉਸਦੀ ਅਜ਼ਾਦੀ ਦੀ ਜ਼ਰੂਰ ਰਖਯਾ ਕੀਤੀ ਜਾਵੇਗੀ। ਚਾਲੀ ਵਰ੍ਹੇ ਹੋਏ ਜਦ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੋਹਾਂ ਸਰਕਾਰਾਂ ਵਿਚ ਮਿਤ੍ਰਤਾ ਹੋਈ ਸੀ। ਮਹਾਰਾਜਾ ਰਣਜੀਤ ਸਿੰਘ ਨੇ ਰਾਜ ਕਰਨ ਦੀ ਅਨੋਖੀ ਤਾਕਤ ਦਾ ਸਬੂਤ ਦਿਤਾ ਸੀ। ਉਸ ਵੇਲੇ ਸਿਖ ਕੌਮ ਸ੍ਵਾਧੀਨ ਤੇ ਸੁਖੀ ਸੀ। ਉਸ ਮਹਾਰਾਜੇ ਦੇ ਪੂਰਨਿਆਂ ਉਤੇ ਤੁਰਨਾ ਤੁਹਾਡੇ ਲਈ ਇਕ ਦ੍ਰਿਸ਼ਟਾਂਤ ਹੈ।

ਦੂਜੇ ਦਿਨ ਲਾਰਡ ਹਾਰਡਿੰਜ, ਪ੍ਰਧਾਨ ਸੈਨਾਪਤੀ

ਹੋਰ ਅੰਗ੍ਰੇਜ਼ ਕਰਮਚਾਰੀਆਂ ਨੇ ਪੰਜਾਬ ਕੇਸਰੀ ਦੇ ਮਹਿਲ
ਰ ਮਹਾਰਾਜਾ ਦਲੀਪ ਸਿੰਘ ਨਾਲ ਮੁਲਾਕਾਤ ਕੀਤੀ।
ਸ ਵੇਲੇ ਦੀਵਾਨ ਦੀਨਾ ਨਾਥ ਨੇ ਗਵਰਨਰ ਜਨਰਲ ਦੀ
ਪਮਾਂ ਵਾਲੀ ਇਕ ਕਵਿਤਾ ਪੜ੍ਹਕੇ ਸੁਣਾਈ। ਉਸ ਕਵਿਤਾ
ਇਹ ਮਤਲਬ ਸੀ:—ਗਵਰਨਰ ਜਨਰਲ ਨੇ ਪੰਜਾਬ
ਸ੍ਵਾਧੀਨਤਾ ਲਈ ਜੋ ਕੁਝ ਕੀਤਾ ਹੈ ਉਸਦੀ ਕ੍ਰਿਤਗ੍ਯਤਾ
ਗਟ ਕਰਨ ਲਈ ਮੈਨੂੰ ਸ਼ਬਦ ਨਹੀਂ ਲਭਦੇ। ਮੂੰਹ ਜ਼ਬਾਨੀ
ਤਗ੍ਯਤਾ ਪ੍ਰਗਟ ਕਰਨੀ ਅਸੰਭਵ ਮਲੂਮ ਹੁੰਦੀ ਹੈ।
ਵਰਨਰ ਨੇ ਦਰਬਾਰ ਤੇ ਬਾਲਕ ਮਹਾਰਾਜਾ ਦੇ ਕੈਹਣੇ
ਰਕੇ ਲਾਹੌਰ ਵਾਸੀਆਂ ਦੀ ਰਖਯਾ ਲਈ ਲਾਹੌਰ ਵਿਚ ਜੋ
ਗ੍ਰੇਜ਼ੀ ਫੌਜ ਰਖੀ ਹੈ ਉਸਦੇ ਲਈ ਅਸੀਂ ਵਡੇ ਕ੍ਰਿਤਗ੍ਯ
ਹਾਂ। ਆਦਿਕ।

ਪਯਾਰੇ ਪਾਠਕ, ਇਸ ਢੰਗ ਨਾਲ ਅੰਗ੍ਰੇਜ਼ ਸਰਕਾਰ
ਨੇ ਸ੍ਵਾਧੀਨ ਸਿਖ ਰਾਜ ਦੀ ਰਖਯਾ ਤਾਂ ਕੀਤੀ ਪਰ ਉਸਦੀ
ਸੰਭਾਲ ਤੇ ਦੇਖ ਰੇਖਦਾ ਭਾਰ ਕਿਸਨੂੰ ਸੌਂਪਿਆ? ਓਸੇ ਕੁਲ
ਕਲੰਕ ਮਿਸਰ ਲਾਲ ਸਿੰਘ ਨੂੰ। ਜਿਸ ਲਾਲ ਸਿੰਘ ਨੇ
ਅੰਗ੍ਰੇਜ਼ਾਂਦੇ ਹਥੋਂ ਸਿਖ ਫੌਜਨੂੰ ਮਰਵਾਯਾਸੀ। ਉਹ ਲਾਲਸਿੰਘ
ਅੰਗ੍ਰੇਜ਼ੀ ਕ੍ਰਿਪਾ ਨਾਲ ਸਿਖ ਰਾਜ ਦਾ ਪ੍ਰਧਾਨ ਵਜ਼ੀਰ
ਬਣਿਆ। ਜੰਮੂ ਦਾ ਰਾਜਾ ਗੁਲਾਬ ਸਿੰਘ ਬਹੁਤ ਦਿਨਾ ਤੋਂ
ਲਾਹੌਰ ਦਰਬਾਰ ਦਾ ਵਜ਼ੀਰ ਬਣਨ ਦੀ ਆਸ ਰੱਖੀ ਬੈਠਾ
ਸੀ, ਪਰ ਖਾਲਸਾ ਫੌਜ ਤੋਂ ਡਰਦੇ ਹੋਏ ਓਸਨੇ ਵਜ਼ੀਰੀ ਨਾ
ਲਈ। ਸੋ ਹੁਣ ਓਸਦਾ ਓਹ ਖਟਕਾ ਭਾਵੇਂ ਦੂਰ ਹੋ ਗਿਆ
ਸੀ, ਪਰ ਉਸਦੀ ਥਾਂ ਲਾਲ ਸਿੰਘ ਵਜ਼ਾਰਤ ਲੁਟ ਬੈਠਾ।
ਇਹ ਗਲ ਉਸਨੂੰ ਬਹੁਤ ਬੁਰੀ ਲੱਗੀ। ਓਸਨੂੰ ਨਰਾਜ਼ ਵੇਖਕੇ

ਅੰਗ੍ਰੇਜ਼ ਵੀ ਘਟ ਵਿਕਰਵੰਦ ਨਾ ਹੋਏ। ਸਿਖਾਂ ਦੀ ਲੜਾ
ਵੇਲੇ ਅੰਗ੍ਰੇਜ਼ ਗੁਲਾਬ ਸਿੰਘ ਦੀ ਤਾਕਤ ਨੂੰ ਜਾਣ ਗਏ ਸ
ਇਸ ਲਈ ਓਨਾਂ ਨੇ ਉਸਨੂੰ(ਗੁਲਾਬ ਸਿੰਘ ਨੂੰ) ਖੁਸ਼ ਕਰ
ਲਈ ੭੨ ਹਜਾਰ ਰੁਪਏ ਪਿਛੇ ਰਾਵੀ ਤੇ ਸਿੰਧ ਦਾ ਵਿਚਕ
ਰਲਾ ਮੁਲਕ (ਕਸ਼ਮੀਰ ਦੇਸ਼) ਵੇਚਕੇ ਉਸਨੂੰ ਸੁਤੰਤ੍ਰ ਰਾ
ਮੰਨ ਲਿਆ। ਇਸਤਰਾਂ ਸ੍ਵਾਧੀਨਤਾ ਹੋਕੇ ਗੁਲਾਬ ਸਿੰ
ਲਾਹੌਰ ਦਰਬਾਰ ਦੀ ਅਧੀਨਗੀ ਤੋਂ ਸਦਾ ਲਈ ਛੁਟਗਿਆ
ਤੇਜਾ ਸਿੰਘ ਸਿਆਲਕੋਟ ਦਾ ਰਾਜਾ ਤੇ ਨਵੀ ਸਿਖ ਫੌਜ ਦ
ਸੈਨਾਪਤੀ ਬਣਿਆ। ਇਸੇਤਰਾਂ ਹੋਰਨਾ ਦੇਸ਼ਧ੍ਰੋਹੀ ਤੇ ਵਿਸਾ
ਘਾਤੀ ਸਰਦਾਰਾਂ ਨੂੰ ਵੀ ਕੁਝ ਨ ਕੁਝ ਇਨਾਮ ਲੱਭਾ ਪ
ਇਸ ਪ੍ਰਬੰਧ ਨਾਲ ਪੰਜਾਬ ਵਿਚ ਸ਼ਾਂਤੀ ਆਈ ਕਿ ਨਹੀਂ
ਇਹ ਅਗੇ ਚਲਕੇ ਵੇਖਣਾ ਹੈ।

ਅਸ਼ਾਂਤੀ ਦਾ ਜਨਮ

"ਖ਼ੂਬਥਾ ਪਹਿਲੇ ਸੇ ਹੋਤੇ ਜੋ ਹਮ ਅਪਨੇ ਬਦਖ਼ੁਵਾਹ,
ਕਿ ਭਲਾ ਚਾਹਤੇ ਹੈਂ ਔਰ ਬੁਰਾ ਹੋਤਾ ਹੈ।"
"ਮਾਂਗਾ ਕਰੇਂਗੇ ਅਬ ਸੇ ਦੁਆ ਹਿਜ੍ਰੇ ਯਾਰ ਕੀ,
ਆਖਿਰ ਤੋ ਦੁਸ਼ਮਨੀ ਹੈ,ਦੁਆ ਕੋ ਅਸਰਕੇ ਸਾਥ।"

ਜਿਸ ਲਾਲ ਸਿੰਘ ਨੇ ਸਿਖ ਯੁਧ ਵਿਚ ਉਰਦੂ ਦੇ
ਕਿਸੇ ਕਵੀ ਦੇ ਇਸ ਕਥਨ ਅਨੁਸਾਰ:—

"ਖੁਦ ਗਲਾ ਕਾਟੂੰ ਅਗਰ ਖੰਜਰ ਇਨਾਯਤ ਕੀਜੀਏ,
ਦੇਖੀਏ, ਦੁਖ ਜਾਏਗੀ ਨਾਜ਼ੁਕ ਕਲਾਈ ਆਪ ਕੀ।"

ਕੰਮ ਕੀਤਾ ਸੀ, ਉਸ ਲਾਲ ਸਿੰਘ ਨੇ ਪੰਜਾਬ ਦੀ
ਵਜ਼ੀਰੀ ਬਹੁਤ ਦਿਨ ਤਕ ਨਾਂ ਭੋਗੀ। ਭਾਵੇਂ ਉਸਨੇ ਅੰਗ੍ਰੇਜ਼ਾਂ

ਖੁਸ਼ ਕਰਨ ਵਿਚ ਕਿਸੇਤਰਾਂ ਦੀ ਕਸਰ ਨਹੀਂ ਰਖੀ ਸੀ ਤ ਅੰਗ੍ਰੇਜ਼ ਵੀ ਛੇਤੀ ਪਛਾਣ ਗਏ ਕਿ ਜੋ ਮਨੁਖ ਦੇਸ਼ਦ੍ਰੋਹੀ ਜੋ ਆਪਣੇ ਦੇਸ ਨਾਲ ਵਿਸਾਹਘਾਤ ਕਰ ਸਕਦਾ ਹੈ, ਕਿਸੇ ਦਾ ਵੀ ਮਿਤ੍ਰ ਨਹੀਂ। ਲਾਲ ਸਿੰਘ ਦੇ ਕੰਮਾਂ ਤੋਂ ਖੁਸ਼ ਨਾ ਹੋਏ। ਅਤੇ ਇਹ ਸਚ ਵੀ ਹੈ ਕਿ ਸਿਖਾਂ ਜੈਸੀ ਾਦਰ ਕੌਮ ਉਤੇ ਹਕੂਮਤ ਕਰਨ ਦੀ ਤਾਕਤ ਤੇ ਲਿਆ- ਤ ਵੀ ਲਾਲ ਸਿੰਘ ਵਿਚ ਨਹੀਂ ਸੀ। ਇਸ ਲਈ ਬਹੁਤ ੀ ਹੀ ਲਾਲ ਸਿੰਘ ਦੇ ਭਾਗਾਂ ਦਾ ਤਾਰਾ ਡੁਬ ਗਿਆ। ਨੇ ਅੰਗ੍ਰੇਜ਼ਾਂ ਨਾਲ ਸਾਜਸ਼ ਕੀਤੀ। ਕਾਰਣ ਇਹ ਸੀ ਕਿ ਗ੍ਰੇਜ਼ਾਂ ਦੀ ਕ੍ਰਿਪਾ ਨਾਲ ਰਾਜਾ ਗੁਲਾਬ ਸਿੰਘ ਨ ਤੰਤ੍ਰ ਰਾਜਾ ਬਣ ਗਿਆ ਸੀ। ਇਹ ਗਲ ਲਾਲ ਸਿੰਘ ਲਾਹੌਰ ਦਰਬਾਰ ਨੂੰ ਬੁਰੀ ਲਗੀ ਕਿਉਂਕਿ ਪਹਿਲਾਂ ਲਾਬ ਸਿੰਘ ਲਾਹੌਰ ਦਰਬਾਰਦੇ ਅਧੀਨਸੀ। ਇਮਾਮਦੀਨ ਮੇਂ ਇਕ ਮੁਸਲਮਾਨ ਨੇ ਕਸ਼ਮੀਰ ਦੇ ਰਾਜੇ ਗੁਲਾਬਸਿੰਘ ਵਿਰੁਧ ਬਲਵਾ ਕਰ ਦਿਤਾ। ਪਰ ਅੰਗ੍ਰੇਜ਼ਾਂ ਦੀ ਮਦਦ ਾਲ ਓਹ ਬਗਾਵਤ ਦਬ ਗਈ। ਇਸ ਬਗਾਵਤ ਵਿਚ ਾਲ ਸਿੰਘ ਦਾ ਹਥ ਸਮਝਿਆ ਗਿਆ ਤੇ ਇਸਦੀ ਪੜਤਾਲ ਇਕ ਕਮੀਸ਼ਨ ਦੀ ਰਾਹੀ ੬੫ ਸਿਖਾਂਦੇ ਸਾਹਮਣੇ ਹੋਈ। ਕਮੀ ਨ ਦਾ ਸਭਾਪਤੀ ਸੀ ਮਿਸਟਰ ਕੋਰੀ। ਸਰਹੈਨਰੀ ਲਾਰੈਂਸ ਜਾਨ ਲਾਰੈਂਸ, ਜਨਰਲ ਲਿਟਲਰ ਤੇ ਕਰਨਲ ਗਾਲਡੀ ਆਦਿ ਉਸਦੇ ਮੈਂਬਰ ਸਨ। ਪੜਤਾਲ ਵਿਚ ਲਾਲ ਸਿੰਘ ਦੋਸ਼ੀ ਸਾਬਿਤ ਹੋਯਾ ਤੇ ਦੋ ਹਜਾਰ ਮਹਾਵਾਰ ਪੈਨਸ਼ਨ ਦੇ ਕੇ ਲਾਹੌਰੋਂ ਕਾਸ਼ੀ ਵਿਚ ਜਲਾਵਤਨ ਕੀਤਾ ਗਿਆ।

ਲਾਲ ਸਿੰਘ ਦੇ ਦੇਸ ਨਿਕਾਲੇ*ਪਿਛੋਂ ਸਿਖ ਰਾਜ
ਪ੍ਰਬੰਧ ਕਰਨ ਲਈ ਸੰਬਤ ੧੯੦੩ ਬਿਕ੍ਰਮੀ (ਸਨ ੧੮੪
੧੬ ਦਸੰਬਰ) ਵਾਲੇ ਦਿਨ ਰਾਵੀ ਨਦੀ ਦੇ ਕਿਨਾਰੇ ਦਸ
ਨਗਰ ਬਹਰਵਾਲ ਵਿਚ ਲਾਰਡ ਹਾਰਡਿੰਜ ਨੇ ਇਕ ਨਵ
ਸੁਲਾਹ ਕੀਤੀ। ਜਿਸਦਾ ਮਤਲਬ ਇਹ ਸੀ ਕਿ ਗਵਰਨ
ਸਹਿਬ ਲਾਹੌਰ ਵਿਚ ਅਪਣਾ ਇਕ ਦੂਤ (ਰੇਜੀਡੇਂ
ਰਖਣਗੇ। ਜਿਸਨੂੰ ਰਾਜਸੀ ਕੰਮਾਂ ਵਿਚ ਪੂਰੇ ਅਖਤ੍ਰਿਆ
ਹੋਣਗੇ। ਕਈ ਸਿਆਣੇ ਮਨੁਖ ਉਸਦੀ ਮਦਦ ਕਰਨਗੇ
ਰਾਜਸੀ ਕੰਮਾਂ ਵਿਚ ਪੰਜਾਬਵਾਸੀਆਂ ਦੇ ਕੌਮੀ ਵਿਹਾ
ਵਰਤਾਉ ਉਤੇ ਪੂਰੀ ਤਰਾਂ ਨਜਰ ਰੱਖੀ ਜਾਵੇਗੀ। ਇਸ
ਲਈ ਸਰਦਾਰ ਤੇਜਾ ਸਿੰਘ, ਅਟਾਰੀ ਦਾ ਸਰਦਾਰ ਸ਼ੇ
ਸਿੰਘ, ਦੀਵਾਨ ਦੀਨਾ ਨਾਥ, ਫਕੀਰ ਨੂਰਦੀਨ, ਸਰਦਾ

---

*ਕਈ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਲਾਲ
ਸਿੰਘ ਕਾਸ਼ੀ ਵਿਚ ਨਹੀਂ ਬਲਕੇ ਆਗਰੇ ਵਿਚ ਨਜਰਬੰਦ
ਕੀਤਾ ਗਿਆਸੀ। 'ਓਰਿੰਟਲ ਬਾਯੋਗ੍ਰਾਫੀਕਲ ਡਿਕਸ਼ਨਰੀ'
ਦੇ ੨੨੬ ਸਫੇ ਉਤੇ ਲਿਖਿਆਹੈਕਿ ਲਾਲਸਿੰਘ ਆਗਰੇ ਵਿਚ
ਕਈ ਵਰਹੇ ਤਕ ਨਜਰਬੰਦ ਰਿਹਾ ਤੇ ਫੇਕਰ ਦੇਹਰੇਦੂਨ
ਵਿਚ ਜਾਕੇ ਮੋਯਾ (੧੮੭੦) ਰਾਜਾ ਸ਼ਿਵਪ੍ਰਸਾਦ ਸਿਤਾਰੇ
ਹਿੰਦ ਨੇ ਵੀ ਇਤਿਹਾਸ ਤਿਮਰਨਾਸ਼ਕ ਦੇ ਦੂਜੇ ਭਾਗ ਤਥਾ
'ਸਿਖੋਂ ਕਾ ਉਦਯ ਔਰ ਅਸਤ' ਵਿਚ ਲਾਲ ਸਿੰਘ ਦਾ
ਆਗਰੇ ਭੇਜਿਆ ਜਾਣਾ ਲਿਖਿਆ ਹੈ ਪਰ ਡਿਕਸ਼ਨਰੀ
ਲੇਖਕ ਦਾ ਕੇਹਣਾ ਸਚਾ ਹੈ ਕਿਉਂਕਿ ਦੇਹਰੇਦੂਨ ਵਿਚ
ਲਾਲ ਸਿੰਘ ਦੇ ਵੰਸ਼ਧਰ ਹੁਣ ਵੀ ਹਨ।

ਰਣਜੋਰ ਸਿੰਘ, ਭਾਈ ਨਿਧਾਨ ਸਿੰਘ, ਸਰਦਾਰ ਅਤਰ ਸਿੰਘ, ਸਰਦਾਰ ਸ਼ਮਸ਼ੇਰ ਸਿੰਘ ਆਦਿ ਕਈ ਸਜਨਾਂ ਦੀ ਇਕ ਸਭਾ ਬਣਾਈ ਜਾਵੇਗੀ ਜੋ ਰੈਜੀਡੈਂਟ ਦੀ ਮਦਦ ਕਰੇਗੀ ਬਿਨਾ ਰੈਜੀਡੈਂਟ ਦੇ ਹੁਕਮ ਦੇ ਸਭਾ ਦੇ ਮੈਂਬਰਾਂ ਵਿਚ ਕਿਸੇ ਤਰਾਂ ਦੀ ਤਬਦੀਲੀ ਨਹੀਂ ਕੀਤੀ ਜਾਵੇਗੀ। ਮਹਾਰਾਜੇ ਦੀ ਰਖਿਆ ਤੇ ਰਾਜ ਵਿਚ ਸ਼ਾਂਤੀ ਕਾਇਮ ਰੱਖਣ ਲਈ ਲਾਹੌਰ ਵਿਚ ਜਿਤਨੀ ਫ਼ੌਜ ਗਵਰਨਰ ਜਨਰਲ ਨੂੰ ਮਨਜ਼ੂਰ ਹੋਵੇਗੀ ਰੱਖੀ ਜਾਵੇਗੀ। ਰਾਜ ਦੀ ਰਾਖੀ ਲਈ ਜੇਕਰ ਕਦੇ ਲਾਹੌਰ ਵਿਚ ਯਾ ਹੋਰ ਕਿਸੇ ਕਿਲੇ ਵਿਚ ਅੰਗ੍ਰੇਜ਼ੀ ਫ਼ੌਜ ਰੱਖਣ ਦੀ ਲੋੜ ਪਈ ਤਾਂ ਲਾਟ ਸਾਹਿਬ ਬਿਨਾ ਕਿਸੇ ਰੁਕਾਵਟ ਦੇ ਰੱਖ ਸਕਣਗੇ। ਮਹਾਰਾਜ ਦੀ ਮਾਤਾ (ਰਾਣੀ ਜਿੰਦਾਂ) ਤੇ ਉਸਦੀਆਂ ਸਖੀਆਂ ਸਹੇਲੀਆਂ ਦੇ ਗੁਜ਼ਾਰੇ ਲਈ ਡੇਢ ਲੱਖ ਰੁਪਯਾ ਸਾਲਾਨਾ ਦਿਤਾ ਜਾਵੇਗਾ। ਸਨ ੧੮੫੪ ਈ: ਵਿਚ ਮਹਾਰਾਜੇ ਦੀ ਉਮਰ ੧੬ ਵਰ੍ਹੇ ਦੀ ਹੋ ਜਾਣ ਪਰ ਇਹ ਸ਼ਰਤਾਂ ਹਟ ਜਾਣਗੀਆਂ। ਪਰ ਇਸ ਤੋਂ ਪੈਹਲਾਂ ਵੀ ਜੇਕਰ ਦਰਬਾਰ ਯਾ ਅੰਗ੍ਰੇਜ਼ੀ ਸਰਕਾਰ ਨੂੰ ਲੋੜ ਪਈ ਤਾਂ ਓਹ ਸ਼ਰਤਾਂ ਤੋੜ ਸਕਣਗੇ।

ਸਭਰਾਵਾਂ ਦੀ ਲੜਾਈ ਨੂੰ ਅਜੇ ਇਕ ਵਰਹਾ ਵੀ ਨਹੀਂ ਪੂਰਾ ਹੋਯਾ ਕਿ ਸੁਲਹ ਦੀਆਂ ਅਜੇਹੀਆਂ ਸ਼ਰਤਾਂ ਵੇਖ ਕੇ ਪੰਜਾਬੀ ਸਮਝ ਗਏ ਕਿ ਹੁਣ ਅੰਗ੍ਰੇਜ਼ ਉਂਗਲੀ ਫੜਕੇ ਪਹੁੰਚਾ ਫੜਨਾ ਚਾਹੁੰਦੇ ਹਨ। ਉਪਰ ਦਸੀ ਸੁਲਾਹ ਹੋ ਜਾਣ ਦੇ ਪਿਛੋਂ ਲਾਰਡ ਹਾਰਡਿੰਜ ਨੇ ਅਪਣੇ ਪਰਮ ਵਿਸ਼ਵਾਸੀ ਸਰਹੈਨਰੀ ਲਾਰੈਂਸ ਨੂੰ ਪੰਜਾਬ ਦਾ ਰੈਜੀਡੈਂਟ ਬਣਾਯਾ। ਇਸ ਵਿਚ ਕੋਈ ਸ਼ਕ ਨਹੀਂ ਕਿ ਸਰਹੇਨਰੀ ਲਾਰੈਂਸ ਇਕ

ਉਦਾਰ ਦਿਲ ਅਤੇ ਦੂਰੰਦੇਸ਼ ਅੰਗ੍ਰੇਜ਼ ਸੀ। ਪਰ ਜੋ ਪੰਜਾਬ ੧੦ ਵਰ੍ਹੇ ਪੈਹਲੇ ਸੀ ਓਹ ਉਸ ਵੇਲੇ ਨਾ ਰਿਹਾ। ਸਰਹੈਨਰੀ ਲਾਰੰਸ ਪੰਜਾਬੀਆਂ ਦੇ ਤਪੇ ਹੋਏ ਦਿਲ ਨੂੰ ਸ਼ਾਂਤ ਨਾ ਕਰ ਸਕਿਆ। ਉਸਨੂੰ ਪੰਜਾਬੀਆਂ ਦੇ ਕਈ ਕੰਮ ਸ਼ਕ ਵਾਲੇ ਮਲੂਮ ਹੋਏ। ਜੁਲਾਈ ੨ ਸਨ ੧੮੪੭ ਦੇ ਗਵਰਨਰ ਜਨਰਲ ਦੇ ਹੁਕਮਨਾਮੇਂ ਨੂੰ ਪਾਕੇ ਰੈਜੀਡੈਂਟ ਨੇ ਅਪਣੀ ਤਾਕਤ ਨੂੰ ਹੋਰ ਵੀ ਵਧੇਰੇ ਸਮਝ ਲਿਆ। ਲਾਟ ਸਾਹਿਬ ਦਾ ਹੁਕਮ ਨਾਮਾ ਇਹ ਸੀ—ਭਹਰਵਾਲ ਸੁਲਹ ਦੇ ਅਨੁਸਾਰ ਲਾਹੌਰ ਦੇ ਅੰਗ੍ਰੇਜ਼ੀ ਦੂਤ ਨੂੰ ਸਿਖ ਰਾਜ ਦੇ ਹਰੇਕ ਪ੍ਰਬੰਧ ਵਿਚ ਅਪਣੀ ਮਰਜੀ ਅਨੁਸਾਰ ਕੰਮ ਕਰਨ ਦੇ ਪੂਰੇ ਅਖਤਿਆਰ ਹਨ। ਰੈਜੀਡੈਂਟ ਦਾ ਦੇਸ਼ੀ ਮੈਂਬਰਾਂ ਨਾਲ ਮਿਲਕੇ ਕੰਮ ਕਰਨਾ ਬੇਸ਼ਕ ਚੰਗੀ ਗੱਲ ਹੈ, ਪਰ ਅਸਲ ਵਿਚ ਦੇਸੀ ਮੈਂਬਰ ਉਸਦੇ ਬਿਲਕੁਲ ਅਧੀਨ ਹਨ। ਰੈਜੀਡੈਂਟ ਚਾਹਵੇ ਤਾਂ ਜਿਸ ਕਿਸੇ ਨੂੰ ਹਟਾਕੇ ਉਸਦੀ ਜਗਾ ਦੂਜੇ ਕਿਸੇ ਨੂੰ ਭਰਤੀ ਕਰ ਸਕਦਾ ਹੈ ਸਿਰਫ ਇਥੇ ਹੀ ਬਸ ਨਹੀਂ। ਫੌਜੀ ਕੰਮਾਂ ਵਿਚ ਵੀ ਰੈਜੀਡੈਂਟ ਨੂੰ ਪੂਰੇ ਅਖਤਿਆਰ ਹਨ। ਓਹ ਅਪਣੀ ਇਛਾ ਅਨੁਸਾਰ ਪੰਜਾਬ ਦੀ ਕਿਸੇ ਵੀ ਜਗਾ ਉਤੇ ਸਿਖ ਫੋਜ ਦੇ ਬਦਲੇ ਗੋਰੀ ਫੌਜ ਰੱਖ ਸਕਦਾ ਹੈ।

ਰਾਜਨੀਤੀ ਦੇ ਗੁਝੇ ਤਤਾਂ ਨੂੰ ਪਛਾਨਣਾਂ ਵੱਡਾ ਔਖਾ ਹੈ। ਵਡੇ ੨ ਬੁਧਵਾਨਾ ਦੀ ਅਕਲ ਵੀ ਰਾਜਨੀਤੀ ਦੇ ਗੁਝੇ ਭੇਤਾਂ ਦੇ ਸਾਹਮਣੇ ਵਿਚਾਰੀ ਅਬਲਾ ਵਾਂਗ ਹਥ ਬੰਨਕੇ ਖੜੀ ਰੈਂਹਦੀ ਹੈ। ਰਾਜਨੀਤੀਦੇ ਦਾਉ ਪੇਚ ਜਾਨਣੇ ਕੋਈ ਸੁਖਾਲਾ ਕੰਮ ਨਹੀਂ। ਵਡੇ ੨ ਵਿਦਵਾਨਾ ਦੀ ਵਿਦਵਤਾ ਤੇ ਵਡੇ ੨ ਬੀਰਾਂ ਦੀ ਬੀਰਤਾ ਵੀ ਰਾਜਨੀਤਿਕ ਦਾਉ ਪੇਚਾਂ ਦੇ ਸਾਹਮਣੇ

ਕਾਰ ਸਾਂਦੀ ਹੈ। ਪੰਜਾਬਵਾਸੀ ਖਾਸਕਰ ਓਸ ਵੇਲੇ ਦੇ ਸਿਖ ਸੁਭਾਵ ਤੋਂ ਹੀ ਬੀਰ ਹੁੰਦੇ ਸਨ। ਪਰ ਰਾਜਨੀਤੀ ਦੇ ਦਾਉ ਪੇਚਾਂ ਨੂੰ ਓਹ ਵੀ ਨਹੀਂ ਸਮਝ ਸਕਦੇ ਸਨ। ਜਿਨਾਂ ਵਿਚ ਰਾਜਨੀਤਿਕ ਦਾਉ ਪੇਚਾਂ ਨੂੰ ਸਮਝਣ ਦੀ ਕੁਝ ਤਾਕਤ ਸੀ ਉਨਾਂ ਵਿਚ ਏਨੀਹਿੰਮਤ ਨਹੀਂ ਸੀ ਕਿ ਓਹ ਵਡੇ ਲਾਟ ਦੀਆਂ ਐਸੀਆਂ ਚਿਠੀਆਂ ਤੇ ਸੁਲਹਨਾਮਿਆਂ ਦਾ ਹਾਲ ਸਾਫ ਖੋਹਲਕੇ ਦਸ ਸਕਦੇ। ਸਚੀ ਗਲ ਤਾਂ ਇਹ ਹੈ ਕਿ ਓਸ ਵੇਲੇ ਸਿਰਫ ਪੰਜਾਬ ਵਿਚ ਹੀ ਕਿਉਂ ਬਲਕੇ ਸਾਰੇ ਹਿੰਦੁਸਤਾਨ ਵਿਚ ਅਕਲਾ ਮਹਾਰਾਜਾ ਰਣਜੀਤ ਸਿੰਘ ਹੀ ਅੰਗ੍ਰੇਜ਼ਾਂ ਦੀ ਰਾਜਨੀਤੀ ਸਮਝਣ ਵਿਚ ਸਮਰਥ ਹੋਯਾ ਸੀ। ਉਸਦੇ ਪਿਛੋਂ ਪੰਜਾਬ ਤਾਂ ਕੀ ਸਾਰੇ ਹਿੰਦੁਸਤਾਨ ਵਿਚ ਹਾਂ ਅੰਗ੍ਰੇਜ਼ੀ ਰਾਜ-ਨੀਤੀ ਸਮਝਣ ਵਾਲਾ ਕੋਈ ਨਾ ਹੋਯਾ। ਜਿਸਦੇ ਕਾਰਣ ਸਾਰੀ ਸਿਖ ਰਾਜ ਨੂੰ ਅੰਗ੍ਰੇਜ਼ਾਂ ਦੀ ਸ਼ਰਣ ਲੈਣੀ ਪਈ। ਮਾਮੂਲੀ ਰੈਜੀਡੈਂਟ ਪੰਜਾਬੀ ਬੀਰਾਂ ਨੂੰ ਕਠ ਪੁਤਲੀ ਵਾਂਗ ਨਚਾਣ ਲੱਗ ਪਿਆ।

ਵਡੇ ਲਾਟ ਦੀ ੨੩ ਅਕਤੂਬਰ ਸਨ ੧੮੪੭ ਈ: ਦੀ ਇਕ ਹੋਰ ਚਿਠੀ ਤੋਂ ਰੈਜੀਡੈਂਟ ਦੀ ਹਿੰਮਤ ਹੋਰ ਵੀ ਵਧ ਗਈ। ਉਸ ਚਿਠੀ ਦਾ ਮਤਲਬ ਇਹ ਸੀ—"ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਦਲੀਪ ਸਿੰਘ ਦੀ ਨਾਬਾਲਗੀ ਤਕ ਸਨ ੧੮੪੬ ਈ: ਦੀ ਸੁਲਾਹ ਅਨੁਸਾਰ ਸਿਖ ਰਾਜ ਬਿਲ-ਕੁਲ ਸੁਤੰਤ੍ਰ ਨਹੀਂ। ਰਾਜ ਦੇ ਕਿਸੇ ਵੀ ਕਰਮਚਾਰੀ ਨੂੰ ਯਾ ਸਰਦਾਰ ਨੂੰ ਲੜਾਈ ਯਾ ਸੁਲਹ ਕਰਨ ਯਾ ਛੋਟੀ ਤੋਂ ਛੋਟੀ ਜ਼ਮੀਨ ਵੇਚਣ ਯਾ ਬਦਲਣ ਦਾ ਕੋਈ ਹਕ ਨਹੀਂ। ਸਾਡੇ ਹੁਕਮ ਬਿਨਾਂ ਇਸਤਰਾਂ ਦਾ ਕੋਈ ਵੀ ਕੰਮ ਕੋਈ ਨਹੀਂ ਕਰ

ਸਕਦਾ। ਹੋਰਨਾ ਦਾ ਕੀ ਕਹਿਣਾ ਖੁਦ ਮਹਾਰਾਜਾ ਵੀ ਸਾਡੇ ਅਧੀਨ ਹੈ। ਉਸਨੂੰ ਵੀ ਅਪਣੀ ਮਰਜੀ ਅਨੁਸਾਰ ਕੋਈ ਕੰਮ ਕਰਨ ਦਾ ਅਧਿਕਾਰ ਨਹੀਂ।

ਲਾਟ ਸਾਹਿਬ ਤੇ ਰੈਜ਼ੀਡੈਂਟ ਦੀ ਐਸੀ ਚਿਠੀ ਪਤ੍ਰੀ ਨਾਲ ਪੰਜਾਬਵਾਸੀਆਂ ਦੇ ਦਿਲ ਦੇ ਅੰਦਰ ਹੀ ਅੰਦਰ ਅਗ ਭੜਕਣ ਲਗ ਪਈ। ਏਧਰ ਰੈਜ਼ੀਡੈਂਟ ਦਾ ਮਹਾਰਾਣੀ ਦੇ ਹਰੇਕ ਕੰਮ ਵਿਚ ਸ਼ਕ ਕਰਨਾ ਤੇ ਰੋਕਣਾ ਉਸ ਅਗ ਵਿਚ ਘਿਓ ਪਾਣ ਦੇ ਸਮਾਨ ਹੋਯਾ। ਹੇਨਰੀ ਲਾਰੇਂਸ ਨੇ ਮਹਾਰਾਣੀ ਨੂੰ ਇਹ ਚਿਠੀ ਭੇਜੀ—ਬਹਰਵਾਲ ਸੁਲਹ ਦੇ ਅਨੁਸਾਰ ਪੰਜਾਬ ਦੇ ਕੰਮਾਂ ਵਿਚ ਹਥ ਪਾਣ ਦਾ ਮਹਾਰਾਣੀ ਨੂੰ ਕੋਈ ਅਖਤਿਆਰ ਨਹੀਂ। ਤੁਸੀ ਸੁਤੰਤ੍ਰਤਾ ਨਾਲ ਅਪਣਾ ਜੀਵਨ ਬਿਤੀਤ ਕਰ ਸਕੋ ਇਸੇ ਲਈ ਡੇਢ ਲੱਖ ਰੁਪਯਾ ਸਾਲਾਨਾ ਦੇਣ ਦਾ ਨਿਯਤ ਹੋਯਾ ਹੈ। ਪਰ ਇਹ ਅਫ ਸੂਹ ਮੈਂ ਸੁਣੀ ਹੈ ਕਿ ਮਹਾਰਾਣੀ ਕਦੇ ੨ ਪੰਦ੍ਰਾਂ ਵੀਹ ਸਰਦਾਰਾਂ ਨੂੰ ਘਰ ਸਦਕੇ ਉਨਾਂ ਨਾਲ ਸਲਾਹਾਂ ਕਰਦੀ ਹੈ। ਕੋਈ ੨੧ ਸਰਦਾਰ ਯਾ ਕਰਮਚਾਰੀ ਲੁਕ ਛਿਪਕੇ ਵੀ ਤੁਹਾਡੀ ਮੁਲਾਕਾਤ ਕਰਦਾ ਹੈ ਇਹ ਵੀ ਸੁਣਿਆ ਜਾਂਦਾ ਹੈ ਕਿ ਮਹਾਰਾਣੀ ਪਿਛਲੇ ਮਹੀਨੇ ਤੋਂ ਰੋਜ ਰਾਜ ਮੈਹਲ ਵਿਚ ੫੦ ਬ੍ਰਾਹਮਣਾਂ ਨੂੰ ਭੋਜਨ ਛਕਾਉਂਦੀ ਹੈ ਅਤੇ ਆਪ ਉਨਾਂ ਦੇ ਪੈਰ ਧੋਂਦੀ ਹੈ। ਇਸਦੇ ਸਿਵਾ *ਪਰਮੰਡਲ ਵਿਚ ਵੀ ਸੌ ਬ੍ਰਾਹਮਣਾ ਨੂੰ ਭੋਜਨ ਦੀ ਰਸਤ ਭੇਜਦੀ ਹੈ। ਯਾਦ ਰੱਖਣਾ ਚਾਹੀਦਾ ਹੈ ਕਿ ਮਹਾਰਾਣੀ

---

*ਪਰਮੰਡਲ ਇਕ ਪਹਾੜੀ ਤੀਰਥ ਹੈ ਜਿਥੇ ਬ੍ਰਾਹਮਣਾਂ ਦੀ ਬਹੁਤੀ ਆਬਾਦੀ ਹੈ।

ਣਜੀਤ ਸਿੰਘ ਦੀ ਮਾਨ ਮਰਯਾਦਾ ਵਧਾਈ ਰੱਖਣ ਦਾ ਅਖ-
ਆਰ ਮੈਨੂੰ ਹੈ। ਇਸ ਲਈ ਆਖਣਾ ਪੈਂਦਾ ਹੈ ਕਿ ਮਹਾ-
ਣੀ ਦੇ ਇਹ ਕੰਮ ਉਸਦੇ ਲਾਇਕ ਨਹੀਂ ਹਨ। ਓਸਦੀ
ਜਤ ਨੂੰ ਵਟਾ ਲਾਣ ਵਾਲੇ ਹਨ। ਇਸ ਲਈ ਅੱਗੇ ਤੋਂ
ਹਾਰਾਣੀ ਆਪਣੀਆਂ ਸਖੀਆਂ ਸਹੇਲੀਆਂ ਤੋਂ ਬਿਨਾ ਹੋਰ
ਸੇ ਦੀ ਮੁਲਾਕਾਤ ਨਾ ਕੀਤਾ ਕਰੇ। ਇਸੇ ਵਿੱਚ ਹੀ ਉਸਦੀ
ਣ ਤੇ ਅਗੇਰੇ ਦੀ ਭਲਾਈ ਹੈ। ਜੇਕਰ ਮਹਾਰਾਣੀ ਦੀ
ਰਜੀ ਗਰੀਬਾਂ ਨੂੰ ਤੇ ਸਾਧੂ ਸੰਤਾਂ ਨੂੰ ਭੋਜਨ ਛਕਾਣ ਦੀ
ਵੇ ਤਾਂ ਓਹ ਹਰੇਕ ਮਹੀਨੇ ਦੀ ਸੰਗ੍ਰਾਂਦ ਵਾਲੇ ਦਿਨ ਯਾ
ਸਤੂ ਮੂਜਬ ਕਿਸੇ ਚੰਗੇ ਦਿਨ ਇਹ ਕੰਮ ਕੀਤਾ ਕਰੇ।
ਤਲਬ ਇਹ ਕਿ ਮਹਾਰਾਣੀ ਨੂੰ ਮਹਾਰਾਜਾ ਰਣਜੀਤਸਿੰਘ
ਪੂਰਨਿਆਂ ਪਰ ਚਲਣਾਂ ਚਾਹੀਦਾ ਹੈ। ਜੇਕਰ ਕਿਸੇ
ਰਦਾਰ ਨੂੰ ਮਹਾਰਾਣੀ ਦੀ ਇਜਤ ਕਰਨ ਯਾ ਨਮਸਕਾਰ
ਰਨ ਦੀ ਲੋੜ ਹੋਵੇ ਤਾਂ ਮਹਾਰਾਣੀ ਨੂੰ ਅਪਣੀ ਇਸਤ੍ਰੀਆਂ
ਲੀ ਨਿਮ੍ਰਤਾ ਤੇ ਸੀਲਤਾ ਅਨੁਸਾਰ ਮਿਲਣਾ ਚਾਹੀਦਾ ਹੈ
ਇਕ ਸਮੇਂ ਵਿਚ ਪੰਜ ਛੇ ਸਰਦਾਰਾਂ ਤੋਂ ਵਧ ਮਹਾਰਾਣੀ ਦੀ
ਮੁਲਾਕਾਤ ਨਾ ਕੀਤਾ ਕਰਨ। ਫੇਰ ਓਨਾਂ ਸਰਦਾਰਾ ਨੂੰ
ਮਿਲਣ ਵੇਲੇ ਮਹਾਰਾਣੀ ਨੂੰ ਜੋਧਪੁਰ, ਜੈਪੁਰ ਤੇ ਨੈਪਾਲ
ਦੀਆਂ ਰਾਣੀਆਂ ਵਾਂਗ ਪਰਦੇਵਿਚ ਬੈਠਕੇ ਮੁਲਾਕਾਤ ਕਰਨੀ
ਚਾਹੀਦੀ ਹੈ। ਜੇਕਰ ਮਹਾਰਾਣੀ ਕ੍ਰਿਪਾ ਕਰਕੇ ਅਪਣੇ ਮੈਹਲਾਂ
ਦੇ ਅੰਦਰ ਕਿਸੇ ਬੇਪਛਾਣੇ ਆਦਮੀ ਨੂੰ ਨਹੀਂ ਆਵਣ ਦੇਵੇਗੀ
ਤਾਂ ਅਗੋਂ ਨੂੰ ਸਰਦਾਰਾਂ ਤੇ ਰਾਜਕਰਮਚਾਰੀਆਂ ਨੂੰ ਰਾਜਸੀ
ਕੰਮਾਂ ਵਿਚ ਬਹੁਤ ਘਟ ਮੇਹਨਤ ਕਰਨੀ ਪਵੇਗੀ।

ਰੈਜੀਡੰਟ ਦੀ ਉਕਤ ਚਿਠੀ ਤੋਂ ਪਾਠਕਾਂ ਨੇ ਸਮਝ

ਲਿਆ ਹੋਵੇਗਾ ਕਿ ਸਭਰਾਵਾਂ ਦੀ ਲੜਾਈ ਦੇ ਪਿਛੋਂ ਪੰਜਾ
ਦੀ ਕੈਸੀ ਦਸ਼ਾ ਹੋ ਗਈ ਸੀ। ਸੋ ਮਹਾਰਾਜਾ ਰਣਜੀਤ ਸਿੰ
ਦੀ ਪਯਾਰੀ ਰਾਣੀ "ਮਹਬੂਬਾ" (ਰਾਣੀ ਜਿੰਦਾਂ) ਨੇ ਬਿ
ਕਿਸੇ ਹੁਜਤ ਦੇ ਰੇਜੀਡੰਟ ਦੇ ਹੁਕਮ ਅਗੇ ਸਿਰ ਝੁਕਾ ਦਿਤਾ
ਉਸਨੇ ਰੇਜੀਡੰਟਦੀ ਚਿਠੀ ਦੇ ਜਵਾਬ ਵਿਚ ਇਕ ਵਡੀ ਸਾ
ਚਿਠੀ ਨੌ ਜੂਨ ਨੂੰ ਭੇਜੀ। ਜਿਸ ਵਿਚ ਉਸਨੇ ਲਿਖਿਆ—
ਮੈਂ ਤੁਹਾਡੀ ਚਿਠੀ ਆਦ ਤੋਂ ਲੈਕੇ ਅੰਤ ਤਕ ਵਡੇ ਧਯਾ
ਨਾਲ ਪੜੀ ਹੈ। ਤੁਸਾਂ ਇਹ ਲਿਖਣ ਦੀ ਕ੍ਰਿਪਾ ਕੀਤੀ ਹੈ ਕਿ
ਰਾਜਸੀ ਕੰਮਾਂ ਵਿਚ ਹਥ ਪਾਣ ਦਾ ਮੈਨੂੰ ਕੋਈ ਅਖਤਯਾ
ਨਹੀਂ ਹੈ। ਪਰ ਮੈਂ ਅੰਗ੍ਰੇਜ਼ੀ ਰਾਜ ਤੇ ਸਿਖਰਾਜ ਦੋਹਾਂ ਵਿ
ਬਹੁਤ ਦਿਨ ਤੋਂ ਮਿਤ੍ਰਤਾ ਚਲੀ ਔਣ ਦੇ ਕਾਰਣ ਰਾਜਵਿਦ੍ਰੋ
(ਬਾਗੀ)ਲੋਕਾਂਨੂੰ ਡੰਡ ਦੇਣ ਤਥਾ ਮਹਾਰਾਜਤੇ ਪ੍ਰਜਾਦੀ ਰਾਖ
ਲਈ ਲਾਹੌਰ ਵਿਚ ਅੰਗ੍ਰੇਜ਼ੀ ਫੌਜ ਤੇ ਅੰਗ੍ਰੇਜ਼ ਅਫਸਰਾਂ ਦੇ
ਰਖਜਾਣ ਦੀ ਪ੍ਰਾਰਥਨਾ ਵਡੇ ਲਾਟ ਪਾਸ ਆਪਕੀਤੀ ਸੀ। ਸੋ
ਰਾਜ ਦੇ ਕੰਮਾਂ ਵਿਚ ਮੇਰਾ ਕੋਈ ਦਖਲ ਨਹੀਂ ਰਹੇਗਾ ਇਸ
ਤਰਾਂ ਦੀ ਕੋਈ ਗਲ ਬਾਤ ਉਸ ਵੇਲੇ ਤੇ ਨਹੀਂ ਹੋਈ ਸੀ।
ਇਹ ਤੇ ਜ਼ਰੂਰ ਹੋਯਾ ਸੀ ਕਿ ਰਾਜਸੀ ਮਾਮਲਿਆਂ ਵਿਚ ਮੇਰੇ
ਮੁਸਾਹਿਬਾਂ ਪਾਸੋਂ ਜ਼ਰੂਰ ਸਲਾਹ ਲਈ ਜਾਵੇਗੀ। ਇਸ
ਲਈ ਬਾਲਕ ਮਹਾਰਾਜਾਜਿਤਨੇ ਦਿਨ ਤਕ ਪੰਜਾਬਦੇ ਰਾਜਾ
ਹਨ ਉਤਨੇ ਦਿਨ ਤਕ ਮੈਂ ਵੀ ਉਸਦੀ ਮਾਲਕ ਹਾਂ। ਇਤਨਾ
ਹੋਣ ਪਰ ਭੀ ਰਾਜ ਦੀ ਭਲਾਈ ਲਈ ਨਵੀ ਸੁਲਹ ਦੇ
ਅਨੁਸਾਰ ਜੇਕਰ ਕੋਈ ਹੋਰ ਪ੍ਰਬੰਧ ਕੀਤਾ ਗਿਆ ਹੋਵੇ ਤਾਂ
ਮੈਂ ਇਸ ਵਿਚ ਭੀ ਖੁਸ਼ ਹਾਂ। ਮੈਨੂੰ ਅਪਨੀ ਡੇਢ ਲੱਖ ਦੀ
ਸਲਾਨਾ ਜੀਵਿਕਾ ਦੀ ਬਾਬਤ ਇੰਨਾ ਹੀ ਆਖਣਾ ਹੈ ਕਿ

ਣ ਇਸਦੀ ਗੱਲ ਛੇੜਨੀ ਫਿਰਥੀ ਹੈ । ਕਿਉਂਕਿ ਮਨੁੱਖ ੀ ਜੈਸੀ ਦਸ਼ਾ ਬਣ ਜਾਂਦੀ ਹੈ ਉਸਦੇ ਅਨੁਸਾਰ ਹੀ ਓਹ ਅਪਣੇ ਦਿਨ ਕਟਦਾ ਹੈ। ਫਿਰ ਇਸ ਗੱਲ ਦੇ ਜਾਣਨ ਦਾ ੀ ਮਤਲਬ ਹੈ ਕਿ ਉਸਦਾ ਜੀਵਨ ਕਿਸਤਰਾਂ ਬੀਤਦਾ ਹੈ ? ਫਿਰ ਵੀ ਮਹਾਰਾਜ ਦੇ ਬਾਲਿਗ ਹੋਣ ਤਕ ਰਾਜ ਦੀ ਭਲਾਈ ਲਈ ਇਹ ਜੋ ਪ੍ਰਬੰਧ ਕੀਤਾ ਗਿਆ ਹੈ ਇਸਤੋਂ ਮੈਂ ਖੁਸ਼ ਹਾਂ।

ਸਰਦਾਰਾਂ ਨੂੰ ਮਿਲਣ ਤੇ ਉਨਾਂ ਨਾਲ ਸਲਾਹ ਕਰਨ ਦੀ ਬਾਬਤ ਅਸਲ ਗਲ ਇਹ ਹੈ ਕਿ ਮੈਂ ਸਿਰਫ ਦੋ ਵਾਰੀ ਸਰਦਾਰਾਂ ਨੂੰ ਸਦਕੇ ਓਨਾਂ ਨਾਲ ਸਲਾਹ ਕੀਤੀ ਸੀ। ਇਕ ਵਾਰੀ ਅਮ੍ਰਿਤਸਰੋਂ ਲਾਹੌਰ ਆਉਣ ਵੇਲੇ ਉਨਾਂ ਨੂੰ ਇਹ ਸਲਾਹ ਦਿਤੀ ਸੀ ਕਿ ਲਾਹੌਰ ਵਿਚ ਖਰਮੇ ਦੇ ਜੋ ਤੇਜਾ ਸਿੰਘ ਦਾ ਵਡਾ ਦੁਸ਼ਮਣ ਹੈ ਆਉਣ ਨਾਲ ਕੋਈ ਭਲਾਈ ਨਹੀਂ। ਦੂਜੀਵਾਰੀ ਮਹਾਰਾਜ ਦੇ ਨਿਜੀ ਖਰਚ ਬਾਬਤ ਕੁਝ ਸਲਾਹ ਕਰਨ ਲਈ ਮੈਂ ਸਰਦਾਰਾਂ ਨੂੰ ਸਦਿਆ ਸੀ। ਇਸ ਦੇ ਸਿਵਾ ਕਦੇ ੨ ਮੈਂ ਸਰਦਾਰ ਤੇਜਾ ਸਿੰਘ ਤੇ ਦੀਵਾਨ ਦੀਨਾ ਨਾਥ ਨੂੰ ਸਦਕੇ ਮਿਲਦੀ ਹੁੰਦੀ ਹਾਂ। ਅਗੋਂ ਨੂੰ ਆਪ ਦੀ ਸਲਾਹ ਅਨੁਸਾਰ ਪੰਜ ਛੇ ਸਰਦਾਰਾਂ ਨੂੰ ਹੀ ਸਦਿਆ ਕਰਾਂਗੀ। ਪਰ ਮੇਰੇ ਪਾਸ ਜੇਹੜੇ ਪੰਜ ਛੇ ਇਤਬਾਰੀ ਨੌਕਰ ਹਨ ਓਨਾਂ ਨੂੰ ਮੈਂ ਨਹੀਂ ਛਡ ਸਕਦੀ। ਓਸ ਦਿਨ ਵੀ ਆਪ ਨੂੰ ਇਹੋ ਕਿਹਾ ਸੀ ਕਿ ਸਿਵਾ ਇਨਾਂ ਲੋਕਾਂ ਦੇ ਹੋਰ ਕਿਸੇ ਨਾਲ ਮੁਲਾਕਾਤ ਕਰਨ ਦੀ ਮੈਨੂੰ ਲੋੜ ਨਹੀਂ।

ਤੁਸਾਂ ੫੦ ਬ੍ਰਾਹਮਣਾ ਤੇ ਓਨਾਂ ਦੇ ਪੈਰ ਧੋਣਦੀ ਬਾਬਤ ਲਿਖਿਆ ਹੈ। ਇਸਦੀ ਬਾਬਤ ਮੇਰਾ ਇਤਨਾ ਹੀ ਕੈਹਣਾ ਹੈ ਕਿ ਸ਼ਾਸਤ੍ਰਾਂ ਦੀ ਰੀਤੀ ਅਨੁਸਾਰ ਇਹ ਇਕ ਮਾਮੂਲੀ ਕੰਮ

ਹੈ । ਇਸ ਮਹੀਨੇ ਤੇ ਇਸਤੋਂ ਪਹਿਲੇ ਵਾਲੇ ਮਹੀਨੇ ਵਿ
ਮੈਂ ਇਹ ਕੰਮ ਕੀਤਾ ਸੀ। ਪਰ ਜਿਸ ਦਿਨ ਤੋਂ ਤੁਹਾ
ਚਿਠੀ ਮਿਲੀ ਹੈ ਓਸ ਦਿਨ ਤੋਂ ਮੈਂ ਇਹ ਕੰਮ ਵੀ ਛਡ ਦਿ
ਹੈ । ਅਗੋਂ ਨੂੰ ਆਪਦੇ ਕਹੇ ਅਨੁਸਾਰ ਕਿਸੇ ਨਿਯਤ
ਹੀ ਮੈਂ ਦਾਨ ਪੁੰਨ ਕੀਤਾ ਕਰਾਂਗੀ ।

ਪਰਮੰਡਲ ਦੇ ਬ੍ਰਾਹਮਣ ਭੋਜਨਦੀ ਬਾਬਤ ਮੈਨੂੰ ਇੰ
ਹੀ ਕੈਹਣਾ ਹੈ ਕਿ ਓਹ ਬਹੁਤ ਪਵਿਤ੍ਰ ਤੀਰਥ ਕਿਹਾ ਜਾਂਦਾ
ਇਸ ਕਰਕੇ ਓਥੇ ਭੋਜਨ ਭੇਜਿਆ ਸੀ ।

ਆਪ ਲਿਖਦੇ ਹੋਕਿ ਤੁਸੀ ਪੰਜਾਬ ਨੂੰ ਕਾਬੂ ਰੱਖਣ
ਮਹਾਰਾਜਾ ਰਣਜੀਤ ਸਿੰਘ ਦੇ ਪਰਵਾਰ ਤੇ ਸਾਡੀ ਇਜ
ਰੱਖਣ ਦੇ ਵਡੇ ਵਿਰੁਧ ਹੋ । ਸੋ ਸਾਡੀ ਇਜਤ ਰਖਣਲਈ
ਅੰਗ੍ਰੇਜ ਸਰਕਾਰ ਜੋ ਵੀ ਕ੍ਰਿਪਾ ਕਰੇਗੀ ਉਸਦੇ ਲਈ ਅਸੀ
ਅੰਗ੍ਰੇਜਾਂ ਦੇ ਹਸਾਨਮੰਦ ਰਹਾਂਗੇ ।

ਤੁਸਾਂ ਜੋਧਪੁਰ, ਜੈਪੁਰ ਤੇ ਨੈਪਾਲ ਦੀਆਂ ਰਾਣੀਆ
ਵਾਂਗ ਮੈਨੂੰ ਵੀ ਪਰਦੇ ਵਿਚ ਰੈਹਣ ਲਈ ਕਿਹਾ ਹੈ ਇਸ ਦ
ਬਾਬਤ ਮੈਂ ਇੰਨਾ ਹੀ ਕੈਹਦੀ ਹਾਂ ਕਿ ਓਹ ਰਾਣੀਆਂ ਰਾਜਸੀ
ਕੰਮਾਂ ਵਿਚ ਹਿਸਾ ਨਹੀਂ ਲੈਂਦੀਆ । ਸੋ ਓਨਾਂ ਨੂੰ ਪਰਦੇ ਵਿ
ਰੈਹਣਾ ਸੌਖਾ ਹੈ । ਫੇਰ ਉਨਾਂ ਦੇ ਨੌਕਰ ਸਰਧਾਲੂ, ਬੁਧਵਾਨ
ਤੇ ਰਾਜਭਗਤ ਹਨ ਤੇ ਓਹ ਰਾਜ ਦੀ ਭਲਾਈ ਦਾ ਹੀ
ਜਤਨ ਕਰਦੇ ਹਨ। ਪਰ ਇਥੋਂ ਦੇ ਰਾਜ ਕਰਮਚਾਰੀ ਜਿਸ
ਰਾਜ ਭਗਤੀ ਨਾਲ ਕੰਮ ਕਰਦੇ ਹਨ ਓਹ ਤੁਹਾਥੋਂ ਲੁਕਿਆ
ਹੋਯਾ ਨਹੀਂ ।

ਆਪ ਇਸ ਗਲ ਉਤੇ ਇਤਬਾਰ ਕਰੋ ਕੋਈ ਵੀ
ਅਨਜਾਣੂ ਆਦਮੀ ਸਾਡੇ ਮੈਹਲਾਂ ਵਿਚ ਨਹੀਂ ਆਉਂਦਾ ਤੇ

ਜ ਅਗੋਂ ਨੂੰ ਕੋਈ ਆਵੇਗਾ। ਫੇਰ ਵੀ ਆਪਦੇ ਪਾਸ ਮੇਰੀ ਏਹ ਬੇਨਤੀ ਹੈ ਕਿ ਆਪ ਕੁਝ ਐਸੇ ਇਤਬਾਰ ਵਾਲੇ ਆਦਮੀ ਨਿਯਤ ਕਰ ਦਿਓ ਜੇਹੜੇ ਆਪਨੂੰ ਮੇਰੀ ਬਾਬਤ ਸਹੀਆਂ ਖਬਰਾਂ ਭੇਜਿਆ ਕਰਨ। ਪਰ ਦਰਬਾਰ ਦਾ ਕੋਈ ਆਦਮੀ ਇਸ ਕੰਮ ਤੇ ਨਾ ਲਾਯਾ ਜਾਵੇ। ਇਹ ਇਕ ਵਡੀ ਖੁਸ਼ੀ ਦੀ ਗੱਲ ਹੈ ਕਿ ਮਹਾਰਾਜਾ ਰਣਜੀਤ ਸਿੰਘ ਜੀ ਅੰਗ੍ਰੇਜ਼ਾਂ ਨਾਲ ਵੇਲੇ ਸਿਰ ਮਿਤ੍ਰਤਾ ਕਰ ਗਏ ਹਨ ਜਿਸਦਾ ਕਿ ਅੰਮ੍ਰਿਤ ਫਲ ਮੈਂ ਤੇ ਨਾਬਾਲਗ ਮਹਾਰਾਜਾ ਦੋਵੇਂ ਚਖ ਰਹੇ ਹਾਂ। ਆਪ ਜਦ ਕਦੇ ਮੁਨਾਸਿਬ ਸਮਝਿਆ ਕਰੋ ਇਸ ਤਰਾਂ ਦੀ ਸਿਖਯਾ ਮੈਨੂੰ ਦਿਤਾ ਕਰੋ।

ਮਹਾਰਾਣੀ ਦੇ ਇਸ ਪਤ੍ਰ ਦੀ ਪੜਤਾਲ ਕਰਦੇ ਹੋਏ ਕਈ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਇਹ ਚਿਠੀ ਕਾਹਦੀ ਸੀ ਮਹਾਰਾਣੀ ਦੀ ਕੂਟਨੀਤੀ ਦਾ ਇਕ ਨਮੂਨਾ ਸੀ ਜੇਕਰ ਓਹ ਹੇਨਰੀ ਲਾਰੈਂਸ ਦੀ ਸਲਾਹ ਮੂਜਬ ਚਲਦੀ ਤੇ ਪ੍ਰਤਿਨਿਧ ਸਭਾ ਨਾਲ ਵੈਰ ਨਾ ਕਰਦੀ ਤਾਂ ਓਹ ਕਦੇ ਵਿਪਤਾ ਵਿਚ ਨ ਪੈਂਦੀ। ਅਸੀਂ ਵੀ ਇਨਾਂ ਬੁਧਵਾਨ ਇਤਿਹਾਸਕਾਰਾਂ ਦੀ ਹਾਂ ਵਿਚ ਹਾਂ ਮਿਲਾਉਂਦੇ ਹੋਏ ਇੰਨਾ ਕੈਹਣਾ ਚਾਹੁੰਦੇ ਹਾਂ ਕਿ ਜੇਕਰ ਰੈਜੀਡੈਂਟ ਨੂੰ ਮਹਾਰਾਣੀ ਦੇ ਹਰੇਕ ਕੰਮ ਵਿਚੋਂ ਸ਼ਕ ਦੀ ਬੋ ਨਾ ਆਉਂਦੀ ਤਾਂ ਹੋ ਸਕਦਾ ਹੈ ਮਹਾਰਾਣੀ ਦੇ ਉਤੇ ਵਿਪਤਾ ਦੇ ਕਾਲੇ ੨ ਬਦਲ ਚਕਰ ਨਾ ਲਾਉਂਦੇ। ਪਰ ਰੈਜੀਡੈਂਟ ਨੂੰ ਮਹਾਰਾਣੀ ਦੇ ਹਰੇਕ ਕੰਮ ਵਿਚ ਇਥੋਂ ਤਕ ਸ਼ਕ ਹੋਣ ਲੱਗ ਪਿਆ ਸੀ ਕਿ ਮੁਲਤਾਨ ਤੋਂ ਮਹਾਰਾਣੀ ਦੀ ਇਕ ਸਹੇਲੀ ਚਿਟਾ ਗੰਨਾ ਲਿਆਈ ਸੀ। ਰੈਜੀਡੈਂਟ ਨੂੰ ਇਸ ਵਿਚ ਵੀ ਕੋਈ ਕਾਰਸਤਾਨੀ ਦਿੱਸੀ। ਉਸਨੂੰ ਸ਼ਕ

ਪਿਆ ਕਿ ਮਹਾਰਾਣੀ ਮੁਲਤਾਨ ਦੇ ਦੀਵਾਨ ਮੂਲਰਾਜ ਨਾ
ਮਿਲਕੇ ਬਗਾਵਤ ਦਾ ਝੰਡਾ ਖੜਾ ਕਰਨਾ ਚਾਹੁੰਦੀ ਹੈ ਇ
ਗਲ ਦੇ ਕੁਝ ਦਿਨ ਪਿਛੋਂ ਹੀ 'ਪਰਮਾ'ਨਾਮੇਂ ਇਕ ਆਦ
ਨੇ ਸਰਦਾਰ ਤੇਜਾ ਸਿੰਘ ਨੂੰ ਮਾਰਨ ਦਾ ਇਕ ਖੜ ਯੰ
ਰਚਿਆ ਸੀ ਤੇ ਇਸ ਕੰਮ ਵਿਚ ਮਹਾਰਾਣੀ ਦਾ ਇਤਬਾ
ਸਿਕਤ੍ਰਦੀ ਫੜਿਆ ਗਿਆ ਸੀ। ਇਸਲਈ ਇਹ ਮੁਕਦਮ
ਲਾਟ ਹਾਰਡਿੰਜ ਤਕ ਪਹੁੰਚਾ। ਉਸਨੇ ਇਸਦੀ ਛਾਣ ਬੀ
ਕਰਕੇ ਮਹਾਰਾਣੀ ਨੂੰ ਨਿਰਦੋਸ਼ ਦਸਿਆ। ਸੋ ਇਸ ਝਮੇਲੇ
ਤਾਂ ਮਹਾਰਾਣੀ ਬਚ ਗਈ ਪਰ ਇਕ ਹੋਰ ਝਗੜੇ ਤੋਂ ਨ
ਬਚ ਸਕੀ। ਉਸਦੇ ਉਤੇ ਇਹ ਵੀ ਕਸੂਰ ਥਪਿਆ ਗਿਆ ਕਿ
ਓਹ ਬਾਲਕ ਮਹਾਰਾਜੇ ਨੂੰ ਭੜਕਾਉਂਦੀ ਰੈਹਦੀ ਹੈ।

੭ ਅਗਸਤ ਸਨ ੧੮੪੭ ਵਾਲੇ ਦਿਨ ਕੁਝ ਸਰਦਾਰ
ਨੂੰ ਚੰਗਾ ਕੰਮ ਕਰਨ ਦੇ ਕਾਰਣ ਮੇਹਲਾਂ ਵਿਚ ਦਰਬਾਰ
ਕਰਕੇ ਖਿਤਾਬ ਦਿਤੇ ਗਏ। ਸੈਨਾਪਤੀ ਸਰਦਾਰ ਤੇਜਾ ਸਿੰਘ
ਨੂੰ ਰਾਜਾ ਦਾ ਖਿਤਾਬ ਮਿਲਿਆ। ਸਿਖ ਦਰਬਾਰ ਵਿਚ
ਮੁਢ ਤੋਂ ਇਹ ਰਿਵਾਜ ਚਲਿਆ ਆਉਂਦਾ ਸੀ ਕਿ ਜਿਸ
ਕਿਸੇ ਨੂੰ ਇਹ ਖਿਤਾਬ ਦਿਤਾ ਜਾਂਦਾ ਸੀ ਉਸਦੇ ਮਥੇ ਉਤੇ
ਖੁਦ ਮਹਾਰਾਜਾ ਸਾਹਿਬ ਅਪਣੀ ਹਥੀ ਤਿਲਕ ਕਰਦੇ ਸਨ।
ਸੋ ਇਸ ਰਿਵਾਜ ਅਨੁਸਾਰ ਖੁਦ ਮਹਾਰਾਜਾ ਦਲੀਪਸਿੰਘ ਨੂੰ
ਹੀ ਅਪਣੀਂ ਹਥੀ ਇਹ ਤਿਲਕ ਤੇਜਾ ਸਿੰਘ ਦੇ ਮਥੇ ਉਤੇ
ਕਰਨਾ ਚਾਹੀਦਾ ਸੀ। ਪਰ ਮਹਾਰਾਣੀ ਦੀ ਤੇ ਸਰਦਾਰ ਤੇਜਾ
ਸਿੰਘ ਦੀ ਆਪਸ ਵਿਚ ਅਣਬਣ ਸੀ। ਇਸ ਲਈ ਮਹਾ-
ਰਾਣੀ ਨੇ ਉਸ ਦਿਨ ਬਾਲਕ ਮਹਾਰਾਜੇ ਨੂੰ ਬਹੁਤ ਦੇਰ ਪਿਛੋਂ
ਦਰਬਾਰ ਵਿਚ ਭੇਜਿਆ। ਉਸ ਵੇਲੇ ਦਰਬਾਰ ਵਿਚ ਭੇਜਿਆ

ਸ ਵੇਲੇ ਦਰਬਾਰ ਵਿਚ ਸਾਰੇ ਲੋਕ ਮਹਾਰਾਜੇ ਦੇ ਆਉਂਣ ਉਡੀਕ ਵਿਚ ਬੈਠੇ ਸਨ। ਨਿਯਤ ਸਮਾਂ ਬੀਤ ਜਾਣ ਪਿਛੋਂ ਾਰਾਜਾ ਸਾਹਿਬ ਦਰਬਾਰ ਵਿਚ ਆਏ ਤੇ ਸਰਹੇਨਰੀ ਰੈਂਸ ਨੇ ਉਨਾ ਪਾਸ ਤੇਜਾ ਸਿੰਘ ਨੂੰ ਤਿਲਕ ਦੇਣ ਦੀ ਨਤੀ ਕੀਤੀ। ਪਰ ਬਾਲਕ ਮਹਾਰਾਜੇ ਨੇ ਅਪਣੇ ਛੋਟੇ ੨ ਥਾਂ ਨੂੰ ਪਿਛੇ ਹਟਾਕੇ ਤੇਜਾ ਸਿੰਘ ਨੂੰ ਤਿਲਕ ਦੇਣੋਂ ਨਾਂਹ ਰ ਦਿਤੀ। ਇਸ ਪਰ ਰੈਜੀਡੰਟ ਨੇ ਇਕ ਸਿਖ ਗ੍ਰੰਥੀ ਪਾਸੋਂ ਜਾ ਸਿੰਘ ਨੂੰ ਤਿਲਕ ਕਰਵਾਯਾ। ਉਸ ਦਿਨ ਸ਼ਾਮ ਨੂੰ ਨਵੇਂ ਤਾਬ ਪਾਣ ਵਾਲੇ ਸਰਦਾਰਾਂ ਦੇ ਸੰਮਾਨ ਲਈ ਆਤਸ਼-ਾਜੀ ਛਡੀ ਗਈ। ਮਹਾਰਾਣੀ ਨੇ ਉਸ ਵਿਚ ਵੀ ਬਾਲਕ ਹਾਰਾਜੇ ਨੂੰ ਨਾ ਭੇਜਿਆ ਤੇ ਮਹਾਰਾਣੀ ਦਾ ਇਹ ਕੰਮ ੈਜੀਡੰਟ ਨੂੰ ਬਹੁਤ ਬੁਰਾ ਲਗਾ।

ਹਾਇ! ਬੁਰੇ ਸਮੇਂ ਬਾਲਕ ਦਲੀਪ ਸਿੰਘ ਨੇ ਤੇਜਾ ਸਿੰਘ ਨੂੰ ਤਿਲਕ ਕਰਨੋਂ ਨਾਹ ਕਰ ਦਿਤੀ। ਬਾਲਕ ਦਾ ਇਹ ਕੰਮ ਮਾਤਾ ਦੀ ਸਿਖਾਵਟ ਸਮਝੀ ਗਈ* ਸੋ ਲਾਟ ਹਾਰਡਿੰਸ ਤੇ ਰੈਜੀਡੰਟ ਸਰ ਹੇਨਰੀ ਲਾਰੈਂਸ ਆਦਿਕ ਸਜਣਾ ਦੇ ਦਿਲਾਂ ਵਿਚ ਇਹ ਗਲ ਬੈਠ ਗਈ ਕਿ ਜੇਕਰ ਦਲੀਪ ਸਿੰਘ ਆਪਣੀ ਮਾਂ ਦੇ ਪਾਸ ਬਹੁਤ ਦਿਨ ਤਕ ਰਹੇਗਾ ਤਾਂ ਬਿਲਕੁਲ ਨਾਲਾਇਕ ਹੋ ਜਾਵੇਗਾ। ਅਰਥਾਤ ਅਸੀਂ ਉਸਨੂੰ ਕਠਪੁਤਲੀ ਵਾਂਗ ਨਹੀਂ ਨਚਾ ਸਕਾਂਗੇ। ਇਸ ਲਈ ਬਾਲਕ ਦਲੀਪ ਸਿੰਘ ਨੂੰ ਮਹਾਰਾਣੀ ਦੇ ਬੁਰੇ ਅਸਰ ਤੋਂ ਜਿਤਨਾ ਦੂਰ ਰਖਿਆ ਜਾਵੇ ਚੰਗਾ ਹੈ।

*ਸਰ ਐਫ ਕਰੀ ਦੇ ਪ੍ਰਾਈਵੇਟ ਪੇਪਰ।

ਸੋ ਇਹ ਸੋਚਕੇ ਹੀ ਲਾਟ ਹਾਰਡਿੰਜ ਨੇ ਸਰਹੇਨਰੀ ਲਾਰੈ ਨੂੰ ੧੬ ਅਗਸਤ ਵਾਲੀ ਚਿਠੀ ਵਿਚ ਲਿਖਿਆ—ਮਹਾਰਾਣ ਨੂੰ ਲਾਹੌਰ ਤੋਂ ਦੂਰ ਰਖਣ ਦੀ ਬਾਬਤ ਦਰਬਾਰ ਵਿਚ ਸਾ ਤੌਰ ਤੇ ਸੰਮਤੀ ਲਈ ਜਾਵੇ। ਸੋ ਪ੍ਰਤਿਨਿਧੀ ਸਭਾ ਦੇ ਸਾ ਮੈਂਬਰਾਂ ਨੇ ਲਾਟ ਦੀ ਇਸ ਸਲਾਹ ਨੂੰ ਚੰਗਾ ਸਮਝਿਆ ਲਾਹੌਰ ਤੋਂ ੧੫ ਮੀਲ ਦੂਰ ਸ਼ੇਖੂਪੁਰੇ ਵਿਚ ਚਾਰ ਹਜ਼ਾ ਰੁਪਏ ਮਹੀਨੇ ਦਾ ਗੁਜ਼ਾਰਾ ਦੇਕੇ ਮਹਾਰਾਜਾ ਰਣਜੀਤ ਸਿੰਘ ਦੀ "ਮਹਬੂਬਾ" ਮਹਾਰਾਣੀ ਜਿੰਦਾਂ ਨੂੰ ਨਜ਼ਰ ਬੰਦ ਰਖਣਾ ਸਥਿਰ ਕਰ ਲਿਆ*ਤੇ ਮਹਾਰਾਣੀ ਸ਼ੇਖੂਪੁਰੇ ਵਿਚ ਆਪਣੇ ਪਜਾਰੇ ਪੁਤ੍ਰ ਤੋਂ, ਵਿਛੜਕੇ ਭੇਜ ਦਿਤੀ ਗਈ।

---

*ਸੰਤ ਨਿਹਾਲ ਸਿੰਘ ਜੀ ਨੇ ਜੇਠ ਸੰਮਤ ੧੯੬੯ ਦੀ ਮਰਯਾਦਾ ਹਿੰਦੀ ਮਾਸਿਕ ਪਤ੍ਰਿਕਾ ਵਿਚ ਇਸ ਘਟਨਾ ਦੀ ਬਾਬਤ ਇਸਤਰਾਂ ਲਿਖਿਆ ਹੈ:—

"ਤੇਜਾ ਸਿੰਘ ਨੂੰ ਤਿਲਕ ਨ ਦੇਣ ਦਾ ਫਲ ਇਹ ਹੋਯਾ ਕਿ ਇਸ ਘਟਨਾ ਦੇ ਕੁਛ ਦਿਨ ਪਿਛੋਂ ਰਾਜ ਮੈਹਲ ਵਿਚੋਂ ਸਾਰੇ ਨੌਕਰ ਹਟਾ ਦਿਤੇ ਗਏ। ਮਹਾਰਾਜ ਦੇ ਚਿਤ੍ਰ ਦੀ ਪ੍ਰਵ੍ਰਿਤੀ ਨੇ ਉਨਾਂ ਨੂੰ ਦਸ ਦਿਤਾ ਕਿ ਹੁਣ ਕੋਈ ਵਿਪਤਾ ਪੈਣ ਵਾਲੀ ਹੈ। ਸ਼ਾਮ ਨੂੰ ਫੇਰ ਦਰਬਾਰ ਹੋਯਾ ਜਿਸ ਵਿਚ ਮਹਾ-ਰਾਜਾ ਸਾਹਿਬ ਮੌਜੂਦ ਸਨ। ਲਾਰੈਂਸ ਨੇ ਮਹਾਰਾਜ ਨੂੰ ਘੋੜੇ ਉਤੇ ਚੜ੍ਹਕੇ ਹਵਾ ਖਾਣ ਵਾਸਤੇ ਜਾਣ ਲਈ ਕਿਹਾ। ਹਨੇਰਾ ਹੋ ਜਾਣ ਦੇ ਕਾਰਨ ਮਹਾਰਾਜ ਇਹ ਸੁਣਕੇ ਕੁਝ ਅਸਚਰਜ ਹੋਏ ਪਰ ਉਨਾਂ ਇਹ ਗਲ ਮੰਨ ਲਈ। ਗੁਲਾਬ ਸਿੰਘ ਅਤਰ

(ਬਾਕੀ ਦੇਖੋ ੯੯ ਸਫਾ)

ਹਾਰਾਣੀ ਦਾ ਭਰਾ ਹੀਰਾ ਸਿੰਘ ਮਹਾਰਾਣੀ ਨੂੰ ਸ਼ੇਖੂ ਪੁਰੇ ਕੇ ਰੈਹਣ ਦਾ ਹੁਕਮ ਸੁਨਾਣ ਲਈ ਮੈਹਲ ਵਿਚ ਗਿਆ।

(੯੮ ਸਫ਼ੇ ਦੀ ਬਾਕੀ)

ਲਾ ਤੇ ਕਈ ਹੋਰਨਾ ਸਰਦਾਰਾਂ ਸਣੇ ਸਵਾਰ ਹੋਕੇ ਓਹ ਲਾਮਾਰ ਬਾਗ ਵਲ ਚਲੇ। ਥੋੜੀ ਦੇਰ ਪਿਛੋਂ ਬਹੁਤ ਨੇਰਾ ਹੋਗਿਆ ਤੇ ਮਹਾਰਾਜ ਨੇ ਨਗਰ ਨੂੰ ਮੁੜਨ ਲਈ ਪਣਾ ਘੋੜਾ ਮੋੜਿਆ ਪਰ ਗੁਲਾਬ ਸਿੰਘ ਨੇ ਇਹ ਆਖਕੇ ਨਾਂ ਨੂੰ ਰੋਕਿਆ:—

ਕੀ ਆਪ ਨਗਰ ਨੂੰ ਮੁੜਕੇ ਸਾਡਾ ਨਕ ਵਢਾਓਗੇ ? ਲਾਰੈਂਸ ਾਹਿਬ ਦਾ ਹੁਕਮ ਹੈ ਕਿ ਮੈਂ ਤੁਹਾਡੇ ਨਾਲ ਸ਼ਾਲਾਮਾਰ ਾਗ ਜਾਵਾਂ।" ਮਹਾਰਾਜ ਨੇ ਦੁਖੀ ਹੋਕੇ ਇਹ ਗਲ ਮੰਨ ਲਈ ਤੇ ਓਹ ਬਾਗ ਨੂੰ ਗਏ। ਉਥੇ ਪਹੁੰਚਕੇ ਉਨਾਂ ਅਪਣੇ ਾਰੇ ਨੌਕਰਾਂ ਨੂੰ ਵੇਖਿਆ ਤੇ ਰਾਤ ਕੱਟਣ ਦੀ ਸਾਰੀ ਸਮਗ੍ਰੀ ਵੀ ਤਿਆਰ ਪਾਈ। ਇਸਦੇ ਉਤੇ ਮਹਾਰਾਜ ਨੇ ਜਰਾਵੀ ਗੁਸਾ ਪ੍ਰਗਟ ਨਾ ਕੀਤਾ ਪਰ ਹਾਂ ਰੋਟੀ ਨਾ ਖਾਧੀ। ਦੂਜੇ ਦਿਨ ਇਹ ਮਾਲੂਮ ਹੋਯਾ ਕਿ ਆਪਦੀ ਮਾਤਾ ਨੂੰ ਨਜ਼ਰਬੰਦ ਕਰਕੇ ਸ਼ੇਖੂਪੁਰੇ ਵਿਚ ਭੇਜਿਆ ਗਿਆ ਹੈ। ਇਹ ਸੁਣਕੇ ਮਹਾਰਾਜ ਦਾ ਦਿਲ ਬਹੁਤ ਦੁਖੀ ਹੋਯਾ ਕਿਉਂਕਿ ਮਾਤਾ ਦੇ ਨਾਲ ਆਪ ਦਾ ਬਹੁਤ ਮੋਹ ਸੀ।

ਲਾਹੌਰ ਮੁੜਕੇ ਮਹਾਰਾਜ ਨੇ ਅਪਣੀ ਪਹਿਲੀ ਨਿਵਾਸ ਵਾਲੀ ਥਾਂ ਸੰਮਨ ਬੁਰਜ ਵਿਚ ਰਹਿਣੋਂ ਅਨਿਛਾ ਦਸੀ। ਤਖਤਗਾਹ ਤੇ ਮੁਲਾਕਾਤ ਵਾਲੇ ਹਾਲ ਦੇ ਉਤੇ ਜੇਹੜੇ ਕਮਰੇ

(ਬਾਕੀ ਦੇਖੋ ੯੦ ਸਫ਼ਾ)

ਉਸ ਕਰੜੀ ਗਲ ਨੂੰ ਸੁਣਕੇ ਮਹਾਰਾਣੀ ਜਿੰਦਾਂ ਜ਼ਰਾ ਵਿਚਲਿਤ ਨਾ ਹੋਈ। ਉਸਦੀਆਂ ਭਵਾਂ ਉਤੇ ਕੋਈ ਵਟ ਨ ਪਿਆ ਤੇ ਉਸਦੀਆਂ ਅਖਾਂ ਵਿਚੋਂ ਇਕ ਬੂੰਦ ਨਾ ਡਿਗੀ ਉਸਦੇ ਮੂੰਹ ਉਤੇ ਉਦਾਸੀ ਵੀ ਨਹੀਂ ਛਾਈ। ਉਸ ਸਮੇਂ ਉ ਅਬਲਾ ਨੇ ਵਡੇ ੨ ਬਲਵਾਨ ਬੀਰਾਂ ਨਾਲੋਂ ਵੀ ਵਧਕੇ ਅਪ ਧੀਰਜ ਦਾ ਸਬੂਤ ਦਿਤਾ। ਉਸਨੇ ਵਡੀ ਗੰਭੀਰ ਤੇ ਸਾ ਅਵਾਜ਼ ਵਿਚ ਕਿਹਾ:—

"ਜਿਸ ਗਲ ਵਿਚ ਉਨਾਂ ਨੂੰ ਭਲਾਈ ਸੁਝੇ ਮੈਂ ਓ ਕਰਨ ਨੂੰ ਤਿਆਰ ਹਾਂ।"

ਲਾਹੌਰ ਛਡਣ ਤੋਂ ਪਹਿਲਾਂ ਮਹਾਰਾਣੀ ਜਿੰਦਾਂ ਇਕ ਵਾਰੀ ਰੈਜ਼ੀਡੈਂਟ ਨੂੰ ਮਿਲਿਆ ਚਾਹੁੰਦੀ ਸੀ ਪਰ ਉਸਨੇ ਮਿਲਣੋਂ ਨਾਂਹ ਕਰ ਦਿਤੀ। ਰੈਜ਼ੀਡੈਂਟ ਨੇ ਅਪਣੇ ਸਾਰੇ ਗਹਿਣੇ ਮਹਾਰਾਣੀ ਨੂੰ ਨਾਲ ਲੈ ਜਾਣ ਦਾ ਹੁਕਮ ਦਿਤਾ ਸੀ ਨਾਲ ਇਹ ਵੀ ਕਿਹਾ ਸੀ ਕਿ ਜੇਹੜੇ ਗਹਿਣੇ ਉਹ ਨਾਲ ਨਾ

(੮੯ ਸਫੇ ਦੀ ਬਾਕੀ)

ਸਨ ਉਨਾਂ ਵਿਚ ਰਹਿਣ ਲੱਗੀ। ਕੁਝ ਦਿਨਾਂ ਪਿਛੋਂ ਮਹਾਰਾਜ ਦੀ ਮਾਤਾ ਨੇ ਮਹਾਰਾਜ ਦੇ ਪਾਸ ਅਪਣੀ ਰਾਜ਼ੀ ਖੁਸ਼ੀ ਦ ਸਨੇਹਾ ਤਥਾ ਕੁਝ ਤੋਤੇ ਤੇ ਮਿਠਾਈ ਭੇਜੀ। ਮਾਤਾ ਦੀ ਰਾਜ਼ੀ ਖੁਸ਼ੀ ਦੀ ਖਬਰ ਸੁਣਕੇ ਆਪ ਖੁਸ਼ ਹੋਏ ਪਰ ਇਹ ਖੁਸ਼ੀ ਆਪਨੂੰ ਮੁੜਕੇ ਨਸੀਬ ਨਾ ਹੋਈ। ਰੈਜ਼ੀਡੈਂਟ ਦੇ ਹੁਕਮ ਨਾਲ ਚਿਠੀ ਪਤ੍ਰੀ ਬੰਦ ਕੀਤੀ ਗਈ। ਕਿਸੇ ੨ ਲੇਖਕ ਨੇ ਲਿਖਿਆ ਹੈ ਕਿ ਮਹਾਰਾਜ ਅਪਣੀ ਮਾਤਾ ਦੇ ਨਜ਼ਰਬੰਦ ਹੋਣ ਪਰ ਜ਼ਰਾ ਵੀ ਦੁਖੀ ਨਹੀਂ ਹੋਏ ਸਨ।

ਜਾ ਸਕੇ ਉਨ੍ਹਾਂ ਨੂੰ ਅਪਣੇ ਇਤਬਾਰੀ ਨੌਕਰਾਂ ਪਾਸ ਛੱਡ ਦੇਵੇ। ਰੈਜ਼ੀਡੈਂਟ ਦੇ ਇਸ ਹੁਕਮ ਦਾ ਸ਼ਾਇਦ ਇਹ ਮਤਲਬ ਕਿ ਮਹਾਰਾਣੀ ਪਿਛੋਂ ਕਿਧਰੇ ਇਹ ਨਾ ਆਖੇ ਕਿ ਮੈਨੂੰ ਲਾਣੀ ਚੀਜ਼ ਤੋਂ ਵਾਂਜਿਆ ਰੱਖਿਆ ਗਿਆ ਹੈ। ਰਾਜੇ ਜਾ ਸਿੰਘ ਦੀ ਰਾਇ ਵਿਚ ਮਹਾਰਾਣੀ ਅਪਣੇ ਨਾਲ ਕੈ ਖ ਦੇ ਗੈਹਣੇ ਤੇ ਜਵਾਹਰਾਤ ਲੈ ਗਈ ਸੀ।

ਉਨ੍ਹਾਂ ਦਿਨਾਂ ਵਿਚ ਇਹ ਅਫਵਾਹ ਉਡੀ ਸੀ ਕਿ ਹਾਰਾਣੀ ਜਿੰਦਾਂ ਨੂੰ ਕੇਸੋਂ ਫੜਕੇ ਰਾਜ ਮਹਿਲਾਂ ਤੋਂ ਬਾਹਰ ਢ ਦਿਤਾ ਗਿਆ ਹੈ। ਪਰ ਪੰਜਾਬ ਸੰਬੰਧੀ ਸਰਕਾਰੀ ਾਗਜ ਪਤ੍ਰ ਵੇਖਣ ਤੋਂ ਮਲੂਮ ਹੁੰਦਾ ਹੈ ਕਿ ਰੈਜ਼ੀਡੈਂਟ ਨੇ ਮਹਾਰਾਣੀ ਨੂੰ ਲਾਹੌਰ ਤੋਂ ਸ਼ੇਖੂ ਪੁਰੇ ਤਕ ਵਡੇ ਆਦਰ ਨਾਲ ਭੇਜਿਆ ਸੀ। ੧੯ ਅਗਸਤ ਨੂੰ ਮਹਾਰਾਣੀ ਸ਼ੇਖੂਪੁਰੇ ਪਹੁੰਚੀ। ਉਸਦੀ ਰਾਖੀ ਦਾ ਜਿਮਾਂ ਛੂਹਾ ਸਿੰਘ ਨਾਮੇਂ ਇਕ ਆਦਮੀ ਨੂੰ ਦਿਤਾ ਗਿਆ। ਦਰਬਾਰ ਦੀ ਸਲਾਹ ਨਾਲ ਚਾਰ ਹਜ਼ਾਰ ਰੁਪਯਾ ਮਹੀਨਾ ਗੁਜ਼ਾਰੇ ਲਈ ਦੇਣਾ ਮੁਕਰਰ ਹੋਯਾ। ਦੂਸਰੇ ਦਿਨ ਢੰਡੋ ਲਾਂਦਾ ਇਕ ਐਲਾਨ ਨਿਕਲਿਆ ਜਿਸਦਾ ਇਹ ਮਤਲਬ ਸੀ—ਲਾਹੌਰ ਦਰਬਾਰ ਤੇ ਅੰਗ੍ਰੇਜ਼ੀ ਸਰਕਾਰ ਦੀ ਆਪਸ ਵਿਚ ਮਿਤ੍ਰਤਾ ਹੈ। ਬਾਲਕ ਮਹਾਰਾਜੇ ਦੀ ਸਿਖ੍ਯਾ ਦੀਖ੍ਯਾ ਲਈ ਹਮੇਸ਼ਾ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਲਈ ਗਵਰਨਰ ਜਨਰਲ ਨੂੰ ਇਹ ਲੋੜ ਭਾਸੀ ਹੈ ਕਿ ਮਹਾਰਾਜੇ ਨੂੰ ਅਪਣੀ ਮਾਤਾ ਪਾਸੋਂ ਅਡ ਰਖਿਆ ਜਾਵੇ। ਇਸੇ ਕਾਰਣ ਮਹਾਰਾਣੀ ਲਾਹੌਰੋਂ ਸ਼ੇਖੂਪੁਰੇ ਨੂੰ ਭੇਜੀ ਗਈ।

ਇਸ ਘਟਨਾ ਦੇ ਕੁਝ ਦਿਨਾਂ ਪਿਛੋਂ ਹੀ ਸਰ ਹੇਨਰੀ ਲਾਰੈਂਸ ਦੀ ਸਿਹਤ ਖਰਾਬ ਹੋ ਗਈ ਤੇ ਓਹ ਉਸਨੂੰ ਠੀਕ

ਕਰਨ ਲਈ ਡਾਕਟਰਾਂ ਦੀ ਸਲਾਹ ਨਾਲ ਵਿਲੈਤ ਚਲਿਆ ਗਿਆ। ਉਸਦੀ ਜਗਾ ਪੰਜਾਬ ਦਾ ਨਵਾਂ ਏਜੰਟ ਸਰਫ੍ਰੈ ਡਰਿਕ ਕੈਰੀ ਬਣਿਆ। ਲਾਟ ਹਾਰਡਿੰਗ ਦੀ ਮਿਆਦ ਪੂਰੀ ਹੋ ਗਈ ਸੀ ਸੋ ਉਸਦੀ ਜਗਾ ਮਾਰਕੁਈਸ ਆਫ ਡਲਹੌਸੀ ਗਵਰਨਰ ਜਨਰਲ ਬਣਕੇ ਆਇਆ। ਲਾਟ ਹਾਰਡਿੰਗ ਨੇ ਉਸਨੂੰ ਚਾਰਜ ਦੇਣ ਵੇਲੇ ਕਿਹਾ:—"ਮੈਂ ਸਤ ਵਰਹੇ ਤਕ ਹਿੰਦੁਸਤਾਨ ਵਿਚ ਇਕ ਵੀ ਗੋਲੀ ਛਡਣ ਦੀ ਲੋੜ ਨਹੀਂ ਪਵੇਗੀ।" *ਪਰ ਲਾਟ ਹਾਰਡਿੰਗ ਦੀ ਇਹ ਗੱਲ ਪੂਰੀ ਨਾ ਹੋਈ। ਉਸਦੇ ਚਲੇ ਜਾਣ ਪਿਛੋਂ ਲਾਟ ਡਲਹੌਜ਼ੀ ਨੇ ਸਵਾਹਾ ਨੀਤੀ ਦਾ ਪਲਾ ਫੜਕੇ ਕਈ ਦੇਸੀ ਰਜਵਾੜਿਆਂ ਨੂੰ ਹਮੇਸ਼ਾ ਲਈ ਮਿਟਾ ਦਿਤਾ। ਸੋ ਇਸ ਸਵਾਹਾ ਨੀਤੀ ਤੋਂ ਭਲਾ ਪੰਜਾਬ ਫੇਰ ਕਿਸਤਰਾਂ ਬਚ ਸਕਦਾ ਸੀ?

---

*ਵੇਖੋ ਲਾਟ ਲਾਰੈਂਸ ਦਾ ਜੀਵਨ ਬ੍ਰਿਤਾਂਤ ਬੋਸਵਰਥ ਸਮਿਥ ਐਮ. ਏ. ਦਾ ਬਣਾਇਆ।

ਮੁਲਤਾਨ ਦਾ ਗਦਰ

ਦਿਲ ਜਲੇ ਹੈ ਗ਼ਮ ਸੇ ਐ ਆਂਸੂ ਬਹਾਨਾ ਮਨਾ ਹੈ ।
ਲੱਗ ਰਹੀ ਹੈ ਆਗ ਘਰ ਮੇਂ ਐ ਬੁਝਾਨਾ ਮਨਾ ਹੈ ।
ਜਿਗਰ ਮੇਂ ਹੈ ਸ਼ੋਲਾ ਐ ਨਾਲਾ ਉਠਾਨਾ ਮਨਾ ਹੈ ।
ਦਾਗ਼ ਪਰ ਹੈ ਦਾਗ਼ ਐ ਮਰਹਮ ਲਗਾਨਾ ਮਨਾ ਹੈ ।

ਸਰਹੇਨਰੀ ਲਾਰੈਂਸ ਦੇ ਸਮੇਂ ਪੰਜਾਬ ਵਿਚ ਭਾਵੇਂ ਕਿੰਨੀ ਹੀ ਖਰਾਬੀ ਕਿਉਂ ਨ ਹੋਈ ਹੋਵੇ ਪਰ ਫੇਰ ਵੀ ਉਥੇ ਸ਼ਾਂਤੀ ਵਿਰਾਜਮਾਨ ਸੀ । ਹੇਨਰੀਲਾਰੈਂਸ ਨੇ ਅਪਣੀ ਸੁਘੜਤਾਨੀ ਤੇ ਦੂਰਦੇਸ਼ੀ ਦੇ ਕਾਰਣ ਪੰਜਾਬੀਆਂ ਨੂੰ ਖਾਸ ਕਰ ਖਾਲਸਾ ਫੌਜ ਨੂੰ ਉਭਰਨ ਨਾ ਦਿਤਾ । ੬ ਅਪ੍ਰੈਲ ਸਨ ੧੮੪੮ ਈ: ਨੂੰ ਸਰ ਫ੍ਰੈਡਰਿਕਕੇਰੀ ਰੈਜੀਡੰਟ ਪੰਜਾਬ ਦੇ ਗਵਰਨਰ ਜਨਰਲ ਨੂੰ ਲਿਖਿਆ ਸੀ ਕਿ ਲਾਹੌਰ ਰਾਜਨੇ ਸਾਰੇ ਦੇਸ ਵਿਚ ਸ਼ਾਂਤੀ ਹੈ । ਸਬ ਲੋਕ ਮੌਜੂਦਾ ਦਸ਼ਾ ਵਿਚ ਖੁਸ਼ ਹਨ । ਇਸ ਤੋਂ ਪਹਿਲਾਂ ਆਪ ਹੀ ਲਾਟ ਡਲਹੌਜ਼ੀ ਨੇ ਵਿਲੈਤ ਦੀ ਕੋਰਟ ਆਫ ਡਾਇਰੈਕਟਰਸ ਨੂੰ ਲਿਖਿਆ ਸੀ—ਪੰਜਾਬ ਸਬੰਧੀ ਕਾਗਜ਼ ਭੇਜੇ ਜਾਂਦੇ ਹਨ । ਉਥੇ ਕਿਸੇ ਤਰਾਂ ਦਾ ਬਖੇੜਾ ਨਹੀਂ । ਇਸਤਰਾਂ ਜਦ ਪੰਜਾਬ ਵਿਚ ਸ਼ਾਂਤੀ ਸੀ ਤਦ ਅੰਗ੍ਰੇਜ਼ੀ ਦੇ ਮਈ ਮਹੀਨੇ ਕਲਕਤੇ ਵਿਚ ਇਹਖਬਰ ਪਹੁੰਚੀ ਕਿ ਲਾਹੌਰ ਦਰਬਾਰ ਦੇ ਅਧੀਨ ਮੁਲਤਾਨ ਵਿਚ ਗਦਰ ਮਚ ਗਿਆ ਹੈ । ਸੋ ਇਸਖਬਰ ਤੋਂ ਲਾਟ ਡਲਹੌਜ਼ੀ ਦੀ ਤੇਜ਼ ਨਜ਼ਰ ਪੰਜਾਬ ਉਤੇ ਪਈ ।

*ਮੁਲਤਾਨ ਲਾਹੌਰ ਦਰਬਾਰ ਦਾ ਇਕ ਸੂਬਾ ਸੀ ਤੇ ਉਸ ਵੇਲੇ ਓਹ ਦੀਵਾਨ ਮੂਲਰਾਜ ਦੇ ਅਧੀਨ ਸੀ।

---

*ਮਹਾਰਾਜ ਰਣਜੀਤ ਸਿੰਘ ਨੇ ਸੰਬਤ ੧੯੭੫ ਬਿਕ੍ਰਮੀ ਵਿਚ ਮੁਲਤਾਨ ਨੂੰ ਮੁਜਫਰ ਖਾਂ ਪਾਸੋਂ ਲਿਆ। ਸਨ ੧੯੯੧ ਵਿਚ ਉਸਦਾ ਸੂਬਾ ਦੀਵਾਨ ਸਾਵਣ ਮਲ ਵਡਾ ਇਨਸਾਫੀ ਤੇ ਕਰਤਵ ਕਰਮੀ ਮਨੁਖ ਸੀ। ਹੁਣ ਵੀ ਮੁਲਤਾਨਵਾਸੀ ਉਸਦੀ ਉਸਤਤ ਕਰਦੇ ਹਨ। ਉਸਦੇ ਸਮੇਂ ਨਗਰ ਦੀ ਵਡੀ ਉਨਤੀ ਹੋਈ। ਉਸ ਵੇਲੇ ਵਪਾਰ ਵਿਚ ਮੁਲਤਾਨ ਬਹੁਤ ਵਧਿਆ ਹੋਯਾ ਸੀ। ਉਸਦੇ ਰਾਜ ਵਿਚ ਪ੍ਰਜਾ ਬਹੁਤ ਸੁਖੀ ਸੀ। ਸ਼ਿਵਾ ਜੀ ਦੀ ਤਰਾਂ ਦੀਵਾਨ ਸਾਵਣਮਲ ਨੇ ਅਪਣੇ ਵਡੇ ਲੜਕੇ ਰਾਮਦਾਸ ਨੂੰ ਇਸ ਕਾਰਨ ਜੇਲ੍ਹ ਭੇਜਿਆ ਸੀ ਕਿ ਉਸਨੇ ਇਕ ਜਟ ਦੇ ਖੇਤ ਵਿਚ ਘੋੜਾ ਖੇਲ ਕੇ ਖੇਤ ਖਰਾਬ ਕੀਤਾ ਸੀ। ਦੀਵਾਨ ਸਾਵਣ ਮਲ ਨੇ ਅਪਣੇ ਮਰਨ ਪਿਛੋਂ ਬਹੁਤ ਸਾਰਾ ਧਨ ਛਡਿਆ ਪਰ ਇਸ ਗਲ ਨੂੰ ਲੇਪਿਲ ਗ੍ਰਿਫਿਨ ਨੇ ਵੀ ਮੰਨਿਆ ਹੈ ਕਿ ਦੀਵਾਨ ਸਾਵਣ ਮਲ ਨੇ ਕਦੇ ਅਨਿਆਇ ਅਥਵਾ ਜ਼ੁਲਮ ਕਰਕੇ ਰੁਪਯਾ ਕਠਾ ਨਹੀਂ ਕੀਤਾ ਸੀ। (ਵੇਖੋ ਪੰਜਾਬ ਚੀਫਸ ਸਫਾ ੨੭੭-੭੯) ਦੀਵਾਨ ਸਾਵਣ ਮਲ ਦਾ ਇਹ ਨਿਯਮ ਸੀ ਕਿ ਓਹ ਜਦੋਂ ਕਦੇ ਕਿਸੇ ਫੌਜੀ ਨੂੰ ਸਜ਼ਾ ਦੇਂਦੇ ਸਨ ਤਾਂ ਓਸਦੇ ਹਥਿਆਰ ਖੋਹ ਲੈਂਦੇ ਤੇ ਦਰਬਾਰੋਂ ਕਢ ਦੇਂਦੇ ਸਨ। ਉਨ੍ਹਾਂ ਦਾ ਇਹ ਨਿਯਮ ਹੀ ਉਨ੍ਹਾਂ ਦੀ ਮੌਤ ਦਾ ਕਾਰਣ ਬਣਿਆ। ਉਨ੍ਹਾਂ ਦੇ ਪਾਸ ਇਕ ਢੰਗਾ ਸਿਪਾਹੀ ਸੀ। ਓਹ ਨਾਮ ਕਟਾਣਾ ਚਾਹੁੰਦਾ

[ਬਾਕੀ ਵੇਖੋ ਸਫਾ ੯੫]

ਅਸੀਂ ਇਹ ਗੱਲ ਪਹਿਲੋਂ ਲਿਖਣੀ ਭੁਲ ਗਏ ਹਾਂ ਕਿ ਦੀਵਾਨ ਜਵਾਹਰ ਸਿੰਘ ਦੇ ਸਮੇਂ ਸੰਬਤ ੧੯੦੨ ਬਿਕ੍ਰਮੀ (ਸਨ ੧੮੪੫) ਵਿਚ ਖਾਲਸਾ ਫੌਜ ਨੇ ਮੂਲਰਾਜ ਉਤੇ ਚੜ੍ਹਾਈ ਕੀਤੀ ਸੀ। ਇਸ ਚੜ੍ਹਾਈ ਦਾ ਕਾਰਣ ਇਹ ਸੀ ਕਿ ਮੂਲਰਾਜ ਮੁਲਤਾਨ ਨੂੰ ਮਾਮਲਾ ਭਰਨ ਵਾਲਾ ਰਾਜ ਨਾ

[੯੪ ਸਫੇ ਦੀ ਬਾਕੀ]

ਸੀ ਪਰ ਦੀਵਾਨ ਹੁਰੀਂ ਉਸਨੂੰ ਛਡਦੇ ਨਹੀਂ ਸਨ। ਉਸਨੇ ਵਾਰੰਵਾਰ ਅਪਣੀ ਮੁਕਤੀ ਲਈ ਜ਼ਿਦ ਕੀਤੀ। ਦੀਵਾਨ ਜੀ ਨੇ ਹੁਕਮ ਦਿਤਾ ਕਿ ਇਸਦੇ ਹਥਿਆਰ ਖੋਹ ਲਵੋ। ਨੌਕਰ ਹਥੀਆਰ ਖੋਹਣ ਲਈ ਅਗੇ ਵਧੇ ਕਿ ਉਸ ਸਿਪਾਹੀ ਨੇ ਲਲਕਾਰਕੇ ਕਿਹਾ:—ਖਬਰਦਾਰ! ਮੈਨੂੰ ਹਥ ਲਾਓਗੇ ਤਾਂ ਅਪਣੀ ਜਾਨ ਗੰਵਾਓਗੇ। ਇਹ ਆਖਕੇ ਹੀ ਉਸਨੇ ਹਥੀਆਰ ਆਪ ਰਖ ਦਿਤੇ। ਇਸ ਪਰ ਦੀਵਾਨਦੇ ਨੌਕਰਾਂ ਨੇ ਪੁਛਿਆ ਇਸਨੂੰ ਜੇਲਖਾਨੇ ਲੈ ਜਾਈਏ? ਦੀਵਾਨ ਨੇ ਕਿਹਾ ਨਹੀਂ। ਇਸਨੂੰ ਡਿਓਢੀ ਵਿਚ ਲੈ ਜਾਓ, ਮੈਂ ਇਸ ਨਾਲ ਗਲਾਂ ਕਰਨੀਆਂ ਹਨ। ਦਰਬਾਰ ਦੇ ਪਿਛੋਂ ਦੀਵਾਨ ਸਾਹਿਬ ਨੇ ਉਸ ਸਿਪਾਹੀ ਨਾਲ ਗਲਾਂ ਕੀਤੀਆਂ ਤੇ ਉਸ ਨੂੰ ਕਸੂਰਵਾਰ ਫਰਮਾਯਾ। ਇਸ ਪਰ ਉਸ ਸਿਪਾਹੀ ਨੇ ਅਪਣੀ ਪਿਸਤੌਲ ਦੀਵਾਨ ਉਤੇ ਚਲਾਈ। ਦੀਵਾਨ ਦੇ ਨੌਕਰਾਂ ਨੇ ਉਸ ਸਿਪਾਹੀ ਨੂੰ ਉਥੇ ਮਾਰ ਸੁਟਿਆ। ਇਸ ਘਟਨਾ ਦੇ ਪਿਛੋਂ ੧੦ ਦਿਨ ਤਕ ਦੀਵਾਨ ਜੀ ਬੀਮਾਰ ਰਹੇ ਤੇ ਸੰਬਤ ੧੯੦੧ ਬਿਕ੍ਰਮੀ (ਸਨ ੧੮੪੪)ਨੂੰ ਇਸ ਅਸਾਰ ਸੰਸਾਰ ਤੋਂ ਵਿਦਾ ਹੋ ਗਏ।

ਮੰਨਦਾ ਹੋਯਾ ਉਸਨੂੰ ਸੁਤੰਤ੍ਰ ਰਿਆਸਤ ਵਸਣ ਲੱਗ ਪਿਆ ਸੀ। ਫੇਰ ਦੀਵਾਨ ਬਣਨ ਸਮੇਂ ਵੀ ਉਸਨੇ ਲਾਹੌਰ ਦਰਬਾ ਨੂੰ ਕੋਈ ਭੇਟ ਪੂਜਾ ਨਾ ਦਿਤੀ। ਪਰ ਜਦ ਖਾਲਸਾ ਫੌਜ ਨੇ ਚੜ੍ਹਾਈ ਕਰ ਦਿਤੀ ਤਦ ਉਸਨੇ ੧੮ ਲੱਖ ਰੁਪਯਾ ਤੇ ਅਪਣੇ ਰਾਜ ਦਾ ਕੁਝ ਹਿਸਾ ਲਾਹੌਰ ਦਰਬਾਰ ਨੂੰ ਦੇਣਾ ਮੰਨ ਲਿਆ। ਇੰਨੇ ਵਿਚ ਹੀ ਸਿਖਾਂ ਦੀ ਅੰਗ੍ਰੇਜ਼ਾਂ ਨਾਲ ਪੈਹਲੀ ਲੜਾਈ ਛਿੜ ਪਈ ਸੀ। ਉਸ ਵੇਲੇ ਖਾਲਸਾ ਫੌਜ ਨੂੰ ਓਸ ਨੇ ਗਲਾਂ ਨਾਲ ਟਾਲ ਦਿਤਾ। ਪਰ ਉਸ ਲੜਾਈ ਦੇ ਪਿਛੋਂ ਵੀ ਮੂਲਰਾਜ ਨੇ ਨ ਤਾਂ ਸਾਲਾਨਾ ਮਾਮਲਾ ਦਿਤਾ ਤੇ ਨਾ ਨਜ਼ਰਾਨਾ ਹੀ ਭੇਜਿਆ। ਉਨੀਂ ਦਿਨੀ ਮਿਸਰ ਦਾਲ ਸਿੰਘ ਸਿਖ ਰਾਜ ਦਾ ਵਜ਼ੀਰ ਸੀ। ਉਸਨੇ ਮੂਲਰਾਜ ਨੂੰ ਉਸਦੀ ਢੀਠਤਾ ਦਾ ਡੰਡ ਦੇਣ ਲਈ ਮੁਲਤਾਨ ਉਤੇ ਫੌਜ ਭੇਜੀ। ਝੰਗ ਦੇ ਪਾਸ ਲੜਾਈ ਹੋਈ ਤੇ ਲਾਹੌਰ ਦਰਬਾਰ ਦੀ ਫੌਜ ਦੀਵਾਨ ਦੀ ਫੌਜ ਪਾਸੋਂ ਹਾਰ ਗਈ। ਓਸ ਵੇਲੇ ਸਰ ਹੈਨਰੀ ਲਾਰੈਂਸ ਰੇਜ਼ੀਡੈਂਟ ਸੀ। ਉਸਨੇ ਇਸਤਰਾਂ ਝਗੜਾ ਮਿਟਾਯਾ ਕਿ ਮੂਲਰਾਜ ਅਪਣੀ ਸਾਰੀ ਜੈਦਾਦ ਦਾ ਤੀਸਾ ਹਿਸਾ ਅਤੇ ਝੰਗ ਛਡ ਦੇਵੇ। ਇਸਦੇ ਸਿਵਾ ਦੀਵਾਨੀ ਲੈਣ ਲਈ ਜੋ ਨਜ਼ਰ ਦੇਣੀ ਪੈਂਦੀ ਹੈ ਤੇ ਜੋ ਸਾਲਾਨਾਂ ਮਾਮਲਾ ਬਾਕੀ ਹੈ ਉਸਦੇ ਡੰਡ ਵਿਚ ੨੦ ਲੱਖ ਰੁਪਯਾ ਹਰਜਾਨਾ ਦੇਵੇ ਹੋਰ ਸਾਰੇ ਦੇਸ ਦੀਵਾਨ ਦੇ ਅਧੀਨ ਹੀ ਰਹਿਣ ਪਰ ਉਸਦੀ ਮਾਲਗੁਜ਼ਾਰੀ ਤੇ ਦੂੰਗੀ ਵਧਾਈ ਜਾਵੇ। ਇਸ ਨਵੇਂ ਪ੍ਰਬੰਧ ਤੋਂ ਮੂਲਰਾਜ ਨੂੰ ਪੈਹਲਾਂ ਜਿਸਦਾ ਸਾਲਾਨਾ ੧੫੪੭੧੯ ਰੁਪਯਾ ਦੇਣਾ ਪੈਂਦਾ ਸੀ ਓਹ ਅਗੇ ਨੂੰ ੧੯੬੬੦੦੦ ਹੋਗਿਆ ਜਿਸ ਵੇਲੇ ਇਹ ਗਲਾਂ ਤੈ ਹੋਈਆਂ ਉਸਵੇਲੇ ਤਾਂ ਮੂਲਰਾਜ

ਬਹੁਤ ਪ੍ਰਸੰਨ ਸੀ। ਪਰ ਪਿਛੋਂ ਓਹ ਜਿੰਨਾ ਰੁਪਯਾ ਦੇ ਨ ਸਕਿਆ। ਸਨ ੧੮੪੭ ਦੇ ਨਵੰਬਰ ਵਿਚ ਲਾਹੌਰ ਪਹੁੰਚਕੇ ਉਸਨੇ ਦੀਵਾਨੀ ਦਾ ਇਸਤੀਫਾ ਦਿਤਾ ਤੇ ਜਿਸਦੇ ਦੋ ਕਾਰਨ ਉਸਨੇ ਦਸੇ। ਇਕ ਤਾਂ ਮਾਲਗੁਜਾਰੀ ਦਾ ਵਧਾਯਾ ਜਾਣਾ ਤੇ ਵਸੂਲ ਕਰਨ ਵਿਚ ਬਹੁਤ ਔਕੜਾਂ ਦਾ ਹੋਣਾ, ਦੂਜੇ ਮੁਲਤਾਨ ਵਾਸੀਆਂ ਦੀ ਦੀਵਾਨੀ ਤੇ ਫੌਜਦਾਰੀ ਮੁਕਦਮਿਆਂ ਦੀ ਲਾਹੌਰ ਦਰਬਾਰ ਵਿਚ ਅਪੀਲ ਹੋਣ ਕਰਕੇ ਆਪਣੇ ਪ੍ਰਭਾਵ ਦਾ ਘਟ ਜਾਣਾ। ਅਪਣੇ ਇਸਤੀਫੇ ਦੇ ਨਾਲ ਹੀ ਦੀਵਾਨ ਨੇ ਹੋਰ ਵੀ ਦੋ ਗਲਾਂ ਦੀ ਬੇਨਤੀ ਕੀਤੀ। ਇਕ ਤਾਂ ਉਸਦੇ ਦੀਵਾਨੀ ਛਡਣ ਵੇਲੇ ਉਸਨੂੰ ਗੁਜ਼ਾਰੇ ਲਈ ਕੋਈ ਜਾਗੀਰ ਮਿਲੇ ਤੇ ਦੂਜੇ ਦੀਵਾਨੀ ਛਡਣ ਦੀ ਗਲ ਦਰਬਾਰ ਤੋਂ ਗੁਪਤ ਰਖੀ ਜਾਵੇ। ਜਿਸ ਵੇਲੇ ਲਾਹੌਰ ਪਹੁੰਚਕੇ ਦੀਵਾਨ ਮੂਲਰਾਜ ਨੇ ਇਹ ਪ੍ਰਾਰਥਨਾ ਕੀਤੀ ਉਸ ਵੇਲੇ ਸਰਹੈਨਰੀ ਲਾਰੰਸ ਅਪਣਾ ਓਹਦਾ ਛਡਕੇ ਵਿਲੈਤ ਚਲਿਆ ਗਿਆ ਸੀ ਉਸਦੀ ਥਾਂ ਨਵੇਂ ਰੈਜ਼ੀਡੰਟ ਦੇ ਆਉਣ ਤਕ ਜਾਨ ਲਾਰੰਸ ਰੈਜ਼ੀਡੰਟ ਦਾ ਕੰਮ ਕਰਦਾ ਰਿਹਾ। ਉਸਨੇ ਮੂਲਰਾਜ ਨੂੰ ਦੀਵਾਨੀ ਨਾ ਛਡਣ ਬਾਬਤ ਬਹੁਤ ਸਮਝਾਯਾ ਪਰ ਉਸਨੂੰ ਇਕ ਨਾ ਲਗੀ ਇਸ ਪ੍ਰਕਾਰ । ਉਸਨੂੰ (ਦੀਵਾਨ ਮੂਲਰਾਜ ਨੂੰ) ਅਪਣੇ ਖਿਆਲ ਉਤੇ ਅਟਲ ਵੇਖਕੇ ਜਾਨ ਲਾਰੰਸ ਨੇ ਕਾਇਮ ਮੁਕਾਮ ਹੋਣ ਦੇ ਕਾਰਣ ਕੋਈ ਪਕਾ ਜਵਾਬ ਨ ਦੇਕੇ ਕੇਵਲ ਭਰੋਸਾ ਦਿਤਾ ਕਿ ਜੇਦ ਰਾਜ ਦੇ ਹਰੇਕ ਨੌਕਰ ਨੂੰ ਅਪਣੀ ਨੌਕਰੀ ਛਡਣ ਪਿਛੇ ਇਨਾਮ ਮਿਲਦਾ ਹੈ ਤਾਂ ਸੰਭਵ ਹੈ ਸ਼ਾਇਦ ਤੁਹਾਨੂੰ ਵੀ ਨਿਰਾਸ ਨਾ ਹੋਣਾ ਪਵੇ। ਸੋ ਮੁਲਤਾਨ ਮੁੜਕੇ ਮੂਲਰਾਜ ਨੇ ਦੀਵਾਨੀ ਛਡ ਦਿਤੀ। ਨਵੇਂ ਰੈਜ਼ੀਡੰਟ

ਸਰ ਫ੍ਰੈਡਰਿਕ ਕੈਰੀ ਨੂੰ ਲਾਹੌਰ ਪਹੁੰਚਣ ਵਿਚ ਅਜੇ ਦੇਰ ਹੋਣ ਕਰਕੇ ਜਾਨ ਲਾਰੈਂਸ ਨੇ ਮੂਲਰਾਜ ਨੂੰ ਲਿਖਿਆ ਕਿ ਜੇਕਰ ਤੁਸੀ ਅਜੇ ਵੀ ਦੀਵਾਨ ਗੀਰੀ ਲੈਣੀ ਚਾਹੋ ਤਾਂ ਉਸਦਾ ਪ੍ਰਬੰਧ ਹੋ ਸਕਦਾ ਹੈ ਪਰ ਮੂਲਰਾਜ ਨੇ ਇਸਦੀ ਬਾਬਤ ਲਿਖਿਆ ਕਿ ਮੇਰਾ ਵਿਚਾਰ ਪੈਹਲੇ ਵਰਗਾਹੀ ਹੈ ਤੇ ਓਹ ਕੁਝ ਨਹੀ ਬਦਲਿਆ।

ਨੌ ਮਾਰਚ ਨੂੰ ਸਰ ਫ੍ਰੈਡਰਿਕ ਕੈਰੀ ਲਾਹੌਰ ਪਹੁੰਚਾ ਉਸਨੇ ਵੀ ਮੂਲਰਾਜ ਨੂੰ ਲਿਖਿਆ ਕਿ ਜੇਕਰ ਤੁਸੀਂ ਆਪਣੇ ਓਹਦਾ ਫੇਰ ਲੈਣਾ ਚਾਹਦੇ ਤਾਂ ਇਸਦੀ ਮੁੜਕੇ ਵਿਚਾਰ ਹੋ ਸਕਦੀ ਹੈ। ਇਸਦੇ ਜਵਾਬ ਵਿਚ ਵੀ ਮੂਲਰਾਜ ਨੇ ਲਿਖਿਆ ਕਿ ਮੇਰਾ ਖਿਆਲ ਪੈਹਲਾਂ ਵਾਂਗ ਪਕਾ ਹੈ। ਇਸਤੇ ਰੇਜੀਡੈਂਟ ਨੇ ਕਿਹਾ ਜੇਕਰ ਐਸਾ ਹੈ ਤਾਂ ਦੀਵਾਨ ਨੂੰ ਕਿਸੇਤਰਾ ਦਾ ਇਨਾਮ ਵਾ ਜਾਗੀਰ ਨਹੀਂ ਮਿਲੇਗੀ। ਨਾਲ ਹੀ ਉਸਨੇ ਮੂਲ ਰਾਜ ਪਾਸੋਂ ਪਿਛਲੇ ਦਸਾਂ ਵਰਿਹਾਂ ਦਾ ਹਿਸਾਬ ਵੀ ਮੰਗਿਆ। ਮੂਲਰਾਜ ਨੇ ਇਸਦੇ ਜਵਾਬ ਵਿਚ ਲਿਖਿਆ ਕਿ ਮੈਂ ਜਿਵੇਂ ਕਿਵੇ ਪਿਤਾ ਦੇ ਸਮੇ ਦੇ ਕਾਗਜਾਂ ਨੂੰ ਇਕਠਾ ਕਰਾਂਗਾ ਪਰ ਉਨਾਂ ਨੂੰ ਕੀੜੇ ਖਾ ਗਏ ਹਨ। ਜੇਹੜੇ ਬਾਕੀ ਹਨ ਉਨਾਂ ਤੋ ਤੁਹਾਡਾ ਮਤਲਬ ਸਿਧ ਨਹੀ ਹੋਵੇਗਾ। ਨਾਲ ਹੀ ਉਸਨੇ ਇਹ ਵੀ ਲਿਖਿਆ ਕਿ ਮੈਂ ਹਰਤਰਾਂਨਾਲ ਤੁਹਾਡੇ ਅਧੀਨ ਹਾਂ।

ਸਰ ਫ੍ਰੈਡਰਿਕ ਕੈਰੀ ਨੇ ਬਹੁਤ ਛੇਤੀ ਹੀ ਸਰਦਾਰ ਕਾਨ ਸਿੰਘ ਨੂੰ ਮੁਲਤਾਨ ਦਾ ਦੀਵਾਨ ਬਣਾਕੇ ਭੇਜ ਦਿਤਾ। ਉਸਦੇ ਨਾਲ ਵਾਂਸ ਅਗਨਊ ਤਥਾ ਲਫਟੈਂਟ ਐਂਡਰ ਸਨ ਦੇ ਅਧੀਨ ਕੁਝ ਫੌਜ ਤੇ ਛੇ ਤੋਪਾਂ ਭੇਜੀਆ। ਮੂਲਰਾਜ ਨੇ

ਦੀਵਾਨ ਕਾਨ ਸਿੰਘ ਦਾ ਚੰਗੀ ਤਰ੍ਹਾਂ ਸ੍ਵਾਗਤ ਕੀਤਾ। ਦੂਸੇ ਦਿਨ ਸ਼ਾਮ ਨੂੰ ਹਿਸਾਬ ਦੇ ਕਾਗਜ਼ ਪਤ੍ਰਾਂ ਦੀ ਬਾਬਤ ਮੂਲਰਾਜ ਦੀ ਅੰਗ੍ਰੇਜ਼ ਅਫਸਰਾਂ ਨਾਲ ਸੰਮਤੀ ਨਾ ਮਿਲੀ। ਪਰ ਛੇਕੜ ਸਾਰੀਆਂ ਗਲਾਂ ਠੀਕ ਹੋਗਈਆਂ। ਤੀਜੇ ਦਿਨ ਸਵੇਰੇ ਮੂਲਰਾਜ ਨੇ ਕਾਨ ਸਿੰਘ ਤੇ ਅੰਗ੍ਰੇਜ਼ ਅਫਸਰਾਂ ਨੂੰ ਕਿਲੇ ਦੀਆਂ ਸਾਰੀਆਂ ਥਾਵਾਂ ਵਿਖਾਲਕੇ ਉਸਦੀਆਂ ਕੁੰਜੀਆਂ ਨਵੇ ਦੀਵਾਨ ਨੂੰ ਦੇ ਦਿਤੀਆਂ। ਉਸੇ ਵੇਲੇ ਹੀ ਗੁਰਖਿਆਂ ਦੀਆਂ ਫੌਜਾਂ ਕਿਲੇ ਵਿਚ ਤੈਨਾਤ ਕੀਤੀਆਂ ਗਈਆਂ। ਮੁਲਤਾਨ ਕਿਲੇ ਦੇ ਦਰਵਾਜ਼ੇ ਉੱਤੇ ਨਵੇਂ ਦੀਵਾਨ ਤੇ ਅੰਗ੍ਰੇਜ਼ ਅਫਸਰਾਂ ਦੇ ਨੌਕਰ ਬੈਠ ਗਏ। ਕਿਲੇ ਵਿਚ ਜੇਹੜੇ ਮੂਲਰਾਜ ਦੇ ਸਮੇਂ ਦੇ ਨੌਕਰ ਸਨ ਉਨ੍ਹਾਂ ਨੂੰ ਅਪਣੀ ਰੋਜ਼ੀ ਦੇ ਮਾਰੇ ਜਾਣ ਦਾ ਪੇਹਲਾਂ ਬਹੁਤ ਫਿਕਰ ਸੀ। ਪਰ ਉਨ੍ਹਾਂ ਨੂੰ ਗੁਜ਼ਾਰਾ ਦਿਤਾ ਗਿਆ ਜਿਸਤੋਂ ਉਹ ਖੁਸ਼ ਹੋਗਏ। ਇਸਤਰਾਂ ਬਿਨਾਂ ਕਿਸੇ ਵਿਘਨ ਰੋਕ ਦੇ ਨਵੇਂ ਦੀਵਾਨ ਦੇ ਹਥ ਮੁਲਤਾਨ ਦਾ ਰਾਜ ਆਇਆ।

ਸਰਦਾਰ ਕਾਨ ਸਿੰਘ ਤੇ ਉਸਦੇ ਦੋਵੇ ਸਾਥੀ ਅੰਗਰੇਜ਼ ਅਪਣੇ ਡੇਰੇ ਉੱਤੇ ਜਾਣ ਲਈ ਕਿਲੇ ਤੋਂ ਬਾਹਰ ਨਿਕਲੇ। ਉਨ੍ਹਾਂ ਦੇ ਨਾਲ ਮੂਲਰਾਜ ਵੀ ਉਨ੍ਹਾਂ ਦਾ ਆਦਰ ਕਰਨ ਲਈ ਤੁਰ ਪਿਆ। ਕਿਲੇ ਦੇ ਦਰਵਾਜ਼ੇ ਤੋਂ ਬਾਹਰ ਹੁੰਦਿਆਂ ਹੀ ਕਿਸੇ ਸਿਪਾਹੀ ਨੇ ਅਗਨਿਊ ਨਾਮੇਂ ਗੋਰੇ ਨੂੰ ਬਰਛੇ ਤੇ ਤਲਵਾਰ ਨਾਲ ਜ਼ਖਮੀ ਕਰ ਦਿਤਾ। ਉਸਤੋਂ ਥੋੜੀ ਦੂਰ ਅਗੇ

ਸਾਕੇ ਐਂਡਰ ਸਨ ਦੀ ਵੀ ਇਹੋ ਦਸ਼ਾ ਹੋਈ* ਪਰ ਉਨ੍ਹਾਂ ਉ
ਹਮਲਾ ਕਰਨ ਵਾਲੇ ਮਨੁਖ ਭਜ ਗਏ । ਓਨ੍ਹਾਂ ਜ਼ਖਮ
ਅੰਗ੍ਰੇਜ਼ਾਂ ਨੂੰ ਸਰਦਾਰ ਕਾਨ ਸਿੰਘ ਤੇ ਮੂਲ ਰਾਜ ਦੇ ਸਾ
ਰੰਗੀ ਰਾਮ ਨੇ ਗੋਰਖਿਆਂ ਦੀ ਸਹੈਤਾ ਨਾਲ ਡੇਰੇ ਉ
ਪਹੁੰਚਾਯਾ। ਇਸਤਰਾ ਮੁਲਤਾਨ ਵਿਚ ਗਦਰ ਦੀ ਅਗ
ਭੜਕ ਉਠੀ। ਮੂਲਰਾਜ ਪੈਹਲਾਂ ਤਾਂ ਇਸ ਵਿਚ ਸ਼ਾਮਲ
ਨਾ ਹੋਯਾ ਤੇ ਉਸਦੇ ਸਾਲੇ ਰੰਗੀ ਰਾਮ ਨੇ ਉਸਨੂੰ ਅੰਗ੍ਰੇਜ਼
ਨਾਲ ਮਿਲ ਜਾਣ ਦੀ ਸਲਾਹ ਦਿਤੀ। ਪਰ ਇਸ ਗਲ ਤੋਂ
ਚਿੜਕੇ ਕਿਸੇ ਨੇ ਰੰਗੀਰਾਮ ਨੂੰ ਹੀ ਸਖਤ ਜ਼ਖਮੀ ਕਰਦਿਤਾ
ਫਿਰ ਤਾਂ ਮੂਲਰਾਜ ਨੇ ਵੀ ਕੋਈ ਉਪਾ ਅਪਣੇ ਬਚਾਉ ਦਾ ਨ
ਵੇਖ ਬਲਵਾਈਆਂ ਦਾ ਸਾਥ ਕੀਤਾ।

ਇਸਤਰਾਂ ਮੁਲਤਾਨ ਵਿਚ ਚਾਰੇ ਪਾਸੇ ਗਦਰ ਮਚ
ਗਿਆ। ਦੂਜੇ ਦਿਨ ਸਵੇਰੇ ਹੀ ਅੰਗ੍ਰੇਜ਼ੀ ਫੌਜ ਉਤੇ ਗੋਲੇ ਪੈਣ
ਲਗੇ। ਸਰਦਾਰ ਕਾਨ ਸਿੰਘ ਨੂੰ ਉਸਦੇ ਪੁਤ੍ਰ ਸਣੇ ਬਲਵਾ-
ਈਆਂ ਕੈਦ ਕਰ ਲਿਆ । ਸ਼ਾਮ ਤਕ ਅੰਗ੍ਰੇਜ਼ਾਂ ਦੇ ਅਧੀਨ
ਜੇਹੜੀ ਸਿਖ ਫੌਜ ਸੀ ਓਹਵੀ ਮੂਲ ਰਾਜ ਨਾਲ ਜਾ ਮਿਲੀ।
ਕੁਲ ੩੦ ਆਦਮੀ ਦੋਹਾਂ ਅੰਗ੍ਰੇਜ਼ਾਂ ਦੇ ਪਾਸ ਰਹੇ। ਪੈਹਲੇ
ਵਾਰ ਜ਼ਖਮੀ ਹੁੰਦਿਆਂ ਹੀ ਅਗਨਯੂ ਤੇ ਐਂਡਰਸਨ ਨੇ ਵਾਂ

*ਏਡਵਰਡ ਦੀ ਕਿਤਾਬ—"ਏ ਯੀਅਰ ਆਨ
ਦੀ ਪੰਜਾਬ ਫ੍ਰਾਂਟੀਅਰ" ਵਿਚ ਲਿਖਿਆ ਹੈ ਕਿ ਮੂਲਰਾਜ
ਨੇ ਇਨ੍ਹਾਂ ਦੋਹਾਂ ਦੀ ਰਖਯਾ ਦਾ ਕੋਈ ਉਪਾ ਨਾ ਕੀਤਾ ।
ਬਲਕੇ ਛੇਤੀ ਨਾਲ ਭੀੜ ਨੂੰ ਚੀਰਦਾ ਹੋਯਾ ਆਮਖਾਸ ਬਾਗ
ਵਲ ਘੋੜਾ ਦੌੜਾਕੇ ਚਲਿਆ ਗਿਆ।

ਜਤਨਾ ਨਾਲ ਇਕ ਚਿਠੀ ਬੰਨੂ ਵਿਚ ਮੇਜਰ ਐਡਵਾਰਡਿਸ ਦੇ ਪਾਸ ਭੇਜੀ। ਜਿਸ ਵਿਚ ਉਨਾਂ ਅਪਣੇ ਉਤੇ ਬੀਤੀਆਂ ਸਾਰੀਆਂ ਗੱਲਾਂ ਲਿਖੀਆਂ ਤੇ ਸਹੈਤਾ ਮੰਗੀ। ਚਿਠੀ ਮਿਲ-ਦਿਆਂ ਹੀ ਮੇਜਰ ਐਡਵਾਰਡਿਸ ੨ ਤੋਪਾਂ ੨੦ ਗੋਲੰਦਾਜ ੧੨੦੦ ਸਿਪਾਹੀ ਤੇ ੩੫੦ ਘੋੜ ਸਵਾਰ ਲੈਕੇ ਮੁਲਤਾਨ ਦੇ ਬਲਵਾਈਆਂ ਨੂੰ ਦਬਾਣ ਲਈ ਤੁਰ ਪਿਆ। ਪਰ ਅਗਨਿਊ ਤੇ ਐਂਡਰਸਨ ਵੀਹਾਂ ਨੂੰ ਉਸਦੇ ਤੁਰਨ ਦੀ ਖਬਰ ਵੀ ਨਹੀਂ ਮਿਲੀ ਸੀ ਕਿ ਓਹ ਦੋਵੇਂ ਬਲਵਾਈਆਂ ਦੇ ਹਥੋਂ ਮਾਰੇ ਗਏ।

ਅਗਨਿਊ ਤੇ ਐਂਡਰਸਨ ਦੀ ਚਿਠੀ ਮਿਲਦਿਆਂ ਹੀ ਐਡਵਰਡਿਸ ਨੇ ਲਾਹੌਰ ਦੇ ਰੈਜ਼ੀਡੈਂਟ ਨੂੰ ਅਪਣੇ ਮੁਲਤਾਨ ਜਾਣ ਦੀ ਖਬਰ ਭੇਜੀ। ਤੇ ਸਿੰਧ ਦੇ ਪਾਰ ਅਪਣੀ ਛਾਵਣੀ ਪਾਈ। ਉਥੋਂ ਉਸਨੇ ਬਲਵੇ ਦੀ ਸਾਰੀ ਖਬਰ ਕਢਕੇ ਰੈਜ਼ੀ-ਡੈਂਟ ਪਾਸੋਂ ਸਹਾਇਤਾ ਮੰਗੀ। ਪਰ ਰੈਜ਼ੀਡੈਂਟ ਨੇ ਉਸਦੀਆਂ ਗੱਲਾਂ ਵਲ ਧਿਆਨ ਹੀ ਨਾ ਦਿਤਾ। ਉਸਨੇ ਰੈਜ਼ੀਡੈਂਟ ਨੂੰ ਇਹ ਵੀ ਲਿਖਿਆ ਕਿ ਬਲਵਾਈਆਂ ਨਾਲ ਪਹਾੜੀ ਲੋਕ ਜੇ ਮਿਲ ਜਾਣ ਪਰ ਬਲਵਾ ਬਹੁਤ ਫੈਲ ਜਾਵੇਗਾ।*

ਜਦ ਲਾਹੌਰ ਵਿਚ ਇਸ ਬਲਵੇ ਦੀ ਖਬਰ ਪਹੁੰਚੀ ਤਾਂ ਪ੍ਰਤਿਨਿਧੀ ਸਭਾ ਦੇ ਸਾਰੇ ਸਰਦਾਰਾਂ ਨੇ ਇਕ ਅਵਾਜ਼ ਹੋਕੇ ਰੈਜ਼ੀਡੈਂਟ ਨੂੰ ਕਿਹਾ ਕਿ:—"ਮੁਲਤਾਨ ਦੇ ਬਲਵੇ ਨੂੰ ਦਬਾਣ ਲਈ ਸਿਖ ਫੌਜ ਬਿਲਕੁਲ ਨਾ ਭੇਜੀ ਜਾਵੇ। ਕਿਉਂਕਿ ਸਿਖ ਫੌਜ ਪੈਹਲੀਆਂ ਹਾਰਾਂ ਤੇ ਵਰਤਮਾਨ ਦਸ਼ਾ

---

*ਵੇਖੋ ਐਡਵਰਡ ਦੀ ਪੋਥੀ— ਏ ਈਅਰ ਆਨ ਦੀ ਪੰਜਾਬ ਫ੍ਰੰਟੀਅਰ।

ਵਿਚ ਖੁਸ਼ ਨ ਹੋਣ ਕਰਕੇ ਅੰਗ੍ਰੇਜ਼ਾਂ ਉਤੇ ਖਿਝੀ ਹੋਈ ਹੈ। ਸਿਖ ਫੌਜ ਦੇ ਭੇਜਣ ਪਰ ਬਲਵਾਈਆਂ ਨਾਲ ਮਿਲ ਜਾਣ ਦਾ ਡਰ ਹੈ। ਸੋ ਆਪ ਅੰਗ੍ਰੇਜ਼ੀ ਫੌਜ ਭੇਜਕੇ ਬਲਵੇ ਨੂੰ ਦਬਾਓ।" ਪਰ ਰੈਜ਼ੀਡੈਂਟ ਨੇ ਨ ਤਾਂ ਸਿਖ ਸਰਦਾਰਾਂ ਦੀਆਂ ਗੱਲਾਂ ਉਤੇ ਧਯਾਨ ਦਿਤਾ ਤੇ ਨਾ ਪੈਹਲੀ ਸ਼ਰਤ ਅਨੁਸਾਰ ਮੁਲਤਾਨ ਦੇ ਬਲਵੇ ਨੂੰ ਦਬਾਨ ਲਈ ਅੰਗ੍ਰੇਜ਼ੀ ਫੌਜ ਹੀ ਭੇਜੀ ਹੋਜ਼ਾਰ ਸਮਝਾਣ ਪਰ ਵੀ ਕੁਝ ਰਾਜਨੀਤਿਕ ਕਾਰਣਾ ਕਰਕੇ ਮੁਲਤਾਨ ਦੇ ਬਲਵੇ ਨੂੰ ਦਬਾਨ ਲਈ ਉਸਨੇ ਅੰਗ੍ਰੇਜ਼ੀ ਫੌਜ ਭੇਜਣੀ ਉਚਿਤ ਨਾ ਸਮਝੀ। ਉਸਨੇ ਸਿਖ ਫੌਜ ਨੂੰ ਹੀ ਜਾਣ ਦਾ ਹੁਕਮ ਦਿਤਾ। ਜਦ ਸਿਖ ਸਰਦਾਰਾਂ ਨੇ ਵੇਖਿਆ ਕਿ ਰੈਜ਼ੀਡੈਂਟ ਅੰਗ੍ਰੇਜ਼ੀ ਫੌਜ ਭੇਜਣ ਨੂੰ ਤਿਆਰ ਨਹੀਂ ਤਾਂ ਉਹ ਅਪਣੀ ੨ ਫੌਜ ਲੈਕੇ ਮੁਲਤਾਨ ਨੂੰ ਰਵਾਨ ਹੋਏ ਸਨ ੧੮੪੮ ਈ: ਦੇ ਅਪ੍ਰੈਲ ਮਹੀਨੇ ਦੀ ੨੬ ਤੋਂ ਲੈਕੇ ਅਗਸਤ ਦੀ ੧੮ ਤੋਂ ਪੈਹਲਾਂ ਕੋਈ ਅੰਗ੍ਰੇਜ਼ੀ ਫੌਜ ਮੁਲਤਾਨ ਨਾ ਭੇਜੀ ਗਈ ਜਿਸਤੋਂ ਮੁਲਤਾਨਦਾ ਬਲਵਾ ਵਧਦਾ ਹੀ ਗਿਆ

ਰੈਜ਼ੀਡੈਂਟ ਹੀ ਕਿਉਂ ਲਾਟ ਡਲਹੌਜ਼ੀ ਤੇ ਪ੍ਰਧਾਨ ਸੈਨਾਪਤੀ ਗਫ ਵੀ ਅਪਣੀ ਫੌਜ ਮੁਲਤਾਨ ਭੇਜਣ ਲਈ ਤਿਆਰ ਨਹੀ ਸਨ। ਰੈਜ਼ੀਡੈਂਟ ਨੇ ਕਿਹਾ ਸੀ ਕਿ ਇਸ ਵੇਲੇ ਮੁਲਤਾਨ ਵਿਚ ਇਕ ਵੀ ਬ੍ਰਿਗੇਡ ਭੇਜਣੀ ਠੀਕ ਨਹੀਂ। ਲਾਟ ਡਲਹੌਜ਼ੀ ਨੇ ਕਿਹਾ ਵੀ ਸੀ ਕਿ ਇਸ ਵਿਚ ਕੋਈ ਸ਼ਕ ਨਹੀ ਕਿ ਅੰਗ੍ਰੇਜ਼ੀ ਫੌਜ ਨ ਭੇਜਣ ਤਕ ਮੁਲਤਾਨ ਦਾ ਬਲਵਾ ਨਹੀਂ ਦਬੇਗਾ। ਬਲਕੇ ਸਾਰੇ ਪੰਜਾਬ ਵਿਚ ਉਸਦੇ ਫੈਲਣਦਾ ਡਰ ਹੈ। ਫੇਰ ਵੀ ਅਸੀ ਪੰਜਾਬ ਦੀ ਰਾਖੀ ਲਈ ਫੌਜ ਭੇਜ ਨਹੀਂ ਸਕਦੇ। ਕਿਉਂਕਿ ਬਰਸਾਤ ਵਿਚ ਫੌਜ ਦੀ ਸਿਹਤ

ਖ਼ਰਾਬ ਹੋ ਜਾਣ ਦਾ ਬਹੁਤ ਡਰ ਹੈ। ਪਰ ਲਾਟ ਡਲਹੌਜ਼ੀ ਦੀ ਇਸ ਜੁਗਤੀ ਦੀ ਬਾਬਤ ਉਨ੍ਹਾਂ ਦਾ ਹੀ ਇਕ ਮੇਜਰ ਇਵਾਂਸਵੇਲ ਕੀ ਆਖਦਾ ਹੈ ਉਹ ਸੁਣੋ:—

ਗਵਰਨਰ ਜਨਰਲ ਤੇ ਪ੍ਰਧਾਨ ਸੈਨਾਪਤੀ ਨੂੰ ਇਹ ਜਾਣਨਾ ਚਾਹੀਦਾ ਸੀ ਕਿ ਗਰਮੀ ਤੇ ਬਰਸਾਤ ਵਿਚ ਇਕ ਬ੍ਰਿਗੇਡ ਫੌਜ ਭੇਜਣ ਤੋਂ ਜੋ ਨੁਕਸਾਨ ਹੁੰਦਾ ਉਸ ਨਾਲੋਂ ਵਧ ਨੁਕਸਾਨ ਸਾਰੇ ਪੰਜਾਬ ਵਿਚ ਬਲਵੇ ਦੇ ਪਸਰ ਜਾਣ ਪਰ ਅੰਗ੍ਰੇਜ਼ੀ ਤੇ ਦੇਸੀ ਫੌਜ ਤਥਾ ਪੰਜਾਬੀ ਪ੍ਰਜਾ ਦਾ ਹੁੰਦਾ* ਸਰ ਹੈਨਰੀ ਲਾਰੈਂਸ ਨੇ ਲਿਖਿਆ ਹੈ ਕਿ ਸਿਆਲ ‡ ਵਿਚ ਖੁਦ ਲਾਟ ਡਲਹੌਜ਼ੀ ਸ਼ਿਕਾਰ ਖੇਡਣ ਜਾਣ ਨੂੰ ਆਖਦਾ ਹੈ ਇਸੇ ਕਰਕੇ ਫੌਜ ਭੇਜਣ ਵਿਚ ਦੇਰ ਹੋ ਰਹੀ ਹੈ। ਅਗੇ ਚਲਕੇ ਉਸਨੇ ਲਿਖਿਆ ਹੈ ਕਿ "ਜੇਕਰ ਅਸੀ ਹਿੰਦੁਸਤਾਨ ਦੀ ਹਰੇਕ ਮੌਸਮ ਨੂੰ ਨਹੀਂ ਸਹਾਰ ਸਕਦੇ ਤਾਂ ਓਥੇ ਅਸੀ ਕਦੇ ਨਹੀਂ ਟਿਕ ਸਕਦੇ।"‖ ਇਸੇ ਤਰਾਂ ਦੀ ਸੰਮਤੀ ਕਈ ਹੋਰ ਵੀ ਉਦਾਰ ਅੰਗ੍ਰੇਜ਼ਾਂ ਨੇ ਦਿਤੀ ਸੀ। ਮੁਲਤਾਨ ਵਿਚ ਅੰਗ੍ਰੇਜ਼ੀ ਫੌਜ ਭੇਜਣ ਵਿਚ ਜੋ ਦੇਰ ਕੀਤੀ ਗਈ ਸੀ ਉਸ ਵਿਚ ਮੇਜਰ ਇਵਾਂਸਵੇਲ ਜੈਸੇ ਅੰਗ੍ਰੇਜ਼ ਨੂੰ ਗੁਝਾ ਰਾਜਨੀਤਿਕ ਕਾਰਣ ਹੀ ਮਲੂਮ ਹੋਯਾ ਸੀ। ਉਸਨੇ ਲਿਖਿਆ ਹੈ ਕਿ ਜੇਕਰ ਇਹ ਦੇਰ

---

*ਵੇਖੋ ਰੀਟ੍ਰਾਸ ਪਕਟਸ ਐਂਡ ਪ੍ਰਾਸਪੈਕਟਸ ਆਫ ਇੰਡੀਅਨ ਪਾਲਿਸੀ ਦਾ ਸਫਾ ੧੪੬—੪੭

‡ਵੇਖੋ ਮਾਰਸ਼ਮੈਨ ਦੀ ਹਿਸਟਰੀ ਆਫ ਇੰਡੀਆ।

‖ਵੇਖੋ ਕੇ ਦੀ ਕਿਤਾਬ—ਲਾਈਵਸ ਆਫ ਇੰਡੀਅਨ ਔਫੀਸਰਸ।

ਸਾਫਦਿਲ ਨਾਲ ਹੋਈ ਹੋਵੇ ਤਾਂ ਮੈਂ ਇਸ ਨੂੰ ਅਰਾਜਨੀਤਿਕ ਅਤੇ ਬੇਵਕੂਫੀ ਕਹਾਂਗਾ । ਅਤੇ ਜੇਕਰ ਇਸ ਨੀਯਤ ਤੋਂ ਫੌਜ ਭੇਜਣ ਵਿਚ ਦੇਰ ਕੀਤੀ ਗਈ ਹੋਵੇ ਕਿ ਸਾਰੇ ਪੰਜਾਬ ਵਿਚ ਬਗਾਵਤ ਫੈਲ ਜਾਣ ਪਰ ਬ੍ਰਿਟਿਸ਼ ਗਵਰਨਮੈਂਟ ਰਣਜੀਤ ਸਿੰਘ ਦੇ ਰਾਜ ਨੂੰ ਜ਼ਬਤ ਕਰ ਲਵੇਗੀ ਤਾਂ ਮੈਂ ਇਸ ਚਾਲ ਨੂੰ ਧੋਖਾ ਤੇ ਕਲੰਕ ਵਾਲੀ ਆਖਾਂਗਾ ।"*

ਜਿਸ ਵੇਲੇ ਵਡੇ ੨ ਰਾਜਨੀਤਿ ਦੇ ਜਾਣਨ ਵਾਲੇ ਅੰਗ੍ਰੇਜ਼ਾਂ ਦਾ ਦਿਮਾਗ ਵੀ ਮੁਲਤਾਨ ਦੇ ਗਦਰ ਨੂੰ ਦਬਾਨ ਲਈ ਚਕਰ ਖਾ ਰਿਹਾ ਸੀ ਉਸ ਵੇਲੇ ਮੇਜਰ ਐਡਵਰਡਿਸ ਡੇਰਾਗਾਜ਼ੀ ਖਾਂ ਵਾਲੇ ਜਨਰਲ ਕੋਰਟਲੈਂਡ ਦੀ ਫੌਜ ਦੇ ਸਹਾਰੇ ਮੁਲਤਾਨ ਦੀ ਬਗਾਵਤ ਦੂਰ ਕਰਨ ਲਈ ਤਿਆਰ ਹੋਯਾ । ਸਨ ੧੮੪੮ ਦੇ ਮਈ ਮਹੀਨੇ ਵਿਚ ਕੋਰਟਲੈਂਡ ਦੀ ਫੌਜ ਦੇ ਨਾਲ ਸੁਬਹਾਨ ਖਾਂ ਦੀ ਫੌਜ ਤੇ ੬ ਤੋਪਾਂ ਵੀ ਸਨ । ਉਹ ਵੀ ਮੇਜਰ ਐਡਵਾਰਡਿਸ ਦੀ ਫੌਜ ਦੇ ਨਾਲ ਰਲ ਗਈਆਂ ੧੧ ਮਈ ਨੂੰ ਬਿਨਾ ਲੜਾਈ ਦੇ ਹੀ ਮੰਗਰੋਟੇ ਦਾ ਕਿਲਾ ਐਡਵਰਡਿਸ ਦੇ ਹਥ ਲਗਾ । ਪਰ ਪਿਛੋਂ ਰੇਜੀਡੈਂਟ ਦੇ ਹੁਕਮ ਨਾਲ ਕੋਰਟਲੈਂਡ ਐਡਵਾਰਡਿਸ ਨੂੰ ਛਡਕੇ ਡੇਰਾਗਾਜ਼ੀ ਖਾਂ ਮੁੜ ਗਿਆ । ਫੇਰ ਵੀ ਐਡਵਾਰਡਿਸ ਨੇ ਕਰੀਬ ੫੦੦ ਦਲਵਾਈਆਂ ਨੂੰ ਹਰਾ ਕੇ ਉਨ੍ਹਾਂ ਦੇ ਹਥਿਆਰ ਖੋਹ ਲਏ ਸਨ* ੧੬ ਮਈ ਨੂੰ ਐਡਵਾਰਡਿਸ ਨੇ ਅਪਣੀ ਜਵਾਬ ਦੇਹੀ ਉਪਰ ਬਹਾਵਲਪੁਰ ਦੇ ਨਵਾਬ ਪਾਸੋਂ ਸਹਾਇਤਾ ਮੰਗੀ । ਇੰਨੇ ਵਿਚ

---

*ਵੇਖੋ ਐਲ ਟ੍ਰਾਟਰ ਦੀ ਕਿਤਾਬ—ਹਿਸਟਰੀ ਔਫ ਇੰਡੀਆ ।

ਓਸਨੂੰ ਮਲੂਮ ਹੋਯਾ ਕਿ ਬਲਵਾਈ ਪੀਰਾਂਵਾਲਾ ਤਕ ਪਹੁੰਚ ਗਏ ਹਨ। ਸੋ ਏਡਵਰਡਿਸ ੩੨ ਕੋਹ ਚਲਕੇ ਕੋਰਟਲੈਂਡ ਦੀ ਸਹੈਤਾ ਲਈ ਜਾ ਪਹੁੰਚਾ। ਪਰ ਬਾਗੀਆਂ ਨੇ ਉਸਦੇ ਉਤੇ ਹਮਲਾ ਨਾ ਕੀਤਾ। ਇਸਤੋਂ ਕੁਛ ਪੈਹਲੋਂ ਹੀ ਅੰਗ੍ਰੇਜ਼ਾਂ ਦੇ ਮਿਤ੍ਰ ਤੇ ਖੋਸ ਲੋਕਾਂ ਦੇ ਸਰਦਾਰ ਫੌਜੇ ਖਾਂ ਨੇ ਬਾਗੀਆਂ ਉਤੇ ਛਤੇ ਪਾਕੇ ਮੂਲਰਾਜ ਦੇ ਸਿੰਧ ਕਿਨਾਰੇ ਦੇ ਸਾਰੇ ਸਥਾਨ ਖੋਹ ਲਏ। ਫੌਜੇ ਖਾਂ ਨੇ ਇਸਤਰਾਂ ਬਹੁਤ ਦਿਨ ਤਕ ਸਹੈਤਾ ਕੀਤੀ। ਫੇਰ ਬਾਰਾਂ ਹਜ਼ਾਰ ਫੌਜ ਨਵਾਬ ਬਹਾਵਲ ਪੁਰ ਦੀ ਲੈਕੇ ਮੇਜਰ ਏਡਵਾਰਡਿਸ ਮੁਲਤਾਨ ਦੇ ਗਦਰ ਨੂੰ ਦਬਾਨ ਲਈ ਅਗੇ ਚਲਿਆ। ਸੋ ਨਵਾਬ ਬਹਾਵਲ ਪੁਰ ਨੂੰ ਵੇਖਕੇ ਹੋਰਨਾ ਜ਼ਿਮੀਂਦਦਾਰਾਂ ਤੇ ਸਰਦਾਰਾਂ ਨੇ ਵੀ ਅੰਗ੍ਰੇਜ਼ਾਂ ਦੀ ਸਹੈਤਾ ਕੀਤੀ।

ਕਨੇਰੀ ਘਾਟ ਉਤੇ ਵਡੀ ਭਾਰੀ ਲੜਾਈ ਹੋਈ। ਪਰ ਮੇਜਰ ਐਡਵਾਰਡਿਸ ਬਹਾਵਲਪੁਰੀ ਫੌਜਤੋਂ ਖੁਸ਼ ਨਾ ਹੋਯਾ। ਉਸਨੇ ਕੋਰਟਲੈਂਡ ਪਾਸੋਂ ਹੋਰ ਫੌਜ ਮੰਗੀ। ਜਿਸ ਵੇਲੇ ਮੂਲਰਾਜਦੇ ਸੈਨਾਪਤੀ ਰੰਗੀਰਾਮਦੇਭਾਰੇ ਹਮਲੇ ਨਾਲ ਏਡ-ਵਾਰਡਿਸ ਦੀ ਫੌਜਦੇ ਪੈਰ ਲੜਾਈ ਦੇ ਮੈਦਾਨ ਵਿਚੋਂ ਉਖੜ ਚੁਕੇ ਸਨ ਉਸ ਵੇਲੇ ਕੋਰਟਲੈਂਡ ਦੀਆਂ ਭੇਜੀਆਂ ਹੋਈਆਂ ਦੋ ਪਲਟਣਾ ਛੇ ਤੋਪਾਂ ਸਣੇ ਆ ਪਹੁੰਚੀਆਂ। ਫੇਰ ਤਾਂ ਬਾਗੀਆਂ ਨੂੰ ਵੀ ਅਪਣੀਆਂ ਅਠ ਤੋਪਾਂ ਛਡਕੇ ਨਠਣਾ ਪਿਆ। ਕਨੇਰੀ ਦੀ ਹਾਰ ਨਾਲ ਮੂਲਰਾਜ ਨੂੰ ਅਪਨਾ ਸਿੰਧ ਤੇ ਚਨਾਬ ਦਾ ਦੁਆਬਾ ਸਾਰਾ ਗੁਆਣਾ ਪਿਆ। ਇਸੇ ਵੇਲੇ ਬਹਾਵਲਪੁਰ ਦੇ ਨਵਾਬ ਨੇ ਏਡਵਾਰਡਿਸ ਨੂੰ ੫੦ ਹਜ਼ਾਰ ਰੁਪਯਾ ਕਰਜ਼ਾ ਦੇਕੇ ਉਸਦਾ ਹੌਸਲਾ ਵਧਾਯਾ ਅਤੇ

ਲਾਹੌਰ ਵਲੋਂ ਮੀਆਂ ਇਮਾਮਦੀਨ ਚਾਰ ਹਜ਼ਾਰ ਫੌਜ
ਕੇ ਐਡਵਾਰਡਿਸ ਨੂੰ ਆ ਮਿਲਿਆ ਜਿਸਤੋਂ ਉਸਦੀ ਫੌ
ਉਸ ਵੇਲੇ ੧੮ ਹਜ਼ਾਰ ਹੋ ਗਈ। ੨੨ ਤੋਪਾਂ ਵੀ ਉਨਾਂ
ਪਾਸ ਸਨ। ਜਿਸ ਵੇਲੇ ਇਹ ਫੌਜ ਮੁਲਤਾਨ ਨੂੰ ਚ
ਓਸ ਵੇਲੇ ਮੁਲਤਾਨ ਤੋਂ ਅਠ ਮੀਲ ਦੂਰ ਮੂਲਰਾਜ
ਅਪਣੀ ੧੧ ਹਜ਼ਾਰ ਫੌਜ ਨਾਲ ਭਯਾਨਕ ਹਮਲਾ ਕੀਤਾ
ਮੂਲਰਾਜ ਦੀ ਫੌਜ ਨੇ ਇਸ ਲੜਾਈ ਵਿਚ ਅਪਣੀ ਵ
ਬੀਰਤਾ ਵਿਖਾਲੀ। ਅੰਗ੍ਰੇਜ਼ੀ ਫੌਜ ਦੇ ਪੈਰ ਉਖੜ ਹੀ
ਸਨ ਕਿ ਮੂਲਰਾਜ ਦੀ ਕਿਸਮਤ ਨੇ ਪਲਟਾ ਖਾਧਾ। ਮੂ
ਰਾਜ ਦੇ ਹਾਥੀ ਉਤੇ ਇਕ ਤੋਪ ਦਾ ਗੋਲਾ ਆ ਡਿਗਾ, ਜਿ
ਤੋਂ ਉਸਨੂੰ ਹੇਠਾਂ ਉਤਰਨਾ ਪਿਆ। ਬਸ ਫੌਜ ਮੂਲਰਾ
ਮਰ ਗਿਆ ਸਮਝਕੇ ਨੱਠ ਖੜੀ ਹੋਈ। ਇਹ ਜੰਗ ਪਹਿਲੀ
ਜੁਲਾਈ ਨੂੰ ਹੋਯਾ ਤੇ ਇਸ ਵਿਚ ਬਹਾਵਲਪੁਰੀ ਸੈਨਾ ਨੇ ਵੀ
ਵਡੀ ਬੀਰਤਾ ਪ੍ਰਗਟ ਕੀਤੀ। ਮੂਲਰਾਜ ੨੯੧ ਮਨੁਖਾਂ ਨੂੰ
ਮੈਦਾਨ ਵਿਚ ਛਡਕੇ ਘੋੜੇ ਉਤੇ ਚੜ੍ਹਕੇ ਕਿਲੇ ਨੂੰ ਭਜ ਗਿਆ

ਭਾਵੇਂ ਮੂਲਰਾਜ ਨੂੰ ਫਤੇ ਮਿਲਣ ਪਰ ਵੀ ਹਾਰ
ਮੰਨਣੀ ਪਈ ਓਸੇਤਰਾਂ ਐਡਵਾਰਡਿਸ ਨੂੰ ਫਤੇ ਮਿਲਣ ਪਰ
ਵੀ ਨਿਰਾਸ ਹੋਣਾ ਪਿਆ। ਜੇਕਰ ਓਹ ਉਸੇ ਵੇਲੇ ਮੁਲ-
ਤਾਨ ਦੇ ਕਿਲੇ ਉਤੇ ਹਮਲਾ ਕਰਦਾ ਤਾਂ ਛੇਤੀਂਹੀ ਮੂਲਰਾਜ
ਨੂੰ ਉਥੋਂ ਵੀ ਨਿਕਲਣਾ ਪੈਂਦਾ ਪਰ ਮੁਲਤਾਨ ਦੇ ਕਿਲੇ
ਉਤੇ ਹਮਲਾ ਕਰਨਾ ਕੋਈ ਮਖੌਲ ਨਹੀਂ ਸੀ। ਖੁਦ ਮਹਾ
ਰਾਜਾ ਰਣਜੀਤ ਸਿੰਘ ਨੂੰ ਵੀ ਮੁਲਤਾਨ ਦੇ ਕਿਲੇ ਦੀ ਫਤੇ
ਬਹੁਤ ਮਹਿੰਗੀ ਪਈ ਸੀ। ਕਿਲੇ ਉਤੇ ਹਮਲਾ ਕਰਨ ਲਈ
ਵਡੀਆਂ ੨ ਤੋਪਾਂ ਤੇ ਹੁਸ਼ਿਆਰ ਇੰਜਨੀਅਰਾਂ ਦੀ ਲੋੜ ਸੀ

ਮੁਜਾਂਬਾਦ ਦੀ ਛਾਵਨੀ ਤੋਂ ਏਡਵਾਰਡਿਸ ਨੇ ਇਹ ਸਾਰੀਆਂ ਫ਼ੌਜਾਂ ਰੈਜ਼ੀਡੰਟ ਪਾਸੋਂ ਮੰਗ ਭੇਜੀਆਂ। ਪਰ ਉਸਦੀ ਬੇਨਤੀ ਮਨਜ਼ੂਰ ਨਾ ਹੋਈ। ਉਸ ਲਾਪਰਵਾਹੀ ਦਾ ਨਤੀਜਾ ਇਹ ਹੋਯਾ ਕਿ ਮੂਲਰਾਜ ਨੂੰ ਅਪਣਾ ਕਿਲਾ ਪਕਾ ਕਰਨ ਦਾ ਸਮਾਂ ਮਿਲ ਗਿਆ। ਸਿਖ ਅੰਗ੍ਰੇਜ਼ਾਂ ਉਤੇ ਪਹਿਲਾਂ ਹੀ ਖਿਝੇ ਹੋਏ ਸਨ ਤੇ ਮੁਲਤਾਨ ਦੇ ਗਵਰ ਨੇ ਉਨਾਂ ਨੂੰ ਹੋਰ ਜੋਸ਼ ਦੇ ਦਿਤਾ। ਸੋ ਅਪਣੀ ਲੜਾਈ ਦੀ ਪਿਆਸ ਬੁਝਾਣ ਲਈ ਸਿੰਘ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤੇ" ਕੈਂਹਦੇ ਹੋਏ ਲਗੇ ਮੂਲਰਾਜ ਦੇ ਝੰਡੇ ਹੇਠ ਕੱਠੇ ਹੋਣ। ਸੋ ਜੇਹੜਾ ਕਿਲਾ ਕੁਝ ਘੰਟਿਆਂ ਵਿਚ ਸਰ ਹੋ ਜਾਂਦਾ ਸਰ ਫ੍ਰੈਡ-ਰਿਕ ਦੀ ਥੋੜੀ ਜੇਹੀ ਲਾਪਰਵਾਹੀ ਨਾਲ ਉਸ ਕੰਮ ਵਿਚ ਮਹੀਨੇ ਲਗ ਗਏ। ਜਿਸ ਤੋਂ ਕਈ ਸਿਆਣੇ ਸਿਖ ਵੀ ਸੋਚਣ ਲਗੇ ਕਿ ਮੁਲਤਾਨ ਦੇ ਗਵਰ ਨੂੰ ਛੇਤੀ ਨ ਦਬਾਨਦਾ ਮਤਲਬ ਕੁਝ ਹੋਰ ਤਾਂ ਨਹੀਂ? ਕਿਉਂਕਿ ਜੋ ਅੰਗ੍ਰੇਜ਼ ਕੌਮ ਅਪਣੇ ਥੋੜੇ ਜੇਹੇ ਅਪਮਾਨ ਦਾ ਬਦਲਾ ਅਪਣੇ ਵੈਰੀ ਪਾਸੋਂ ਵਡਾ ਭਾਰਾ ਲੈਣ ਲਈ ਤਿਆਰ ਹੋ ਜਾਂਦੀ ਹੈ। ਉਸ ਕੌਮ ਦੇ ਦੋ ਮਨੁਖ ਮੁਲਤਾਨ ਵਿਚ ਮਾਰੇ ਗਏ ਤੇ ਇਨਾ ਬਖੇੜਾ ਹੋਗਿਆ ਫੇਰ ਵੀ ਰੈਜ਼ੀਡੰਟ ਤੋਂ ਲੈਕੇ ਵਡੇ ਲਾਟ ਤਕ ਕਿਉਂ ਚੁਪ ਬੈਠੇ ਹਨ? ਇਸ ਸ਼ਕ ਦੇ ਵਧਣ ਦਾ ਇਹ ਵੀ ਇਕ ਖਾਸ ਕਾਰਣ ਸੀ ਕਿ ਮੁਲਤਾਨ ਲਾਹੌਰ ਦੇ ਅਧੀਨ ਸੀ। ਉਸ ਵੇਲੇ ਲਾਹੌਰ ਵਿਚ ਰੈਜ਼ੀਡੰਟ ਹੀ ਸਭ ਤਰਾਂ ਨਾਲ ਕਰਤਾ ਧਰਤਾ ਸੀ। ਫਿਰ ਵੀ ਮੁਲਤਾਨ ਦੇ ਗਵਰ ਨੂੰ ਦਬਾਣ ਵਿਚ ਲਾਪਰਵਾਹੀ ਕੀਤੀ ਗਈ। ਰਾਜਨੀਤੀ ਦੇ ਇਸ ਗੁਝੇ ਪ੍ਰਸ਼ਨ ਦਾ ਉਤਰ ਦੇਣਾ ਔਖਾ ਹੈ। ਪਰ ਲਾਟ ਹਾਰਡਿੰਗ ਨੇ

੧੮੪੭ ਦੇ ਅਪ੍ਰੈਲ ਮਹੀਨੇ ਵਿਚ ਹੀ ਸਰ ਫ੍ਰੈਡਰਿਕ ਕੋਰੀ ਨੂੰ ਲਿਖ ਦਿਤਾ ਸੀ ਕਿ—"ਵਿਲੈਤ ਵਿਚ ਜਿਸਤਰਾਂ ਦਾ ਵਿਚਾਰ ਹੋ ਰਹੇ ਹਾਂ ਉਸਤੋਂ ਇਹ ਗਲ ਨਿਸਚਿਤ ਹੈ ਕਿ ਛੇਕੜ ਪੰਜਾਬ ਜ਼ਬਤ ਕੀਤਾ ਜਾਵੇਗਾ। ਸੋ ਜਿਥੇ ਪਹਿਲਾਂ ਤੋਂ ਹੀ ਐਸਾ ਖਿਆਲ ਸੀ ਉਥੇ ਰੈਜ਼ੀਡੈਂਟ ਯਾ ਲਾਟ ਡਲ-ਹੌਜ਼ੀ ਨੂੰ ਦੋਸ਼ ਦੇਣਾ ਤੇ ਕੋਸਣਾ ਨਿਰੀ ਮੂਰਖਤਾ ਹੈ। ਸਚੀ ਗਲ ਤਾਂ ਇਹ ਹੈ ਕਿ ਉਸ ਵੇਲੇ ਇਸ ਨੀਤੀ ਤੋਂ ਕੰਮ ਲਿਆ ਜਾ ਰਿਹਾ ਸੀ ਕਿ ਜੇਕਰ ਕੋਈ ਵੈਰੀ ਬਲਵਾਨ ਹੋਕੇ ਸਿਰ ਤੇ ਚੜ੍ਹ ਜਾਵੇ ਤਾਂ ਉਸਨੂੰ ਸਿਰ ਤੇ ਚੁਕਕੇ ਨਚਣਾ ਚਾਹੀਦਾ ਹੈ। ਮੌਕਾ ਪਾਕੇ ਉਸਨੂੰ ਇਸਤਰਾਂ ਪਟਕਣਾ ਚਾਹੀਦਾ ਹੈ ਜਿਸਤਰਾਂ ਕਿਸੇ ਪੱਥਰ ਉਤੇ ਮਿਟੀ ਦਾ ਘੜਾ।

ਮਹਾਰਾਣੀ ਨੂੰ ਦੇਸ ਨਿਕਾਲਾ

'ਦਿਲ ਹੀ ਤੋ ਹੈ, ਸੰਗ ਖਿਸ਼ਤ, ਦਰਦ ਸੇ ਭਰ ਆਏ ਕਯੋਂ
ਰੋਏਂਗੇ ਹਮ ਹਜ਼ਾਰ ਵਾਰ ਕੋਈ ਹਮੇਂ ਰੁਲਾਏ ਕਯੋਂ ?'

* * * * *

ਨਾਜ਼ ਭੀ ਹੋਤਾ ਰਹੇ ਹੋਤੀ ਰਹੇ ਬੇਦਾਦ ਭੀ।
ਸਬ ਗਵਾਰਾ ਹੈ ਅਗਰ ਸੁਨਤੇ ਰਹੋ ਫਰਯਾਦ ਭੀ।

* * * * *

ਅਹਲੇ ਵਤਨ ਜੋ ਛੂਟਾ ਤੋ ਹਮਸੇ ਐਸਾ ਛੂਟਾ।
ਗੁਰਬਤ ਮੇਂ ਆਕੇ ਹਮਨੇ ਖ਼ਵਾਬੇ ਵਤਨ ਨ ਦੇਖਾ।

ਪਾਠਕਾਂ ਨੂੰ ਯਾਦ ਹੋਵੇਗਾ ਕਿ ਮਹਾਰਾਣੀ ਜਿੰਦਾਂ ਨੂੰ ਸ਼ੇਖੂ ਪੂਰੇ ਦੇ ਕਿਲੇ ਵਿਚ ਕੈਦ ਕੀਤਾ ਗਿਆ ਸੀ। ਉਥੇ

ਉਸਨੂੰ ਨਜ਼ਰ ਬੰਦ ਕਰਕੇ ਰੈਜ਼ੀਡੈਂਟ ਸਰ ਹੈਨਰੀ ਲਾਰੰਸ ਖੁਸ਼ ਹੋ ਗਿਆ ਸੀ। ਪਰ ਮਹਾਰਾਣੀ ਦੇ ਭਾਗਾਂ ਵਿਚ ਫੇਰ ਭੀ ਸੁਖ ਨਹੀ ਸੀ। ਸਰ ਹੈਨਰੀ ਤੇ ਲਾਟ ਹਾਰਡਿੰਗ ਦੇ ਵਲੈਤ ਚਲੇ ਜਾਣ ਪਰ ਮਹਾਰਾਣੀ ਦੇ ਦੁਖ ਹੋਰ ਵੀ ਵਧ ਗਏ। ਨਵੇਂ ਰੈਜ਼ੀਡੈਂਟ ਸਰ ਫ੍ਰੈਡਰਿਕ ਨੂੰ ਪਤਾ ਲਗਾ ਕਿ ਰਾਜੇ ਲਾਲਸਿੰਘ ਦਾ ਅਰਦਲੀ ਸਾਹਿਬ ਸਿੰਘ ਛਪਕੇ ਮਹਾਰਾਣੀ ਨੂੰ ਜਾ ਮਿਲਿਆ ਹੈ। ਸੋ ਰੈਜ਼ੀਡੈਂਟ ਨੇ ਮਹਾਰਾਣੀ ਨੂੰ ਇਸ ਤਰਾਂ ਦੀ ਮੇਲ ਮੁਲਾਕਾਤ ਤੋ ਮਨਾ ਕਰ ਦਿਤਾ। ਨਾਲੇ ਸਾਹਿਬ ਸਿੰਘ ਨੂੰ ਵੀ ਕਿਹਾ ਕਿ ਜੇਕਰ ਓਹ ਫੇਰ ਕਦੇ ਸ਼ੇਖੂਪੁਰੇ ਦੇ ਕਿਲੇ ਦੇ ਪਾਸ ਵੇਖਿਆ ਜਾਵੇਗਾ ਤਾਂ ਉਸਨੂੰ ਸਜ਼ਾ ਦਿਤੀ ਜਾਵੇਗੀ। ਇਸ ਵਾਰਦਾਤ ਦੇ ਕੁਝ ਦਿਨਾਂ ਪਿਛੋਂ ਹੀ ਮਹਾਰਾਣੀ ਨੇ ਅਪਣੇ ਨੌਕਰਾਂ ਨੂੰ ਸਠਾਂ ੨ ਰੁਪਯਾਂ ਦੀ ਇਕ ਕੰਠੀ ਇਨਾਮ ਦਿਤੀ। ਰੈਜ਼ੀਡੈਂਟ ਨੂੰ ਜਦ ਇਸ ਗਲ ਦਾ ਪਤਾ ਲਗਾ ਤਾਂ ਓਹ ਇਸਤੋਂ ਬਹੁਤ ਨਰਾਜ਼ ਹੋਯਾ। ਉਸਨੇ ਓਹ ਕੰਠੀਆਂ ਮੁੜਵਾ ਦਿਤੀਆਂ ਤੇ ਉਨਾਂ ਨੌਕਰਾਂ ਨੂੰ ਹਟਾਕੇ ਹੋਰ ਮਨੁਖ ਰਖ ਦਿਤੇ। ਨਾਲ ਹੀ ਉਸਨੇ ਇਹ ਵੀ ਹੁਕਮ ਦਿਤਾ ਕਿ ਜੇਕਰ ਕੋਈ ਨੌਕਰ ਮਹਾਰਾਣੀ ਪਾਸੋਂ ਇਨਾਮ ਦੀ ਕੋਈ ਚੀਜ਼ ਲਵੇਗਾ ਤਾਂ ਉਸਨੂੰ ਭਾਰੀ ਸਜ਼ਾ ਦਿਤੀ ਜਾਵੇਗੀ, ਇਸ ਵੇਲੇ ਜੇਹੜੇ ਲੋਕ ਨੌਕਰ ਰਖੇ ਗਏ ਓਹ ਸਾਰੇ ਹੀ ਮਹਾਰਾਣੀ ਦੇ ਵੈਰੀ ਸਨ। ਫੇਰ ਰੈਜ਼ੀਡੈਂਟ ਨੂੰ ਪਤਾ ਲਗਾ ਕਿ ਮਹਾਰਾਣੀ ਦਾ ਭੇਜਿਆ ਹੋਯਾ ਇਕ ਫਕੀਰ ਕਸ਼ਮੀਰ ਦੇ ਰਾਜੇ ਗੁਲਾਬ ਸਿੰਘ ਪਾਸ ਤੇ ਦੂਜਾ ਆਦਮੀ ਮਹਾਰਾਜਾ ਦਲੀਪਸਿੰਘ ਪਾਸ ਗਿਆ ਹੈ। ਪਰ ਦੋਹਾਂ ਥਾਵਾਂ ਉਤੇ ਉਨਾਂ ਦੋਹਾਂ ਦਾ ਕੁਝ ਪਤਾ ਨਾ ਲਗਾ ਤੇ ਨਾ

ਇਸਦਾ ਕੋਈ ਸਬੂਤ ਹੀ ਲਭਾ । ਹਾਂ ਇਸਦਾ ਨਤੀਜਾ ਇਹ ਹੋਇਆ ਕਿ ਮਹਾਰਾਣੀ ਦੀ ਕੈਦ ਅਗੇ ਨਾਲੋਂ ਭੀ ਸਖਤ ਕੀਤੀ ਗਈ । ਰੇਜ਼ੀਡੈਂਟ ਨੇ ਹੁਕਮ ਦਿਤਾ ਕਿ ਅਪਣੀਆਂ ਨੌਕਰਾਣੀਆਂ ਦੇ ਸਿਵਾ ਮਹਾਰਾਣੀ ਹੋਰ ਕਿਸੇ ਨਾਲ ਗਲ ਬਾਤ ਨਾ ਕਰੇ । ਜੇਕਰ ਉਸਨੇ ਕਿਸੇ ਨੂੰ ਚਿਠੀ ਭੇਜਣੀ ਹੋਵੇ ਤਾਂ ਉਹ ਕਿਲੇ ਦੇ ਸਰਦਾਰ ਨੂੰ ਵਿਖਾਏ ਬਿਨਾ ਕਿਧਰੇ ਨਾ ਭੇਜੇ । ਇਸ ਤਰਾਂ ਮਹਾਰਾਣੀ ਜਿੰਦਾਂ ਦੀ ਦਸ਼ਾ ਬਹੁਤ ਸੋਚਣ ਵਾਲੀ ਹੋ ਗਈ । ਸਿਖ ਵੀ ਅੰਗ੍ਰੇਜ਼ਾਂ ਦੇ ਇਸ ਵਰਤਾਵ ਤੋਂ ਬਹੁਤ ਦੁਖੀ ਸਨ ਪਰ ਕੁਝ ਨਹੀਂ ਕਰ ਸਕਦੇ ਸਨ । ਮਹਾਰਾਣੀ ਨੂੰ ਇਹ ਦਸ਼ਾ ਅਸਹਿ ਹੋ ਗਈ । ਉਸਨੇ ਅਪਣੇ ਵਕੀਲ ਜੀਵਨ ਸਿੰਘ ਨੂੰ ਵੱਡੇ ਲਾਟ ਡਲਹੌਜ਼ੀ ਪਾਸ ਅਪਣੀ ਬੁਰੀ ਦਸ਼ਾ ਜਤਾਣ ਲਈ ਕਲਕਤੇ ਭੇਜਿਆ । ੨ ਫਰਵਰੀ ਸਨ ੧੮੪੯ ਵਾਲੇ ਦਿਨ ਜੀਵਨ ਸਿੰਘ ਨੇ ਕਲਕਤੇ ਪਹੁੰਚ ਕੇ ਵੱਡੇ ਲਾਟ ਨੂੰ ਮਿਲ ਕੇ ਕਿਹਾ ਮੈਂ ਮਹਾਰਾਣੀ ਸਾਹਿਬ ਦਾ ਵਕੀਲ ਹਾਂ । ਮਹਾਰਾਣੀ ਨਾਲ ਜੋ ਸਖਤ ਵਰਤਾਉ ਹੋ ਰਿਹਾ ਹੈ ਉਸ ਤੋਂ ਉਹ ਬਹੁਤ ਦੁਖੀ ਹੈ । ਕਿਸ ਕਸੂਰ ਦੇ ਬਦਲੇ ਬ੍ਰਿਟਿਸ਼ ਸਰਕਾਰ ਨੇ ਮਹਾਰਾਣੀ ਨੂੰ ਇਹ ਸਜ਼ਾ ਦਿਤੀ ਹੈ ਇਸਦਾ ਉਨਾਂ ਨੂੰ ਕੁਝ ਪਤਾ ਨਹੀਂ । ਕਿਉਂ ਕਿ ਮਹਾਰਾਣੀ ਹੁਣ ਅੰਗ੍ਰੇਜ਼ਾਂ ਦੀ ਸ਼ਰਣ ਵਿਚ ਹੈ ਇਸ ਲਈ ਇਸਦੀ ਪੱਖਪਾਤ ਰਹਿਤ ਜਾਂਚ ਹੋਣੀ ਚਾਹੀਦੀ ਹੈ । ਜਦ ਤਕ ਇਸਦੀ ਤਹਕੀਕਾਤ ਨ ਹੋ ਜਾਵੇ ਉਦੋਂ ਤਕ ਮਹਾਰਾਣੀ ਨਾਲ ਰਾਜ ਮਾਤਾ ਵਰਗਾ ਵਰਤਾਉ ਕੀਤਾ ਜਾਵੇ ਉਨਾਂ ਨੂੰ ਅਪਣੇ ਮਿਤ੍ਰਾਂ ਤੇ ਸਲਾਹਕਾਰਾਂ ਨਾਲ ਮਿਲਣੋਂ

ਨਾ ਰੋਕਿਆ ਜਾਵੇ। ਨਾਲੇ ਅਸਲ ਮਾਮਲਾ ਕੀ ਹੈ ਇਸਦੀ ਪੂਰੀ ਪੜਤਾਲ ਕੀਤੀ ਜਾਵੇ।

ਪਰ ਲਾਟ ਡਲਹੌਜ਼ੀ ਨੇ ਵਿਚਾਰੇ ਜੀਵਨ ਸਿੰਘ ਨੂੰ ਇਹ ਜਵਾਬ ਦਿਤਾ ਕਿ—ਓਹ ਜੀਵਨ ਸਿੰਘ ਨੂੰ ਮਹਾਰਾਣੀ ਦਾ ਵਕੀਲ ਹੀ ਨਹੀਂ ਮੰਨਦਾ ਤੇ ਮਹਾਰਾਣੀ ਨੇ ਜੋ ਕੁਝ ਆਖਣਾ ਹੋਵੇ ਰੈਜ਼ੀਡੈਂਟ ਦੀ ਰਾਹੀਂ ਆਖੇ। ਜੀਵਨ ਸਿੰਘ ਨੂੰ ਇਹ ਜਵਾਬ ੧੮ ਫਰਵਰੀ ਨੂੰ ਮਿਲਿਆ ਤੇ ਉਸਨੇ ੨੬ ਫਰਵਰੀ ਨੂੰ ਫੇਰ ਬੇਨਤੀ ਕੀਤੀ ਕਿ ਮਹਾਰਾਣੀ ਨੂੰ ਸ਼ੇਖੂਪੁਰੇ ਵਿਚ ਜਿਥੇ ਕੈਦ ਕੀਤਾ ਗਿਆ ਹੈ ਓਹ ਮਾਮੂਲੀ ਕੈਦੀਆਂ ਵਾਸਤੇ ਜੇਲਖਾਨਾ ਹੈ। ਫੇਰ ਜੇਹੜੇ ਸਰਦਾਰ ਉਸਦੀ ਰਾਖੀ ਲਈ ਰਖੇ ਗਏ ਹਨ ਓਨਾਂ ਸਰਦਾਰਾਂ ਕੋਲੋਂ ਡਰਦੀ ਹੋਈ ਨੇ ਹੀ ਅਪਨੀ ਅਤੇ ਅਪਣੀ ਸੰਤਾਨ ਦੀ ਰਾਖੀ ਲਈ ਅੰਗ੍ਰੇਜ਼ੀ ਸਰਕਾਰ ਨੂੰ ਸਹਾਇਤਾ ਦੀ ਬੇਨਤੀ ਕੀਤੀ ਸੀ। ਫੇਰ ਮਹਾਰਾਣੀ ਅਪਣੇ ਮਿਤ੍ਰਾਂ ਤੇ ਸ਼ੁਭਚਿੰਤਕਾਂ ਨੂੰ ਵੀ ਨਹੀਂ ਮਿਲਣ ਦਿਤੀ ਜਾਂਦੀ। ਹੋਰ ਤਾਂ ਕੀ ਕੈਹਣਾ ਓਹ ਅਪਣੇ ਧਰਮ ਗੁਰੂ ਨੂੰ ਵੀ ਨਹੀਂ ਮਿਲ ਸਕਦੀ। ਜੇਹੜੀਆਂ ਥੋੜੀਆਂ ਜੇਹੀਆਂ ਗੋਲੀਆਂ ਬਾਂਦੀਆਂ ਮਹਾਰਾਣੀ ਦੇ ਪਾਸ ਹਨ ਓਹ ਵੀ ਉਸਦੇ ਵੈਰੀਆਂ ਦੀਆਂ ਰਖੀਆ ਹੋਈਆਂ ਹਨ। ਮਹਾਰਾਣੀ ਨਾਲ ਇਥੋਂ ਤਕ ਸਖਤੀ ਕੀਤੀ ਜਾਂਦੀ ਹੈ ਕਿ ਉਸਨੂੰ ਮਨ ਪਸੰਦ ਚੀਜ਼ਾਂ ਵੀ ਖਾਣ ਲਈ ਨਹੀਂ ਦਿਤੀਆਂ ਜਾਂਦੀਆਂ। ਲਾਹੌਰ ਵਿਚ ਮਹਾਰਾਣੀ ਦੇ ਜੇਹੜੇ ਭਰਾਭਾਈ ਹਨ ਓਹ ਇਥੋਂ ਤਕ ਡਰ ਗਏ ਹਨ ਕਿ ਉਨਾਂ ਨੂੰ ਇਹ ਡਰ ਪਿਆ ਹੋਯਾ ਹੈ ਕਿ ਜੇਕਰ ਰੈਜ਼ੀਡੰਟ ਨੂੰ ਅਸਾਂ ਮਹਾਰਾਣੀਦੀ ਬਾਬਤ ਕੁਝ ਕਿਹਾ ਤਾਂ ਸਾਨੂੰ ਪਤਾ ਨਹੀਂ ਕੀ ਕੁਝ ਸਜ਼ਾ

ਦਿਤੀ ਜਾਵੇਗੀ । ਇਸਦੇ ਨਾਲ ਹੀ ਜੀਵਨ ਸਿੰਘ ਨੇ ਕਿਹਾ—"ਚੰਗਾ ਹੋਵੇ ਜੇ ਕਰ ਮਹਾਰਾਣੀ ਦੀ ਰਾਖੀ ਦਾ ਭਾਰ ਕਿਸੇ ਅੰਗ੍ਰੇਜ਼ ਅਫਸਰ ਨੂੰ ਸੌਂਪ ਦਿਤਾ ਜਾਵੇ ।'

ਕੈਹਣ ਦੀ ਕੋਈ ਲੋੜ ਨਹੀਂ ਕਿ ਲਾਟ ਡਲਹੌਜ਼ੀ ਨੇ ਜੀਵਨ ਸਿੰਘ ਦੀ ਕਿਸੇ ਗਲ ਉਤੇ ਧਿਆਨ ਨਾ ਦਿਤਾ। ਨਾ ਉਸਨੇ ਜੀਵਨ ਸਿੰਘ ਦੀਆਂ ਗਲਾਂ ਦੀ ਛਾਣਬੀਣ ਹੀ ਕੀਤੀ ਤੇ ਨ ਮਹਾਰਾਣੀ ਦੀ ਰਾਖੀ ਦਾ ਭਾਰ ਕਿਸੇ ਅੰਗ੍ਰੇਜ਼ ਦੇ ਸਪੁਰਦ ਕੀਤਾ । ਲਾਟ ਡਲਹੌਜ਼ੀਨੇ ਐਸਾ ਕਿਉਂ ਕੀਤਾ? ਇਸਦਾ ਜਵਾਬ ਇਹ ਹੈ ਕਿ ਇਤਿਹਾਸ ਦੇ ਪਾਠਕਾਂ ਪਾਸੋਂ ਲਾਟ ਡਲਹੌਜ਼ੀ ਦੀ ਕੂਟਨੀਤੀ ਕੋਈ ਛਿਪੀ ਹੋਈ ਨਹੀਂ । ਉਸ ਕੂਟਨੀਤੀ ਦੇ ਕਾਰਣ ਹੀ ਉਸਨੇ ਮਹਾਰਾਣੀ ਵੱਲੋਂ ਲਾਪਰਵਾਹੀ ਕੀਤੀ ਤੇ ਕਿਹਾ—"ਮਹਾਰਾਣੀ ਜਿੰਦਾਂ ਨੇ ਅਪਣੇ ਆਪਨੂੰ ਰਣਜੀਤ ਸਿੰਘ ਦੀ ਵਿਧਵਾ ਤੇ ਵਰਤਮਾਨ ਮਹਾਰਾਜ (ਦਲੀਪ ਸਿੰਘ) ਦੀ ਮਾਂ ਆਖਕੇ ਮੇਰੇ ਪਾਸ ਬੇਨਤੀ ਕੀਤੀ ਹੈ ਇਸ ਲਈ ਓਹ ਮੈਥੋਂ ਕਿਸੇ ਗਲਦੀ ਆਸ ਨਾ ਰਖੇ ।"

ਵਾਹ ਜੀ ਵਾਹ !! ਕਜ਼ਾ ਖੂਬ ਹੈ !!! ਇਹ ਜਵਾਬ ਲਾਟ ਡਲਹੌਜ਼ੀ ਦੇ ਯੋਗ ਹੀ ਸੀ । ਰਣਜੀਤ ਸਿੰਘ ਦੀ ਵਿਧਵਾ ਤੇ ਦਲੀਪ ਸਿੰਘ ਦੀ ਮਾਤਾ ਅਪਣੇ ਆਪਨੂੰ ਆਖਕੇ ਰਾਣੀ ਜਿੰਦਾਂ ਨੇ ਜਾਣੋ ਐਸਾ ਭਾਰੀ ਪਾਪ ਕੀਤਾ ਹੈ ਜਿਸਦਾ ਕੋਈ ਪ੍ਰਾਸਚਿਤ ਹੀ ਨਹੀਂ । ਹਾਇ ਕਿਸਮਤ ! ਪਤਾ ਨਹੀਂ ਅਜੇ ਤੂੰ ਕੀ ਕੀ ਨਾਚ ਹੋਰ ਨਚਾਵੇਂਗੀ । ਲਾਟ ਡਲਹੌਜ਼ੀ ਦੇ ਇਸਤਰਾਂ ਟਾਲ ਮਟੋਲਾ ਕਰਨ ਪੁਰ ਸਾਨੂੰ ਇਕ ਉਰਦੂ ਕਵੀ ਦਾ ਹੇਠ ਲਿਖਿਆ ਸ਼ੇਰ ਯਾਦ ਆ ਗਿਆ ਹੈ:—

ਬੇ ਨਿਆਜ਼ੀ ਕੇ ਸਿਵਾ ਔਰ ਕੋਈ ਬਾਤ ਨਹੀਂ।
ਸਰ ਤੋ ਯੇਹ ਹੈ ਤੁਮ੍ਹੇ ਮੰਜ਼ੂਰ ਮੁਲਾਕਾਤ ਨਹੀਂ।

ਮਹਾਰਾਜੇ ਰਣਜੀਤ ਸਿੰਘ ਦੀ ਅਭਾਗਣੀ ਵਿਧਵਾ! ਸ਼ੀ ਤੇਰੇ ਭਾਗਾਂ ਦੀ ਬਾਬਤ ਹੀ ਕਿਸੇ ਉਰਦੂ ਕਵੀ ਨੇ ਇਹ ਵਾਕ ਲਿਖਿਆ ਸੀ:—

ਨ ਤੜਪਨੇ ਕੀ ਇਜਾਜ਼ਤ ਹੈ ਨ ਫਰਯਾਦ ਕੀ ਹੈ।
ਘੁਟਕੇ ਮਰ ਜਾਊਂ ਯੇ ਮਰਜ਼ੀ ਮੇਰੇ ਸੈਯਾਦ ਕੀ ਹੈ॥

ਕੁਝ ਦਿਨਾਂ ਪਿਛੋਂ ਸਨ ੧੮੪੮ ਦੇ ਮਈ ਮਹੀਨੇ ਵਿਚ ਰੈਜ਼ੀਡੈਂਟ ਨੂੰ ਪਤਾ ਲਗਾ ਕਿ ਮੁਲਤਾਨ ਦੇ ਅੰਗ੍ਰੇਜ਼ਾਂ ਦੇ ਵਿਰੁਧ ਇਕ ਸਾਜ਼ਸ਼ ਕੀਤੀ ਗਈ ਹੈ। ਉਸਦੇ ਬਦਲੇ ਵਿਚ ਮਹਾਰਾਣੀ ਦੇ ਵਕੀਲ ਗੰਗਾਰਾਮ ਤੇ ਇਕ ਨੌਕਰੀਉਂ ਛੁਟੇ ਕਾਨ ਸਿੰਘ ਸਿਖ ਨੂੰ ਫਾਂਸੀ ਦਿਤੀ ਗਈ। ਉਨ੍ਹਾਂ ਦੇ ਦੋ ਸਾਥੀਆਂ ਨੂੰ ਉਨ੍ਹਾਂ ਦਾ ਕਸੂਰ ਕੁਝ ਘਟ ਹੋਣ ਕਰਕੇ ਦੇਸ਼ ਨਿਕਾਲਾ ਦਿਤਾ ਗਿਆ। ਪਰ ਰੈਜ਼ੀਡੈਂਟ ਇਹ ਕੁਝ ਕਰਕੇ ਵੀ ਚੁਪ ਨਾ ਬੈਠਾ। ਉਸਨੂੰ ਇਸ ਸਾਜ਼ਸ਼ ਵਿਚ ਮਹਾਰਾਣੀ ਜਿੰਦਾਂ ਦੇ ਵੀ ਸ਼ਾਮਿਲ ਹੋਣ ਦਾ ਸ਼ਕ ਪਿਆ। ਸੋ ਇਸ ਸ਼ਕ ਵਿਚ ਹੀ ਉਸਨੇ ਮਹਾਰਾਣੀ ਨੂੰ ਵੀ ਸਜ਼ਾ ਦੇਣੀ ਉਚਿਤ ਸਮਝੀ। ਹੋ ਸਕਦਾ ਹੈ ਕਿ ਪਹਿਲਾਂ ਖੁਲ੍ਹੀ ਅਦਾਲਤ ਵਿਚ ਉਸ ਦੀ ਬਾਬਤ ਵਿਚਾਰ ਕਰਨ ਲਈ ਸੋਚਿਆ ਗਿਆ ਹੋਵੇਗਾ; ਕਿਉਂਕਿ ਰੈਜ਼ੀਡੈਂਟ ਨੇ ਇਕ ਚਿਠੀ ਵਿਚ ਵੱਡੇ ਲਾਟ ਨੂੰ ਲਿਖਿਆ ਸੀ—ਖੁਲ੍ਹੇ ਤੌਰ ਪਰ ਰਣਜੀਤ ਸਿੰਘ ਦੀ ਵਿਧਵਾ ਦਾ ਵਿਚਾਰ ਹੋਣਾ ਪੰਜਾਬਵਾਸੀਆਂ ਨੂੰ ਬੁਰਾ ਲਗੇਗਾ। ਸੋ ਰੈਜ਼ੀਡੈਂਟ ਨੇ ਖੁਲ੍ਹੀ ਅਦਾਲਤ ਵਿਚ ਮਹਾਰਾਣੀ ਜਿੰਦਾਂ ਦਾ ਵਿਚਾਰ ਨਾ ਕਰਕੇ ਉਸਨੂੰ ਪੰਜਾਬ ਵਿਚੋਂ ਕਢ ਦੇਣਾ ਹੀ ਯੋਗ

ਸਮਝਿਆ। ਭਾਵੇਂ ਰੈਜ਼ੀਡੈਂਟ ਨੇ ਇਹ ਗੱਲ ਮੰਨੀ ਸੀ ਕਿ ਮੁਲਤਾਨ ਦੇ ਗਦਰ ਦੇ ਕਾਰਣ ਮਹਾਰਾਣੀ ਦੋਸ਼ੀ ਹੈ ਇਸਦਾ ਕੋਈ ਸਬੂਤ ਨਹੀਂ। ਪਰ ਉਸਨੇ ਉਸ ਗਦਰ ਵਿਚ ਜੋਸ਼ ਦਿਤਾ ਅਜੇਹਾ ਅਨੁਮਾਨ ਕਰਨ ਦੇ ਕਾਰਣ ਬਹੁਤ ਹਨ। ਸੋ ਇਸ ਅਨੁਮਾਨ ਪਰ ਹੀ ਰੈਜ਼ੀਡੈਂਟ ਨੇ ਮਹਾਰਾਣੀ ਨੂੰ ਪੰਜਾਬ ਵਿਚੋਂ ਕਢ ਦੇਣ ਦਾ ਪਕਾ ਇਰਾਦਾ ਕਰ ਲਿਆ। ਮਹਾਰਾਣੀ ਨੇ ਅਪਣੀ ਰਾਖੀ ਲਈ ਵਾਰੰਵਾਰ ਬੇਨਤੀ ਕੀਤੀ ਪਰ ਉਸਦੀ ਬੇਨਤੀ ਬੋਰੇ ਕੰਨਾਂ ਵਿਚ ਪਈ। ਰੈਜ਼ੀਡੈਂਟ ਨੇ ਡਲਹੌਜ਼ੀ ਦੇ ਇਸ਼ਾਰੇ ਨਾਲ ਮਹਾਰਾਣੀ ਨੂੰ ਦੇਸ਼ ਨਿਕਾਲੇ ਦੀ ਸਜ਼ਾ ਦੇ ਹੀ ਦਿਤੀ। ਜਿਸ ਮਹਾਰਾਣੀ ਜਿੰਦਾਂ ਨੂੰ ਮਹਾ-ਰਾਜਾ ਰਣਜੀਤ ਸਿੰਘ ਦੇ ਜੀਉਂਦੇ ਹੋਣ ਵੇਲੇ ਕੋਈ ਅਖ ਚੁਕਕੇ ਨਹੀਂ ਵੇਖ ਸਕਦਾ ਸੀ, ਉਸੇ ਮਹਾਰਾਜੇ ਦੀ ਵਿਧਵਾ ਦੀ ਉਚਿਤ ਬੇਨਤੀ ਉਤੇ ਕਿਸੇ ਨੇ ਵੀ ਧਿਆਨ ਨਾ ਦਿਤਾ। ਜਿਸ ਮਹਾਰਾਣੀ ਪਾਸੋਂ ਕਿਸੇ ਸਮੇਂ ਅਨਗਿਣਤ ਲੋਕ ਭਿਛਿਆ ਮੰਗਦੇ ਸਨ ਉਸੇ ਮਹਾਰਾਣੀ ਨੇ ਨਿਆਂ ਕਰਨ ਦੀ ਕਈ ਵਾਰੀ ਭਿਛਿਆ ਮੰਗੀ ਪਰ ਕਿਸੇ ਨੇ ਨਾ ਦਿਤੀ। ਇਹ ਸਮੇਂ ਦਾ ਪ੍ਰਤਾਪ ਹੈ।

ਮਹਾਰਾਣੀ ਨੂੰ ਦੇਸ ਨਿਕਾਲਾ ਦੇਣ ਦਾ ਜੋ ਖਰੜਾ ਤਿਆਰ ਕੀਤਾ ਗਿਆ ਉਸਦੇ ਉਤੇ ਪ੍ਰਤੀਨਿਧੀ ਸਭਾ ਦੇ ਤਿੰਨ ਮੈਂਬਰਾਂ ਦੇ ਦਸਤਖਤ ਸਨ। ਜਿਨਾਂ ਵਿਚ ਮਹਾਰਾਣੀ ਦਾ ਵੱਡਾ ਵੈਰੀ ਤੇਜਾ ਸਿੰਘ ਵੀ ਸੀ। ਇਸ ਕੰਮ ਦੀ ਬਾਬਤ ਬਹੁਤਿਆਂ ਲੋਕਾਂ ਦੀ ਇਹੋ ਰਾਇ ਹੈ ਇਹ ਆਖਦੇ ਸ਼ੇਰਸਿੰਘ ਦੀ ਗੈਰ ਹਾਜ਼ਰੀ ਵਿਚ ਉਸਦੇ ਭਰਾ ਗੁਲਾਬ ਸਿੰਘ ਪਾਸੋਂ ਹੀ ਦਸਤਖਤ ਕਰਾਏ ਗਏ। ਖਰੜੇ ਵਿਚ ਇਹ ਦੋ ਲਿਖਿਆ

ਗਿਆ ਕਿ ਜੇਕਰ ਕਾਂਸ਼ੀ ਵਿਚ ਰੈਂਹਦੀ ਹੋਈ ਨੇ ਵੀ ਕੋਈ ਸਾਜ਼ਸ਼ ਕੀਤੀ ਤਾਂ ਫੇਰ ਉਸਨੂੰ ਚੁਨਾਰ* ਦੇ ਕਿਲੇ ਵਿਚ ਕੈਦ ਕੀਤਾ ਜਾਵੇਗਾ ਅਤੇ ਓਹ ਕੈਦ ਵੱਡੀ ਕਰੜੀ ਹੋਵੇਗੀ।

ਸਨ ੧੮੪੮ ਈ: ਦੇ ਮਈ ਮਹੀਨੇ ਦੀ ੧੪ ਤਾਰੀਖ ਨੂੰ ਰੈਜ਼ੀਡੰਟ ਨੇ ਮਹਾਰਾਣੀ ਜਿੰਦਾਂ ਨੂੰ ਜੋ ਚਿਠੀ ਭੇਜੀ ਸੀ ਉਸ ਵਿਚ ਇਹ ਲਿਖਿਆ:—

"ਮੈਂ ਆਪਣੇ ਦੋ ਮਿਤ੍ਰ ਕਪਤਾਨ ਲੇਂਸਡੋਨ ਤੇ ਲਫ਼ਟੰਟ ਹਡਸਨ ਨੂੰ ਕੁਝ ਇਤਬਾਰੀ ਤੇ ਇਜਤਦਾਰ ਸਰਦਾਰਾਂ ਦੇ ਨਾਲ ਤੁਹਾਡੇ ਪਾਸ ਭੇਜਦਾ ਹਾਂ। ਇਹ ਤੁਹਾਨੂੰ ਸ਼ੇਖੂ ਪੁਰੇ ਤੋਂ ਬਾਹਰ ਜਾਣ ਲਈ ਜਿਸਤਰਾਂ ਆਖਣ ਤੁਸਾਂ ਬਿਨਾ ਦੇਰ ਦੇ ਉਸੇਤਰਾਂ ਕਰਨਾ। ਇਹ ਤੁਹਾਨੂੰ ਆਦਰ ਨਾਲ ਲੈਜਾਣਗੇ ਇਸਤੋਂ ਤੁਹਾਡੇ ਸਰੀਰ ਨੂੰ ਕਿਸੇਤਰਾਂ ਦਾ ਨੁਕਸਾਨ ਪੁਚਾਣਾ ਜਾਂ ਨਿਰਾਦਰ ਕਰਨ ਦਾ ਸਾਡਾ ਮਤਲਬ ਨਹੀਂ।

ਰੈਜ਼ੀਡੰਟ ਦੇ ਆਦਮੀ ਇਹ ਚਿਠੀ ਲੈਕੇ ਸ਼ੇਖੂ ਪੁਰੇ ਗਏ। ਉਨ੍ਹਾਂ ਨੇ ਬਾਲਕ ਮਹਾਰਾਜੇ ਦੀ ਮੋਹਰ ਲਾਕੇ ਮਹਾਰਾਣੀ ਦੇ ਹਥ ਦੇਸਨਿਕਾਲੇ ਦਾ ਹੁਕਮਨਾਮਾ ਦਿਤਾ। ਮਹਾਰਾਣੀ ਨੇ ਉਸ ਹੁਕਮਨਾਮੇ ਨੂੰ ਲੈਕੇ ਬਹੁਤ ਧੀਰਜਦਾ ਸਬੂਤ ਦਿਤਾ। ਉਸ ਵਿਚਾਰੀ ਨੇ ਕੇਵਲ ਇੰਨਾ ਹੀ ਪੁਛਿਆ—"ਮੈਨੂੰ ਕਿਥੇ ਲੈ ਜਾਓਗੇ?" ਇਸ ਪਰ ਕਪਤਾਨ ਲੇਂਸਡੋਨ

---

*ਚੁਨਾਰ ਮਿਰਜਾਪੁਰ ਦੇ ਜਿਲੇ ਵਿਚ ਇਕ ਅਛਾ ਕਸਬਾ ਹੈ। ਇਸਦਾ ਕਿਲਾ ਗੰਗਾ ਦੇ ਕਿਨਾਰੇ ਉਤੇ ਖੜੀ ਇਕ ਪਹਾੜੀ ਉਤੇ ਹੈ। ਇਸ ਕਿਲੇ ਵਿਚ ਹੁਣ ਵੀ ਛੋਟੀ ਉਮਰ ਦੇ ਕੈਦੀ ਰਖੇ ਜਾਂਦੇ ਹਨ।

ਨੇ ਕਿਹਾ:—"ਇਹ ਦਸਣ ਲਈ ਮੈਂ ਅਸਮਰਥ ਹਾਂ। ਪਰ ਇਹ ਆਖ ਸਕਦਾ ਹਾਂ ਕਿ ਮਹਾਰਾਣੀ ਦੀ ਰਾਖੀ ਦਾ ਭਾਰ ਹੁਣ ਮੈਨੂੰ ਸੌਂਪਿਆ ਗਿਆ ਹੈ। ਉਨ੍ਹਾਂ ਨੂੰ ਕੋਈ ਵਿਪਦਾ ਨਹੀਂ ਪਏਗੀ ਤੇ ਨਾ ਉਨ੍ਹਾਂ ਦੀ ਕੋਈ ਨਿਰਾਦਰੀ ਕੀਤੀ ਜਾਵੇਗੀ।" ਇਸਦੇ ਜਵਾਬ ਵਿਚ ਮਹਾਰਾਣੀ ਨੇ ਕਿਹਾ:—

"ਮੈਂ ਹੋਰ ਕੁਝ ਨਹੀਂ ਜਾਣਨਾ ਚਾਹੁੰਦੀ। ਮੈਂ ਇਹ ਜਾਣਨ ਲਈ ਬਹੁਤ ਉਤਾਵਲੀ ਹਾਂ ਕਿ ਮੈਨੂੰ ਲੈ ਕਿਥੇ ਜਾਉਗੇ ?"

ਕਹਿਣ ਦੀ ਲੋੜ ਨਹੀਂ! ਲੈਂਸਡੌਨ ਨੇ ਮਹਾਰਾਣੀ ਦੀ ਇਹ ਇਛਾ ਪੂਰੀ ਨਾ ਕੀਤੀ। ਵਾਰੰਵਾਰ ਪੁਛਣ ਪਰ ਵੀ ਉਸਨੇ ਨਾ ਦਸਿਆ ਕਿ ਉਹ ਮਹਾਰਾਣੀ ਨੂੰ ਕਿਥੇ ਲੈ ਜਾਣਗੇ। ਨਾਲੇ ਇਸਦੀ ਬਾਬਤ ਰਾਣੀ ਦੇ ਨੌਕਰਾਂ ਚ ਕਰਾਂ ਨੂੰ ਵੀ ਕੁਝ ਪਤਾ ਨਹਾਂ ਸੀ। ਪਰ ਉਸ ਵੇਲੇ ਦੀਆਂ ਅਖ-ਬਾਰਾਂ ਤੋਂ ਪਤਾ ਲਗਦਾ ਹੈ ਕਿ ਮਹਾਰਾਣੀ ਨੂੰ ਲਾਹੌਰ ਲੈ ਜਾਣ ਲਈ ਕਿਹਾ ਗਿਆ ਸੀ ਤੇ ਇਹੋ ਗਲ ਸੀ ਕਿ ਉਹ ਸ਼ੇਖੂਪੁਰੇ ਤੋਂ ਚਲ ਪਈ ਸੀ। ਪਰ ਰੈਜ਼ੀਡੈਂਟ ਨੇ ਪਿਛੋਂ ਇਸ ਗਲ ਦਾ ਖੰਡਨ ਕਰਦੇ ਹੋਏ ਇਹ ਕਿਹਾ ਕਿ ਮੈਂ ਤਾਂ ਸਰ-ਦਾਰਾਂ ਨੂੰ ਸਾਫ ਆਖ ਦਿਤਾ ਸੀ ਕਿ ਮਹਾਰਾਣੀ ਨੂੰ ਕਿਸੇ ਤਰਾਂ ਦਾ ਧੋਖਾ ਨਾ ਦਿਤਾ ਜਾਵੇ। ਖੈਰ! ਮਹਾਰਾਣੀ ਨੂੰ ਛੇਕੜ ਰਾਹ ਵਿਚ ਇਹ ਮਲੂਮ ਹੋਗਿਆ ਕਿ ਮੈਨੂੰ ਲਾਹੌਰ ਨਲਿਜਾ ਕੇ ਹੋਰ ਕਿਧਰੇ ਲਈ ਜਾਂਦੇ ਹਨ। ਉਸਨੇ ਫੇਰ ਲੈਂਸਡੌਨ ਨੂੰ ਸਦਿਆ ਤੇ ਪੁਛਿਆ—"ਮੈਂ ਤੁਹਾਥੋਂ ਹੁਣ ਵੀ ਪੁਛਦੀ ਹਾਂ ਕਿ ਤੁਸੀ ਮੈਨੂੰ ਪੰਜਾਬੋਂ ਕਢਕੇ ਅੰਗ੍ਰੇਜ਼ੀ ਰਾਜ ਵਿਚ ਤਾਂ ਨਹੀਂ ਲਈ ਜਾਂਦੇ ? ਕਿਉਂਕਿ ਮੈਂ ਫੀਰੋਜ਼ਪੁਰ ਦੀ ਸੜ

ਖ ਰਹੀ ਹਾਂ। ਸਗੋਂ ਮੈਂ ਤਾਂ ਇਹ ਆਖਦੀ ਹਾਂ ਕਿ ਤੁਸੀ ਮੇਰੀ ਵੱਲੋਂ ਰੈਜ਼ੀਡੰਟ ਨੂੰ ਧੰਨਵਾਦ ਦਿਓ ਕਿ ਓਸਨੇ ਮੈਨੂੰ ਅੰਗ੍ਰੇਜ਼ੀ ਰਾਜ ਵਿਚ ਦੇਸ ਨਿਕਾਲਾ ਦੇਕੇ ਚੰਗਾ ਕੀਤਾ ਹੈ। ਅੰਗ੍ਰੇਜ਼ੀ ਰਾਜ ਵਿਚ ਮੈਨੂੰ ਸੁਖ ਮਿਲੇਗਾ ।"

ਇਸਤਰਾਂ ਮਹਾਰਾਣੀ ਜਿੰਦਾਂ ਨੇ ਅਡੋਲ ਦਿਲ ਨਾਲ ਅਪਣੇ ਪ੍ਰਾਣ ਪਿਆਰੇ ਪੁਤ੍ਰ ਦੇ ਨਾਮ ਦੀ ਮੋਹਰ ਵਾਲੇ ਦੇਸ ਨਿਕਾਲੇ ਦੇ ਹੁਕਮਨਾਮੇ ਅਗੇ ਸਿਰ ਨਿਂਵਾਯਾ ਤੇ ਧੀਰਜ ਨਾਲ ਅਪਣੀ ਬਦਕਿਸਮਤੀ ਨੂੰ ਛਾਤੀ ਨਾਲ ਲਾਕੇ ਹਮੇਸ਼ਾਂ ਲਈ ਪੰਜਾਬ ਛੱਡਣ ਨੂੰ ਤਿਆਰ ਹੋ ਗਈ। ਜਿਸ ਪੰਜਾਬ ਨੇ ਉਸਨੂੰ ਅਪਣੀ ਅਧਿਸਟਾਤ੍ਰੀ ਦੇਵੀ ਵਾਂਗ ਅਪਣੀ ਛਾਤੀ ਉਤੇ ਰਖਿਆ ਹੋਯਾ ਸੀ ਓਹ ਪੰਜਾਬ ਹੁਣ ਮਹਾਰਾਣੀ ਜਿੰਦਾਂ ਦੀਆਂ ਅਖਾਂ ਦੇ ਓਹਲੇ ਹੋ ਗਿਆ। ਪਹਿਲੇ ਉਸਨੂੰ ਫੀਰੋਜ਼ ਪੁਰ ਰਖਿਆ ਗਿਆ ਪਰ ਪਿਛੋਂ ਓਹ ਹਿੰਦੂ ਤੀਰਥ ਕਾਂਸ਼ੀ ਵਿਚ ਭੇਜੀ ਗਈ।

ਇਸ ਪਰ ਰੈਜ਼ੀਡੰਟ ਕੋਰੀ ਨੇ ਲਿਖਿਆ ਹੈ—"ਚੰਗਿਆਂ ਭਾਗਾਂ ਨੂੰ ਇਸ ਵੇਲੇ ਕਿਸੇਤਰਾਂ ਦਾ ਰੌਲਾ ਗੌਲਾ ਨਾ ਪਿਆ। ਮਹਾਰਾਣੀ ਦੇ ਸਾਰੇ ਨੌਕਰਾਂ ਨੇ ਉਸ ਵੇਲੇ ਭਲੇ ਮਾਨਸੀ ਤੇ ਸਜਨਤਾਈ ਵਿਖਾਈ। ਕਿਸੇ ਨੇ ਵੀ ਮੇਰੇ ਕੀਤੇ ਦੇ ਵਿਰੁਧ ਕੁਝ ਨਾ ਕਿਹਾ। ਇਸਦਾ ਕਾਰਣ ਇਹ ਮਲੂਮ ਹੁੰਦਾ ਹੈਕਿ ਕੁਛ ਦਿਨਪੈਹਲੇ ਕਈਆਂ ਅਪਰਾਧੀਆਂਨੂੰ ਫਾਸੀ ਦਿਤੀ ਗਈ ਸੀ। ਇ ਤੋਂ ਓਹ ਲੋਕ ਡਰ ਗਏ ਹੋਣਗੇ ਕਿ ਕਿਧਰੇ ਸਾਡੇ ਨਾਲ ਭੀ ਓਹੀ ਸਲੂਕ ਨਾ ਹੋਵੇ। ਅਗੇ ਜਾਕੇ ਓਸਨੇ ਇਹ ਵੀ ਲਿਖਿਆ ਹੈ ਕਿ—"ਮਹਾਰਾਣੀ ਨੂੰ ਵੀ

ਇਹ ਡਰ ਪੈ ਗਿਆ ਸੀ ਕਿ ਕਿਧਰੇ ਉਸਦੇ ਨਾਲ ਵੀ ਇਹੋ ਸਲੂਕ ਨਾ ਹੋਵੇ।"

ਬਨਾਰਸ ਜਾਣ ਪਰ ਮਿਸਟਰ ਮੈਕਗ੍ਰੇਗਰ ਨਾਮੇ ਇਕ ਅੰਗ੍ਰੇਜ਼ ਮਹਾਰਾਣੀ ਦਾ ਰਖਸ਼ਕ ਬਣਿਆ। ਅਤੇ ਮਹਾਰਾਣੀ ਦੇ ਸਾਲਾਨਾ ਖਰਚ ਉਤੇਵੀ ਕੁਹਾੜਾ ਪਿਆ। ਬਹਰਵਾਲ ਦੀਆਂ ਸ਼ਰਤਾਂ ਅਨੁਸਾਰ ਮਹਾਰਾਣੀ ਨੂੰ ਡੇਢ ਲੱਖ ਰੁਪਯਾ ਸਾਲਾਨਾਂ ਦੇਣ ਦਾ ਸਥਿਰ ਹੋਯਾ ਸੀ। ਪਰ ਸ਼ੇਖ਼ੂਪੁਰੇ ਵਿਚ ਨਜ਼ਰਬੰਦ ਕਰਨ ਵੇਲੇ ਓਹ ਖਰਚ ਚਾਰ ਹਜ਼ਾਰ ਮਹੀਨਾ ਯਾ ੪੮ ਹਜ਼ਾਰ ਸਾਲਾਨਾ ਕੀਤਾ ਗਿਆ। ਬਨਾਰਸ ਭੇਜਣ ਵੇਲੇ ਉਸਤੋਂ ਵੀ ਘਟਾਕੇ ਸਿਰਫ ਇਕ ਹਜ਼ਾਰ ਮਹੀਨਾ ਯਾਂ ਬਾਰਾਂ ਹਜ਼ਾਰ ਰੁਪਯਾ ਸਾਲਾਨਾ ਖਰਚ ਦੇਣਾ ਨਿਯਤ ਹੋਯਾ। ਦੂਜੀਵਾਰੀ ਉਸਦਾ ਗੁਜ਼ਾਰਾ ਘਟਾਣ ਬਾਬਤ ਕਿਹਾ ਗਿਆ ਸੀ ਕਿ ਓਹ ਅਪਣੇ ਨਾਲ ਗੈਹਣੇ ਤੇ ਜਵਾਹਰਾਤ ਲੈ ਗਈ ਸੀ। ਪਰ ਸਵਾਲ ਇਹ ਹੁੰਦਾ ਹੈ ਕਿ ਡੇਢ ਲੱਖ ਰੁਪਯਾ ਸਾਲਾਨਾ ਦੇਣ ਵੇਲੇ ਤੇ ਫੇਰ ਸ਼ੇਖ਼ੂ ਪੁਰੇ ਵਿਚ ੪੮ ਹਜ਼ਾਰ ਦੇਣ ਵੇਲੇ ਵੀ ਤਾਂ ਓਹ ਚੀਜ਼ਾਂ ਉਸਦੇ ਪਾਸ ਸਨ। ਪਰ ਓਹ ਗੈਹਣੇ ਵਗੈਰਾ ਬਹੁਤ ਦਿਨ ਤਕ ਉਸਦੇ ਪਾਸ ਨਾ ਰਹੇ। ਬਨਾਰਸ ਪਹੁੰਚਣ ਤੋਂ ਪਹਿਲਾਂ ਰੈਜ਼ੀਡੰਟ ਨੇ ਲਾਟ ਡਲਹੌਜ਼ੀ ਨੂੰ ਇਸਤਰਾਂ ਦੀ ਚਿਠੀ ਲਿਖੀ—"ਸਾਜ਼ਸ਼ ਸੰਬੰਧੀ ਕੁਝ ਚਿਠੀਆਂ ਮਿਲੀਆਂ ਹਨ, ਕਹ ਨਹੀਂ ਸਕਦਾ ਕਿ ਇਹ ਸਚੀਆਂ ਹਨ ਕਿ ਝੂਠੀਆਂ। ਜੇਕਰ ਸਚੀਆਂ ਹਨ ਤਾਂ ਕੈਹਣਾ ਪਵੇਗਾ ਮਹਾਰਾਣੀ ਇਕ ਗੰਦੀ ਸਾਜ਼ਸ਼ ਵਿਚ ਫਸੀ ਹੋਈ ਹੈ। ਲਾਹੌਰ ਵਿਚੋਂ ਜੇਹੜੇ ਜ਼ਰੂਰੀ ਕਾਗਜ਼ਾਤ ਮਿਲੇ ਹਨ ਓਨਾਂ ਵਿਚ ਮਹਾਰਾਣੀ ਦੀਆਂ ਕੁਝ ਅਸਲੀ ਚਿਠੀਆਂ

ਹੀ ਹਨ। ਪੰਜਾਬ ਵਿਚੋਂ ਅਚਾਨਕ ਦੇਸ ਨਿਕਾਲਾ ਦੇਣ ਕਰਕੇ ਇਹ ਚਿਠੀਆਂ ਅਸੀ ਉਸਨੂੰ ਦੇ ਨਹੀਂ ਸਕੇ।"

ਬਸ ਇਸਤਰਾਂ ਮਹਾਰਾਨੀ ਜਿੰਦਾਂ ਨੂੰ ਸਾਜ਼ਸ਼ ਵਿਚ ਸ਼ਾਮਿਲ ਹੋਣਾ ਸਮਝਿਆ ਗਿਆ। ਕਾਸ਼ੀ ਜਾਣ ਪਰ ਉਸਦੀ ਕੈਦ ਹੋਰ ਵੀ ਕਰੜੀ ਕੀਤੀ ਗਈ। ਸਨ ੧੯੪੯ਦੇ ਜੁਲਾਈ ਮਹੀਨੇ ਦੀ ੨੪ ਤਾਰੀਖਨੂੰ ਉਸ ਵਿਚਾਰੀ ਦੇ ਗੇਹਣੇ ਵੀ ਵੱਡੇ ਲਾਟਦੇ ਹੁਕਮ ਨਾਲ ਖੋਹ ਲੀਤੇ ਗਏ। ਉਸਦੇ ਸਾਰੇ ਗੇਹਣੇ ਕਰੀਬ ੫੦ ਲੱਖ ਰੁਪਏਦੇ ਸਨ ਅਤੇ ਦੋ ਲੱਖ ਰੁਪਯਾ ਨਕਦ ਸੀ ਉਹ ਵੀ ਖੋਹਿਆ ਗਿਆ। ਸਿਰਫ ਇਥੇਹੀ ਬਸ ਨਹੀਂ। ਸਾਨੂੰ ਕਹਿੰਦਿਆਂ ਸ਼ਰਮ ਆਉਂਦੀ ਹੈ ਕਿ ਜੋ ਅੰਗ੍ਰੇਜ਼ ਕੌਮ ਇਸ-ਤ੍ਰੀਆਂ ਦਾ ਆਦਰ ਕਰਨ ਵਿਚ ਅਪਣੇ ਆਪਨੂੰ ਸੰਸਾਰਵਿਚ ਸਭ ਤੋਂ ਚੰਗਾ ਸਮਝਦੀ ਹੈ, ਜੋ ਕੌਮ ਅਪਣੀ ਸਭ੍ਯਤਾ ਦੇ ਅਭਿਮਾਨ ਵਿਚ ਫੂਲੀ ਨਹੀਂ ਸਮਾਉਂਦੀ, ਉਹ ਕੌਮ ਅਪਣੇ ਮਿਤ੍ਰ ਮਹਾਰਾਜਾ ਰਣਜੀਤ ਸਿੰਘ ਦੀ ਵਿਧਵਾ ਦੇ ਨਾਲ ਗੰਦੇ ਤੋਂ ਗੰਦਾ ਸ਼ਰਮ ਭਰਿਆ ਵਰਤਾਉ ਕਰਨੋਂ ਨਾ ਸੰਗੀ! ਉਸ ਵਿਚਾਰੀ ਨੂੰ ਉਸਦੇ ਦੇਸੋਂ ਕਢ ਦਿਤਾ ਗਿਆ ਤੇ ਉਸਦੀ ਸਾਰੀ ਸੰਪਦਾ ਰਾਜਨੀਤਿਕ (ਪੋਲੀਟੀਕਲ) ਕੈਦੀ ਆਖਕੇ ਹੜਪ ਜਾਣ ਪਰ ਭੀ ਉਸਨੂੰ ਨੰਗਿਆਂ ਕਰਕੇ ਉਸਦੀ (ਜਾਮਾ ਤਲਾਸ਼ੀ) ਲੀਤੀ ਗਈ। ਸ਼ੋਕ!! ਮੇਜਰ ਮੇਕ ਗ੍ਰੇਗਰ ਨੇ ਮਹਾਰਾਨੀ ਤੇ ਉਸਦੀਆਂ ਦਾਸੀਆਂ ਦੀ ਜਾਮਾ ਤਲਾਸ਼ੀ ਲੈਣ ਵਾਸਤੇ ਏਲਿਨ ਤੇ ਸਟੇਨਲੀ ਨਾਮੇਂ ਦੋ ਮੇਮਾਂ ਨੂੰ ਨਿਯਤ ਕੀਤਾ ਤੇ ਉਨਾਂਨੂੰ ਕਿਹਾ—ਜੇਕਰ ਤੁਸੀਂ ਚੰਗੀਤਰਾਂ ਤਲਾਸ਼ੀ ਲਵੋਗੀਆਂ ਤਾਂ ਤੁਹਾਨੂੰ ਭਾਰੀ ਇਨਾਮ ਦਿਤਾ ਜਾਵੇਗਾ। ਸੋ ਉਨਾਂ ਦੋਹਾਂ ਮੇਮਣੀਆਂ ਨੇ ਮਹਾਰਾਣੀ ਤੇ ਉਸਦੀਆਂ ਦਾਸੀਆਂ

ਕੇਸਰੀ ਦੇ ਸਮੇਂ ਪੰਜਾਬ ਵਿਚ ਵੜ ਨਹੀਂ ਸਕਦੇ ਸਨ, ਉਨ
ਲੋਕਾਂ ਦੇ ਅਗੇ ਉਸਦੀ ਪ੍ਰਾਨ ਪਯਾਰੀ 'ਮਹਬੂਬਾ' ਨੂੰ ਹ
ਅਛਣੇ ਪਏ।

੧੯ ਨਵੰਬਰ ਸਨ ੧੮੪੯ ਨੂੰ ਮੇਜਰ ਮੇਕਗ੍ਰੇਗ
ਨੇ ਮਹਾਰਾਣੀ ਨੂੰ ਦਸਿਆ ਕਿ ਲਾਟ ਸਾਹਿਬ ਮਹਾਰਾ
ਦੀ ਬਾਬਤ ਮੁੜਕੇ ਪੜਤਾਲ ਕਰਨ ਦੀ ਕੋਈ ਲੋੜ ਨਹੀ
ਸਮਝਦੇ, ਇਸ ਲਈ ਉਨਾਂ ਨੇ ਤੁਹਾਡੀ ਬੇਨਤੀ ਨੂੰ ਮਨਜ਼ੂ
ਨਹੀਂ ਕੀਤਾ। ਇਸਤਰਾਂ ਨਿਰਾਸ ਹੋਣ ਪਰ ਮਹਾਰਾਣੀ
ਅਪਣੇ ਵਕੀਲ ਨ੍ਹ ਮਾਰਚ ਦੀ ਸਲਾਹ ਨਾਲ ਕਲਕ
ਦੀ ਸੁਪ੍ਰਿਮਕੋਰਟ ਅਗੇ ਅਪਣਾ ਵਿਚਾਰ ਕਰਨ ਦੀ ਬੇਨ
ਕੀਤੀ। ਪਰ ਮਹਾਰਾਣੀ ਦੀ ਖੋਟੀ ਕਿਸਮਤ ਉਥੇ ਵੀ ਅ
ਆਈ। ਸੁਪ੍ਰਿਮਕੋਰਟ ਨੇ ਵੀ ਮਹਾਰਾਣੀ ਦੀ ਇਕ ਨ
ਸੁਣੀ। ਇਸਤਰਾਂ ਨਾਲ ਮਹਾਰਾਣੀ ਦੀ ਹਰੇਕ ਬੇਨਤੀ
ਇਹੋ ਦਸ਼ਾ ਹੋਈ।

"ਦਹਨੇ ਜ਼ਖਮ ਪੁਕਾਰਾ ਕਿ ਐ ਕਾਤਿਲ,
ਕਿਸਕੋ ਦਰਦੇ ਜਿਗਰਕੇ ਐ ਦਾਕ ਦਿਖਾਏ ਜਾਏਂਗੇ"

ਹਿੰਦਸਤਾਨ ਦੀਆਂ ਅੰਗ੍ਰੇਜ਼ੀ ਅਦਾਲਤਾਂ ਵਿਚ ਨਿਆ
ਨਾ ਹੁੰਦਾ ਵੇਖਕੇ ਮਹਾਰਾਣੀ ਦੇ ਵਕੀਲ ਨਨ੍ਹੇਮਾਰਚ ਨ
ਵਿਲੈਤ ਦੀ ਕੋਰਟ ਆਫ ਡਾਏ ਰੈਕਟਰਸ ਅਗੇ ਮਹਾਰਾਣ
ਦਾ ਮੁਕਦਮਾ ਭੇਜਣ ਦਾ ਇਰਾਦਾ ਕੀਤਾ ਤੇ ਇਸਦੇ ਲਈ
੫੦ ਹਜ਼ਾਰ ਰੁਪਯੇ ਮੰਗੇ।

ਪਰ ਸ਼ੋਕ! ਮਹਾਰਾਣੀ ੫੦ ਹਜ਼ਾਰ ਰੁਪਯਾ ਸੁ
ਕਿਥੋਂ ਲਿਆਵੇ? ਜੇਕਰ ਕੋਈ ਸ਼ੇਖੂਪੁਰੇ ਵਿਚ ਮਹਾਰਾਣ
ਪਾਸੋਂ ੫੦ ਹਜ਼ਾਰ ਦੀ ਥਾਂ ਇਕ ਲਖ ਰੁਪਯਾ ਮੰਗਦਾ

ਓਹ ਵੀ ਮਹਾਰਾਣੀ ਦੇ ਸਕਦੀ ਸੀ। ਕਿਉਂਕਿ ਉਸ ਵੇਲੇ ਉਸਦੇ ਪਾਸ ੫੦ ਲੱਖਦੇ ਤਾਂ ਸਿਰਫ ਗਹਿਣੇ ਤੇ ਜਵਾਹਰਾਤ ਹੀ ਸਨ। ਫੇਰ ਦੋ ਲੱਖ ਰੁਪਯੇ ਨਕਦ ਸਨ। ਪਰ ਬਨਾਰਸ ਵਿਚ ਕੈਦ ਕਰਕੇ ਅੰਗ੍ਰੇਜ਼ਾਂ ਨੇ ਉਸ ਪਾਸੋਂ ਸਭ ਕੁਝ ਖੋਹ ਲਿਆ। ਸੋ ਨ ਮਹਾਰਾਣੀ ਜਿੰਦਾਂ ੫੦ ਹਜਾਰ ਰੁਪਯਾ ਦੇ ਸਕੀ ਤੇ ਨਾ ਉਸਦਾ ਵਿਚਾਰ ਹੋਯਾ। ਕਿਸੇ ਉਰਦੂ ਕਵੀ ਨੇ ਠੀਕ ਕਿਹਾ ਹੈ:--

ਦੇਖ ਮੁਝਕੋ ਲੁਤੇ ਦੇਪੀਰ ਨੇ ਮੂੰਹ ਫੇਰ ਲੀਆ।
ਆਜ ਮੁਝਸੇ ਮੇਰੀ ਤਕਦੀਰ ਨੇ ਮੂੰਹ ਫੇਰ ਲੀਆ।
ਅਕਲ ਨੇ, ਹੋਸ਼ ਨੇ, ਤਦਬੀਰ ਨੇ, ਮੂੰਹ ਫੇਰ ਲੀਆ।
ਪਸ ਮੇਰੀ ਆਹ ਸੇ ਤਾਸੀਰ ਨੇ ਮੂੰਹ ਫੇਰ ਲੀਆ।

ਹਾਇ ਅਭਾਗੀ ਜਿੰਦਾਂ! ਤੇਰੇ ਵਰਗਾ ਸੰਸਾਰ ਵਿਚ ਇਸ ਵੇਲੇ ਹੋਰ ਵੀ ਕੋਈ ਦੁਖੀ ਹੈ? ਤੈਂ ਆਪ ਹੀ ਅਪਣੇ ਰਾਜ ਵਿਚ ਸ਼ਾਂਤੀ ਕਾਇਮ ਰਖਣ ਵਾਸਤੇ ਵਡੇ ਲਾਟ ਦੇ ਪਾਸ ਅੰਗ੍ਰੇਜ਼ੀ ਫੌਜ ਰਖੇ ਜਾਣ ਦੀ ਬੇਨਤੀ ਕੀਤੀ ਸੀ। ਛਿਕਰ ਉਸਦਾ ਸ਼ਿਕਾਰ ਤੈਨੂੰ ਆਪ ਹੀ ਹੋਣਾ ਪਿਆ। ਸ਼ਾਇਦ ਤੂੰ ਉਸ ਵੇਲੇ ਇਹ ਨਹੀਂ ਜਾਣਦੀ ਸੈਂ—

'ਕੌਲ ਸੇ ਫਿਰ ਜਾਯਗਾ,
ਯਹ ਯਾਰ ਕਹਾਂ ਮਾਲੂਮ ਥਾ।"

ਓ ਜਿੰਦਾਂ, ਤੂੰ ਹੀ ਅਕਲੀ ਨਹੀਂ ਪਛਤਾਈ। ਓਹ ਨੀਚ ਕੁਲਕਲੰਕ ਦੇਸ਼ਧ੍ਰੋਹੀ ਸਰਦਾਰ ਵੀ ਪਿਛੋਂ ਪਛਤਾਏ ਜਿਨਾਂ ਨੇ ਸੋਨੇ ਚਾਂਦੀ ਦੇ ਲੋਭ ਵਿਚ ਪੈਕੇ ਆਪਣੇ ਦੇਸ਼ ਦੀ ਸ੍ਵਾਧੀਨਤਾ ਦਾ ਮਲੀਆਮੇਟ ਕੀਤਾ ਸੀ। ਉਸ ਵਿਸ਼ਵਾਸ

ਮਾੜ੍ਹ ਦਾ ਬੁਰਾ ਫਲ ਹੀ ਸਾਰੇ ਪੰਜਾਬ ਨੂੰ ਭੋਗਣਾ ਪਿਆ। ਸ਼ੋਕ ! ਸ਼ੋਕ !! ਸ਼ੋਕ !!!

ਅਸ਼ਾਂਤੀ ਦੀ ਭਾਰੀ ਅਗ

"ਸ਼ੋਲਾ ਹਮਾਰੀ ਆਹ ਕਾ ਐਸਾ ਹੂਆ ਬੁਲੰਦ।
ਬਿਜਲੀ ਤੜਪਕੇ ਚਰਖ਼ੇ ਕੁਹਨਸੇ ਨਿਕਲ ਗਈ।"

ਬਹੁਤ ਘਸਾਣ ਪਰ ਚੰਦਨ ਵਿਚੋਂ ਵੀ ਅੱਗ ਨਿਕਲ ਪੈਂਦੀ ਹੈ ਤੇ ਰੂੰ ਦੇ ਢੇਰ ਵਿਚ ਅਗ ਲੁਕਾਈ ਹੋਈ ਨਹੀਂ ਲੁਕਦੀ। ਮਹਾਰਾਜਾ ਰਣਜੀਤ ਸਿੰਘ ਦੀ ਪਜਾਰੀ ਰਾਣੀ ਜਿੰਦਾਂ ਨੂੰ ਪੰਜਾਬ ਤੋਂ ਦੇਸ ਨਿਕਾਲਾ ਦਿਤਾ ਗਿਆ। ਪੰਜਾਬ ਨੇ ਸ਼ਾਂਤ ਸਮੁੰਦਰ ਵਾਂਗ ਅਪਣੀ ਅਧਿਸ਼ਟਾਤ੍ਰੀ ਦੇਵੀ ਦਾ ਇਹ ਹਾਲ ਅਪਣੀਆਂ ਅਖਾਂ ਨਾਲ ਵੇਖ ਲਿਆ। ਉਸਦੀਆਂ ਅਖਾਂ ਵਿਚੋਂ ਇਕ ਵੀ ਬੂੰਦ ਨਾ ਡਿਗੀ। ਜੋ ਅੱਗ ਉਸਦੇ ਦਿਲ ਨੂੰ ਸਾੜ ਰਹੀ ਸੀ ਉਸਦੀ ਇਕ ਚਿਨਗਾਰੀ ਭੀ ਬਾਹਰ ਨਾ ਨਿਕਲੀ। ਪੰਜਾਬ ਜੰਗਲਿਆਂ ਵਿਚ ਪਏ ਹੋਏ ਜੋਗੀ ਵਾਂਗ ਜੜ੍ਹ ਹੋਕੇ ਪਿਆ ਰਿਹਾ। ਉਸ ਵੇਲੇ ਉਸਨੇ ਚੁਪ ਚਾਪ ਜੜ ਭਰਤ ਵਾਂਗ ਅਪਣੀ ਅਧਿਸ਼ਟਾਤ੍ਰੀ ਦੇਵੀ ਦਾ ਦੇਸ ਨਿਕਾਲਾ ਹੁੰਦੇ ਵੇਖਿਆ। ਪਰ ਬੀਰਭੂਮੀ ਪੰਜਾਬ ਬਹੁਤ ਦਿਨ ਤਕ ਨਿਸਤੇਜ ਤੇ ਬਲਹੀਨ ਨਾ ਰਿਹਾ। ਜੇਹੜੀ ਅਗ ਇਤਨੇ ਦਿਨ ਤਕ ਉਸਦੇ ਅੰਦਰ ਧੁਖ ਰਹੀ ਸੀ ਉਹ ਇਕ ਵਾਰ ਹੀ ਭੜਕ ਪਈ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬ ਵਿਚ ਜਿਸ ਤੇਜ ਨੂੰ ਫੈਲਾਯਾ ਸੀ ਉਸਦੀ ਅਲੌਕਿਕ ਸ਼ਕਤੀ ਨਾਲ ਛੇਤ੍ਰੀ ਹੀ ਉਹ ਦਾਰੁਣ ਭਾਰੀ ਅੱਗ ਬਣ ਗਈ।

ਮਹਾਰਾਣੀ ਜਿੰਦਾਂ ਦੇ ਦੇਸ ਨਿਕਾਲੇ ਪਿਛੋਂ ਸਿਖ

ਦੁਖੀ ਹੋਏ। ਓਨਾਂ ਨੂੰ ਇਹ ਗਲ ਬਹੁਤ ਭੁਰੀ ਲਗੀ ਕਿ ਮਹਾਰਾਣੀ ਅਪਣੀ ਸੰਤਾਨ ਤੇ ਪ੍ਰਜਾ ਪਾਸੋਂ 'ਇਕ ਦਮ ਅਡ ਕਰ ਦਿਤੀ ਗ੍ਈ।* ਰੈਜੀਡੈਂਟ ਸਰ ਫ੍ਰੈਡਰਿਕ ਕੇਰੀ ਨੇ ਵਡੇ ਲਾਟ ਨੂੰ ਲਿਖਿਆ—ਰਾਜਾ ਸ਼ੇਰ ਸਿੰਘ ਦੇ ਡੇਰੇ ਚੋਂ ਇਹ ਖਬਰ ਆਈ ਹੈ ਕਿ ਸਿਖ ਫੌਜ ਮਹਾਰਾਣੀ ਦੇ ਦੇਸ ਨਿਕਾਲੇ ਦੀ ਸਜਾ ਸੁਣਕੇ ਬਹੁਤ ਅਧੀਰ ਹੋ ਗਈ ਹੈ। ਉਸਨੇ ਕਿਹਾ ਹੈ ਕਿ ਮਹਾਰਾਣੀ ਖਾਲਸੇ ਦੀ ਮਾਤਾ ਹੈ ਇਸ ਲਈ ਜਦ ਓਹ ਹੀ ਇਥੇ ਨਹੀਂ ਰਹੀ ਤਾਂ ਅਸੀ ਹੋਰ ਕਿਸੇ ਦੇ ਲਈ ਲੜਨ ਵਾਸਤੇ ਤਿਆਰ ਨਹੀਂ। ਅਸੀ ਹੁਣ ਮੂਲਰਾਜ ਦੇ ਵਿਰੋਧੀ ਨਾ ਹੋਕੇ ਸਗੋਂ ਉਸਦੇ ਪਖ ਵਿਚ ਹੋ ਜਾਵਾਂਗੇ।

---

*ਐਡਵਿਨ ਅਰਨੋਲਡਨੇ ਅਪਣੀ ਕਿਤਾਬ—"ਦੀ ਮਾਰਕਿਸ ਆਫ ਡਲਹੌਜ਼ੀਜ਼ ਐਡਮਿਨਿਸਟ੍ਰੇਸ਼ਨ ਆਫ ਬ੍ਰਿਟਿਸ਼ ਇੰਡੀਆ" ਦੇ ਦੂਜੇ ਭਾਗ ਦੇ ਸਫੇ ੧੧੫ ਉਤੇ ਲਿਖਿਆ ਹੈ ਕਿ ਮਹਾਰਾਣੀ ਜਿੰਦਾਂ ਨੂੰ ਜੋ ਦੇਸ ਨਿਕਾਲਾ ਮਿਲਿਆ ਹੈ ਇਸ ਨੇ ਸਿਖਾਂ ਨੂੰ ਬਹੁਤ ਦੁਖੀ ਕੀਤਾ ਹੈ। ਮਹਾਰਾਣੀ ਨੂੰ ਆਪਣੇ ਬਾਲਕ ਪੁਤ੍ਰ ਤੇ ਪ੍ਰਜਾ ਪਾਸੋਂ ਦੂਰ ਕਰਨ ਪਰ ਸਿਖਾਂ ਨੇ ਜੋ ਦੁਖ ਪ੍ਰਗਟ ਕੀਤਾ ਹੈ ਓਸ ਨਾਲੋਂ ਵਧ ਉਨਾਂ ਦੇ ਦਿਲ ਵਿਚ ਹੈ। ਇਸੇ ਤਰਾਂ ਐਡਵਾਰਡਿਸ ਨੇ ਅਪਣੀ ਕਿਤਾਬ "ਏ ਯੀਅਰ ਆਨ ਦੀ ਪੰਜਾਬ ਫ੍ਰੰਟੀਅਰ" ਵਿਚ ਲਿਖਿਆ ਹੈ ਕਿ ਸਿਖ ਰਾਜ ਵਿਚ ਓਹ (ਰਾਣੀ) ਮਹਾਮਾਨਤ ਸੀ। ਆਮ ਪ੍ਰਜਾ ਦੇ ਦਿਲ ਵਿਚ ਓਸਦੀ ਬਾਬ ਮੌਜੂਦ ਸੀ। ਓਸਦੇ ਦੇਸ ਨਿਕਾਲੇ ਤੋਂ ਸਿਖ ਫੌਜ ਬਹੁਤ ਅਧੀਰ ਹੋਈ ਹੈ।

ਸੰਨ ੧੮੪੮ ਦੀ ੨੪ ਨਵੰਬਰ ਨੂੰ ਸ਼ੇਰ ਸਿੰਘ ਤੇ ਹੋਰਨਾਂ ਸਰਦਾਰਾਂ ਨੇ ਇਹ ਸਾਫ਼ ੨ ਕਿਹ ਕਿ ਮਹਾਰਾਣੀ ਦੇ ਦੇਸ ਨਿਕਾਲੇ ਦੇ ਪਿਛੋਂ ਰਾਜਸੀ ਕੰਮਾਂ ਵਿਚ ਕੋਈ ਸੁਖਾਲ ਨਹੀ ਹੋਯਾ। ਮਹਾਰਾਣੀ ਨਾਲ ਜੋ ਸਲੂਕ ਕੀਤਾ ਗਿਆ ਹੈ ਉਸਤੋਂ ਅੰਗ੍ਰੇਜ਼ਾਂ ਦੀ ਅਨੋਖੀ ਦੋਸਤੀ ਦਾ ਅਨੋਖਾ ਸਬੂਤ ਮਿਲਦਾ ਹੈ। ਸਾਰ ਪੰਜਾਬੀ ਭਾਵੇਂ ਓਹ ਉਚੀ ਜਾਤ ਦੇ ਹੋਣ ਤੇ ਭਾਵੇਂ ਨੀਵੀਂ ਜਾਤ ਦੇ ਮਹਾਰਾਣੀ ਦੇ ਦੇਸ ਨਿਕਾਲੇ ਤੋਂ ਬਹੁਤ ਨਰਾਜ਼ ਹਨ ਤੇ ਓਹ ਡਰ ਗਏ ਹਨ।

ਕਾਬੁਲ ਦੇ ਅਮੀਰ ਦੋਸਤ ਮੁਹੰਮਦ ਖਾਂ ਨੇ ਕਪਤਾਨ ਐਬਟ ਨੂੰ ਲਿਖਿਆ ਸੀ ਕਿ ਪੰਜਾਬ ਦੇ ਬਲਵੇ ਦਾ ਅਸਲ ਕਾਰਣ ਮਹਾਰਾਣੀ ਦਾ ਦੇਸ ਨਿਕਾਲਾ ਹੈ। ਸਿਖਾਂ ਦਾ ਨਰਾਜ਼ ਹੋਣਾ ਸੁਭਾਵਿਕ ਹੀ ਹੈ। ਇਸਦੇ ਸਿਵਾ ਕਈਆਂ ਨੂੰ ਜਬਰਨ ਨੌਕਰੀ ਤੋਂ ਹਟਾਯਾ ਜਾਣਾ ਤੇ ਦੇਸ ਨਿਕਾਲਾ ਦੇਣਾ ਵੀ ਹੈ। ਖਾਸ ਕਰ ਮਹਾਰਾਜਾ ਦਲੀਪ ਸਿੰਘ ਦੀ ਮਾਤਾਨੂੰ ਕੈਦਕਰਕੇ ਸਿਖਾਂ ਦਾ ਭਾਰੀ ਨਿਰਾਦਰ ਕੀਤਾ ਗਿਆ ਹੈ। ਇਸਤਰਾਂ ਦੇ ਕੰਮਾਂ ਨੂੰ ਹਰੇਕ ਕੌਮ ਦੇ ਲੋਕ ਬੇਇਨਸਾਫ਼ੀ ਤੇ ਗੈਰ ਕਾਨੂੰਨੀ ਦਸਦੇ ਹਨ। ਉਚੇ ਨੀਵੇਂ ਸਭ ਤਰਾਂ ਦੇ ਲੋਕ ਇਸ ਕੰਮਨਾਲੋਂ ਮਰਜਾਣਾ ਚੰਗਾ ਸਮਝਦੇ ਹਨ।

ਏਡ ਵਾਰਡਿਸ ਨੇ ਲਿਖਿਆ ਹੈ—ਇਸ ਵੇਲੇ ਮਹਾਰਾਣੀ ਦੀ ਮਾਨਤਾ ਬਿਲਕੁਲ ਘਟ ਗਈ ਸੀ। ਉਸਦੀ ਦਸ਼ਾ ਬਦਲਣ ਦੇ ਨਾਲ ਹੀ ਨਾਲ ਉਸਦਾ ਪ੍ਰਭਾਵ ਭੀ ਘਟ ਗਿਆ ਸੀ। ਉਸਦੇ ਕਹਿਣ ਨਾਲ ਪੰਜਾਬ ਵਿਚ ਕੋਈ ਆਦਮੀ ਤਲਵਾਰ ਚੁਕਦਾ ਅਜੇਹਾ ਮਲੂਮ ਨਹੀਂ ਹੁੰਦਾ ਸੀ।

ਇਸਤਰਾਂ ਨਾਲ ਕਈ ਹੋਰ ਵੀ ਉਦਾਰ ਆਤਮਾ

ਅੰਗ੍ਰੇਜ਼ਾਂ ਨੇ ਮਹਾਰਾਣੀ ਦੇ ਦੇਸ ਨਿਕਾਲੇ ਦੀ ਭਾਰੀ ਨਿੰਦਿਆ ਕੀਤੀ ਹੈ। ਇਥੋਂ ਤਕ ਕਿ ਗੋਰਿਆਂ ਦਾ ਪਖੀ ਅਖਬਾਰ "ਇੰਗਲਿਸ਼ਮੈਨ ਜੋ ਹਮੇਸ਼ਾ ਹੀ ਹਿੰਦੁਸਤਾਨੀਆਂ ਦੇ ਵਿਰੁਧ ਬਕਵਾਸ ਕਰਦਾ ਰਹਿੰਦਾ ਹੈ ਉਸਨੇ ਵੀ ਮਹਾਰਾਣੀ ਦੀ ਸਜ਼ਾ ਨੂੰ ਅਪਣੇ ੨ ਜਨਵਰੀ ੧੮੪੯ ਦੇ ਅਖਬਾਰ ਵਿਚ ਬੜੇ ਚੁਭਵੇਂ ਲਫਜ਼ਾਂ ਵਿਚ ਅੰਗ੍ਰੇਜ਼ਾਂ ਦਾ ਇਹ ਕੰਮ ਉਨ੍ਹਾਂ ਦਾ "ਕੌਮੀ ਕਲੰਕ" ਆਖਕੇ ਦਸਿਆ ਹੈ। ਪਰ ਲਾਟ ਡਲਹੌਜ਼ੀ ਨੇ ਇਸ ਚੀਕ ਪੁਕਾਰ ਵਲ ਜ਼ਰਾ ਧਿਆਨ ਨਾ ਦਿਤਾ। ਉਸਨੇ ਇਕ ਐਲਾਨ ਕਰਕੇ ਸਗੋਂ ਇਹ ਆਖਿਆ ਕਿ ਮਹਾਰਾਣੀ ਜਿੰਦਾਂ ਨੂੰ ਕੈਦ ਤੇ ਦੇਸ ਨਿਕਾਲਾ ਦੇਣਾ ਕੇਵਲ ਖਬਰਦਾਰੀ ਹੀ ਨਹੀਂ ਸਗੋਂ ਸਜ਼ਾ ਦਾ ਇਕ ਦ੍ਰਿਸ਼ਟਾਂਤ ਹੈ।

ਇਸਤੇ ਬੈਲ ਸਾਹਿਬ ਨੇ ਅਪਣੀ ਪੋਥੀ "ਰੀਟ੍ਰਾਸਪੈਕਟਸ ਐਂਡ ਪ੍ਰਾਸਪੈਕਟਸ ਆਫ ਇੰਡੀਅਨ ਪਾਲਿਸੀ" ਵਿਚ ਲਿਖਿਆ ਹੈ "ਇਸਤਰਾਂ ਦੀ ਸਜ਼ਾ ਜਿਸਤਰਾਂ ਕਿ ਜ਼ੁਲਮ ਤੋਂ ਖਾਲੀ ਨਹੀਂ ਓਸੇ ਤਰਾਂ ਇਹ ਬੇਇਨਸਾਫੀ ਤੋਂ ਬਾਹਰ ਵੀ ਨਹੀਂ। ਜੇਹੜੇ ਲੋਕ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਹਾਮੀ ਹਨ ਓਨਾਂ ਦੀ ਨਜ਼ਰ ਵਿਚ ਮਹਾਰਾਣੀ ਦਾ ਦੇਸ ਨਿਕਾਲਾ ਕੌਮੀ ਨਿਰਾਦਰੀ ਦੇ ਨਾਲ ਹੀ ਨਾਲ ਰਣਜੀਤ ਸਿੰਘ ਦੇ ਪੁਤ੍ਰ (ਦਲੀਪ ਸਿੰਘ) ਦਾ ਰਾਜ ਖੋਹ ਲੈਣ ਦੇ ਪ੍ਰਥਮ ਲੱਛਣ ਹਨ।"

ਹੁਣ ਸਾਨੂੰ ਇਸਦੇ ਉਤੇ ਅਪਣੀ ਵਲੋਂ ਬਹੁਤ ਕਹਿਣ ਦੀ ਲੋੜ ਨਹੀਂ। ਪਾਠਕਾਂ ਨੇ ਉਪਰ ਉਦਾਰ ਚਿਤ ਅੰਗ੍ਰੇਜ਼ਾਂ ਦੀਆਂ ਰਾਵਾਂ ਪੜ੍ਹਕੇ ਇਹ ਚੰਗ ਤਰਾਂ ਸਮਝ ਲਿਆ ਹੋਵੇਗਾ ਕਿ ਓਸ ਵੇਲੇ ਪੰਜਾਬ ਵਿਚ ਅੰਦਰ ਹੀ ਅੰਦਰ ਕਿਸਤਰਾਂ

ਦੀ ਅਗ ਧੁਖ ਰਹੀ ਸੀ। ਉਪਰਲੇ ਉਦਾਰ ਚਿਤ ਅੰਗ੍ਰੇਜ਼ਾਂ ਦੀਆਂ ਰਾਵਾਂ ਉਤੇ ਜੇਕਰ ਉਸ ਵੇਲੇ ਦੀ ਅੰਗ੍ਰੇਜ਼ੀ ਸਰਕਾਰ ਧਿਆਨ ਦੇਂਦੀ ਤਾਂ ਪੰਜਾਬ ਵਿਚ ਕਦੇ ਵੀ ਅਸ਼ਾਂਤੀ ਦੀ ਅਗ ਪੈਦਾ ਨਾ ਹੁੰਦੀ ਉਨਾਂ ਨੇ ਪੰਜਾਬੀਆ ਦੇ ਦਿਲਾਂ ਨੂੰ ਪਛਾਣ ਕੇ ਹੀ ਆਪਣੀਆ ਰਾਵਾਂ ਪ੍ਰਗਟ ਕੀਤੀਆਂ ਸਨ।

ਉਕਤ ਅਸ਼ਾਂਤੀ ਦੀ ਅਗ ਵਿਚ ਹਜਾਰੇ ਦੇ ਦਲਵੇ ਨੇ ਅਗ ਵਿਚ ਘਿਓ ਪਾਣ ਵਰਗਾ ਕੰਮ ਕੀਤਾ। ਸਰਦਾਰ ਚਤਰ ਸਿੰਘ ਹਜਾਰੇ ਦਾ ਜਾਗੀਰਦਾਰ ਸੀ। ਸਿਖ ਕੌਮ ਵਿਚ ਉਸਦੀ ਭਾਰੀ ਇਜ਼ਤ ਸੀ। ਓਹ ਆਪ ਬਿਰਧ ਸੀ ਤੇ ਉਸਦਾ ਵਡਾ ਪੁਤ੍ਰ ਸ਼ੇਰ ਸਿੰਘ ਖਾਲਸਾ ਸੈਨਾ ਦਾ ਸੈਨਾਪਤੀ ਸੀ। ਸਰਦਾਰ ਚਤਰ ਸਿੰਘ ਦੀ ਲੜਕੀ ਨਾਲ ਹੀ ਬਾਲਕ ਮਹਾਰਾਜੇ ਦਲੀਪ ਸਿੰਘ ਦੀ ਸਗਾਈ ਹੋਈ। ਮੁਲਤਾਨੀ ਦਲਵੇ ਦੇ ਵੇਲੇ ਰਾਜਾ ਸ਼ੇਰ ਸਿੰਘ ਅੰਗ੍ਰੇਜ਼ੀ ਫੌਜ ਦੇ ਨਾਲ ਮੁਲਤਾਨ ਗਏ ਸਨ। ਪਰ ਮੇਜਰ ਐਡਵਾਰਡਿਸ ਦੀ ਸਹੈਤਾ ਕਰ ਰਹੇ ਸਨ। ਸਰਦਾਰ ਚਤਰ ਸਿੰਘ ਨੇ ਆਪਣੇ ਪੁਤ੍ਰ ਰਾਜਾ ਸ਼ੇਰ ਸਿੰਘ ਦੀ ਰਾਹੀ ਰੈਜ਼ੀਡੈਂਟ ਦੇ ਪਾਸ ਸ਼ਾਦੀ ਦਾ ਦਿਨ ਮੁਕੱਰਰ ਕਰਨ ਲਈ ਇਕ ਅਰਜ਼ੀ ਭੇਜੀ ਤੇ ਮੇਜਰ ਐਡਵਾਰਡਿਸ ਨੇ ਭੀ ਸਰਦਾਰ ਚਤਰ ਸਿੰਘ ਦੀ ਅਰਜ਼ੀ ਦੀ ਪੁਸ਼ਟੀ ਵਿਚ ਰੈਜ਼ੀਡੈਂਟ ਨੂੰ ਲਿਖਿਆ—ਕਲ ਰਾਜਾ ਸ਼ੇਰ ਸਿੰਘ ਨਾਲ ਮੇਰੀ ਗੁਪਤ ਗੱਲਬਾਤ ਹੋਈ ਸੀ। ਉਸਦੀ ਭੈਣ ਦਾ ਵਿਵਾਹ ਮਹਾਰਾਜਾ ਦਲੀਪ ਸਿੰਘ ਨਾਲ ਹੋਵੇ ਉਸਦੇ ਪਿਤਾ ਦੀ ਇਹੋ ਇਛਾ ਹੈ। ਸਰਦਾਰ ਚਤਰ ਸਿੰਘ ਆਪਣੇ ਬਾਕੀ ਜੀਵਨ ਵਿਚ ਧਰਮ ਦੇ ਕੰਮ ਕਰਨ ਦੀ ਇਛਾ ਰਖਦੇ ਹਨ। ਇਹ ਗੱਲ ਆਪ ਨੂੰ ਜਤਲਾਣ ਲਈ ਰਾਜਾ

ਸ਼ੇਰ ਸਿੰਘ ਨੇ ਮੈਨੂੰ ਬਹੁਤ ਜ਼ੋਰ ਦਿਤਾ ਹੈ। ਇਸ ਵੇਲੇ ਸਰਦਾਰ ਚਤਰ ਸਿੰਘ ਜੀ ਦੋ ਕੰਮ ਕਰਨਾ ਚਾਹੁੰਦੇ ਹਨ। ਇਕ ਤੀਰਥਯਾਤ੍ਰਾ ਤੇ ਦੂਜਾ ਅਪਣੀ ਲੜਕੀ ਦਾ ਵਿਆਹ ਦਲੀਪਸਿੰਘ ਦੇ ਨਾਲ। ਪਰ ਉਸ ਦੀਆਂ ਇਨਾਂ ਦੋਹਾਂਇਛਾਂ ਦਾ ਪੂਰਾ ਹੋਣ ਯਾ ਨਾ ਹੋਣਾ ਅੰਗ੍ਰੇਜ਼ ਸਰਕਾਰ ਉਤੇ ਹੈ। ਜੇਕਰ ਆਪਦੀ ਮਰਜ਼ੀ ਅਗਲੇ ਸਾਲ ਦਲੀਪ ਸਿੰਘ ਦੀ ਸ਼ਾਦੀ ਕਰਨ ਦੀ ਨਾ ਹੋਵੇ ਤਾਂ ਸਰਦਾਰ ਚਤਰ ਸਿੰਘ ਜੀ ਇਹ ਆਗਜ਼ਾ ਮੰਗਦੇ ਹਨ ਕਿ ਓਹ ਹਜ਼ਾਰੇਦੀ ਹਕੂਮਤਨੂੰ ਦੋ ਵਰ੍ਹੇ ਲਈ ਛਡਕੇ ਤੀਰਥਯਾਤ੍ਰਾ ਕਰ ਆਉਣ। ਜੇਕਰ ਇਸੇ ਸਾਲ ਹੀ ਦਲੀਪ ਸਿੰਘ ਦੀ ਸ਼ਾਦੀ ਕਰਨੀ ਹੋਵੇ ਤਾਂ ਓਹ ਬੇਨਤੀ ਕਰਦੇ ਹਨ ਕਿਦਰਬਾਰ ਕੋਈ ਚੰਗਾ ਜੋਤਸ਼ੀ ਨਿਯਤ ਕਰੇ ਜੋ ਚੰਗਾ ਮਹੀਨਾ ਤੇ ਦਿਨ ਵਾਰ ਇਸ ਕੰਮ ਲਈ ਚੁਣ ਰਖੇ। ਰਾਜਾ ਸ਼ੇਰ ਸਿੰਘ ਦਾ ਪਿਤਾ ਅਪਣੀ ਲੜਕੀ ਦੀਸ਼ਾਦੀ ਵਿਚ ਜਿਸਤਰਾਂ ਦਾ ਦਾਜ ਦੇਣਾ ਚਾਹੁੰਦੇ ਹਨ ਉਸਦੇ ਤਿਆਰ ਕਰਨ ਵਿਚ ਹੀ ਘਟ ਤੋਂ ਘਟ ਇਕ ਵਰ੍ਹਾ ਲਗੇਗਾ। ਸੋ ਉਨਾਂ ਦੀ ਇਹੋ ਬੇਨਤੀ ਹੈ ਕਿ ਦਸਾਂ ਦਿਨਾਂ ਦੇ ਅੰਦਰਹੀ ਮੈਨੂੰ ਇਸ ਗਲ ਦਾ ਜਵਾਬ ਮਿਲ ਜਾਵੇ। ਇਸ ਵੇਲੇ ਗਦਰ ਤੇ ਫੌਜੀਆਂ ਦੇ ਖਰਾਬ ਵਰਤਾਓ ਦੇ ਕਾਰਣ ਪੰਜਾਬੀਆਂ ਵਿਚ ਇਹ ਅਫਵਾਹ ਫੈਲੀ ਹੋਈ ਹੈ ਕਿ ਅੰਗ੍ਰੇਜ਼ ਬਾਲਕ ਦਲੀਪ ਸਿੰਘ ਦਾ ਰਾਜ ਖੋਹਣਾ ਚਾਹੁੰਦੇ ਹਨ। ਸੋ ਜੇਕਰ ਸ਼ਾਦੀ ਦਾ ਦਿਨ ਮੁਕਰਰ ਹੋ ਜਾਵੇ ਤਾਂ ਲੋਕਾਂ ਦੀ ਉਕਤ ਅਫਵਾਹ ਝੂਠੀ ਪੈ ਜਾਵੇਗੀ।

ਰੈਜ਼ੀਡੰਟ ਨੇ ਸਰਦਾਰ ਚਤਰ ਸਿੰਘ ਦੀ ਇਸ ਸਿਧ ਸਾਦੀ ਬੇਨਤੀ ਦਾ ਇਹ ਜਵਾਬ ਦਿਤਾ:—ਸ਼ਾਦੀ ਦਾ ਸਾਰਾ

ਪ੍ਰਬੰਧ ਕੀਤਾ ਜਾਵੇਗਾ। ਖਾਸ ਕਰ ਸ਼ਾਦੀ ਦਾ ਦਿਨ ਲੜਕੀ ਵਾਲਿਆਂ ਵਲੋਂ ਨੀਯਤ ਹੁੰਦਾ ਹੈ। ਪਰ ਮਹਾਰਾਜੇ ਦਾ ਸ਼ਾਦੀ ਵਰਗਾ ਕੋਈ ਕੰਮ ਵੀ ਰੇਜ਼ੀਡੈਂਟ ਦੀ ਸਲਾਹ ਤੇ ਮਨਜ਼ੂਰੀ ਦੇ ਬਿਨਾ ਨਹੀਂ ਹੋ ਸਕਦਾ। ਸ਼ਾਦੀ ਦਾ ਦਿਨ ਨਿਯਤ ਕਰਨ ਲਈ ਰੇਜ਼ੀਡੈਂਟ ਸਾਹਿਬ ਦਰਬਾਰ ਦੇ ਮੈਂਬਰਾਂ ਨਾਲ ਸਲਾਹ ਕਰਨਗੇ। ਫੇਰ ਲੜਕੀ ਤੇ ਲੜਕੇ ਤੇ ਆਦਰ ਭਾਉ ਨੂੰ ਅਗੇ ਰਖਕੇ ਹੀ ਇਹ ਕੰਮ ਕੀਤਾ ਜਾਵੇਗਾ। ਇਸ ਕੰਮ ਨੂੰ ਅੰਗ੍ਰੇਜ਼ ਸਰਕਾਰ ਖੁਦ ਕਰੇਗੀ। ਇਸਦੀ ਬਾਬਤ ਸ਼ੇਰਸਿੰਘ ਨੂੰ ਫਿਕਰ ਨਹੀਂ ਕਰਨਾ ਚਾਹੀਦਾ।

ਇਸਤਰਾਂ ਰੇਜ਼ੀਡੈਂਟ ਨੇ ਦੁਖੇ ਚਤਰ ਸਿੰਘ ਦੀ ਸਿਧੀ ਸਾਦੀ ਬੇਨਤੀ ਦਾ ਇਸਤਰਾਂ ਕਪਟ-ਭਰਿਆ ਜਵਾਬ ਦਿਤਾ। ਇਸ ਜਵਾਬ ਤੋਂ ਚਤਰ ਸਿੰਘ ਤੇ ਸ਼ੇਰ ਸਿੰਘ ਦੋਵੇਂ ਹੀ ਖੁਸ਼ ਨਾ ਹੋਏ। ਇਸ ਜਵਾਬ ਤੋਂ ਪੰਜਾਬੀਆਂ ਦੇ ਦਿਲ ਦਾ ਸ਼ਕ ਹੋਰ ਵੀ ਵਧ ਗਿਆ। ਚਤਰ ਸਿੰਘ ਦਾ ਛੋਟਾ ਪੁਤ੍ਰ ਤੇ ਰਾਜਾ ਸ਼ੇਰ ਸਿੰਘ ਦਾ ਭਰਾ ਗੁਲਾਬ ਸਿੰਘ ਲਾਹੌਰ ਦਰਬਾਰ ਵਿਚ ਹੀ ਰੈਂਹਦਾ ਸੀ। ਰੇਜ਼ੀਡੈਂਟ ਨਾਲ ਰੋਜ਼ ਉਸਦੀ ਮੇਲ ਮੁਲਾਕਾਤ ਬਿਨਾ ਰੋਕ ਟੋਕ ਦੇ ਹੁੰਦੀ ਸੀ। ਇਸ ਸ਼ਾਦੀ ਦੇ ਬਾਰੇ ਵਿਚ ਗੁਲਾਬ ਸਿੰਘ ਤੇ ਰੇਜ਼ੀਡੈਂਟ ਦੀਆਂ ਜੋ ਗਲਾਂ ਹੋਈਆਂ ਓਹ ਸਾਰੀਆਂ ਉਸਨੇ ਅਪਣੇ ਪਿਤਾ ਤੇ ਭਰਾ ਨੂੰ ਲਿਖ ਭੇਜੀਆਂ। ਉਨਾਂ ਤੋਂ ਇਸ ਵਿਆਹ ਦਾ ਸ਼ਕ ਹੋਰ ਵੀ ਵਧ ਗਿਆ। ਇਸਤਰਾਂ ਚਤਰਸਿੰਘ ਅਪਣੀ ਲੜਕੀ ਦੀ ਸ਼ਾਦੀ ਵਲੋਂ ਨਿਰਾਸ ਹੋ ਹੀ ਗਿਆ ਸੀ ਕਿ ਉਸਦੇ ਨਾਲ ਹੋਰ ਵੀ ਅੰਗ੍ਰੇਜ਼ਾਂ ਨੇ ਸਖਤੀ ਕੀਤੀ। ਜਿਸਤੋਂ ਦੁਖੇ ਚਤਰ ਸਿੰਘ ਦੀਆਂ ਸੁਕੀਆਂ ਹੱਡੀਆਂ ਵਿਚ ਵੀ ਤਾਕਤ ਹੋ ਆਈ।

ਸਰਦਾਰ ਛਤਰ ਸਿੰਘ ਜਿਸ ਹਜ਼ਾਰੇ ਜ਼ਿਲੇ ਦਾ ਹਾਕਮ ਸੀ ਓਹ ਕੱਟਰ ਮੁਸਲਮਾਨੀ ਦੇਸ ਹੈ। ਓਨ੍ਹੀਂ ਦਿਨੀ ਹਿੰਦੂ, ਮੁਸਲਮਾਨਾ ਤੇ ਸਿੱਖਾਂ ਦੇ ਝਗੜੇ ਤਾਂ ਬਹੁਤ ਪ ਹੱਯਾ ਕਰਦੇ ਸਨ। ਉਸ ਵੇਲੇ ਇਹ ਦੋਵੇਂ ਕੌਮਾਂ ਇਕ ਦੂਸਰੇ ਨੂੰ ਦੇਖ ਨਹੀਂ ਸੁਖਾਂਦੀਆਂ ਸਨ। ਇਸਦਾ ਕਾਰਣ ਇਹ ਸੀ ਕਿ ਮੁਸਲਮਾਨੀ ਬਾਦਸ਼ਾਹੀ ਵਿਚ ਸਿੱਖਾਂ ਨੇ ਬਹੁਤ ਬੜੇ ਕਸ਼ਟ ਪਾਏ ਸਨ। ਫੇਰ ਪੰਜਾਬ ਵਿਚੋਂ ਮੁਸਲਮਾਨਾਂ ਦੀ ਬਾਦਸ਼ਾਹੀ ਸਿੱਖਾਂ ਦੀ ਰਾਹੀ ਹੀ ਨਸ਼ਟ ਹੋਈ ਸੀ। ਸੋ ਹਜ਼ਾਰੇ ਦੀ ਹਕੂਮਤ ਵਿਚ ਸਰਦਾਰ ਛਤਰ ਸਿੰਘ ਨੂੰ ਸਹੈਤਾ ਤੇ ਸਲਾਹ ਦੇਣ ਲਈ ਰੈਜ਼ੀਡੰਟ ਸਰਫ੍ਰੈਡਰਿਕ ਨੇ ਅਪਣੇ ਅਸਿਸਟੰਟ ਕਪਤਾਨ ਐਬਟ ਨੂੰ ਉਨ੍ਹਾਂ ਦੇ ਪਾਸ ਭੇਜ ਦਿੱਤਾ ਸੀ। ਕਪਤਾਨ ਐਬਟ ਵਿਚ ਇਹ ਵਡਾ ਭਾਰਾ ਨੁਕਸ ਸੀ ਕਿ ਉਸਨੂੰ ਹਰੇਕ ਗੱਲ ਵਿਚ ਸਾਜ਼ਸ਼ ਹੋਣ ਦਾ ਸ਼ਕ ਦਿਸਦਾ ਸੀ ਸੋ ਇਹ ਅਨੋਖੀ ਗੱਲ ਹੈ ਕਿ ਐਸੇ ਆਦਮੀ ਨੂੰ ਐਸਾ ਜਵਾਬ ਦੇਹੀਵਾਲਾ ਕੰਮ ਰੈਜ਼ੀਡੰਟਨੇ ਸੌਂਪਿਆ। ਪਾਠਕ ਅਨੁਮਾਨ ਕਰ ਸਕਦੇ ਹਨ ਕਿ ਐਸੀ ਕਮਜ਼ੋਰੀ ਤਬੀਅਤ ਦਾ ਆਦਮੀ ਸਰਦਾਰ ਛਤਰ ਸਿੰਘ ਦੀ ਭਲਾ ਕੀ ਮਦਦ ਕਰ ਸਕਦਾ ਸੀ। ਲਾਹੌਰ ਦੇ ਪੋਹਲੇ ਰੈਜ਼ੀਡੰਟ ਸਰ ਲਾਰੈਂਸ ਨੇ ਕਪਤਾਨ ਦੇ ਚਾਲ ਚਲਨ ਬਾਬਤ ਲਿਖਿਆ ਸੀ ਕਿ ਉਸਨੂੰ ਹਰੇਕ ਗੱਲ ਵਿਚ ਵੈਰਭਾਵ ਦਿਸਦਾ ਰੈਂਹਦਾ ਹੈ। ਮੈਨੂੰ ਐਸਾ ਮਾਲੂਮ ਹੁੰਦਾ ਹੈ ਕਿ ਉਸਨੇ ਜ਼ਿਲਾ ਸੌਦੇ ਸਮਝੋ ਦੇ ਦੀਵਾਨ ਸੁਵਾਲਾਸ਼ਾਹ ਨਾਲ ਪੱਕਾ ਕੀਤਾ ਹੈ। ਸੁਵਾਲਾਸ਼ਾਹ ਇਕ ਇੱਜ਼ਤਵਾਲਾ ਆਦਮੀ ਹੈ। ਪਰਸਰਹੇਨਰੀ ਲਾਰੈਂਸਦੇ ਇਸ ਉਕਤ ਨਾਲ ਹੀ ਸ਼ਕੀ ਐਬਟ ਦੀ ਤਬੀਅਤ ਵਿਚ ਕੁਝ ਫਰਕ ਨਾ ਪਿਆ

ਉਸਨੇ ਸ਼ੇਰ ਸਿੰਘ ਵਾਲੇ ਰਸਾਲੇ ਦੇ ਕੁਝ ਮਨੁਖਾਂ ਨੂੰ ਬਾਗੀ ਕਰਾਰ ਦਿਤਾ। ਇਸ ਪਰ ਨਵੇਂ ਰੈਜੀਡੰਟ ਸਰ ਫ੍ਰੈਡਰਿਕ ਕੈਰੀ ਨੇ ਲਾਟ ਡਲਹੌਜ਼ੀ ਨੂੰ ਲਿਖਿਆ ਸੀ—"ਸਰਦਾਰ ਸ਼ੇਰ ਸਿੰਘ ਵਾਲੇ ਰਸਾਲੇ ਦੇ ਕੁਝ ਮਨੁਖ ਬਾਗੀ ਹੋ ਗਏਹਨ ਭਾਵੇਂ ਸਰਦਾਰ ਸ਼ੇਰ ਸਿੰਘ ਆਪ ਬਿਲਕੁਲ ਬੇਕਸੂਰ ਹੈ। ਪਰ ਐਬਟ ਆਖਦਾ ਹੈ ਕਿ ਸਰਦਾਰ ਆਪ ਵੀ ਇਸ ਵਿਚ ਸ਼ਾਮਲ ਹੈ। ਉਸਨੂੰ ਇਹ ਨਿਸਚਾ ਹੈ ਕਿ ਸਰਦਾਰ ਸ਼ੇਰ ਸਿੰਘ ਮੂਲਰਾਜ ਦੀ ਸਹੈਤਾ ਲਈ ਬਾਗੀਆਂ ਨੂੰ ਮੁਲਤਾਨ ਭੇਜਣਾ ਚਾਹੁੰਦਾ ਹੈ।

ਰੈਜੀਡੰਟ ਨੇ ਕਪਤਾਨ ਐਬਟ ਨੂੰ ਇਹ ਲਿਖਿਆ—ਸਰਦਾਰ ਸ਼ੇਰਸਿੰਘਦੀ ਬਾਬਤ ਤੁਹਾਡਾ ਨਿਸਚਾ ਬੇਨੀਆਦ ਹੈ। ਕਿਉਂਕਿ ਸਰਦਾਰ ਸ਼ੇਰ ਸਿੰਘ ਸਾਰੇ ਕੰਮ ਸਾਡੇ ਕਹੇ ਮੂਜਬ ਕਰਦਾ ਹੈ।

ਕਪਤਾਨ ਦੀ ਬਾਬਤ ਸਰ ਕੈਰੀ ਨੇ ਲਾਟ ਡਲਹੌਜ਼ੀ ਨੂੰ ਇਹ ਲਿਖਿਆ—ਤੁਸਾਂ ਐਬਟਦੀ ਤਬੀਅਤਨੂੰ ਚੰਗੀਤਰਾਂ ਸਮਝ ਲਿਆ ਹੋਵੇਗਾ। ਕੋਈ ਅਫਵਾਹ ਸੁਣਦੇ ਸਾਰ ਹੀ ਓਹ ਉਸਨੂੰ ਸਚੀ ਸਮਝਣ ਲਗ ਜਾਂਦਾ ਹੈ। ਹੋਰ ਤਾਂ ਕੀ ਉਸਨੂੰ ਅਪਣੇ ਨੌਕਰਾਂ ਉਤੇ ਵੀ ਭਾਰ ਸ਼ਕ ਬਣਿਆ ਰਹਿੰਦਾ ਹੈ। ਉਸਨੂੰ ਅਪਣੀ ਸਮਝ ਉਤੇ ਇੰਨਾ ਅਟਲ ਵਿਸਾਹ ਹੈ ਕਿ ਵਾਰੰਵਾਰ ਉਸਦੀ ਭੁਲ ਦਸਣ ਪਰ ਭੀ ਉਸਨੂੰ ਓਹ ਨਹੀਂ ਦਿਸਦੀ।

ਸਰਦਾਰ ਛਤਰ ਸਿੰਘ ਦੀ ਬਾਬਤ ਰੈਜ਼ੀਡੈਂਟਨੇ ਲਾਟ ਡਲਹੌਜ਼ੀ ਨੂੰ ਇਹ ਲਿਖਿਆ—"ਸਰਦਾਰ ਚਤਰ ਸਿੰਘ ਬੁਢਾ ਤੇ ਕਮਜ਼ੋਰ ਹੈ ਪਰ ਮਹਾਰਾਜੇ ਦਾ ਭਾਵੀ ਸਹੁਰਾ ਹੈ।

ਪੰਜਾਬ ਵਿਚ ਖਾਲਸਾ ਫੌਜ ਦੀ ਪ੍ਰਧਾਨਗੀ ਦੇ ਸਮੇਂ ਉਸ ਨਾਲੋਂ ਵੱਧ ਹੋਰ ਕਿਸੇ ਸਿਖ ਨੂੰ ਨੁਕਸਾਨ ਨਹੀਂ ਪਹੁੰਚਾ। ਪਰ ਹੁਣ ਉਸਦੀ ਤੇ ਉਸਦੇ ਪੁਤ੍ਰਾਂ ਦੀ ਉਨਤੀ ਹੁੰਦੀ ਵੇਖਕੇ ਰਣਜੀਤ ਸਿੰਘ ਦੇ ਪੁਰਾਣੇ ਸਰਦਾਰ ਓਸ ਨਾਲ ਵੈਰ ਰਖਦੇ ਹਨ। ਫੌਜੀ ਲੋਕ ਵੀ ਓਸਤੇ ਖੁਸ਼ ਨਹੀਂ। ਪੰਜਾਬ ਦੇ ਆਮ ਲੋਕਾਂ ਉਤੇ ਵੀ ਉਸਦਾ ਕੋਈ ਦਬਦਬਾ ਨਹੀਂ।" ਸਰ ਹੈਨਰੀ ਲਾਰੰਸ ਨੇ ਵੀ ਚਤਰ ਸਿੰਘ ਦੀ ਬਾਬਤ ਇਉਂ ਲਿਖਿਆ ਸੀ—"ਚਤਰਸਿੰਘ ਸ਼ਾਂਤ ਸੁਭਾਵ ਤੇ ਪੁਰਾਣੇ ਢੰਗ ਦਾ ਆਦਮੀ ਹੈ, ਅਤੇ ਬਹੁਤ ਦਿਨ ਤੋਂ ਬੀਮਾਰ ਰਹਿੰਦਾ ਹੈ।" ਸੋ ਅਜੇਹੇ ਨਿਰਦੋਸ਼ ਬੁਢੇ ਤੇ ਇਜ਼ਤ ਵਾਲੇ ਮਨੁਖ ਦੀ ਬਾਬਤ ਐਬਟ ਨੂੰ ਸ਼ਕ ਪਿਆ।

ਪਖਲੀ ਵਿਚ ਕੁਝ ਸਿਖ ਫੌਜ ਸਰਦਾਰ ਚਤਰ ਸਿੰਘ ਦੀ ਕਮਾਨ ਹੇਠ ਸੀ। ਉਸਦੇ ਕੁਝ ਸਿਪਾਹੀ ਵਿਗੜ ਕੇ ਮੂਲ ਰਾਜ ਦੀ ਬਾਗੀ ਸੈਨਾ ਵਿਚ ਜਾ ਮਿਲਣ ਦੀ ਨਿਯਤ ਵਿਖਾਣ ਲਗੇ। ਭਾਵੇਂ ਚਤਰ ਸਿੰਘ ਦੇ ਹੁਕਮ ਨਾਲ ਇਸ ਫੌਜ ਦੇ ਅਫਸਰ ਬਾਗੀਆਂ ਨੂੰ ਦਬਾਣ ਦਾ ਜਤਨ ਕਰ ਰਹੇ ਸਨ ਪਰ ਕਪਤਾਨ ਐਬਟ ਨੂੰ ਤਾਂ ਇਹੋ ਨਿਸਚਾ ਹੋ ਗਿਆ ਕਿ ਇਸ ਸਾਰੇ ਬਖੇੜੇ ਦੀ ਜੜ੍ਹ ਹੀ ਚਤਰ ਸਿੰਘ ਹੈ। ਉਸ ਗੋਰੇ ਦੇ ਦਿਮਾਗ ਵਿਚ ਇਹੋ ਗਲ ਬੈਠ ਗਈ ਕਿ ਚਤਰ ਸਿੰਘ ਬਾਗੀ ਹੈ ਤੇ ਪੰਜਾਬ ਵਿਚੋਂ ਓਹ ਅੰਗ੍ਰੇਜ਼ਾਂ ਨੂੰ ਕੱਢ ਦੇਣਾ ਚਾਹੁੰਦਾ ਹੈ। ਇਸ ਸ਼ਕ ਦੇ ਅਧੀਨ ਹੋਕੇ ਐਬਟ ਨੇ ਹਜ਼ਾਰੇ ਦੀ ਰਾਜਧਾਨੀ ਹਰੀਪੁਰ ਤੋਂ ਚਲਕੇ ੨੬ ਮੀਲ ਦੂਰ ਸੇਰਵੇ ਵਿਚ ਅਪਣਾ ਡੇਰਾ ਜਾ ਪਾਯਾ। ਓਥੇ ਐਬਟ ਨੇ ਚਤਰ ਸਿੰਘ ਨੂੰ ਤੇ ਓਸਦੀ ਕਿਸੇ ਛਿਨੀ ਚਪਣੀ ਤਕ ਨੂੰ ਐਨੋਂ ਰੋਕ ਦਿਤਾ

ਛਤਰਸਿੰਘ ਨੂੰ ਅਪਣੇ ਸਲਾਹਕਾਰ ਦੀ ਐਸੀ ਅਣੋਖੀ ਵਰਤੋਂ ਵੇਖਕੇ ਵਡਾ ਅਚਰਜ ਹੋਯਾ। ਓਹ ਕਪਤਾਨ ਦੀ ਇਸ ਸ਼ੈਤਾਨੀ ਦਾ ਕੁਝ ਵੀ ਮਤਲਬ ਨਾ ਸਮਝ ਸਕਿਆ। ਸਰਦਾਰ ਛਤਰ ਸਿੰਘ ਨੇ ਅਪਣਾ ਇਕ ਵਕੀਲ ਕਪਤਾਨ ਦੇ ਪਾਸ ਭੇਜਿਆ ਪਰ ਓਸਨੇ ਵਕੀਲ ਨੂੰ ਵੀ ਮੂਰਖਾਂ ਵਾਲਾ ਜਵਾਬ ਦਿਤਾ ਕਿ—"ਮੈਂ ਤੇਰੇ ਮਾਲਕ ਦਾ ਇਤਬਾਰ ਨਹੀਂ ਕਰਦਾ।" ਇਸਤਰਾਂ ਦਾ ਬੇਹੂਦਾ ਜਵਾਬ ਸੁਣਕੇ ਵੀ ਛਤਰ ਸਿੰਘ ਨੇ ਅਪਣੇ ਸ਼ਾਂਤ ਸੁਭਾਵ ਦਾ ਹੀ ਸਬੂਤ ਦਿਤਾ। ਉਸਨੇ ਐਬਟ ਨੂੰ ਆਖ ਭੇਜਿਆ ਕਿ ਜੇਕਰ ਤੁਹਾਨੂੰ ਸੇਰਵਾਂ ਵਿਚ ਰੈਹਣਾ ਮਨਜ਼ੂਰ ਹੋਵੇ ਤਾਂ ਤੁਸੀ ਮੈਨੂੰ ਯਾ ਮੇਰੇ ਪੁਤ੍ਰ ਅਤਰ ਸਿੰਘ ਨੂੰ ਆਪਣੇ ਪਾਸ ਰੈਹਣ ਦਾ ਹੁਕਮ ਦਿਓ ਜਿਸਤੋਂ ਪ੍ਰਬੰਧ ਵਿਚ ਕੋਈ ਕਸਰ ਨਾ ਰਹਿ ਜਾਵੇ। ਐਬਟ ਨੇ ਬੁਢੇ ਸਰਦਾਰ ਦੀ ਇਹ ਬੇਨਤੀ ਵੀ ਨਾਮਨਜ਼ੂਰ ਕੀਤੀ। ਕਪਤਾਨ ਐਬਟ ਛਤਰ ਸਿੰਘ ਨੂੰ ਸਿਰਫ ਬਾਗੀ ਆਖਕੇ ਹੀ ਚੁਪ ਨਾ ਹੋਯਾ ਬਲਕੇ ਓਹ ਹਜ਼ਾਰੇ ਦੇ ਮੁਸਲਮਾਨਾ ਨੂੰ ਭੀ ਰੁਪਯੇ ਦਾ ਲਾਲਚ ਦੇਕੇ ਸਰਦਾਰ ਦੇ ਵਿਰੁਧ ਉਭਾਰਨ ਲਗ ਪਿਆ। ਉਸ ਵੇਲੇ ਸੁਭਾਵਿਕ ਹੀ ਸਿਖਾਂ ਤੇ ਮੁਸਲਮਾਨਾ ਦੀ ਅਜੋੜ ਸੀ। ਐਬਟ ਦੇ ਉਭਾਰਨ ਤੋਂ ਮੁਸਲਮਾਨਾ ਸਮਝਿਆ ਕਿ ਸਾਨੂੰ ਅੰਗ੍ਰੇਜ਼ਾਂ ਵਲੋਂ ਮਦਦ ਮਿਲ ਰਹੀ ਹੈ। ਇਸ ਲਈ ਸਨ ੧੮੪੮ ਦੀ ਛੇਵੀਂ ਅਗਸਤ ਨੂੰ ਦਲਾਂ ਦੇ ਦਲ ਮੁਸਲਮਾਨ ਸਰਦਾਰ ਛਤਰ ਸਿੰਘ ਦੇ ਨਿਵਾਸ ਸਥਾਨ ਹਰੀਪੁਰ ਨੂੰ ਚਲ ਪਏ। ਉਸ ਵੇਲੇ ਸਿਖ ਫੌਜ ਪਖਲੀ ਵਿਚ ਸੀ ਤੇ ਓਹ ਪਹੁੰਚਣ ਵਿਚ ਅਸਮਰਥ ਸੀ ਕਿਉਂਕਿ ਵਿਚਾਲੇ ਕਪਤਾਨ ਐਬਟ ਦੇ ਬੈਠੇ ਹੋਣ ਕਰਕੇ ਸਿਖ ਫੌਜ ਦੀ ਰਾਹ ਰੁਕੀ ਹੋਈ ਸੀ। ਸੋ ਸਰ

ਦਾਰ ਚਤਰ ਸਿੰਘ ਨੇ ਸ਼ਹਿਰ ਦੀ ਰਖਵਾਲੀ ਫੌਜ ਨੂੰ ਤੋਪ ਲੈਕੇ ਲੜਾਈ ਵਿਚ ਜਾਣ ਦਾ ਹੁਕਮ ਦਿਤਾ। ਉਸ ਛੋਟੀ ਜਿਹੀ ਫੌਜ ਦਾ ਰਖਿਅਕ ਕਨੋਰਾ ਨਾਮੇ ਇਕ ਅਮਰੀਕਨ ਸੀ। ਜਦ ਉਸਨੂੰ ਫੌਜ ਦੇ ਹੋਰਨਾਂ ਲੋਕਾਂ ਨਾਲ ਜਾਣ ਵਾਸਤੇ ਕਿਹਾ ਗਿਆ ਤਾਂ ਉਸਨੇ ਕਿਹਾ ਕਿ ਮੈਂ ਕਪਤਾਨ ਐਬਟ ਦੇ ਹੁਕਮ ਬਿਨਾਂ ਨਹੀਂ ਜਾਵਾਂਗਾ। ਸਰਦਾਰ ਚਤਰ ਸਿੰਘ ਨੇ ਉਸਨੂੰ ਫੇਰ ਸਮਝਾਇਆ ਕਿ ਜੇਕਰ ਤੂੰ ਤੋਪਖਾਨਾ ਲੈਕੇ ਨਹੀਂ ਜਾਵੇਂਗਾ ਤਾਂ ਸਾਡੇ ਸਰਬਨਾਸ ਹੋਣ ਵਿਚ ਦੇਰ ਨਹੀਂ। ਵੈਰੀ ਲੋਕ ਹਰੀਪੁਰ ਨੂੰ ਸੁਖੈਨ ਹੀ ਲੈ ਲੈਣਗੇ।

ਕਹਿਣ ਦੀ ਲੋੜ ਨਹੀਂ ਕਿ ਕਪਤਾਨ ਦੇ ਚੇਲੇ ਕਨੋਰੇ ਨੇ ਸਿਰਫ ਸਰਦਾਰ ਦਾ ਹੁਕਮ ਹੀ ਨਾ ਮੰਨਿਆ ਬਲਕੇ ਉਹ ਤੋਪਾਂ ਛੜਕੇ ਵਿਚਲੇ ਖੜਾ ਹੋ ਗਿਆ ਤੇ ਆਖਣ ਲਗਾ "ਜੋ ਕੋਈ ਮੇਰੇ ਪਾਸ ਆਵੇਗਾ ਮੈਂ ਪਹਿਲਾਂ ਉਸਨੂੰ ਹੀ ਗੋਲਿਆਂ ਨਾਲ ਉਡਾਵਾਂਗਾ।" ਸਰਦਾਰ ਚਤਰ ਸਿੰਘ ਨੇ ਪੈਦਲ ਫੌਜ ਦੇ ਟੋਲਿਆਂ ਨੂੰ ਤੋਪਾਂ ਲਿਆਵਣ ਦਾ ਹੁਕਮ ਦਿਤਾ। ਕਨੋਰਾ ਦਾ ਮਿਜਾਜ਼ ਇਹ ਵੇਖਕੇ ਹੋਰ ਵੀ ਵਿਗੜ ਗਿਆ। ਉਸਨੇ ਤੋਪਖਾਨੇ ਦੇ ਇਕ ਸਿਖ ਹੌਲਦਾਰ ਨੂੰ ਸਰਦਾਰ ਦੀ ਭੇਜੀ ਹੋਈ ਦੇਸੀ ਫੌਜ ਉਤੇ ਤੋਪਾਂ ਚਲਾਣ ਦਾ ਹੁਕਮ ਦਿਤਾ। ਪਰ ਜਦ ਉਸਨੇ ਕਨੋਰਾ ਦਾ ਹੁਕਮ ਨਾ ਮੰਨਿਆ ਤਾਂ ਕਨੋਰਾ ਨੇ ਅਗ ਬਗੂਲਾ ਹੋਕੇ ਤਲਵਾਰ ਨਾਲ ਉਸ ਵਿਚਾਰੇ ਦਾ ਸਿਰ ਵਢ ਸੁਟਿਆ ਤੇ ਆਪ ਤੋਪਾਂ ਚਲਾਣ ਲਗ ਪਿਆ। ਪਰ ਜਦ ਤੋਪਾਂ ਦਾ ਨਿਸ਼ਾਨਾ ਖਾਲੀ ਗਿਆ ਤਾਂ ਉਸਨੇ ਸਰਦਾਰ ਚਤਰ ਸਿੰਘ ਦੀ ਫੌਜ ਦੇ ਦੋ ਮਨੁਖ ਪਿਸਤੌਲ ਨਾਲ ਮਾਰ ਦਿਤੇ। ਉਸੇ ਵੇਲੇ ਹੀ ਫੌਜ ਵਿਚੋਂ

ਕਿਸੇ ਸਿਪਾਹੀ ਨੇ ਨਿਕਲਕੇ ਤਲਵਾਰ ਨਾਲ ਕਨੌਰੇ
ਢੇਡਾ ਪਾਰ ਕਰ ਦਿਤਾ ਅਤੇ ਇਸਤਰਾਂ ਓਸ ਅਮਰੀਕ
ਭੂਤ ਦਾ ਉਤ੍ਰਪੁਣਾਂ ਦੂਰ ਹੋਯਾ।

ਵਿਚਾਰਕੇ ਵੇਖਿਆ ਜਾਵੇ ਤਾਂ ਸਾਰੇ ਸੰਸਾਰ ਦੇ
ਖਾਸ ਕਰਕੇ ਉਨ੍ਹਾਂ ਲੋਕਾਂ ਦੇ ਫੌਜੀ ਕਨੂਨਾ ਅਨੁਸਾਰ ਜੋਹ
ਕਿ ਸਭ੍ਯਤਾ ਦੀਆਂ ਡੀਂਗਾਂ ਮਾਰਦੇ ਹਨ ਤੇ ਹਿੰਦੁਸਤਾਨ ਅ
ਨੂੰ 'ਗੰਵਾਰ' ਤੇ 'ਮੂਰਖ' ਆਖਦੇ ਹਨ ਕਨੌਰੇਦਾ ਮਾਰ ਦੇਣ
ਠੀਕ ਸੀ। ਪਰ ਕਪਤਾਨ ਐਬਟ ਨੂੰ ਇਸ ਵਿਚ ਦੀਸਰਦਾ
ਚਤਰਸਿੰਘਦਾ ਹੀ ਦੋਸ਼ ਲਭਾ। ਉਸਨੇ ਰੇਜੀਡੰਟਨੂੰ ਲਿਖਿਆ
ਕਿ ਕਨੌਰੇਦਾ ਖੂਨ ਸਰਦਾਰ ਚਤਰ ਸਿੰਘਨੇ ਕੁੰਵਰ ਪਿਸ਼ੌਰ
ਸਿੰਘ ਦੇ ਵਾਂਗ ਕੀਤਾ ਹੈ। ਇਹ ਆਖਕੇ ਹੀ ਐਬਟ ਚੁਪ ਨਾ
ਬੈਠਾ, ਉਸਨੇ ਲਿਖਿਆ ਕਿ ਕਨੌਰੇ ਨੂੰ ਮਾਰ ਦੇਣ ਦੀ
ਬਾਬਤ ਸਰਦਾਰ ਚਤਰ ਸਿੰਘ ਨੇ ਪਹਿਲਾਂ ਤੋਂ ਹੀ ਗਲ ਮਿਥੀ
ਹੋਈ ਸੀ। ਸਰਦਾਰ ਚਤਰ ਸਿੰਘ ਨੇ ਵੀ ਕਨੌਰਾ ਦੇ ਮਾਰੇ
ਜਾਣ ਦਾ ਸਾਰਾ ਹਾਲ ਰੇਜੀਡੰਟਨੂੰ ਲਿਖ ਭੇਜਿਆ। ਓਸਨੇ
ਸਰਦਾਰ ਤੇ ਐਬਟ ਦੋਹਾਂ ਪਾਸੋਂ ਕੈਫੀਅਤ ਮੰਗੀ ਤੇ ਦੋਹਾਂ
ਦੇ ਹਾਲ ਪੜ੍ਹਕੇ ਐਬਟ ਨੂੰ ਹੀ ਕਸੂਰਵੰਦ ਠਹਿਰਾਯਾ।
ਰੇਜੀਡੰਟ ਨੇ ਐਬਟ ਨੂੰ ਲਿਖਿਆ ਕਿ "ਕਨੌਰਾ ਦੇ ਮਾਰੇ
ਜਾਣ ਦੀ ਬਾਬਤ ਤੈਂ ਤੇ ਸਰਦਾਰ ਚਤਰ ਸਿੰਘ ਨੇ ਜੋ
ਹਾਲ ਮੈਨੂੰ ਲਿਖਿਆ ਹੈ ਓਸਨੂੰ ਪੜ੍ਹਕੇ ਮੈਂ ਇਹ ਨਤੀਜਾ
ਕਢਿਆ ਹੈ ਕਿ ਸਰਦਾਰ ਦੇ ਹੁਕਮ ਨੂੰ ਵਾਰੰਵਾਰ ਨਾ ਮੰਨਣ
ਤੇ ਓਸਦੇ ਭੇਜੇ ਹੋਏ ਸਿਪਾਹੀਆਂ ਉਤੇ ਹੀ ਹਮਲਾ ਕਰਨ
ਦੇ ਕਾਰਣ ਕਨੌਰਾ ਮਾਰਿਆ ਗਿਆ। ਇਸਦੀ ਬਾਬਤ ਜੋ
ਕੁਝ ਤੈਂ ਲਿਖ ਭੇਜਿਆ ਹੈ ਓਸ ਨਾਲ ਮੇਰੀ ਸੰਮਤੀ ਨਹੀਂ।

ਸਰਦਾਰ ਚਤਰ ਸਿੰਘ ਹਜ਼ਾਰੇ ਦੇਸ ਦਾ ਦੀਵਾਨ ਤੇ ਹਾਕਮ ਹੈ। ਇਸ ਲਈ ਸਿਖ ਫੌਜ ਦੇ ਅਫਸਰਾਂ ਨੂੰ ਉਨਾਂ ਦੀ ਇਜ਼ਤ ਕਰਨੀ ਚਾਹੀਦੀ ਹੈ। ਇਸਦੀ ਬਾਬਤ ਮੈਂ ਬਹੁਤ ਨ ਲਿਖਕੇ ਆਪ ਤੋਂ ਇਹ ਪੁਛਦਾ ਹਾਂ ਕਿ ਤੁਸਾਂ ਕਨੌਰੇ ਦੇ ਖੂਨ ਨੂੰ ਮਿਹਰਾ ਸਿੰਘ ਦੇ ਖੂਨ ਦੇ ਸਮਾਨ ਕਿਸਤਰਾਂ ਦਸਿਆ ਹੈ ?"

ਰੈਜ਼ੀਡੰਟ ਦੀ ਉਕਤ ਚਿਠੀ ਵਡੀ ਲੰਮੀ ਹੈ ਜਿਸਦਾ ਪੂਰਾ ਤਰਜਮਾ ਇਥੇ ਨਹੀਂ ਦਿਤਾ ਗਿਆ। ਇਸ ਚਿਠੀ ਵਿਚ ਰੈਜ਼ੀਡੰਟ ਨੇ ਐਬਟ ਦੀ ਹਰੇਕ ਗਲ ਦਾ ਖੰਡਨ ਕਰਕੇ ਸਰਦਾਰ ਚਤਰ ਸਿੰਘ ਦਾ ਪੱਖ ਲਿਆ ਤੇ ਕਿਹਾਹੈਕਿ ਸਰ-ਦਾਰ ਚਤਰ ਸਿੰਘ ਨੇ ਸਾਰੇ ਕੰਮ ਅਪਣੀ ਰਖਸ਼ਾ ਲਈ ਕੀਤੇ ਸਨ। ਉਸਦੀ ਮਨਸ਼ਾ ਅੰਗ੍ਰੇਜ਼ਾਂ ਨੂੰ ਲਾਹੌਰੋਂ ਕੱਢ ਦੇਣ ਦੀ ਨਹੀਂ ਸੀ। ਹਜ਼ਾਰੇ ਦੇ ਮੁਸਲਮਾਨਾਂ ਨੇ ਪੈਹਲੇ ਤਾਂ ਉਨਾਂ ਦਾ ਮਕਾਨ ਘੇਰ ਲਿਆ ਪਰ ਪਿਛੋਂ ਉਨਾ ਨੂੰ ਵੀ ਲਾਚਾਰ ਹੋਕੇ ਮੁੜਨਾ ਪਿਆ। ਇਤਨਾ ਹੋਣ ਪਰ ਵੀ ਐਬਟਦੀ ਅਕਲ ਟਿਕਾਣੇ ਨਾ ਆਈ। ਉਸਨੇ ਸਰਦਾਰ ਚਤਰ ਸਿੰਘ ਨੂੰ ਲਿਖਿਆ—"ਜੇਕਰ ਸਰਦਾਰ ਚਤਰ ਸਿੰਘ ਕਨੌਰੇ ਦੇ ਖੂਨ ਕਰਨ ਵਾਲੇ ਨੂੰ ਮੇਰੇ ਹਥ ਫੜਾ ਦੇਵੇ ਤਾਂ ਉਸਦੀ ਜਾਗੀਰ ਤੇ ਫੌਜ ਬਣੀ ਰਹੇਗੀ ਤੇ ਕਾਨੂਨ ਦੇ ਅਨੁਸਾਰ ਉਨਾਂ ਦੀ ਪੜਤਾਲ ਹੋਵੇਗੀ। ਮੈਂ ਉਸੇ ਵੇਲੇ ਹੀ ਪੈਹਲੇ ਵਾਂਗ ਹਜ਼ਾਰੇ ਵਿਚ ਸ਼ਾਂਤੀ (ਅਮਨ) ਕਰ ਦੇਵਾਂਗਾ।"

ਸੋ ਇਸ ਚਿਠੀ ਤੋਂ ਪਤਾ ਲਗਦਾ ਹੈ ਕਿ ਐਬਟ ਦਾ ਹਥ ਹਜ਼ਾਰੇ ਦੀ ਅਸ਼ਾਂਤੀ ਵਿਚ ਜ਼ਰੂਰ ਸੀ। ਇਸਦੇ ਬਾਦ ਐਬਟ ਨੇ ਇਕ ਹੋਰ ਚਿਠੀ ਸਰਦਾਰ ਚਤਰ ਸਿੰਘ ਨੂੰ ਭੇਜੀ ਜਿਸ ਵਿਚ ਉਸਨੇ ਫੇਰ ਲਿਖਿਆ ਕਿ ਕਨੌਰੇ ਨੂੰ ਮਾਰਨ

ਵਾਲਾ ਮਨੁਖ ਮੈਨੂੰ ਸੌਂਪ ਦੇਵੋ ਮੈਂ ਸਾਰੇ ਹਜ਼ਾਰੇ ਵਿਚ ਅਮਨ ਕਰਾ ਦੇਵਾਂਗਾ। ਪਰ ਸਰਦਾਰ ਚਤਰ ਸਿੰਘ ਐਬਟ ਦਾ ਇਹ ਹੁਕਮ ਨਾ ਮੰਨ ਸਕੇ। ਭਲਾ ਇਹ ਹੋ ਵੀ ਕਿਸਤਰਾਂ ਸਕਦਾ ਸੀ। ਕਿਉਂਕਿ ਕਨੋਰਾ ਆਪ ਬਾਗੀ ਹੋ ਗਿਆ ਸੀ ਤੇ ਉਸਨੇ ਬਾਗੀ ਹੋਕੇ ਹੀ ਇਕ ਸਿਖ ਹੌਲਦਾਰ ਨੂੰ ਮਾਰ ਘਤਿਆ ਸੀ। ਫੇਰ ਕਨੋਰੇ ਨੂੰ ਕਿਉਂ ਨਾ ਸਜ਼ਾ ਮਿਲਦੀ? ਜਿਸ ਮਨੁਖ ਨੇ ਕਨੋਰੇ ਨੂੰ ਮਾਰ ਦਿਤਾ ਸਰਦਾਰ ਚਤਰਸਿੰਘ ਨੇ ਉਸਨੂੰ ਇਨਾਮ ਦਿਤਾ ਇਸ ਲਈ ਓਹ ਫੇਰ ਕਿਸਤਰਾਂ ਓਸਨੂੰ ਫੜਕੇ ਦੇ ਸਕਦੇ ਸਨ। ਜੇਕਰ ਓਹ ਓਸਨੂੰ ਫੜਕੇ ਦੇ ਦੇਂਦ ਤਾਂ ਹੋ ਸਕਦਾ ਹੈ ਕਿ ਓਹ ਆਪਣੀ ਸਿਖ ਦੇ ਕ੍ਰੋਧ ਦਾ ਸ਼ਿਕਾਰ ਹੁੰਦੇ। ਇਹ ਨਿਰਾ ਸਾਡਾ ਹੀ ਖਿਆਲ ਨਹੀਂ ਬਲਕੇ ਬੈਲ ਸਾਹਿਬ ਨੇ ਵੀ ਅਪਣੀ ਕਿਤਾਬ "ਰੇਟਾਸ ਪੈਕਟਸ ਐਂਡ ਪ੍ਰਾਸਪਕਟਸ ਆਫ ਇੰਡੀਅਨ ਪਾਲਿਸੀ" ਦੇ ਸਫੇ ੧੨੪ ਉਤੇ ਲਿਖਿਆ ਹੈ ਕਿ ਜੇਕਰ ਸਰਦਾਰ ਚਤਰ ਸਿੰਘ ਕਨੋਰੇ ਦੇ ਖੂਨੀ ਨੂੰ ਫੜਕੇ ਐਬਟ ਨੂੰ ਦੇ ਦੇਂਦਾ ਤਾਂ ਇਸ ਜੁਲਮ ਤੇ ਬੇਇਨਸਾਫੀ ਦੇ ਕਾਰਣ ਸਰਦਾਰ ਦੀ ਪ੍ਰਜਾ ਹੀ ਉਸਦੇ ਪ੍ਰਾਣਾਂ ਦੀ ਗਾਹਕ ਬਣ ਜਾਂਦੀ। ਫੇਰ ਵੀ ਓਹ ਬੁਢਾ ਸਰਦਾਰ ਖੁਦ ਐਬਟ ਪਾਸੋਂ ਮਾਫੀ ਮੰਗਣ ਲਈ ਤਿਆਰ ਹੋ ਗਿਆ, ਪਰ ਓਸ ਗੋਰੇ ਦਾ ਮਿਜਾਜ ਤਾਂ ਸਤਵੇਂ ਅਸਮਾਨ ਉਤੇ ਚੜ੍ਹਿਆ ਹੋਯਾ ਸੀ। ਓਸਨੇ ਕਨੋਰੇ ਦੇ ਖੂਨੀ ਸਰਦਾਰ ਚਤਰ ਸਿੰਘ ਨੂੰ ਮਿਲਣਾ ਵੀ ਠੀਕ ਨਾ ਸਮਝਿਆ। ਕਪਤਾਨ ਐਬਟ ਇੰਨਾ ਕਰਕੇ ਹੀ ਸ਼ਾਂਤ ਨਾ ਹੋਯਾ। ਉਸਨੇ ਰੈਜ਼ੀਡੰਟ ਨੂੰ ੧੩ ਅਗਸਤ ਵਾਲੀ ਚਿਠੀ ਵਿਚ ਲਿਖਿਆ—ਚਤਰ ਸਿੰਘ ਸਿੰਘ

ਫੌਜ ਨੂੰ ਗਦਰ ਕਰਨ ਲਈ ਉਕਸਾ ਰਿਹਾ ਹੈ। ਉਸਨੇ ਹਮਲਾ ਕਰਨ ਲਈ ਜੰਮੂ ਦੇ ਰਾਜੇ ਨੂੰ ਵੀ ਚਿਠੀਆਂ ਭੇਜੀਆਂ ਹਨ।

ਐਬਟ ਦੇ ਹਥ ਸਰਦਾਰ ਚਤਰ ਸਿੰਘ ਦੀਆਂ ਕੁਝ ਚਿਠੀਆਂ ਆਈਆਂ ਸਨ ਜੇਹੜੀਆਂ ਕਿ ਉਸਨੇ ਜੰਮੂ ਦੇ ਰਾਜੇ ਗੁਲਾਬ ਸਿੰਘ, ਉਸਦੇ ਪੁਤ੍ਰ ਰਣਬੀਰ ਸਿੰਘ ਤੇ ਉਸਦੇ ਭਤੀਜੇ ਜੋਰਾਵਰ ਸਿੰਘ ਨੂੰ ਲਿਖੀਆਂ ਸਨ। ਰੈਜੀਡੈਂਟ ਨੇ ਕਪਤਾਨ ਨਿਕਲਸ ਪਾਸੋਂ ਪੜਤਾਲ ਕਰਾਈ ਤਾਂ ਪਤਾ ਲਗਾ ਕਿ ਲਾਹੌਰ ਉਤੇ ਹਮਲਾ ਕਰਨ, ਯਾ ਸਿਖ ਫੌਜ ਨੂੰ ਉਭਾਰਨ ਦੀ ਕੋਈ ਵੀ ਗਲ ਇਨ੍ਹਾਂ ਵਿਚ ਨਹੀਂ ਸੀ। ਸਿਰਫ ਹਜ਼ਾਰੇ ਵਿਚ ਮੁਸਲਮਾਨਾਂ ਦੇ ਗਦਰ ਨੂੰ ਦਬਾਣ ਲਈ ਚਾਰ ਪਲਟਣਾ ਭੇਜਣ ਬਾਬਤ ਸਰਦਾਰ ਚਤਰ ਸਿੰਘ ਨੇ ਲਿਖਿਆ ਸੀ ਜਿਸ ਕਰਕੇ ਉਸ ਦੀ ਹਜ਼ਾਰੇ ਵਾਲੀ ਜਾਗੀਰ ਬਣੀ ਰਹੇ। ਨਿਕਲਸਨ ਤੇ ਰੈਜ਼ੀਡੈਂਟ ਦੋਹਾਂ ਨੂੰ ਉਨ੍ਹਾਂ ਚਿਠੀਆਂ ਤੋਂ ਗਦਰ ਦੀ ਬੋ ਵੀ ਨਾ ਆਈ। ਕਪਤਾਨ ਨਿਕਲਸਨ ਨੇ ਅਪਣੀਆਂ ਚਿਠੀਆਂ ਵਿਚ ਸਰਦਾਰ ਚਤਰ ਸਿੰਘ ਨੂੰ ਬਿਲਕੁਲ ਬੇਕਸੂਰ ਦਸਿਆ। ਪਰ ਪਿਛੋਂ ਪਤਾ ਨਹੀਂ ਕਿ ਨਿਕਲਸਨ ਦੀ ਅਕਲ ਉਤੇ ਕਿਉਂ ਪੜਦਾ ਪਿਆ। ਕਿਉਂਕਿ ਉਸਨੇ ਵੀ ਕਿਹਾ ਕਿ ਕਨੋਰੇ ਦੇ ਖੂਨੀ ਨੂੰ ਸਰਦਾਰ ਚਤਰ ਸਿੰਘ ਅੰਗ੍ਰੇਜ਼ਾਂ ਨੂੰ ਸੌਂਪ ਦੇਵੇ। ਇਸ ਖਿਆਲ ਤੋਂ ਹੀ ਉਸਨੇ ਸਰਦਾਰ ਚਤਰ ਸਿੰਘ ਨੂੰ ਲਿਖਿਆ—ਜੇਕਰ ਤੁਸੀ ਬਿਨਾ ਦੇਰ ਦੇ ਅਪਣੇ ਆਪ ਨੂੰ ਸੌਂਪ ਦੇਵੋਗੇ ਤੇ ਕਨੋਰੇ ਦੇ ਖੂਨੀਆਂ ਨੂੰ ਮੇਰੇ ਪਾਸ ਲੈ ਆਓਗੇ ਤਾਂ ਮੈਂ ਤੁਹਾਡੀ ਇਜ਼ਤ ਆਬਰੋ ਤੇ ਤੁਹਾਡੇ ਜੀਵਨ

ਦੀ ਰਖਯਾ ਦਾ ਜ਼ਿੰਮਾ ਲੈ ਸਕਦਾ ਹਾਂ ਪਰ ਤੁਸੀਂ ਹੁਣ ਆਪਣੀ ਨਿਜ਼ਾਮਤ ਤੇ ਜਾਗੀਰ ਦੀ ਆਸ ਨਾ ਰਖੋ।

ਕਪਤਾਨ ਨਿਕਲਸਨ ਨੇ ਇਸ ਚਿਠੀ ਵਾਲੀ ਗਲ ਆਪਣੇ ਦਿਲ ਵਿਚ ਰਖੀ ਤੇ ਰੈਜ਼ੀਡੈਂਟ ਨੂੰ ਉਸਨੇ ਲਿਖਿਆ "ਮੈਨੂੰ ਉਮੈਦ ਹੈ ਕਿ ਤੁਸੀਂ ਮੇਰੀ ਇਸ ਗਲ ਨਾਲ ਸੰਮਤੀ ਕਰੋਗੇ ਕਿ ਛਤਰ ਸਿੰਘ ਨੂੰ ਉਸਦੀ ਜਾਗੀਰ ਤੇ ਨਿਜ਼ਾਮਤ ਤੋਂ ਕਢ ਦੇਣਾ ਹੀ ਉਚਿਤ ਸਜ਼ਾ ਹੈ।"

ਰਾਜਨੀਤੀ ਦੀਆਂ ਅੰਦਰੂਨੀ ਚਾਲਾਂ ਜਾਣਨੀਆਂ ਬੜਾ ਔਖਾ ਕੰਮ ਹੈ। ਪਰ ਅਫ਼ਸੋਸ ਤੇ ਅਚਰਜ ਤਾਂ ਇਹ ਹੈ ਕਿ ਜੋ ਰੈਜ਼ੀਡੈਂਟ ਹੁਣ ਤਕ ਛਤਰ ਸਿੰਘ ਨੂੰ ਬੇਕਸੂਰ ਸਮਝਦਾ ਸੀ ਉਸਨੇ ਵੀ ਕਪਤਾਨ ਨਿਕਲਸਨ ਦੀ ਗਲ ਨੂੰ ਸਲਾਹਿਆ। ੨੨ ਅਗਸਤ ਵਾਲੀ ਚਿਠੀ ਵਿਚ ਰੈਜ਼ੀਡੈਂਟ ਨੇ ਮੇਜਰ ਏਬ ਟਰਬਿਸ ਨੂੰ ਸਰਦਾਰ ਛਤਰ ਸਿੰਘ ਦੀ ਬਾਬਤ ਲਿਖਿਆ ਸੀ—ਛਤਰਸਿੰਘ ਬਿਲਕੁਲ ਬੇਕਸੂਰ ਹੈ। ਇਨ੍ਹਾਂ ਸਾਰੇ ਉਤਪਾਤਾਂ ਦੀ ਜੜ੍ਹ ਇਕਤਰਾਂ ਐਬਟ ਹੈ। ਇਸਤੋਂ ਤਿੰਨ ਦਿਨ ਪੈਹਲਾਂ ਰੈਜ਼ੀਡੈਂਟ ਨੇ ਅੰਗਰੇਜ਼ੀ ਫੌਜ ਦ ਕਮਾਂਡਰਨ ਚੀਫ ਨੂੰ ਲਿਖਿਆ ਸੀ। ਮਲੂਮ ਹੁੰਦਾ ਹੈ ਕਿ ਕਪਤਾਨ ਨਿਕਲਸਨ ਨਹੀਂ ਜਾਣਦਾ ਕਿ ਕਨੌਰੇ ਦੇ ਮਾਰੇ ਜਾਣ ਦਾ ਕੀ ਕਾਰਨ ਹੈ। ਕਿਉਂਕਿ ਉਸਨੇ ਕਨੌਰੇ ਦਾ ਮਾਰੇ ਜਾਣਾ ਜ਼ੁਲਮ ਦਸਿਆ ਹੈ ਤੇ ਛਤਰ ਸਿੰਘ ਨੂੰ ਹੀ ਉਸਨੇ ਉਸਦੇ ਮਾਰ ਦੇਣ ਵਾਲਾ ਸਮਝਿਆ ਹੈ। ਇਸਦੇ ਸਿਵਾ ਛਤਰ ਸਿੰਘ ਦਾ ਸਰਬੰਸ ਨਾਸ ਕਰਨ ਤੋਂ ਤਿੰਨ ਦਿਨ ਪੈਹਲਾਂ ਅਰਥਾਤ ੨੪ ਅਗਸਤ ਨੂੰ ਰੈਜ਼ੀਡੈਂਟ ਨੇ ਐਬਟ ਨੂੰ ਝਾੜਦੇ ਹੋਏ ਲਿਖਿਆ ਸੀ—"ਤੁਹਾਡਾ ਇਹ ਕੰਮ

ਇਨਸਾਫ ਦੇ ਅਨੁਕੂਲ ਨਹੀਂ । ਕਲੈਠ ਦੀ ਉਚਿਤ ਮੰਗਾਂ ਨੂੰ ਤੁਸੀਂ ਕਦੇ ਵੀ ਖੂਨ ਨਹੀਂ ਆਖ ਸਕਦੇ ।"

ਇਸਤਰਾਂ ਚਤਰ ਸਿੰਘ ਨੂੰ ਨਿਰਦੋਸ਼ ਜਾਣਦੇ ਹੋਏ ਭੀ ਰੈਜ਼ੀਡੰਟ ਨੇ ਉਸਦੀ ਨਿਜ਼ਾਮਤ ਤੇ ਜਾਗੀਰ ਜ਼ਬਤ ਕਰਨ ਦਾ ਹੁਕਮ ਦੇ ਦਿਤਾ । ਕੌਣ ਨਹੀਂ ਕਹੇਗਾ ਕਿ ਰੈਜ਼ੀਡੰਟ ਦਾ ਇਹ ਹੁਕਮ ਬੇਇਨਸਾਫੀ ਸੀ । ੫ ਸਤੰਬਰ ਵਾਲੇ ਦਿਨ ਰੈਜ਼ੀਡੰਟ ਨੇ ਵਡੇ ਲਾਟ ਨੂੰ ਲਿਖਿਆ—"ਮੈਂ ਚਤਰ ਸਿੰਘ ਦੇ ਆਦਰ ਤੇ ਜੀਵਨ ਦੇ ਰਖਣ ਦੀ ਜ਼ਿਮੇਵਾਰੀ ਲੈਕੇ ਉਸਦੇ ਇਸ ਆਚਰਣ ਦੀ ਪੜਤਾਲ ਕਰਨ ਦਾ ਹੁਕਮ ਦਿਤਾ ਸੀ ॥

ਜਦ ਚਤਰ ਸਿੰਘ ਨੇ ਵੇਖਿਆ ਕਿ ਰੈਜ਼ੀਡੰਟ ਨੇ ਉਸਦੀ ਉਚਿਤ ਹਾਲ ਪੁਕਾਰ ਉਤੇ ਕੋਈ ਧਿਆਨ ਨਹੀਂ ਦਿਤਾ ਤੇ ਉਸਦੀਆਂ ਸਾਰੀਆਂ ਆਸਾਂ ਉਮੈਦਾਂ ਉਤੇ ਪਾਣੀ ਫੇਰ ਦਿਤਾ ਹੈ ਤਦ ਲਾਚਾਰ ਹੋਕੇ ਉਸਨੇ ਵੀ ਅਪਣੀ ਰਿਹਾਈ ਲਈ ਸਾਥਣ ਕ੍ਰਿਪਾਨ ਦਾ ਆਸਰਾ ਲਿਆ । ਜੋ ਚਤੱਰ ਸਿੰਘ ਕੁਝ ਦਿਨ ਪੈਹਲਾਂ ਅਪਣੇ ਜੀਵਨ ਦੇ ਬਾਕੀ ਦਿਨ ਤੀਰਥ ਯਾਤ੍ਰਾ ਕਰਕੇ ਗੁਜ਼ਾਰਿਆ ਚਾਹੁੰਦਾ ਸੀ ਹੁਣ ਉਸੇ ਰਣਭੂਮੀ ਵਿਚ ਗੁਜ਼ਾਰਨ ਦਾ ਇਰਾਦਾ ਕਰ ਲਿਆ । ਕਿਉਂਕਿ ਆਖਿਰ ਓਹ ਇਕ ਆਜ਼ਾਦ ਕੌਮ ਦਾ ਟਿੱਕਾ ਸੀ । ਉਸਨੇ ਬੇਇਜ਼ੱਤ ਹੋਕੇ ਜੀਉਣ ਨਾਲੋਂ ਇੱਜ਼ਤ ਨਾਲ ਲੜਾਈ ਵਿਚ ਮਰਜਾਣਾ ਚੰਗਾ ਸਮਝਿਆ ।

"ਅਮੀ ਪਿਆਵਤ ਮਾਨ ਖਿਨ ਰਹਮਤ ਮੁਹਿ ਨ ਸੁਹਾਇ ।
ਪ੍ਰੇਮ ਸਹਿਤ ਮਰਿਬੋ ਭਲੋ ਜੋ ਵਿਖ ਦੇਤ ਪਿਆਇ ।"

ਸੋ ਸਰਦਾਰ ਚਤਰ ਸਿੰਘ ਨੇ ਉਪਰਲੇ ਦੋਹਰੇ

ਅਨੁਸਾਰ ਕੰਮ ਕੀਤਾ । ਉਥੇ ਚਤਰ ਸਿੰਘ ਦੇ ਇ
ਇਰਾਦੇ ਨੂੰ ਸੁਣ ਦਲਾਂ ਦੇ ਦਲ ਸਿਖ ਲੜਾਈ ਕਰ
ਲਈ ਉਸਦੇ ਪਾਸ ਅਕਠੇ ਹੋਣ ਲਗ ਪਏ । ਬਹੁਤ ਦਿਨ
ਦੇ ਬਾਦ "ਸਤ ਸ੍ਰੀ ਅਕਾਲ" ਦੀ ਸ਼ੇਰ ਗਰਜ ਨਾ
ਹਜ਼ਾਰੇ ਦੀ ਧਰਤੀ ਗੂੰਜ ਪਈ । ਰਾਣੀ ਜਿੰਦਾਂ ਦੇ ਦੇ
ਨਿਕਾਲੇ ਤੇ ਮੁਲਤਾਨ ਦੇ ਗਦਰ ਆਦਿ ਕਾਰਨਾ ਕਰ
ਸਿਖਾਂ ਦੇ ਦਿਲਾਂ ਵਿਚ ਜੇਹੜੀ ਅਗ ਬਹੁਤ ਦਿਨਾਂ ਤੋਂ
ਧੁਖ ਰਹੀ ਸੀ ਉਹ ਜੁਵਾਲਾ ਮੁਖੀ ਪਰਬਤ ਵਾਂਗ ਇਕ
ਵਾਰਗੀ ਫੁਟ ਨਿਕਲੀ । ਉਸ ਵੇਲੇ ਪੰਜਾਬੀਆਂ ਨੇ ਇ
ਨੀਤੀ ਵਚਨ ਅਨੁਸਾਰ "ਖਤ੍ਰੀਆਂ ਨੂੰ ਵੈਰੀ ਦੇ ਸਾਮ੍ਹ
ਹੋ ਕੇ ਗੀਠੇ ਵਾਂਗ ਟੁਟ ਜਾਣਾ ਚਾਹੀਦਾ ਹੈ ਪਰ ਮੁੜਨ
ਨਹੀਂ ਚਾਹੀਦਾ ।" ਸਰਦਾਰ ਚਤਰ ਸਿੰਘ ਤੇ ਉਸਦੇ
ਸਾਥੀਆਂ ਨੇ ਅੰਗ੍ਰੇਜ਼ਾਂ ਦੇ ਵਿਰੁਧ ਲੜਾਈ ਕਰਨ ਦਾ ਐਲਾਨ
ਕਰ ਦਿਤਾ । ਜੋ ਸਰਦਾਰ ਚਤਰ ਸਿੰਘ ਕੁਝ ਦਿਨ ਪੇਹਲ
ਅੰਗ੍ਰੇਜ਼ਾਂ ਦਾ ਵਡਾ ਤਰਫਦਾਰ ਤੇ ਭਗਤ ਸੀ ਉਸਨੇ ਹ
ਬੇਇਨਸਾਫ਼ ਤੋਂ ਦੁਖੀ ਹੋਕੇ ਅੰਗ੍ਰੇਜ਼ਾਂ ਦੇ ਵਿਰੁਧ ਝੰਡਾ ਖ
ਕਰ ਦਿਤਾ ।

ਮੁਲਤਾਨ ਉਤੇ ਚੜ੍ਹਾਈ

ਪੰਜਾਬ ਵਿਚ ਅਸ਼ਾਂਤੀ ਦੀ ਅਗ ਮਚੀ ਹੋਈ ਵੇਖਕੇ ਲਾਟ ਡਲਹੌਜੀ ਨੇ ਉਸਨੂੰ ਛੇਤੀ ਦੂਰ ਕਰਨ ਦੀ ਤਾਂ ਕੋਈ ਕੋਸ਼ਿਸ਼ ਨਾ ਕੀਤੀ ਸਗੋਂ—"ਉਲਟਾ ਚੋਰ ਕੁਤਵਾਲ ਨੂੰ ਡਾਂਟੇ" ਇਸ ਅਖਾਣ ਅਨੁਸਾਰ ਉਸਨੇ ਆਪਣੇ ਇਕ ਵਖਿਆਨ ਵਿਚ ਹਿੰਦੁਸਤਾਨੀਆਂ ਨੂੰ ਇਹ ਝਾੜ ਪਾਈ "ਮੈ ਸ਼ਾਂਤੀ ਚਾਹੁੰਦਾ ਹਾਂ, ਮੈ ਹਮੇਸ਼ਾਂ ਸ਼ਾਂਤੀ ਚਾਹੀ। ਮੈਂ ਹਮੇਸ਼ਾ ਓਸਦੇ ਲਈ ਕੋਸ਼ਿਸ਼ ਕੀਤੀ। ਪਰ ਹਿੰਦੁਸਤਾਨ ਦੇ ਵੈਰੀ ਲੜਾਈ ਚਾਹੁੰਦੇ ਹਨ ਸੋ ਲੜਾਈ ਉਨਾ ਨੂੰ ਮਿਲੇਗੀ। ਮੈਂ ਵਚਨ ਦੇਂਦਾ ਹਾਂ ਕਿ ਓਹ ਲੜਾਈ ਨੂੰ ਸਜਾ ਸਮਝਕੇ ਲੈਣਗੇ।"

ਕੇਹਾ ਚੰਗਾ ਹੁੰਦਾ ਜੇਕਰ ਲਾਟ ਡਲਹੌਜੀ ਇਹ ਝਾੜ ਫਟਕਾਰ ਨਾ ਕਰਕੇ ਮੁਲਤਾਨ ਦੇ ਗਦਰ ਨੂੰ ਦਬਾਣ ਦਾ ਯਤਨ ਕਰਦਾ। ਓਸਦੇ ਛੇਤੀ ਨਾ ਦਬਣੇ ਕਰਕੇ ਯੁਧ ਪ੍ਰੇਮੀ ਪੰਜਾਬੀਆਂ ਨੂੰ, ਖਾਸ ਕਰ ਸਿਖਾਂਨੂੰ ਅਪਣੇ ਨਿਰਾਦਰ ਦਾ ਬਦਲਾ ਲੈਣ ਦਾ ਖਿਆਲ ਹੋ ਪਿਆ। ਮੁਲਤਾਨ ਨਗਰ ਦੇ ਗਦਰ ਦੇ ਸਿਵਾ ਸੂਬੇ ਸਰਦਾਰ ਚਤਰ ਸਿੰਘ ਨੂੰ ਹਥੀਆਰ ਚੁਕਣ ਲਈ ਕਿਸਤਰਾਂ ਲਾਚਾਰ ਕੀਤਾ ਗਿਆ। ਇਸੇ ਗਲ ਨੂੰ ਵੀ ਪਾਠਕ ਸਮਝ ਗਏ ਹਨ। ਸਰਦਾਰ ਚਤਰ ਸਿੰਘ ਦੇ ਨਾਲ ਇਨਸਾਫ ਨਾ ਹੋਣ ਪਰ ਵੀ ਉਨਾਂ ਦਾ ਪੁਤ੍ਰ ਰਾਜਾ ਸ਼ੇਰ ਸਿੰਘ ਫੇਰ ਵੀ ਅੰਗ੍ਰੇਜ਼ਾਂ ਦਾ ਮਿਤ੍ਰ ਬਣਿਆ ਰਿਹਾ ਤੇ ਓਸਨੇ ਮੁਲਤਾਨ ਦੇ ਗਦਰ ਨੂੰ ਦਬਾਣ ਵਿਚ ਮੇਜਰ ਏਡਵਾਰਡਿਸ ਦੀ ਭਾਰੀ ਮਦਦ ਕੀਤੀ। ਪਾਠਕਾਂ ਨੂੰ ਯਾਦ ਹੋਵੇਗਾ ਕਿ ਲਾਹੌਰ ਦਰਬਾਰ ਦੇ

ਸਰਦਾਰਾਂ ਨੇ ਰੈਜ਼ੀਡੈਂਟ ਨੂੰ ਕਿਹਾ ਸੀ ਕਿ ਮੁਲਤਾਨ ਕਿ
ਸਿਖ ਫੌਜ ਬਿਲਕੁਲ ਨਾ ਭੇਜੀ ਜਾਵੇ । ਕਿਉਂਕਿ ਸਿ
ਫੌਜ ਦੇ ਬਾਗੀ ਹੋ ਜਾਣ ਦਾ ਡਰ ਹੈ । ਪਰ ਸਿ
ਸਰਦਾਰਾਂ ਦੀ ਇਸ ਉਚਿਤ ਬਿਨਤੀ ਵਲੋਂ ਰੈਜ਼ੀਡੈਂਟ ਨੇ
ਜ਼ਰਾ ਵੀ ਧਿਆਨ ਨਾ ਦਿਤਾ। ਫੇਰ ਵੀ ਸਰਦਾਰ ਲੋਕ ਦ
ਭੁਗਤਾਂ ਨਾਲ ਅੰਗ੍ਰੇਜ਼ਾਂ ਦੀ ਮਦਦ ਕਰ ਰਹੇ ਸਨ।

ਮਿਸਰ ਸਾਹਿਬ ਦਿਆਲ ਨੇ ਗੁਰੂ ਮਹਾਰਾਜ ਸਿ
ਨੂੰ ਜਾ ਦਬਾਇਆ ਜੋ ਪੰਜਹਜ਼ਾਰ ਸਿਖ ਜਮਾਂ ਕਰਕੇ ਹੁਸ਼ਿਆ
ਪੁਰ ਵਲ ਧਾਵੇ ਕਰ ਰਿਹਾ ਸੀ । ਸਾਹਿਬ ਦਿਆਲ ਦੇ
ਕੋਲ ਉਸ ਵੇਲੇ ਭਾਵੇਂ ਕੁਲ ਇਕਹਜ਼ਾਰ ਸਿਖ ਸਨ ਪ
ਉਸਨੇ ਅਪਣੀ ਬਹਾਦਰੀ ਨਾਲ ਪੰਜ ਹਜ਼ਾਰ ਨੂੰ ਦ
ਲਿਆ । ਹਜ਼ਾਰੇ ਦੇ ਗਦਰ ਨੂੰ ਮਿਟਾਣ ਲਈ ਰੈਜ਼ੀਡੈਂ
ਨੇ ਦੀਵਾਨ ਦੀਨਾਨਾਥ ਨੂੰ ਨਿਯਤ ਕੀਤਾ ।

ਇਸੇ ਤਰਾਂ ਹੋਰ ਸਰਦਾਰ ਵੀ ਯਥਾ ਸ਼ਕਤੀ ਕੋਸ਼ਿ
ਕਰ ਰਹੇ ਸਨ। ਉਸ ਵੇਲੇ ਪੰਜਾਬ ਦੇ ਛੋਟੇ ੨ ਪਹਾ
ਰਾਜਿਆਂ ਵਿਚ ਵੀ ਅਸ਼ਾਂਤੀ ਫੈਲ ਗਈ ਸੀ । ਇਨ੍ਹਾਂ ਨੇ
ਵੀ ਗਦਰ ਦਾ ਝੰਡਾ ਖੜਾ ਕਰ ਦਿਤਾ । ਪਰ ਲਾਹੌ
ਦੇ ਸਾਰੇ ਸਿਖ ਸਰਦਾਰ ਅੰਗ੍ਰੇਜ਼ਾਂ ਵਲ ਸਨ। ਮੇਜਰ ਐਡਵ
ਰਡਿਸਨੇ ੧੮੪੮ ਦੀ ੨੬ ਜੁਲਾਈ ਨੂੰ ਸਿਖ ਸਰਦਾਰਾਂ ਦ
ਅੰਗ੍ਰੇਜ਼ਾਂ ਨਾਲ ਹਮਦਰਦੀ ਬਾਬਤ ਲਿਖਿਆ ਕਿ—ਹੋਰ ਲੋ
ਸਰਦਾਰਾਂ ਨਾਲ ਸਾਡੇ ਪਖਪਾਤੀ ਹਨ। ਭਾਵੇਂ ਰਾਜਾ ਸ਼ੇ
ਸਿੰਘ ਦੀ ਫੌਜ ਦਾ ਬਹੁਤਾ ਹਿਸਾ ਵਿਗੜਿਆ ਹੋਇਆ ਹੈ ਪ
ਸ਼ੇਰ ਸਿੰਘ ਦਾ ਐਸਾ ਖ਼ਿਆਲ ਪ੍ਰਗਟ ਹੈ ਕਿ ਸਾਰੇ ਉਸ
ਹੁਕਮ ਮੰਨਦੇ ਹਨ। ਉਸਦੀ ਫੌਜ ਦੇ ਇਕ-ਦੋ ਮੁਹਰਲਾਂ ਨੇ

ਕੁਝ ਰੰਦਲਲਤਾਂ ਕੀਤੀ ਸੀ ਇਸ ਲਈ ਰਾਜਾ ਸ਼ੇਰ ਸਿੰਘ ਨੇ ਉਨ੍ਹਾਂ ਨੂੰ ਸਖਤ ਸਜ਼ਾ ਦੇਕੇ ਦੂਜਿਆਂ ਦੇ ਦਿਲਾਂ ਵਿਚ ਡਰ ਪਾ ਦਿਤਾ ਹੈ।

ਸਿੰਧੂਸਾਮ(ਮੁਲਤਾਨ) ਦੀ ਵਤੇ ਦੇ ਪੰਜ ਦਿਨ ਪਿਛੋਂ ਰਾਜਾ ਸ਼ੇਰ ਸਿੰਘ ਸਾਢੇਚਾਰਹਜਾਰ ਫੌਜ ਲੈਕੇ ਮੇਜਰ ਐਡ-ਵਾਰਡਿਸ ਦੀ ਸਹੈਤਾ ਕਰਨ ਲਈ ਗਏ। ਸ਼ੇਰ ਸਿੰਘ ਦੇ ਨਾਲ ਸ਼ਮਸ਼ੇਰ ਸਿੰਘ ਤੇ ਅਤਰ ਸਿੰਘ ਆਦਿ ਹੋਰ ਵੀ ਕਈ ਸਰਦਾਰ ਸਨ। ਸ਼ੇਰ ਸਿੰਘ ਦੇ ਪਹੁੰਚਣ ਤਕ ਮੇਜਰ ਐਡਵਰਡਿਸ ਸਹੈਤਾ ਖੁਣੋਂ ਬੇਕਾਰ ਬੈਠਾ ਸੀ। ਮੂਲਰਾਜ ਨੇ ਇਸ ਸਮੇਂ ਵਿਚ ਕਿਲੇ ਨੂੰ ਮਜਬੂਤ ਕਰ ਲਿਆ ਤੇ ਆਦਮੀ ਵੀ ਹੋਰ ਭਰਤੀ ਕਰ ਲਏ। ਇਸ ਪ੍ਰਕਾਰ ਸਭਤਰਾਂ ਨਾਲ ਮਜਬੂਤ ਹੋਣ ਪਰ ਵੀ ਸ਼ੇਰ ਸਿੰਘ ਨੂੰ ਅੰਗ੍ਰੇਜਾਂਦੀ ਮਦਦਪੁਰ ਆਯਾ ਵੇਖਕੇ ਮੂਲਰਾਜ ਡਰ ਗਿਆ। ਉਸਨੇ ਸ਼ੇਰ ਸਿੰਘ ਤੇ ਹੋਰਨਾਂ ਸਰਦਾਰਾਂਨੂੰ ਵੀ ਅਪਣੇ ਨਾਲ ਮਿਲਾਣ ਲਈ ਇਕ ਮਨੁਖ ਭੇਜਿਆ। ਪਰ ਸ਼ੇਰ ਸਿੰਘ ਤੇ ਹੋਰਨਾਂ ਸਰਦਾਰਾਂ ਨੇ ਇਸ ਆਦਮੀ ਦਾ ਮੂੰਹ ਕਾਲਾ ਕਰਕੇ ਤੇ ਖੋਤੇ ਤੇ ਚਾੜ੍ਹਕੇ ਵਾਪਸ ਭੇਜ ਦਿਤਾ। ਮੂਲਰਾਜ ਇਸਤਰਾਂ ਭਾਵੇਂ ਨਿਰਾਸ ਹੋ ਗਿਆ ਪਰ ਉਸਨੇ ਲਾਹੌਰੋਂ ਆਈ ਹੋਈ ਫੌਜ ਦੇ ਕੁਝ ਸਪਾਹੀਆਂ ਨੂੰ ਲਾਲਚ ਦੇਕੇ ਆਪਣੇ ਵਲ ਕਰ ਲਿਆ।

੨੦ ਜੁਲਾਈ ਨੂੰ ਮੂਲਰਾਜ ਨੇ ਕਿਲੇ ਦੇ ਉਪਰੋਂ ਐਡਵਾਰਡਿਸ ਦੀ ਫੌਜ ਉਤੇ ਗੋਲੇ ਵਰ੍ਹਾਏ। ਸ਼ੇਰ ਸਿੰਘ ਲੜਾਈ ਵਿਚ ਨਿਪੁਣ ਸੀ। ਉਸਨੇ ਮੁਲਤਾਨ ਦੇ ਕਿਲੇ ਉਤੇ ਹਮਲੇ ਕਰਕੇ ਮੂਲਰਾਜ ਦੇ ਗੋਲੇ ਵਿਅਰਥ ਕਰ ਦਿਤੇ। ਇਸ ਘਟਨਾ ਦੇ ਛੇ ਦਿਨ ਪਿਛੋਂ ਮੂਲਰਾਜ ਦੀ ਫੌਜ ਦਾ ਹੋਰ

ਇਕ ਦਲ ਸ਼ੇਰ ਸਿੰਘ ਦੇ ਪੜਾਓ ਤੋਂ ਅਧ ਕੋਹ ਦੂਰ ਵੇਖਿ
ਗਿਆ ਸੀ। ਮੂਲਰਾਜ ਨੇ ਅਪਣੇ ਇਸ ਦਸਤੇ ਨੂੰ ਇ
ਵਾਸਤੇ ਭੇਜਿਆ ਸੀ ਕਿ ਸ਼ੇਰ ਸਿੰਘ ਦੇ ਸਿਪਾਹੀ ਸਾਡੇ ਨਾ
ਮਿਲ ਜਾਣ। ਪਰ ਉਸਦੀ ਇਹ ਚਤਰਾਈ ਵੀ ਬਿਰਥੀ ਗ
ਸ਼ੇਰ ਸਿੰਘ ਦੇ ਸਾਮਣੇ ਉਸਦੀ ਇਕ ਨਾ ਚਲੀ। ਛੇਕ
ਨਿਰਾਸ ਹੋਕੇ ਮੂਲਰਾਜ ਨੇ ਸ਼ੇਰ ਸਿੰਘ ਨੂੰ ਮਾਰ ਦੇਣ
ਠਾਨੀ। ਉਸਨੇ ਸੁਜਾਨ ਸਿੰਘ ਨਾਮੇ ਆਦਮੀ ਨੂੰ ਸ਼ੇਰ ਸਿੰ
ਨੂੰ ਮਾਰਨ ਦਾ ਭਾਰ ਸੌਂਪਿਆ ਤੇ ਇਸ ਕੰਮ ਲਈ ਉਸ
ਹੋਰ ਵੀ ਦੋ ਆਦਮੀ ਉਸਦੇ ਨਾਲ ਰਲਾਏ। ਪਰ ਸੁਜਾ
ਸਿੰਘ ਦੇ ਇਸ ਕਪਟ ਦਾ ਛੇਤੀ ਪਤਾ ਲਗ ਗਿਆ ਜਿਸ
ਓਹ ਫੜਕੇ ਤੋਪ ਦੇ ਗੋਲੇ ਨਾਲ ਉਡਾਯਾ ਗਿਆ। ਪਰ ਇ
ਗੱਲ ਤੋਂ ਸਿਖ ਫੌਜ ਵਿਚ ਪੈਹਲਾਂ ਨਾਲੋਂ ਕੁਝ ਵੱਧ ਜੋਸ਼
ਅਸ਼ਾਂਤੀ ਫੈਲ ਗਈ। ਫੇਰ ਤਾਂ ਰਾਜੇ ਸ਼ੇਰ ਸਿੰਘ ਨੂੰ ਅਪ
ਫੌਜ ਸੰਭਾਲਣੀ ਔਖੀ ਹੋ ਗਈ। ਇਸਤਰਾਂ ਨਾਲ ਸ਼ੇ
ਸਿੰਘ ਦੇ ਤਰਫਦਾਰ ਹੋਣ ਪਰ ਵੀ ਅੰਗ੍ਰੇਜ਼ਾਂ ਦੇ ਦਿਲ ਵਿ
ਉਸਤੇ ਸ਼ਕ ਸੀ। ਮਲੂਮ ਹੁੰਦਾ ਹੈ ਕਿ ਸ਼ੇਰ ਸਿੰਘ
ਅੰਗ੍ਰੇਜ਼ਾਂ ਦੇ ਇਸ ਸ਼ਕ ਤੋਂ ਅਨਜਾਣ ਨਹੀਂ ਸੀ। ਉਸ
ਮੇਜਰ ਐਡਵਾਰਡਿਸ ਨੂੰ ਇਥੋਂ ਤਕ ਕਿਹਾ ਕਿ ਮੈਂ ਗੁਰੂ ਗ੍
ਸਾਹਿਬ ਦੀ ਸਹੁੰ ਖਾਣ ਨੂੰ ਤਿਆਰ ਹਾਂ।

ਸ਼ੇਰਸਿੰਘ ਨੇ ਅਪਣੀ ਅੰਗ੍ਰੇਜ਼ ਭਗਤੀ ਕੇਵਲ ਗ
ਨਾਲ ਹੀ ਪ੍ਰਗਟ ਨਹੀਂ ਕੀਤੀ ਸੀ ਬਲਕੇ ਅਪਣੇ ਪਿਤਾ ਉ
ਐਬਟ ਵਲੋਂ ਹੋ ਰਹੇ ਅਤਯਾਚਾਰਾਂ ਦੀ ਬਾਬਤ ਉਸਨੇ ਮੇਜ
ਐਡਵਾਰਡਿਸ ਪਾਸ ਅਪਣੇ ਪਿਤਾ ਦੀ ਨਿਰਦੋਸ਼ਤਾ ਪ੍ਰ
ਕੀਤੀ ਸੀ ਤੇ ਅੰਗ੍ਰੇਜ਼ਾਂ ਦਾ ਸਾਥ ਦਿਤਾ ਸੀ। ਉਸਨੇ ਕ

ਰੀ ਮੂਲਰਾਜ ਦੇ ਹਮਲੇ ਤੋਂ ਅੰਗ੍ਰੇਜ਼ੀ ਫੌਜ ਦੀ ਰਖਯਾ ੀਤੀ ਸੀ। ਮੇਜਰ ਐਡਵਾਰਡਿਸ ਨੇ ਅਪਣੀਆਂ ਚਿਠੀਆਂ ਚ ਰਾਜਾ ਸ਼ੇਰ ਸਿੰਘ ਦੀ ਅੰਗ੍ਰੇਜ਼ ਭਗਤੀ ਬਾਬਤ ਖੁਲ੍ਹੇ ਹ ਉਪਮਾ ਕੀਤੀ ਸੀ। ਮੇਜਰ ਐਡਵਾਰਡਿਸ ਦੀ ਚਿਠੀ ਤ੍ਰੀ ਤੋਂ ਮਲੂਮ ਹੁੰਦਾ ਹੈ ਕਿ ਸਿਖ ਸ਼ੇਰ ਸਿੰਘ ਤੋਂ ਵਡੇ ਰੁਧ ਸਨ। ਓਹ ਓਸਨੂੰ ਨੀਚ ਤੇ ਮੁਸਲਮਾਨ ਦਾ ਬੀਜ ਕ ਆਖਦੇ ਸਨ। ਓਹ ਸ਼ੇਰ ਸਿੰਘ ਨੂੰ 'ਸ਼ੇਖ ਸਿੰਘ' ਕਿਹਾ ਰਦੇ ਸਨ। ਖੈਰ! ਮੇਜਰ ਐਡਵਾਰਡਿਸ ਨੇ ਬਹੁਤ ਲਿਖਾ ੜ੍ਹੀ ਕਰਕੇ ਲਾਟ ਡਲਹੌਜੀ ਪਾਸੋਂ ਅੰਗ੍ਰੇਜ਼ੀ ਫੌਜ ਮੁਲਤਾਨ ਚ ਭਿਜਵਾਈ।

ਪ੍ਰਸਿਧ ਇੰਜਨੀਅਰ ਨੈਪੀਅਰ ਤੇ ਸੈਨਾਪਤੀ ਵੀਸ ਂਗ੍ਰੇਜ਼ੀ ਫੌਜ ਦੇ ਨਾਲ ਸਨ। ਓਨਾਂ ਨੇ ਮੂਲਰਾਜ ਦੀ ਾਰੀ ਫੌਜ ਦੀ ਬਾਬਤ ਲਿਖਿਆ ਹੈ ਕਿ ਮੂਲਰਾਜ ੀ ਫੌਜ ਦਾ ਜੋ ਬਲ ਪੈਹਲੇਸੀ ਹੁਣ ਓਸਤੋਂ ਠੀਕ ਉਲਟਾ ਜ਼ਰ ਪਿਆ ਔਂਦਾ ਹੈ। ਇਸ ਵੇਲੇ ਮੂਲਰਾਜ ਦੀ ਫੌਜ ਰੀਬ ਸਾਰੀ ਸਿਖ ਫੌਜ ਹੋ ਗਈ ਹੈ।

ਫੌਜ ਦੀ ਸਿਹਤ ਖਰਾਬ ਹੋਣ ਦਾ ਬਹਾਨਾ ਬਣਾਕੇ ਾਟ ਡਲਹੌਜੀ ਨੇ ਜੋ ਦੇਰ ਕੀਤੀ ਸੀ ਓਸਦਾ ਇਹ ਬਿਖੜਾ ਲ ਆਕੇ ਫਲਿਆ। ਖੁਦ ਸੈਨਾਪਤੀ ਵੀਸ ਨੇ ਇਸ ਦੇਰ ੀ ਨਿੰਦਿਆ ਕੀਤੀ ਸੀ। ਸਿਤੰਬਰ ਦੇ ਮਹੀਨੇ ਸੈਨਾਪਤੀ ੀਸਦੀ ਫੌਜ ਦੇ ੯੨੨੯ ਸਿਪਾਹੀਆਂ ਵਿਚੋਂ ਸਿਰਫ ੧੯੧ ਸਪਾਹੀ ਬੀਮਾਰ ਸਨ। ਬਹੁਤ ਕੀ ਕਹੀਏ ਲਾਟ ਡਲਹੌਜੀ ੀ ਪਿਠ ਠੋਕਣ ਵਾਲੇ ਮਾਰਸ਼ਮੈਨ ਨੇ ਵੀ ਫੌਜ ਦੀ ਸਿਹਤ ਰਾਬ ਹੋਣਦੇ ਬਹਾਨੇਦੀ ਨਿੰਦਿਆ ਕੀਤੀ ਸੀ। ੪ ਸਤੰਬਰ ਂ ਮੁਲਤਾਨ ਦਾ ਕਿਲਾ ਫਤੇ ਕਰਨ ਲਈ ਵਗੀਆਂ ੨ ਤੋਪਾਂ

ਪਹੁੰਚੀਆਂ। ਇਸਤਰਾਂ ਸੈਨਾਪਤੀ ਵ੍ਹੀਸ ੯੦੪੧ ਪੈਦਲ, ੧੫੨੬ ਘੋੜ ਸਵਾਰ ਤੇ ੪੪ ਤੋਪਾਂ ਸਣੇ ਮੁਲਤਾਨ ਦਾ ਕਿਲਾ ਘੇਰਨ ਲਈ ਤਿਆਰ ਹੋਏ। ਉਸਦੇ ਸਹੈਤਾ ਲਈ ਮੇਜਰ ਐਡਵਾਰਡਿਸ ਦੀ ੯੭੧੯ ਪੈਦਲ ਫੌਜ ੩੧੩੨ ਘੋੜਸਵਾਰ ੨੪ ਵਡੀਆਂ ਤੋਪਾਂ, ੨੫ ਛੋਟੀਆਂ ਤੋਪਾਂ, ਬਹਾਵਲ ਪੁਰ ਦੀ ੨੧੦੦ ਫੌਜ ਪੈਦਲ, ੧੯੦੦ ਘੋੜ ਸਵਾਰ ਤੇ ੧੪ ਤੋਪਾਂ, ਰਾਜਾ ਸ਼ੇਰਸਿੰਘ ਦੀ ੯੦੯ ਪੈਦਲ ਫੌਜ, ੨੩੯੨ ਘੋੜ ਸਵਾਰਤੇ ੧੨ ਤੋਪਾਂ ਸਨ। ਸਾਰੇ ਮਿਲਾਕੇ ੩੦੧੫੩ਸਿਪਾਹੀ ਸਨ ਅਤੇ ਕੁਝ ਦੂਰ ਉਤੇ ਹੋਰ ਵੀ ਫੌਜ ਸੀ। ਮੂਲਰਾਜ ਦੇ ਪਾਸ ੧੦ ਹਜ਼ਾਰ ਫੌਜ ਤੇ ੫੯ ਤੋਪਾਂ ਸਨ। ਨੌਂ ਸਿਤੰਬਰ ਨੂੰ ਰਾਤ ਦੇ ਸਮੇਂ ਲਫਟੰਟ ਪੇਟਰਸਨ ਨੇ ਕੁਝ ਅੰਗ੍ਰੇਜ਼ੀ ਤੇ ਦੇਸੀ ਫੌਜ ਸਣੇ ਵੈਰੀ ਦੀ ਫੌਜ ਉਤੇ ਹਮਲਾ ਕੀਤਾ। ਪਰ ਬਹੁਤ ਕੋਸ਼ਿਸ਼ ਕਰਨ ਪਰ ਵੀ ਓਸ ਲਫਟੰਟ ਉਤੇ ਫਤੇ ਦੇਵੀ ਪ੍ਰਸੰਨ ਨਾ ਹੋਈ। ਓਸ ਰਾਤ ਮੂਲਰਾਜ ਨੇ ਫਤੇ ਪ੍ਰਾਪਤ ਕਰਕੇ ਸਗੋਂ ਹੋਰ ਵੀ ਕਿਲੇ ਨੂੰ ਮਜ਼ਬੂਤ ਕਰ ਲਿਆ। ਪਰ ਧਰਮਸਾਲਾ ਦੀ ਲੜਾਈ ਵਿਚ ਮੂਲਰਾਜ ਦਾ ਹੰਕਾਰ ਦੂਰ ਹੋ ਗਿਆ। ਓਸ ਵਿਚ ਓਸਦੇ ੫੦੦ ਸਿਪਾਹੀ ਹਮੇਸ਼ਾ ਲਈ ਨੀਂਦ ਵਿਚ ਸੌ ਗਏ। ਨੌਂ ਸਿਤੰਬਰ ਤਕ ਅੰਗ੍ਰੇਜ਼ੀ ਫੌਜ ਦੇ ੨੫੫ ਸਿਪਾਹੀ ਤੇ ੨੧ ਘੋੜੇ ਮਾਰੇ ਗਏ ਸਨ। ਇਸ ਵਕਤ ਦੇ ਪਿਛੋਂ ਅੰਗ੍ਰੇਜ਼ੀ ਫੌਜ ਮੁਲਤਾਨ ਦੇ ਕਿਲੇ ਤੋਂ ੧੬੦੦ ਹਥ ਦੀ ਵਿਥ ਉਤੇ ਜਾ ਰਹੀ। ਪਰ ਇਸੇ ਸਮੇਂ ਰਾਜਾ ਸ਼ੇਰ ਸਿੰਘ ਨੂੰ ਅੰਗ੍ਰੇਜ਼ਾਂਦੀ ਸਖਤੀਦਾ ਪਤ ਲਗਾਕਿ ਰੈਜੀਡੰਟ ਨੇ ਉਸਦੇ ਪਿਤਾ ਦੀ ਜਾਗੀਰ ਜਪਤ ਕਰਨ ਦਾ ਹੁਕਮ ਦਿਤਾ ਹੈ। ਬਸ ਫੇਰ ਕੀ ਸੀ? ਕੇਵਲ ਸ਼ੇਰ ਸਿੰਘ ਦੀ ਆਜ਼ਾਦ

ਸਿਖ ਕੌਮ ਦਾ ਹੀ ਬੀਰ ਸੀ। ਜਿਸ ਤਲਵਾਰ ਦੇ ਬਲ ਨਾਲ ਓਹ ਮੁਲਤਾਨ ਦਾ ਗਦਰ ਦਬਾਣ ਵਿਚ ਲੱਗਾ ਹੋਯਾ ਸੀ ਉਸੇ ਤਲਵਾਰ ਨਾਲ ਉਸਨੇ ਅੰਗ੍ਰੇਜਾਂ ਦੀ ਕੀਤੀ ਹੋਈ ਸਖਤੀ ਦਾ ਬਦਲਾ ਲੈਣ ਦੀ ਪੱਕੀ ਪ੍ਰਤਿਗਯਾ ਕਰ ਲਈ। ਓਹ ਅਪਣੇ ਪਿਤਾ ਦਾ ਨਿਰਾਦਰ ਨਾ ਸਹਾਰ ਸਕਿਆ। ਓਸਨੇ ੧੨ ਸਤੰਬਰ ਦੀ ਰਾਤ ਲਾਹੌਰ ਰਹਿੰਦੇ ਅਪਣੇ ਛੋਟੇ ਭਰਾ ਗੁਲਾਬ ਸਿੰਘ ਨੂੰ ਇਕ ਗੁਪਤ ਚਿਠੀ ਲਿਖੀ। ਜਿਸਦਾ ਇਹ ਮਤਲਬ ਸੀ ਕਿ "ਸਿੰਘ ਸਾਹਿਬ (ਪਿਤਾ) ਮੈਨੂੰ ਵਾਰੰਵਾਰ ਇਹ ਲਿਖਦੇ ਹਨ ਕਿ ਓਹ ਕਪਤਾਨ ਐਬਟ ਦਾ ਹਮੇਸ਼ਾ ਹੁਕਮ ਮੰਨਦੇ ਹਨ।" ਪਰ ਓਸ ਸ਼ੈਤਾਨ ਨੇ ਹਜਾਰੇ ਦੇ ਮੁਸ-ਲਮਾਨਾਂ ਨਾਲ ਮਿਲਕੇ ਵਡਾ ਜ਼ੁਲਮ ਕੀਤਾਹੈ। ਓਸਨੇ ਪਿਤਾ ਜੀ ਨੂੰ ਬਹੁਤ ਦੁਖ ਤੇ ਕਲੇਸ਼ ਦਿਤਾ ਹੈ। ਬਹੁਤ ਕੀ ਕਿਹਾ ਜਾਵੇ ਓਹ (ਐਬਟ) ਸਿਖ ਕੌਮ ਦਾ ਨਾਸ ਕਰਨ ਲਈ ਵਡਾ ਭਾਰੀ ਜਤਨ ਕਰ ਰਿਹਾ ਹੈ। ਹੁਣ ਤਕ ਮੇਜਰ ਏਡਵਾਰਡਿਸ ਮੇਰੇ ਨਾਲ ਪ੍ਰੇਮ ਭਰਿਆ ਵਰਤਾਉ ਕਰਦਾ ਸੀ, ਪਰ ਪਿਛਲੇ ਹਫਤੇ ਤੋਂ ਉਸਦੇ ਮਨ ਦਾ ਭਾਵ ਵੀ ਬਦਲ ਗਿਆ ਹੈ। ਇਸ ਲਈ ਕਲ ਮੈਂ ਸਿੰਘ ਸਾਹਿਬ (ਸਰਦਾਰ ਛਤਰਸਿੰਘ) ਨੂੰ ਮਿਲਣ ਦੀ ਪੱਕੀ ਪ੍ਰਤਿਗਯਾ ਕਰ ਲਈ ਹੈ। ਸੋ ਸਿੰਘ ਸਾਹਿਬ ਦੇ ਹੁਕਮ ਤੇ ਮੇਰੀ ਸਲਾਹ ਉਤੇ ਜੇਕਰ ਤੈਨੂੰ ਕੁਝ ਸ਼ਰਧਾ ਹੋਵੇ ਤਾਂ ਇਸ ਚਿਠੀ ਨੂੰ ਵੇਖਦੇ ਸਾਰ ਸਿੰਘ ਸਾਹਿਬ ਦੇ ਪਾਸ ਚਲੇ ਜਾਣਾ, ਨਹੀਂ ਤਾਂ ਹੋਰ ਕਿਧਰੇ-ਜੰਮੂ—ਆਦਿਕ ਵਲ ਚਲੇ ਜਾਣਾ। ਇਕ ਪਲ ਦੀ ਵੀ ਦੇਰ ਨਾ ਕਰਨੀ। ਜੇਕਰ ਮੇਰੀ ਸਲਾਹ ਤੈਨੂੰ ਮਨਜ਼ੂਰ ਨਾ ਹੋਵੇ ਤਾਂ ਫੇਰ ਜੋ ਮਰਜੀ ਆਵੇ ਕਰਨਾ। ਪਰ ਇਹ ਯਾਦ ਰਖਣਾਂ ਕਿ ਪਿਤਾ

ਦਾ ਹੁਕਮ ਮੰਨਣਾ ਸੰਤਾਨ ਦਾ ਫਰਜ਼ ਹੁੰਦਾ ਹੈ। ਇਹ ਸ਼ੀਊਣਾ ਦੇ ਦਿਨ ਦਾ ਹੈ। ਹੁਣ ਤੂੰ ਦੂਜੇ ਖਤ ਦੀ ਰਾਹ ਨਾ ਵੇਖੀਂ। ਜੇਕਰ ਜੀਉਂਦੇ ਰਹੇ ਤਾਂ ਫੇਰ ਮਿਲਾਂਗੇ, ਨਹੀਂ ਤਾਂ ਜੋ ਵਾਹਿਗੁਰੂ ਨੂੰ ਮਨਜ਼ੂਰ ਹੈ ਓਹੀ ਹੋਵੇਗਾ। ਇਸਤਰਾਂ ਦੀ ਚਿਠੀ ਛੋਟੇ ਭਰਾ ਨੂੰ ਭੇਜਕੇ ਸ਼ੇਰ ਸਿੰਘ ਨੇ ਖੁਲ੍ਹੇ ਤੌਰ ਪਰ ਹੇਠ ਲਿਖੇ ਮਤਲਬ ਦਾ ਐਲਾਨ ਕਢਿਆ—"ਸਾਰੇ ਪੰਜਾਬ ਵਾਸੀ ਤੇ ਹੋਰਨਾਂ ਲੋਕਾਂ ਪਾਸੋਂ ਇਹ ਗਲ ਲੁਕੀ ਹੋਈ ਨਹੀਂ। ਕਿ ਸਚਖੰਡ ਵਾਸੀ ਮਹਾਰਾਜਾ ਰਣਜੀਤ ਸਿੰਘ ਦੀ ਵਿਧਵਾ (ਰਾਣੀ ਜਿੰਦਾਂ) ਉਤੇ ਫਿਰੰਗੀਆਂ ਨੇ ਕਿਸਤਰਾਂ ਦਾ ਜ਼ੁਲਮ ਕੀਤਾ ਹੈ। ਫੇਰ ਫਿਰੰਗੀਆਂ ਨੇ ਪ੍ਰਜਾ ਉਤੇ ਜੋ ਸਖਤੀਆਂ ਕੀਤੀਆਂ ਹਨ ਉਹ ਵੀ ਕਿਸੇ ਪਾਸੋਂ ਗੁਝਾ ਨਹੀਂ। ਪਹਿਲੇ ਤਾਂ ਫਿਰੰਗੀਆਂ ਨੇ ਪੰਜਾਬੀਆਂ ਦੀ ਮਾਂ ਵਰਗੀ ਰਾਣੀ ਜਿੰਦਾਂ ਨੂੰ ਦੇਸ ਨਿਕਾਲਾ ਦੇਕੇ ਸੁਲਹ ਤੋੜੀ ਹੈ, ਦੂਜੀ ਗਲ ਇਹ ਕਿ ਅਸੀਂ ਮਹਾਰਾਜਾ ਰਣਜੀਤ ਸਿੰਘ ਜੀ ਦੀ ਸੰਤਾਨ ਵਰਗੇ ਸਿਖਾਂ ਉਤੇ ਫਿਰੰਗੀਆਂ ਨੇ ਅਜਿਹਾ ਅਨਿਆਂ ਤੇ ਜ਼ੁਲਮ ਕੀਤਾ ਹੈ ਕਿ ਅਸੀਂ ਧਰਮ ਤੋਂ ਵੀ ਹੀਨ ਹੋ ਗਏ ਹਾਂ। ਤੀਜੀ ਗਲ ਇਹ ਕਿ ਇਨ੍ਹਾਂ ਦੇ ਕਾਰਣ ਸਿਖ ਰਾਜ ਦੀ ਪਹਿਲੀ ਵਡਿਆਈ ਵੀ ਜਾਂਦੀ ਰਹੀ ਹੈ। ਸੋ ਹੁਣ ਹੋਰ ਕੀ ਵੇਖਦੇ ਹੋ ਆਪਣੇ ਸਰਬੰਸ ਦੇ ਰਖਣ ਲਈ ਆਓ ਤੇ ਇਕ ਹੋ ਜਾਓ।" ਇਸਤਰਾਂ ਦਾ ਐਲਾਨ ਕਢਕੇ ਰਾਜਾ ਸ਼ੇਰ ਸਿੰਘ ਵੀ ਅੰਗ੍ਰੇਜ਼ਾਂ ਦੇ ਵਿਰੁਧ ਹੋ ਗਿਆ। ਉਸਨੇ ੧੪ ਸਿਤੰਬਰ ਦੀ ਸਵੇਰ ਨੂੰ ਅੰਗ੍ਰੇਜ਼ੀ ਫੌਜ ਨਾਲੋਂ ਨਿਕਲਕੇ ਮੁਲਤਾਨ ਦੇ ਕਿਲੇ ਵਲ ਕੂਚ ਕੀਤਾ। ੧੨ ਸਿਤੰਬਰ ਦੀ ਰਾਤੀ ਸ਼ੇਰ

ਸਿੰਘ ਨੇ ਚਿਠੀ ਮੂਲਰਾਜ ਨੂੰ ਲਿਖੀ ਕਿ ਦੂਸੇ ਦਿਨ ਸਵੇਰੇ ਮੈਂ ਤੈਨੂੰ ਮਿਲਿਆ ਚਾਹੁੰਦਾ ਹਾਂ।

ਪਰ ਮੂਲਰਾਜ ਨੇ ਸ਼ੇਰ ਸਿੰਘ ਉਤੇ ਇਤਬਾਰ ਨਾ ਕੀਤਾ। ਉਸਨੂੰ ਸ਼ਕ ਪਿਆ ਕਿ ਅਸਲ ਵਿਚ ਸ਼ੇਰ ਸਿੰਘ ਦੂਸਰੀ ਵਲ ਨਹੀਂ ਓਹ ਕੋਈ ਛਲ ਕਰਨਾ ਚਾਹੁੰਦਾ ਹੈ। ਇਸ ਲਈ ਉਸਨੇ ਸ਼ੇਰ ਸਿੰਘ ਨੂੰ ਅਪਣੇ ਕਿਲੇ ਵਿਚ ਨਾ ਲਿਆ। ਕਿਲੇ ਦੇ ਬਾਹਰ ਤੋਪਾਂ ਦੇ ਸਾਹਮਣੇ ਸ਼ੇਰ ਸਿੰਘ ਦਾ ਡੇਰਾ ਖੜਾ ਕਰਨ ਦਾ ਮੂਲਰਾਜ ਨੇ ਹੁਕਮ ਦਿਤਾ। ਇਹ ਕਰਕੇ ਵੀ ਮੂਲਰਾਜ ਦਾ ਇਤਬਾਰ ਨਾ ਪਿਆ। ਉਸਨੇ ਇਕ ਧਰਮਸਾਲਾ ਵਿਚ ਸ਼ੇਰਸਿੰਘ ਨੂੰ ਲੈਜਾਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਸਹੁੰ ਚੁਕਾਈ ਕਿ ਮੈਂ ਮੂਲਰਾਜ ਦੇ ਨਾਲ ਕਿਸੇ ਤਰਾਂ ਦਾ ਵਿਸਾਹਘਾਤ ਨਹੀਂ ਕਰਾਂਗਾ। ਇਨੀ ਕਰਕੇ ਵੀ ਉਸਦਾ ਸ਼ਕ ਦੂਰ ਨਾ ਹੋਯਾ। ਓਹ ਅਪਣੀ ਫੌਜ ਸਣੇ ਕਿਲੇ ਦੇ ਅੰਦਰ ਚਲਿਆ ਗਿਆ ਤੇ ਜਾਣ ਵੇਲੇ ਸ਼ੇਰ ਸਿੰਘ ਦਾ ਡੇਰਾ ਅੰਗ੍ਰੇਜ਼ੀ ਫੌਜ ਦੇ ਸਾਹਮਣੇ ਲਾਣ ਦਾ ਹੁਕਮ ਦੇ ਗਿਆ। ਜਦ ਸ਼ੇਰ ਸਿੰਘ ਨੇ ਵੇਖਿਆ ਕਿ ਮੂਲਰਾਜ ਦਾ ਸ਼ਕ ਦੂਰ ਨਹੀਂ ਹੋਯਾ ਤਦ ਹੋਰ ਕੋਈ ਉਪਾ ਨਾ ਵੇਖ ਓਹ ਅਪਣੇ ਪਿਤਾ ਵਲ ਚਲ ਪਿਆ। ਓ ਮੂਲਰਾਜ ! ਕੀ ਤੈਨੂੰ ਪਤਾ ਨਹੀਂ ਸ਼ੱਕੀ ਆਦਮੀ ਦਾ ਨਾਸ ਹੋ ਜਾਂਦਾ ਹੈ। ਸ਼ਕ ਵਿਚ ਤੂੰ ਅਪਣੇ ਆਪਦਾ ਤਾਂ ਕੀ ਸਾਰੇ ਪੰਜਾਬ ਦਾ ਨਾਸ਼ ਕਰਾ ਲਿਆ। ਪਰ ਇਸ ਵਿਚ ਤੇਰਾ ਹੀ ਕੀ ਦੋਸ਼ ਹੈ ? ਪਰਮੇਸ਼ਰ ਨੂੰ ਹੀ ਇਹੋ ਮਨਜ਼ੂਰ ਸੀ। ਪੰਜਾਬ ਦੀ ਆਜ਼ਾਦੀ ਦੇ ਦਿਨ ਪੂਰੇ ਹੋ ਗਏ ਸਨ। ਜਿਸ ਪੰਜਾਬ ਨੇ ਕੁਝ ਦਿਨ ਪਹਿਲਾਂ ਖੂਨ ਦੀ ਨਦੀ ਵਹਾਕੇ ਤੇ ਆਪਣੇ ਆਪ ਦੀ ਬਲੀ

ਦੇਕੇ ਆਜ਼ਾਦੀ ਪ੍ਰਾਪਤ ਕੀਤੀ ਸੀ ਓਸੇ ਪੰਜਾਬ ਨੇ ਪ੍ਰਤੱ ਬੀਰਤਾ ਦਾ ਸਬੂਤ ਦੇਕੇ ਪਰਾਧੀਨਤਾਈਆਂ ਬੇੜੀਆਂ ਪਾਈਆਂ ਭਲਾ ਮੂਲਰਾਜ ਹੀ ਕਿਉਂ ਜੇਕਰ ਸ਼ੇਰ ਸਿੰਘ ਦੀ ਅਕਲ ਹੀ ਪਹਿਲੇ ਚੱਕਰ ਨਾ ਖਾਂਦੀ ਤੇ ਓਹ ਮੂਲਰਾਜ ਨਾਲ ਮਿਲ ਜਾਂਦਾ ਤਾਂ ਪੰਜਾਬ ਦਾ ਇਤਿਹਾਸ ਅਜ ਹੋਰ ਹੀ ਹੁੰਦਾ। ਪਰ ਹੋਣੀ ਨੂੰ ਕੌਣ ਟਾਲ ਸਕਦਾ ਹੈ ?

ਸ਼ੇਰ ਸਿੰਘ ਦੇ ਨਿਖੜ ਜਾਣ ਪਰ ਅੰਗ੍ਰੇਜ਼ੀ ਫੌਜ ਡਰ ਗਈ ਸਚ ਤਾਂ ਇਹ ਹੈ ਕਿ ਉਸਦੇ ਨਿਕਲ ਜਾਣ ਨਾਲ ਅੰਗ੍ਰੇਜ਼ੀ ਫੌਜ ਦਾ ਇਕ ਥੰਮ ਟੁਟ ਗਿਆ। ਦੋ ਦਿਨ-੧੫-੧੬ ਸਿਤੰਬਰ ਅੰਗ੍ਰੇਜ਼ੀ ਫੌਜ ਨੇ ਮੁਲਤਾਨ ਦੇ ਕਿਲੇ ਨੂੰ ਘੇਰਨ ਦਾ ਕੰਮ ਬੰਦ ਰਖਿਆ। ਪਹਿਲੀ ਸਤੰਬਰ ਤੋਂ ੬ ਸਿਤੰਬਰ ਤਕ ਅੰਗ੍ਰੇਜ਼ਾਂ ਦੇ ੨੫੨ ਮਨੁਖ ਮਰੇ ਤੇ ਜ਼ਖਮੀ ਹੋਏ। ਸ਼ੇਰ ਸਿੰਘ ਦੇ ਚਲੇ ਜਾਨ ਪਰ ਵੀ ਲਾਹੌਰ ਦਰਬਾਰ ਦੀ ਫੌਜ ਨੇ ਅੰਗ੍ਰੇਜ਼ਾਂ ਦਾ ਸਾਥ ਨਾ ਛਡਿਆ। ਸ਼ੇਰ ਸਿੰਘ ਦੇ ਨਾਲ ਸਿਰਫ ੪੦੦੦ ਸਿਪਾਹੀ ਅੰਗ੍ਰੇਜ਼ਾਂ ਦਾ ਡੇਰਾ ਛਡਕੇ ਚਲੇ ਗਏ ਸਨ ਬਾਕੀ ਦਰਬਾਰੀ ਫੌਜ ਅੰਗ੍ਰੇਜ਼ਾਂ ਦੇ ਜਨਰਲ 'ਕੇ' ਸਦੇ ਵੈਰੀਆਂ ਨਾਲ ਲੜ ਰਹੀ ਸੀ। ਪਰ ਫੇਰ ਵੀ ਮੁਲਤਾਨ ਦੇ ਕਿਲੇ ਉਤੇ ਹਮਲਾ ਕਰਨ ਦਾ ਹੌਸਲਾ ਅੰਗ੍ਰੇਜ਼ਾਂ ਨੂੰ ਨਾ ਪਿਆ। ਮੂਲਰਾਜ ਅਪਣੀ ਤਾਕਤ ਨੂੰ ਵਧਾਉਂਦਾ ਗਿਆ। ਸ਼ੇਰ ਸਿੰਘ ਦੇ ਰਲੇ ਜਾਣ ਪਿਛੋਂ ਅੰਗ੍ਰੇਜ਼ੀ ਫੌਜ ਨੇ ਬਾਕੀ ਸਿਤੰਬਰ ਦਾ ਮਹੀਨਾ ਸੋਚਾਂ ਵਿਚਾਰਾਂ ਵਿਚ ਹੀ ਗੁਜ਼ਾਰ ਦਿਤਾ। ਅਕਤੂਬਰ ਵਿਚ ਮੂਲਰਾਜ ਨੇ ਕਿਲੇ ਨੂੰ ਹੋਰ ਵੀ ਪੱਕਾ ਕਰ ਲਿਆ। ੧੩ ਅਕਤੂਬਰ ਤਕ ਮੂਲਰਾਜ ਦੀ ਫੌਜ ੧੩੧੫੦ ਹੋ ਗਈ ਸੀ। ਫੇਰ ਵੀ ਮੂਲਰਾਜ ਨੇ ਸਿਖ

ਫੌਜ ਪਾਸੋਂ ਮਦਦ ਮੰਗੀ। ਸਿਖ ਫੌਜ ਨੇ ਉਸਦੀ ਬੇਨਤੀ ਮਨਜ਼ੂਰ ਨਾ ਕੀਤੀ। ਪਰ ਦੋਸਤਮੁਹੰਮਦ ਖਾਂ ਨੇ ਉਸਦੀ ਬੇਨਤੀ ਮੰਨ ਲਈ ਤੇ ਉਸਨੇ ਪੁਤ੍ਰ ਨੂੰ ਫੌਜ ਸਣੇ ਮੂਲਰਾਜ ਦੀ ਸਹੈਤਾ ਲਈ ਭੇਜਿਆ। ਇਸਤਰਾਂ ਮੂਲਰਾਜਦੀ ਤਾਕਤ ਹੋਰ ਵੀ ਵਧ ਗਈ। ਓਹ ੭ ਮੀਲ ਦੂਰ ਸੂਰਜਕੁੰਡ ਤਕ ਅੰਗ੍ਰੇਜ਼ੀ ਫੌਜ ਨੂੰ ਹਟਾਣ ਲਈ ਅਗ ਵਧਿਆ।

ਨਵੰਬਰ ਦੀ ਚਾਰ ਤਾਰੀਖ ਨੂੰ ਜਨਰਲ ਵੀਸਨੇ ਮੂਲਰਾਜ ਦੀ ਫੌਜ ਨੂੰ ਹਟਾਣ ਲਈ ਤੋਪਾਂ ਮਾਰਕੇ ਖੂਬ ਅਗ ਵਰਸਾਈ ਪਰ ਮੂਲਰਾਜ ਦੀ ਫੌਜ ਜ਼ਰਾ ਪਿਛੇ ਨਾ ਹਟੀ। ਅੰਗ੍ਰੇਜ਼ਾਂ ਦੀਆਂ ਸਾਰੀਆਂ ਕੋਸ਼ਸ਼ਾਂ ਨਿਸ਼ਫਲ ਗਈਆਂ ਲਾਚਾਰ ਜਨਰਲ ਵੀਸਨੇ ਸੰਗੀਨਾਂ ਨਾਲ ਮੁਲਤਾਨੀ ਫੌਜ ਉਤੇ ਹਮਲਾ ਕਰਨ ਦੀ ਠਾਨੀ ਤੇ ਛੇ ਨਵੰਬਰ ਨੂੰ ਹਮਲਾ ਕੀਤਾ ਗਿਆ। ਇਸ ਹਮਲੇ ਵਿਚ ਬਹਾਵਲਪੁਰ ਦੇ ਨਵਾਬ ਸ਼ੇਖ ਇਮਾਮਦੀਨ ਤੇ ਜਵਾਹਰ ਸਿੰਘ ਦੀ ਫੌਜ ਨੇ ਮੁਲਤਾਨੀ ਫੌਜ ਦਾ ਵਡਾ ਮੁਕਾਬਲਾ ਕੀਤਾ। ਇਸ ਲੜਾਈ ਵਿਚ ਛੇਤੇ ਵੀ ਮੁਲਤਾਨੀ ਫੌਜ ਨਾਲੋਂ ਰੁਠ ਗਈ। ਓਹ ਅੰਗ੍ਰੇਜ਼ੀ ਫੌਜ ਦੇ ਸਾਹਮਣੇ ਨਾ ਟਿਕ ਸਕੀ।

ਅਗੇ ਜੋ ਕੁਝ ਹੋਯਾ ਓਹ ਥੋੜੇ ਵਿਚ ਹੀ ਸੁਣ ਲਓ। ਜਨਰਲ ਵੀਸਦੀ ਸਹੈਤਾ ਲਈ ਕੁਝ ਫੌਜ ੨੬ ਦਿਸੰਬਰ ਨੂੰ ਮੁਲਤਾਨ ਪਹੁੰਚੀ ਇਸ ਨਵੀਂ ਫੌਜ ਦੇ ਆਉਣ ਕਰਕੇ ਮੁਲਤਾਨ ਵਿਚ ਬੈਠੀ ਅੰਗ੍ਰੇਜ਼ ਫੌਜ ਦੀ ਤਾਕਤ ਤੇ ਹਿੰਮਤ ਵਧ ਗਈ। ਉਸਨੇ ਨਵੀਂ ਫੌਜ ਦੀ ਮਦਦ ਨਾਲ ਮੁਲਤਾਨ ਦੇ ਕਿਲੇ ਉਤੇ ਫੇਰ ਹਮਲਾ ਕੀਤਾ। ਇਸ ਹਮਲੇ ਵਿਚ ਜਨ-ਰਲ ਵੀਸਦੀ ਫੌਜ ਵਿਚ ਦੇਸੀ ਤੇ ਅੰਗ੍ਰੇਜ਼ੀ ਦੋਵੇਂ ਫੌਜਾਂ ਮਿਲ

ਕੇ ੧੫੬੭੯ ਸਿਪਾਹੀ ੩੦੧੨ ਘੋੜੇ ਤੇ ੯੭ ਤੋਪਾਂ ਸਨ
ਇਹ ਹਮਲਾ ੨੭ ਦਿਸੰਬਰ ਨੂੰ ਹੋਯਾ। ਉਸ ਦਿਨ ਭਾ
ਲੜਾਈ ਦੇ ਪਿਛੋਂ ਮੁਲਤਾਨ ਕਿਲੇ ਦਾ ਬਹੁਤ ਸਾ
ਬਾਹਰਲਾ ਹਿਸਾ ਅੰਗ੍ਰੇਜ਼ਾਂ ਦੇ ਹਥ ਆ ਗਿਆ। ਮੂਲਰਾ
ਕਿਲੇ ਵਿਚ ਇਕਤਰਾਂ ਦਾ ਕੈਦੀ ਹੋਗਿਆ। ੨੯ ਦਿਸੰ
ਨੂੰ ੨੦੦੦ ਮੁਲਤਾਨੀਆਂ ਨੇ ਅੰਗ੍ਰੇਜ਼ੀ ਫੌਜ ਉਤੇ ਬ
ਭਾਰੀ ਹਮਲਾ ਕੀਤਾ ਤੇ ਛੇ ਘੰਟ ਤਕ ਭਯਾਨਕ ਯੁ
ਰਿਹਾ। ਛੇਕੜ ਮੁਲਤਾਨੀ ਕਿਲੇ ਵਿਚ ਜਾ ਵੜੇ। ਖੋਟਿਆਂ
ਭਾਗਾਂ ਨੂੰ ਅੰਗ੍ਰੇਜ਼ਾਂ ਦਾ ਇਕ ਗੋਲਾ ਮੁਲਤਾਨੀਆਂ
ਬਾਰੂਦ ਖਾਨੇ ਵਿਚ ਜਾ ਪਿਆ ਉਸ ਵੇਲੇ ਉਸ ਵਿਚ ਕਰੀ
ਪੰਜ ਹਜ਼ਾਰ ਮਣ ਬਾਰੂਦ ਸੀ। ਗੋਲੇ ਦੇ ਆ ਪੈਣ ਨਾ
ਉਸ ਵਿਚ ਅਗ ਲਗ ਗਈ। ਚਾਰੇ ਪਾਸੇ ਧੂਆਂ ਹ
ਧੂਆਂ ਹੋ ਗਿਆ ਜਾਣੋ ਰਾਤ ਪੈ ਗਈ। ਇਸ ਹਨੇਰੇ ਵਿ
ਹਥ ਵੀ ਨਹੀ ਦਿਸਦੇ ਸਨ। ਕਿਲੇ ਵਿਚੋਂ ਤੋਪਾਂ ਛੁਟਣੀਆਂ
ਬੰਦ ਹੋਗਈਆਂ ਬਾਰੂਦ ਖਾਨੇ ਦੇ ਨਾਲ ੫੦੦ ਮਨੁਖ
ਉਡ ਗਏ। ਇਸ ਵੇਰ ਕੀ ਸੀ। ਅੰਗ੍ਰੇਜ਼ੀ ਫੌਜ ਦੀ ਖੁਸ਼ੀ
ਕੋਈ ਹਦ ਨਾ ਰਹੀ। ਨਵਾਂ ਦੀਵਾਨ ਕਾਨ ਸਿੰਘ ਤੇ ਉਸਦੇ
ਪੁਤ੍ਰ ਜੋ ਕਿਲੇ ਵਿਚ ਕੈਦ ਸਨ ਬਾਰੂਦਨੂੰ ਅਗ ਲਗ ਜਾ
ਵੇਲੇ ਮਰ ਗਏ।

੧੮੪੯ ਦੀ ਦੋ ਜਨਵਰੀ ਨੂੰ ਅੰਗ੍ਰੇਜ਼ੀ ਤੋਪਾਂ ਨਾ
ਸ਼ਹਿਰ ਕੋਟ ਦਾ ਖੂਨੀ ਬੁਰਜ ਤੇ ਦਿਲੀ ਦਰਵਾਜ਼ਾ ਢਾ
ਗਏ। ਜਨਰਲ ਵੀਸ਼ਨੇ ਬੰਗਾਲ ਫੌਜਨੂੰ ਦਿਲੀ ਦਰਵਾ
ਤੇ ਬੰਬਈ ਫੌਜ ਨੂੰ ਖੂਨੀ ਬੁਰਜ ਉਤੇ ਹਮਲਾ ਕਰ
[illegible]ਆ ਸੀ। ਬੰਗਾਲ ਫੌਜ ਤਾਂ ਦਿਲੀ ਦਰਵਾਜ਼ੇ ਤਕ

ਪਹੁੰਚ ਸਕੀ ਪਰ ਬੰਬਈ ਫੌਜ ਨੇ ਖੂਨੀ ਬੁਰਜ ਨੂੰ ਫਤੇ ਕਰ ਲਿਆ। ਬੰਗਾਲ ਫੌਜ ਵੀ ਬੰਬਈ ਫੌਜ ਦੇ ਨਾਲ ਮਿਲ ਗਏ ਸੀ। ਜਿਸ ਕਰਕੇ ਇਹ ਫਤੇ ਹੋਰ ਵੀ ਸੁਗਮ ਹੋ ਗਈ ਇਸ ਤਰਾਂ ਜਦ ਮੂਲਰਾਜ ਨੇ ਵੇਖਿਆ ਕਿ ਅੰਗ੍ਰੇਜ਼ਾਂ ਨੇ ਬਿਨਾਂ ਰੋਕ ਦੇ ਸ਼ਹਿਰ ਦੇ ਕੋਟ ਉਤੇ ਕਬਜਾ ਕਰ ਲਿਆ ਹੈ ਤਦ ਉਹ ਚੁਣੀ ਹੋਈ ਅਪਣੀ ੩੦੦੦ ਫੌਜ ਦੇ ਨਾਲ ਕਿਲੇ ਵਿਚ ਚਲਿਆ ਗਿਆ। ਬਾਕੀ ਫੌਜ ਕਿਲੇ ਦਾ ਦਰਵਾਜ਼ਾ ਬੰਦ ਵੇਖਕੇ ਰਾਤ ਦੇ ਸਮੇਂ ਭੱਜ ਗਈ।

੧੮੪੯ ਦੀ ਤੀਜੀ ਜਨਵਰੀ ਨੂੰ ਫਤੇ ਦੀ ਖੁਸ਼ੀ ਵਿਚ ਫੂਲੀ ਹੋਈ ਅੰਗ੍ਰੇਜ਼ੀ ਫੌਜ ਸ਼ਹਿਰ ਵਿਚ ਵੜੀ। ਉਸ ਵੇਲੇ ਸ਼ਹਿਰ ਦੀ ਵਡੀ ਖਰਾਬ ਹਾਲਤ ਸੀ। ਮੇਜਰ ਏਡਵਾਰਡਿਸ ਨੇ ਮੁਲਤਾਨ ਸ਼ਹਿਰ ਦਾ ਉਸ ਵੇਲੇ ਦਾ ਦ੍ਰਿਸ਼ਯ ਵਡੀ ਰੁਆਣ ਵਾਲੇ ਢੰਗ ਵਿਚ ਦਸਿਆ ਹੈ। ਉਸਨੇ ਇਥੋਂ ਤਕ ਲਿਖਿਆ ਹੈ ਕਿ —"ਹਲੇ ਦਾ ਐਸਾ ਭਯਾਨਕ ਚਿਤ੍ਰ ਮੈਂ ਕਦੇ ਨਹੀਂ ਵੇਖਿਆ।"

ਦੂਜੇ ਦਿਨ ਅੰਗ੍ਰੇਜ਼ੀ ਫੌਜ ਨੇ ਕਿਲੇ ਨੂੰ ਪੂਰਬ ਤੇ ਪਛਮ ਵਲੋਂ ਘੇਰ ਲਿਆ। ਚਾਰੇ ਪਾਸਿਓ ਘਿਰੇ ਜਾਣ ਕਰਕੇ ਮੂਲਰਾਜ ਨੂੰ ਹੁਣ ਆਤਮ ਅਰਪਣ ਦੇ ਸਿਵਾ ਹੋਰ ਕੋਈ ਚਾਰਾ ਨਾ ਰਿਹਾ। ਸੋ ਉਸਨੇ ਏਡਵਾਰਡਿਸ ਦੀ ਰਾਹੀਂ ਜਨਰਲ ਵੀਸ ਦੇ ਪਾਸ ਆਤਮ ਅਰਪਣ ਕਰਨ ਲਈ ਆਖ ਭੇਜਿਆ। ਪਰ ਜਨਰਲ ਨੇ ੬ ਜਨਵਰੀ ਨੂੰ ਇਸਦਾ ਇਹ ਜਵਾਬ ਦਿਤਾ ਕਿ ਤੁਸਾਂ ਅਪਣੇ ਇਕ ਇਤਬਾਰੀ ਆਦਮੀ ਦੀ ਰਾਹੀਂ ਜੋ ਗਲ ਆਖ ਭੇਜੀ ਹੈ ਉਸਦਾ ਪਾਲਣਾ ਅਸੰਭਵ ਹੈ। ਏਡਵਾਰਡਿਸ ਨੇ ਤੁਹਾਨੂੰ ਆਜ਼ਾਦੀ

ਦਿਤਾ ਹੈ ਕਿ ਜਦ ਤਕ ਤੁਸੀਂ ਖੁਦ ਨਹੀਂ ਆਓਗੇ ਓਦੋਂ ਤ
ਤੁਹਾਡੀ ਕੋਈ ਗਲ ਨਹੀਂ ਸੁਣੀ ਜਾਵੇਗੀ । ਪਰ ਮੂਲਰਾ
ਜਨਰਲ ਵੀਸ ਦੀ ਇਸ ਗਲ ਤੋਂ ਰਾਜੀ ਨਾ ਹੋਯਾ
ਅੰਗ੍ਰੇਜ਼ੀ ਫੌਜ ਨੇ ੨੦੦ ਗਜ਼ ਦੂਰ ਖੜੇ ਹੋਕੇ ਕਿਲੇ ਉ
ਗੋਲੇ ਵਰਸਾਣੇ ਅਰੰਭ ਦਿਤੇ । ੧੨ ਜਨਵਰੀ ਨੂੰ ਮੂਲਰਾ
ਨੇ ਅਪਣੀ ਕਿਸਮਤ ਦੀ ਫੇਰ ਇਕਵਾਰੀ ਪਰੀਖਯਾ ਕੀ
ਪਰ ਉਸਦੀ ਕਿਸਮਤ ਓਸ ਵੇਲੇ ਖੁਸ਼ ਨਹੀ ਸੀ । ਮੂਲਰਾ
ਦੀ ਫੌਜ ਹਾਰ ਗਈ । ੧੪ ਜਨਵਰੀ ਨੂੰ ਅੰਗ੍ਰੇਜ਼ੀ ਫੌ
ਕਿਲੇ ਦੀ ਖਾਈ ਦੇ ਬਹੁਤ ਨੇੜੇ ਪਹੁੰਚ ਗਈ ।੧੯ਜਨਵ
ਤਕ ਜਨਰਲ ਵੀਸਨੂੰ ਇਹ ਮਾਲੂਮ ਹੋਗਿਆ ਕਿ ਅੰਗ੍ਰੇ
ਤੋਪਾਂ ਦੇ ਗੋਲੇ ਲਗਕੇ ਕਿਲੇ ਵਿਚ ਵੜਨ ਲਈ ਦੋ ਰ
ਹੋਗਏ ਹਨ । ੧੯ ਜਨਵਰੀ ਦੀ ਰਾਤ ਨੂੰ ਮੂਲਰਾਜ
ਫੇਰ ਅਪਣੇ ਇਤਬਾਰੀ ਮਨੁਖ ਦੀ ਰਾਹੀ ਆਤਮ ਅਰਪ
ਕਰਨ ਲਈ ਆਖ ਭੇਜਿਆ । ਇਸਦਾ ਜਵਾਬ ਜਨਰ
ਵੀਸਨੇ ਇਹੋ ਦਿਤਾ ਕਿ ਕਲ ਸਵੇਰੇ ੯ ਵਜੇ ਤਕ ਆਤ
ਅਰਪਣ ਕਰੋ ਤਾਂ ਚੰਗਾ ਹੈ ਪਰ ਮੂਲਰਾਜ ਨੇ ਇਸ
ਕੁਝ ਜਵਾਬ ਨਾ ਦਿਤਾ । ੨੧ ਜਨਵਰੀ ਸਵੇਰੇ ਜਰ
ਵੀਸਨੇ ਅੰਗ੍ਰੇਜ਼ੀ ਫੌਜ ਨੂੰ ਕਿਲੇ ਉਤੇ ਕਬਜਾ ਕਰਨ
ਹੁਕਮ ਦਿਤਾ । ਇਸਤਰਾਂ ਨਾਲ ਮੂਲਰਾਜ ਭਾਰੀ ਵਿਪ
ਵਿਚ ਫਸ ਗਿਆ ।

ਕਿਲੇ ਵਿਚ ਰਾਤ ਦਿਨ ਗੋਲੇ ਪੈਣ ਦੇ ਕਾ
ਮੂਲਰਾਜ ਦੇ ਧਨ ਤੇ ਜਨ ਦੋਵੇਂ ਨਸ਼ਟ ਹੋਗਏ ਸਨ ।
ਹੁਣ ਉਸਦੇ ਲਈ ਆਤਮ ਅਰਪਣ ਦੇ ਸਿਵਾ ਹੋਰ ਕੋ
ਚਾਰਾ ਨਹੀਂ ਸੀ । ੨੧ ਜਨਵਰੀ ਨੂੰ ਮੂਲਰਾਜ ਨੇ ਵੀ

ਇਹ ਆਖ ਭੇਜਿਆ ਕਿ ਮੈਂ ਇਸੇ ਵੇਲੇ ਆਤਮ ਅਰਪਣ ਕਰਨ ਲਈ ਤਿਆਰ ਹਾਂ ਅਤੇ ਫੈਸਲਾ ਕਰਨ ਲਈ ਇਕ ਵਕੀਲ ਆਪਦੇ ਪਾਸ ਭੇਜਦਾ ਹਾਂ। ਮੇਰੀ ਇਹੋ ਬੇਨਤੀ ਹੈ ਕਿ ਮੇਰੀ ਜਾਨ ਦੀ ਤੇ ਮੇਰੀਆਂ ਇਸਤ੍ਰੀਆਂ ਦੀ ਇਜ਼ਤ ਰਖੀ ਜਾਵੇ। ਜਨਰਲ ਵੀਸਨੇ ਇਸਦਾ ਇਹ ਜਵਾਬ ਦਿਤਾ ਕਿ ਤੁਹਾਡੇ ਜੀਵਨ ਨੂੰ ਰਖਣ ਯਾ ਨਸ਼ਟ ਕਰਨ ਦੀ ਤਾਕਤ ਮੇਰੇ ਵਿਚ ਨਹੀਂ ਇਹ ਗਵਰਨਰ ਜਨਰਲ ਦੇ ਹਥ ਹੈ, ਹਾਂ ਤੁਹਾਡੀਆਂ ਇਸਤ੍ਰੀਆਂ ਦੀ ਰਖਸ਼ਾ ਕਰਨ ਦਾ ਜਿਮਾ ਯਥਾ ਸ਼ਕਤੀ ਲੈਂਦਾ ਹਾਂ। ਇਸਦੇ ਪਿਛੋਂ ਫਿਰਵੀ ਸਾਰੀ ਰਾਤ ਮੁਲਤਾਨ ਕਿਲੇ ਉਤੇ ਗੋਲੇ ਪੈਂਦੇ ਰਹੇ। ਦੂਜੇ ਦਿਨ ਸਵੇਰੇ ਜਦ ਅੰਗ੍ਰੇਜ਼ੀ ਫੌਜ ਕਿਲੇ ਉਤੇ ਕਬਜ਼ਾ ਕਰਨ ਵਾਲੀ ਸੀ ਤਦ ੯ ਵਜੇ ਦੀਵਾਨ ਮੂਲਰਾਜ ਨੇ ਆਤਮ ਅਰਪਣ ਕਰ ਹੀ ਦਿਤਾ। ਇਸਤਰਾਂ ਦੂਜੀ ਵਾਰੀ ੨੭ ਦਿਨ ਤਕ ਲੜਾਈ ਹੋਣ ਪਿਛੋਂ ਮੁਲਤਾਨ ਦਾ ਕਿਲਾ ਅੰਗ੍ਰੇਜ਼ਾਂ ਦੇ ਹਥ ਆਯਾ। ੨੨ ਜਨਵਰੀ ਤੋਂ ਮੁਲਤਾਨ ਕਿਲੇ ਦੇ ਸਾਰੇ ਬੁਰਜਾਂ ਉਤੇ ਅੰਗ੍ਰੇਜ਼ੀ ਝੰਡੀਆਂ ਫਹਰਨ ਲਗੀਆਂ।

ਮੂਲਰਾਜ ਨੂੰ ਮੁਲਤਾਨੋਂ ਲਾਹੌਰ ਲਿਆਂਦਾ ਗਿਆ ਉਥੇ ਉਸਦਾ ਤਿੰਨ ਅੰਗ੍ਰੇਜ਼ਾਂ ਦੇ ਸਾਹਮਣੇ ਵਿਚਾਰ ਹੋਯਾ। ਵਿਚਾਰ ਵਿਚ ਮੂਲਰਾਜ ਦੋਸ਼ੀ ਸਾਬਿਤ ਹੋਯਾ ਤੇ ਉਸਨੂੰ ਫਾਂਸੀ ਦਾ ਹੁਕਮ ਦਿਤਾ ਗਿਆ। ਫੇਰ ਫਾਂਸੀ ਦੀ ਸਜ਼ਾ ਹਟਾਕੇ ਕਾਲੇ ਪਾਣੀ ਦੀ ਸਜਾ ਦਿਤੀ ਗਈ। ਲਾਹੌਰ ਤੋਂ ਦੀਵਾਨ ਨੂੰ ਕਾਲੇ ਪਾਣੀ ਭੇਜਿਆ ਗਿਆ ਪਰ ਰਾਹ ਵਿਚ ਹੀ ਉਹ ਚਲਾਣਾ ਕਰ ਗਏ। ਇਸਤਰਾਂ ਮੂਲਰਾਜਤੇ ਮੁਲਤਾਨ ਦੋਵੇਂ ਢਹਿ ਗਏ। ਕੌਣ ਜਾਣਦਾ ਸੀ ਕਿ ਮਹਾਰਾਜਾ ਰਣਜੀਤਸਿੰਘ

ਤੇ ਦੀਵਾਨ ਸਾਵਣਮਲ ਦੇ ਥੋੜੇ ਦਿਨ ਪਿਛੋਂ ਹੀ ਮੁਲਤਾਨ ਦੀ ਇਹ ਦਸ਼ਾ ਹੋ ਜਾਵੇਗੀ। ਕਿਸੇ ਕਵੀ ਦੀ ਇਹ ਉਕਤੀ ਠੀਕ ਹੀ ਹੈ:—

ਸਦਾ ਨ ਕਾਹੂ ਕੀ ਰਹੀ, ਸਾਜਨ ਕੇ ਗਲ ਬਾਂਹ।
ਢਲਤੀ ਢਲਤੀ ਯੌਂ ਢਲੀ ਜਯੋਂ ਤਰੁਵਰ ਕੀ ਛਾਂਹ॥

ਸਿਖਾਂ ਦੀ ਦੂਸਰੀ ਲੜਾਈ

"ਸੂਰਬੀਰ ਰਣ ਨੂੰ ਚਲੇ, ਢੂੰਢਣ ਕਿਸਦਾ ਸਾਥ,
ਸੰਗੀ ਸਾਥੀ ਰੱਬ ਹੈ, ਅਰ ਹੀਆ ਕਟਾਰਾ ਹਾਥ॥"

* * * * *

ਇਸ ਤਰਾਂ ਪੰਜਾਬ ਵਿਚ ਅੰਗ੍ਰੇਜ਼ੀ ਹਕੂਮਤ ਦੇ ਕਾਰਣ ਅਸ਼ਾਂਤੀ ਫੈਲੀ ਹੋਈ ਸੀ। ਅਨੇਕ ਸਿਖ ਬੀਰ ਪੰਜਾਬ ਕੇਸਰੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਵਡਿਆਈ ਨੂੰ ਨਸ਼ਟ ਹੁੰਦੇ ਵੇਖਕੇ ਅਪਣੇ ਮਨ ਹੀ ਮਨ ਪਏ ਕੁੜ੍ਹਦੇ ਸਨ। ਮੁਲਤਾਨ ਦੇ ਗਦਰ ਨੇ ਉਨਾਂ ਦੀਆਂ ਰਹੀਆਂ ਸਹੀਆਂ ਅਖਾਂ ਹੋਰ ਵੀ ਖੋਲ ਦਿਤੀਆਂ ਸਨ। ਹਜ਼ਾਰੇ ਦੇ ਸਰਦਾਰ ਚਤਰ ਸਿੰਘ ਦੇ ਹਥੀਆਰ ਚੁਕਣ ਪਰ ਉਸਦੇ ਪਾਸ ਅਨੇਕਾਂ ਸਿਖ ਬੀਰ ਅਕਠੇ ਹੋਣ ਲਗੇ। ਫੇਰ ਰਾਜਾ ਸ਼ੇਰ ਸਿੰਘ ਦੇ ਵਿਰੁਧ ਹੋਣ ਪਰ ਅਨੇਕਾਂ ਪੰਜਾਬੀ ਸੁਦੇਸ਼ ਪ੍ਰੇਮ ਦੀ ਮਸਤੀ ਵਿਚ ਮੱਤ ਹੋਕੇ ਨਾਲ ਰਲ ਗਏ। ਸ਼ੇਰ ਸਿੰਘ ਦੇ ਐਲਾਨ ਨਿਕਲਦਿਆਂ ਹੀ ਪੇਸ਼ਾਵਰ ਦੇ ਹਾਕਮ ਗੁਲਾਬ ਸਿੰਘ ਦੀ ਫੌਜ ਅਪਣੇ ਹਾਕਮ ਦੇ ਹੀ ਵਿਰੁਧ ਹੋ ਗਈ। ਗੁਲਾਬ ਸਿੰਘ ਦੀ ਫੌਜ ਪੈਹਲਾਂ ਵੀ ਇਕਵਾਰੀ ਵਿਗੜ ਗਈ ਸੀ ਤੇ ਉਸ ਵੇਲੇ ਉਸਨੇ ਜਿਵੇਂ ਕਿਵੇਂ ਉਸ ਨੂੰ ਸ਼ਾਂਤ ਕੀਤਾ ਸੀ। ਪਰ

ਹੁਣ ਰਾਜਾ ਸ਼ੇਰ ਸਿੰਘ ਦਾ ਐਲਾਨ ਸੁਣਕੇ ਸ਼ਾਂਤ ਨਾ ਰਹੀ ਪੇਸ਼ਾਵਰ ਦੀ ਫੌਜ ਦੇ ਵਿਗੜ ਜਾਣ ਪਰ ਪੇਸ਼ਾਵਰ ਰਹਿਣ ਵਾਲੇ ਅੰਗ੍ਰੇਜ਼ ਖੈਬਰ ਦਰਵਰੇ ਵਲ ਚਲੇ ਗਏ। ਬਾਗੀਆਂ ਨੇ ਗੁਲਾਬ ਸਿੰਘ ਤੇ ਗੋਲੰਦਾਜ਼ਾਂ ਦੇ ਸਰਦਾਰ ਇਲਾਹੀ ਬਖ਼ਸ਼ ਨੂੰ ਕੈਦ ਕਰ ਲਿਆ। ਇਸਤਰ੍ਹਾਂ ਆਮ ਸਿਖਾਂ ਦੇ ਵਿਗੜ ਜਾਣ ਪਰ ਵੀ ਸਿਖ ਸਰਦਾਰ ਤੇ ਜਿਮੀਂਦਾਰ ਕੇਵਲ ਸਿਖ ਫੌਜ ਦੇ ਭਰੋਸੇ ਅਸ਼ਾਂਤੀ ਦੂਰ ਕਰਨ ਵਿਚ ਜਤਨ ਕਰ ਰਹੇ ਸਨ। ਇਸ ਗਲ ਨੂੰ ਖੁਦ ਰੈਜ਼ੀਡੰਟ ਨੇ ਮੰਨਿਆ ਹੈ ਕਿ ੪ ਅਕਤੂਬਰ ਤੋਂ ਪਹਿਲਾਂ ਕੋਈ ਸਰਦਾਰ ਬਾਗੀਆਂ ਨਾਲ ਨਹੀਂ ਰਲਿਆ ਸੀ। ਰਾਜਦੇ ਵਡੇ ੨ ਸਰਦਾਰ ਬਹੁਤ ਕਰਕੇ ਅੰਗ੍ਰੇਜ਼ਾਂ ਵਲ ਸਨ। ਉਨ੍ਹੀਂ ਦਿਨੀਂ ਪੰਜਾਬ ਦੇ ਚਾਰ ਲੱਖ ਨਿਵਾਸੀਆਂ ਵਿਚੋਂ ਵਧ ਤੋਂ ਵਧ ੬੦ ਹਜ਼ਾਰ ਸਿਖਾਂ ਨੇ ਅੰਗ੍ਰੇਜ਼ਾਂ ਦੇ ਵਿਰੁਧ ਤਲਵਾਰ ਉਠਾਈ ਸੀ। ਪਰ ਮੁਲਤਾਨ ਦਾ ਗਦਰ ਦਬਾਣ ਵਿਚ ਜਿਸ ਲਾਟ ਡਲਹੌਜ਼ੀ ਨੇ ਭਾਰੀ ਦੇਰ ਕੀਤੀ ਸੀ ਅਤੇ ਜਿਸ ਦੇਰ ਦੇ ਕਾਰਣ ਭਾਰੀ ਅਸ਼ਾਂਤੀ ਫੈਲ ਗਈ ਸੀ, ਉਸੇ ਲਾਟ ਡਲਹੌਜ਼ੀ ਨੇ ਬਿਨਾ ਕਿਸੇ ਦੇਰ ਦੇ ਇਸ ਅਸ਼ਾਂਤੀ ਨੂੰ ਦੂਰ ਕਰਨ ਲਈ ਫੌਜ ਤਿਆਰ ਕਰਨ ਵਿਚ ਕੁਝ ਵੀ ਨਾਂਹ ਨਾ ਕੀਤੀ। ੧੮੪੮ ਦੇ ਨਵੰਬਰ ਮਹੀਨੇ ਦੀ ੧੫ ਤਾਰੀਖ ਨੂੰ ਰੈਜ਼ੀਡੰਟ ਨੇ ਮਹਾਰਾਜਾ ਦਲੀਪ ਸਿੰਘ ਦੇ ਸਾਰੇ ਰਾਜ ਵਿਚ ਇਕ ਐਲਾਨ ਕਢਿਆ ਜਿਸ ਵਿਚ ਅੰਗ੍ਰੇਜ਼ਾਂ ਦੇ ਵਿਰੁਧ ਹਥਿਆਰ ਨਾ ਚੁਕਣ ਵਾਲਿਆਂ ਨੂੰ ਅਭੈ ਕੀਤਾ ਗਿਆ ਸੀ। ਨਾਲਹੀ ਉਸਨੇ ਸਿਖਸਰਦਾਰਾਂ ਨੂੰ ਅੰਗ੍ਰੇਜ਼ੀ ਫੌਜ ਲਈ ਰਸਦ, ਗਡੀਆਂ ਤੇ ਹੋਰ ਸਮਾਨ ਦੇਣ ਦਾ ਹੁਕਮ ਦਿਤਾ। ਉਸ ਐਲਾਨ ਵਿਚ ਅੰਗ੍ਰੇਜ਼ਾਂ ਦੇ

ਵਿਰੁਧ ਸ਼ਸਤ੍ਰ ਚੁਕਣ ਵਾਲਿਆਂ ਨੂੰ ਧਮਕੀ ਦਿਤੀ ਗਈ ਸੀ। ਗਵਰਨਰ ਜਨਰਲ ਲਾਰਡ ਡਲਹੌਜ਼ੀ ਨੇ ਵੀ ਇਸ ਐਲਾਨ ਦੀ ਪੁਸ਼ਟੀ ਕੀਤੀ ਸੀ।

ਇਸ ਐਲਾਨ ਦੇ ਨਿਕਲਣ ਤੋਂ ਪੇਹਲਾਂ ਹੀ ਸਨ ੧੮੪੮ ਦੇ ਅਕਤੂਬਰ ਮਹੀਨੇ ਫ਼ੀਰੋਜ਼ਪੁਰ ਵਿਚ ਅੰਗ੍ਰੇਜ਼ਾਂ ਦੀ ਬਹੁਤ ਸਾਰੀ ਫੌਜ ਆ ਗਈ ਸੀ। ਜੰਗੀ ਲਾਟ ਲਾਰਡ ਗਫ਼ ਨੇ ਖੁਦ ਫੌਜ ਨੂੰ ਚਲਾਣ ਦਾ ਕੰਮ ਲਿਆ ਸੀ। ਉਸ ਵੇਲੇ ਉਸਦੇ ਪਾਸ ਕਰੀਬ ੨੫੦੦੦ ਫੌਜ ਤੇ ੧੦੧ ਤੋਪਾਂ ਸਨ। ਜਦ ਸ਼ੇਰਸਿੰਘ ਮੁਲਤਾਨੋਂ ਵਾਪਸ ਮੁੜ ਆਯਾ ਉਸ ਵੇਲੇ ਉਸਦੀ ਵੀ ਫੌਜ ਕਰੀਬ ੪੨੯੧ ਸੀ। ੧੩ ਨਵੰਬਰ ਨੂੰ ਲਾਰਡ ਗਫ ਲਾਹੌਰ ਪਹੁੰਚਾ। ਉਥੇ ਉਹ ਦੋ ਦਿਨ ਤੋਂ ਵਧ ਨਾ ਰਿਹਾ ਤੇ ਉਸਨੇ ਅੰਗ੍ਰੇਜ਼ਾਂ ਦੇ ਰਖੇ ਹੋਏ ਬਾਲਕ ਦਲੀਪ ਸਿੰਘ ਦੀ ਮੁਲਾਕਾਤ ਵੀ ਨਾ ਕੀਤੀ। ੧੬ ਨਵੰਬਰ ਨੂੰ ਉਹ ਲਾਹੌਰੋਂ ਚਲਿਆ ਗਿਆ। ਰਸੰਡੈਂਟ ਤੇ ਮਹਾਰਾਜਾ ਨੇ ਮੀਆਂਮੀਰ ਜਾਕੇ ਪ੍ਰਧਾਨ ਸੈਨਾਪਤੀ (ਗਫ਼) ਨਾਲ ਮੁਲਾਕਾਤ ਕੀਤੀ। ਵਾਹ ਜਾ ਵਾਹ! ਮਿਤ੍ਰਤਾ ਦਾ ਇਹ ਕੇਹਾ ਸੋਹਣਾ ਨਮੂਨਾ ਹੈ!

੨੨ ਨਵੰਬਰ ਦੀ ਸਵੇਰ ਨੂੰ ਹੀ ਲਾਰਡ ਗਫ ਨੇ ਬ੍ਰਿਗੇਡੀਅਰ ਜਨਰਲ ਕੌਲਿਨ ਕੈਂਬਲ ਤੇ ਕੌਰਟ ਅਰ ਨੂੰ ਰਾਮ ਨਗਰ ਜਾਣ ਦਾ ਹੁਕਮ ਦਿਤਾ ਪਰ ਜਦ ਉਹ ਰਾਮ ਨਗਰ ਪਹੁੰਚਾ ਤਾਂ ਉਥੇ ਸਿਖ ਫੌਜ ਦਾ ਨਾਮ ਨਿਸ਼ਾਨ ਤਕ ਉਨ੍ਹਾਂ ਨੂੰ ਨਜ਼ਰ ਨਾ ਆਯਾ। ਅੰਗ੍ਰੇਜ਼ਾਂ ਨੂੰ ਸਿਖਾਂ ਦੀ ਇਸ ਚਾਲ ਉਤੇ ਵਡਾ ਅਸਚਰਜ ਹੋਯਾ। ਬਹੁਤ ਢੂੰਡਣ ਪਿਛੋਂ ਅਗੇ ਜਾਕੇ ਉਨ੍ਹਾਂ ਨੂੰ ਸਿਖ ਫੌਜ ਨਜ਼ਰ ਆਈ। ਉਨ੍ਹਾਂ ਨੂੰ

ਖਦੇ ਸਾਰ ਅੰਗ੍ਰੇਜ਼ਾਂ ਨੇ ਤੋਪਾਂ ਚਲਾਣੀਆਂ ਸ਼ੁਰੂ ਕਰ ਦਿਤੀਆਂ। ਪਰ ਉਨ੍ਹਾਂ ਦੀ ਓਹ ਗੋਲਾਬਾਰੀ ਬਿਰਥੀ ਗਈ। ਇਕ ਗੋਲਾ ਵੀ ਸਿਖ ਫੌਜ ਉਤੇ ਨਾ ਪਿਆ। ਇਸ ਲਈ ਅੰਗ੍ਰੇਜ਼ੀ ਫੌਜ ਹੋਰ ਵੀ ਨੇੜੇ ਜਾਕੇ ਸਿਖ ਫੌਜ ਉਤੇ ਗੋਲੇ ਮਾਰਨ ਲੱਗੀ। ਪਰ ਇਸਵਾਰਵੀ ਅੰਗ੍ਰੇਜ਼ੀ ਫੌਜਦਾ ਨਿਸ਼ਾਨਾ ਖਾਲੀ ਹੀ ਗਿਆ। ਇਸ ਲਈ ਅੰਗ੍ਰੇਜ਼ਾਂ ਨੇ ਹੋਰ ਵੀ ਨੇੜੇ ਪਹੁੰਚਕੇ ਸਿਖ ਫੌਜ ਉਤੇ ਗੋਲ ਚਲਾਣੇ ਚਾਹੇ ਸਨ ਕਿ ਇਨੇ ਚਿਰ ਸਿਖ ਫੌਜ ਨੇ ਅਪਣੀਆਂ ਤੋਪਾਂ ਦੀ ਮਾਰ ਨਾਲੋਂ ਅੰਗ੍ਰੇਜ਼ਾਂ ਦੇ ਛਕੇ ਛੁਡਾ ਦਿਤ। ਅੰਗ੍ਰੇਜ਼ੀ ਫੌਜ ਸਿਖਾਂ ਦੇ ਇਸ ਹਮਲੇ ਨੂੰ ਨਾ ਸਹਾਰ ਸਕੀ। ਓਹ ਦੋ ਤੋਪਾਂ ਤੇ ਕਈ ਗਡੇ ਅਸਵ ਛੱਡਕੇ ਭੱਜ ਗਈ।

ਇਸਤਰਾਂ ਪਹਿਲੀ ਹੀ ਮੁਠ ਭੇੜ ਵਿਚ ਅੰਗ੍ਰੇਜ਼ੀ ਫੌਜ ਹਾਰ ਗਈ। ਸਿਖਾਂ ਦੇ ਇਸ ਹਮਲੇ ਤੋਂ ਲਾਰਡਗਫ ਇੰਨਾ ਘਬਰਾਯਾ ਕਿ ਉਸਨੂੰ ਸਿਖਾਂ ਉਤੇ ਦੁਬਾਰਾ ਹਮਲਾ ਕਰਨ ਦਾ ਹੀਆ ਨਾ ਪਿਆ। ਓਸਨੇ ਅਪਣੇ ਅਫਸਰਾਂ ਦੀ ਸਲਾਹ ਨਾਲ ਉਥੋਂ ਛਾਵਣੀ ਪੁਟ ਲੈਣੀ ਹੀ ਠੀਕ ਸਮਝੀ। ਅੰਗ੍ਰੇਜ਼ੀ ਫੌਜ ਨਠਣ ਲੱਗ ਪਈ। ਸਿਖ ਫੌਜ ਨੇ ਭਜਦੀ ਹੋਈ ਅੰਗ੍ਰੇਜ਼ੀ ਫੌਜ ਦਾ ਪਿਛਾ ਕੀਤਾ ਤੇ ਲੜਨ ਲਈ ਵੰਗਾਰਿਆ। ਸਿਖਾਂ ਦੀ ਇਹ ਵੰਗਾਰ ਅਪਣੀ ਵਡਿਆਈ ਚਾਹੁਣ ਵਾਲੇ ਕਈ ਅੰਗ੍ਰੇਜ਼ਾਂ ਕੋਲੋਂ ਨਾ ਸਹਾਰੀ ਗਈ। ਓਨਾਂ ਵਿਚੋਂ ਵਿਲੀਅਮ ਹੈਵਲਾਕ ਨਾਮੇਂ ਇਕ ਗੋਰਾ ਸੀ। ਓਹ ਗੋਰਾ ਨਿਨਸ਼ੂਲਾਤ ਵਾਟਰਲੂਦੀ ਲੜਾਈ ਵਿਚ ਅਪਣੀ ਬੀਰਤਾ ਪ੍ਰਗਟ ਕਰ ਚੁਕਾ ਸੀ। ਉਸਨੂੰ ਸਿਖਾਂ ਦੀ ਲਲਕਾਰ ਬਹੁਤ ਬੁਰੀ ਲੱਗੀ। ਉਸਨੇ ਸਿਖਾਂਦਾ ਹੰਕਾਰ ਤੋੜਨ ਲਈ ਅਪਣੇ

ਕਮਾਂਡਰ ਗਫ ਪਾਸੋਂ ਹੁਕਮ ਮੰਗਿਆ। ਲਾਰਡ ਗਫ ਨੇ
ਕਿਹਾ—"ਤੁਸੀਂ ਆਪਣੇ ਹਮਲੇ ਨੂੰ ਲਾਭਦਾਇਕ ਸਮ
ਤਾਂ ਕਰੋ।"

ਇਸਤਰਾਂ ਦਾ ਜਵਾਬ ਸੁਣਕੇ ਓਹ ਹੈਵਲਾਕ ਜ਼ੋਰ
ਘੋੜੇ ਉਤੇ ਚੜ੍ਹਕੇ ਨਾਲ ਦੋ ਦਲ ਘੋੜਸਵਾਰਾਂ ਦੇ ਲੈਕੇ ਵੱਡੇ
ਜ਼ੋਰ ਨਾਲ ਸਿਖਾਂ ਤੇ ਆਇਆ। ਸਿਖਾਂ ਨੇ ਵੀ ਉਸਦੇ ਜ਼ੋਰ
ਹਮਲੇ ਨੂੰ ਵਡੀ ਬੀਰਤਾ ਨਾਲ ਸਹਿਆ। ਸਿਖਾਂ ਦੀ ਤਲਵਾਰ
ਨਾਲ ਅਨੇਕਾਂ ਅੰਗ੍ਰੇਜ਼ਾਂ ਦੇ ਬੇੜੇ ਪਾਰ ਹੋ ਗਏ। ਪਰ ਹੈਵਲਾਕ
ਅਪਣੀ ਧੁਨ ਦਾ ਪੱਕਾ ਸੀ। ਉਸਨੇ ਵੱਡੀ ਬੀਰਤਾ ਨਾਲ
ਸਿਖ ਫੌਜ ਦੇ ਉਸ ਵਿਊਹ ਨੂੰ ਤੋੜ ਸੁਟਿਆ। ਉਸਨੇ ਅਪਣ
ਸਾਥੀਆਂ ਨੂੰ ਕਿਹਾ—ਇਸਤਰਾਂ ਮੇਰੇ ਪਿਛੇ ੨ ਚਲੋ ਆਓ
ਪਰ ਵਿਧਾਤਾ ਦੀ ਗਤੀ ਵਿਪਰੀਤ ਹੁੰਦੀ ਵਾਂਗ ਹੈਵਲਾਕ ਦੀ ਦਸ਼
ਹੋ ਗਈ। ਓਹ ਸਿਖਾਂ ਦੇ ਗੋਲਿਆਂ ਨਾਲ ਹਮੇਸ਼ਾ ਲਈ
ਇਸ ਸੰਸਾਰ ਤੋਂ ਵਿਦਾ ਹੋ ਗਿਆ। ਉਸਦੇ ਪਿਛੋਂ ਲੌਂਗ
ਹੋਰ ਵੀ ਕਈ ਅੰਗ੍ਰੇਜ਼ੀ ਬੀਰ ਮਾਰੇ ਗਏ।

ਇਸਤਰਾਂ ਰਾਮਨਗਰ ਦੀ ਲੜਾਈ ਦਾ ਅੰਤ ਹੋਯਾ।
ਇਸ ਲੜਾਈ ਵਿਚ ੨੩੦ ਸਿਪਾਹੀ ਅੰਗ੍ਰੇਜ਼ਾਂ ਦੇ ਮਾਰੇ ਗਏ
ਤੇ ਇਸਦਾ ਨਤੀਜਾ ਅੰਗ੍ਰੇਜ਼ਾਂ ਲਈ ਬਹੁਤ ਬੁਰਾ ਹੋਯਾ। ਪਰ
ਰਾਜਾ ਸ਼ੇਰ ਸਿੰਘ ਨੇ ਇਸ ਵੇਲੇ ਵੀ ਅਪਣੀ ਉਦਾਰਤਾ ਦ
ਭਾਰੀ ਸਬੂਤ ਦਿਤਾ। ਉਸਨੇ ਕੈਦ ਹੋਏ ਗੋਰਿਆਂ ਦੇ ਖਾ
ਲਈ ਕਾਫੀ ਸਮਾਨ ਦਿਤਾ ਅਤੇ ਰੋਟੀ ਖੁਵਾਲਕੇ ਉਨਾਂ ਨੂੰ
ਉਨਾਂ ਦੇ ਡੇਰੇ ਪਹੁੰਚਾ ਦਿਤਾ। ਏਥੋਂ ਤਕ ਰਾਜਾ ਸ਼ੇਰ ਸਿੰਘ ਨੇ
ਇਥੋਂ ਤਕ ਖਿਆਲ ਰਖਿਆ ਕਿ ਕਿਸੇ ਅੰਗ੍ਰੇਜ਼ ਕੈਦੀ ਨੂੰ
ਕਿਸੇ ਤਰਾਂ ਦੀ ਤਕਲੀਫ ਨਾ ਦਿਤੀ ਜਾਵੇ।

ਵਾਹ! ਉਦਾਰਤਾ ਦਾ ਕਿਹਾ ਸੋਹਣਾ ਫੋਟੋ ਹੈ। ਜਿਥੇ ਹੋਏ ਵੈਰੀ ਉਤੇ ਸਖਤੀ ਕਰਨੀ ਧੀਰਤਾ ਨਹੀਂ। ਹਿੰਦੂ ਕੌਮ ਦੇ ਸਿਵਾ ਹੋਰ ਕਿਸੇ ਕੌਮ ਵਿਚ ਉਦਾਰਤਾ ਦਾ ਅਜਿਹਾ ਸੋਹਣਾ ਨਮੂਨਾ ਬਹੁਤ ਘਟ ਮਿਲਦਾ ਹੈ।

ਰਾਮਨਗਰ ਦੀ ਲੜਾਈ ਦੇ ਇਕ ਸਾਤੇ ਪਿਛੋਂ ਲਾਰਡ ਗਫ ਨੇ ਰਾਮਨਗਰ ਤੋਂ ੨ ਕੋਹ ਦੂਰ ਜਾਕੇ ਛਾਵਣੀ ਪਾਈ ਅਤੇ ਉਥੇ ਓਹ ਵਡੀਆਂ ੨ ਤੋਪਾਂ ਮੰਗਾਣ ਦਾ ਪ੍ਰਬੰਧ ਕਰਨ ਲੱਗਾ। ੨੪ ਨਵੰਬਰ ਤਕ ਓਨਾਂ ਵਿਚੋਂ ਕਈ ਤੋਪਾਂ ਪਹੁੰਚ ਵੀ ਗਈਆਂ। ੨ ਦਿਸੰਬਰ ਨੂੰ ਸ਼ੇਰ ਸਿੰਘ ਉਤੇ ਹਮਲਾ ਕਰਨ ਦਾ ਅੰਗ੍ਰੇਜ਼ਾਂ ਦੇ ਜੰਗੀ ਲਾਟ ਗਫ ਨੇ ਵਿਚਾਰ ਕੀਤਾ। ਉਸਨੇ ਸ਼ੇਰ ਸਿੰਘ ਦੀ ਫੌਜ ਉਤੇ ਦੋ ਪਾਸਿਆਂ ਤੋਂ

---

*ਪਰ ਇਸ ਵੇਲੇ ਸਿਖਾਂ ਨਾਲ ਜੋਹੜੇ ਕਿ ਬਾਗੀ ਨਹੀਂ, ਵਿਦ੍ਰੋਹੀ ਨਹੀਂ, ਸਿਰਫ ਅਪਣੇ ਧਾਰਮਿਕ ਸਥਾਨਾਂ ਦੀ ਪਵਿਤ੍ਰਤਾ ਲਈ ਕੁਰਬਾਨ ਹੋ ਰਹੇ ਹਨ ਓਨਾਂ ਦੇ ਨਾਲ ਅੰਗ੍ਰੇਜ਼ ਕੀ ਸਲੂਕ ਕਰ ਰਹੇ ਹਨ ਇਹ ਹਿੰਦੁਸਤਾਨ ਦੇ ਕਿਸੇ ਹਿੱਸੇ ਦੇ ਆਦਮੀ ਪਾਸੋਂ ਕੋਈ ਲੁਕੀ ਹੋਈ ਗਲ ਨਹੀਂ। ਗੁਰੂ ਕੇ ਬਾਗ ਦੇ ਪਿਛੇ ਕੈਦ ਹੋਏ ਸਿਖਾਂ ਨਾਲ ਤੇ ਜੇਲ੍ਹਾਂ ਵਿਚ ਜੋ ਸਖਤੀਆਂ ਕੀਤੀਆਂ ਗਈਆਂ, ਜੋ ਜ਼ੁਲਮ ਕੀਤੇ ਗਏ ਉਨਾਂ ਦੇ ਵਾਕਿਆਤਾਂ ਨਾਲ ਸਮੇਂ ਦੇ ਅਖਬਾਰਾਂ ਦੇ ਕਾਲਮ ਦੇ ਕਾਲਮ ਕਾਲੇ ਹੋਏ ਪਏ ਹਨ। ਕੈਦੀਆਂ ਦੇ ਕੁਟੰਬੀਆਂ ਦੀਆਂ ਕੁਰਕੀਆਂ ਕਰਕੇ ਜੋ ਬੇਇਨਸਾਫੀ ਹੋ ਰਹੀ ਹੈ ਉਸ ਦੀ ਤਾਂ ਗੱਲ ਹੀ ਨਾ ਪੁਛੋ। ਵਾਹ ਨੀ ਸਭ੍ਯ ਕੌਮ!

(ਅਨੁਵਾਦਕ)

ਹਮਲਾ ਕਰਨਾ ਚਾਹਿਆ। ਉਸਨੇ ਇਹ ਵਿਉਂਤ ਕੀਤੀ ਕਿ ਪੈਨਿਨਸੂਲਾ ਲੜਾਈ ਦਾ ਪ੍ਰਸਿਧ ਲੜਾਕੂ ਮੇਜਰ ਜਨਰਲ ਸਰ ਜੋਸਫ ਥਾਕਵੇਲ ਚਨਾਂਹ ਨਦੀ ਪਾਰ ਜਾਕੇ ਸ਼ੇਰ ਸਿੰਘ ਦੀ ਫੌਜ ਉਤੇ ਖੱਬੇ ਪਾਸਿਓਂ ਹਮਲਾ ਕਰੇ ਅਤੇ ਸ਼ੇਰ ਸਿੰਘ ਦੇ ਸਾਹਮਣੇ ਖੁਦ ਲਾਟ ਗਫ ਜਾਵੇ। ਇਸਦੇ ਸਿਵਾ ਲਾਟ ਗਫ ਨੇ ਸਿਖਫੌਜ ਨੂੰ ਕਮਜ਼ੋਰ ਕਰਨ ਦਾ ਇਕ ਹੋਰ ਵੀ ਗੰਦਾ ਉਪਾ ਸੋਚਿਆ ਕਿ ਸਿਖ ਫੌਜ ਦੇ ਪੂਰਬੀ ਲੋਕਾਂ ਨੂੰ ਧਨ ਦਾ ਲਾਲਚ ਦੇਕੇ ਅਪਣੇ ਨਾਲ ਮਿਲਾ ਲਿਆ ਜਾਵੇ।

ਦੋ ਦਿਸੰਬਰ ਨੂੰ ਸਵੇਰੇ ਥਾਕਵੇਲ ਨੇ ਸਤ ਹਜਾਰ ਫੌਜ ਦੇ ਨਾਲ ਸ਼ੇਰ ਸਿੰਘ ਦੀ ਫੌਜ ਉਤੇ ਹਮਲਾ ਕਰਨ ਲਈ ਚਨਾਂਹ ਦਰਿਆ ਪਾਰ ਕੀਤਾ। ਦਰੀਆ ਪਾਰ ਹੋਕੇ ਥਾਕਵੇਲ ਸ਼ਾਮਨੂੰ ਵਜ਼ੀਰਾਬਾਦ ਦੇ ਨੇੜੇ ਜਾ ਪੰਹੁਚਾ ਤੇ ਉਸ ਰਾਤ ਉਸਨੇ ਅਪਣੀ ਫੌਜ ਨੂੰ ਚੁਪਚਾਪ ਤਿਆਰ ਕਰਕੇ ਸਵੇਰਾ ਹੁੰਦੇ ਹੀ ਸਿਖ ਫੌਜ ਉਤੇ ਹਮਲਾ ਕਰਨ ਦੀ ਠਾਨ ਲਈ। ਪਰ ਸ਼ੇਰ ਸਿੰਘ ਨੂੰ ਵੀ ਥਾਕਵੇਲ ਦੀ ਇਸ ਚਲਾਕੀ ਦਾ ਪਤਾ ਲੱਗ ਗਿਆ। ਓਹ ਕੁਝ ਫੌਜ ਲਾਟ ਗਫ ਦਾ ਮੁਕਾਬਲਾ ਕਰਨ ਲਈ ਛਡਕੇ ਆਪ ਬਾਕੀ ਫੌਜ ਸਣੇ ਥਾਕਵੇਲ ਦਾ ਸਾਹਮਣਾ ਕਰਨ ਲਈ ਚਲ ਪਿਆ। ਇਸਤ੍ਰਾਂ ਓਸਨੇ ਲਾਟ ਗਫ ਦੀ ਚਾਲਾਕੀ ਨੂੰ ਹਲਾਕ ਕਰ ਦਿਤਾ। ਪਰ ਓਸ ਵੇਲੇ ਸਿਖਾਂ ਵਿਚ ਕੌਮਘਾਤਕਾਂ ਦੀ ਕੋਈ ਕਮੀ ਨਹੀਂ ਸੀ। ਸੋ ਕਿਸੇ ਘੋੜਸਵਾਰ ਨੇ ਥਾਕਵੇਲ ਨੂੰ ਸ਼ੇਰ ਸਿੰਘ ਦੇ ਤੁਰਨ ਦੀ ਖਬਰ ਜਾ ਦਿਤੀ। ਇਹ ਸੁਣਕੇ ਥਾਕਵੇਲ ਵੱਡਾ ਘਾਬਰ ਗਿਆ। ਉਸਨੇ ਅਪਣੀ ਫੌਜ ਨੂੰ ਵੱਡੀ ਖਬਰਦਾਰੀ ਨਾਲ ਅਗੇ ਵਧਾਣ ਲਈ ਕਿਹਾ ਤੇ ਨਾਲ ਹੀ ਇਹ ਖਬਰ ਲਾਟ

ੜ ਨੂੰ ਵੀ ਭੇਜ ਦਿਤੀ। ਗਫ ਨੇ ਥਾਕਵੇਲ ਨੂੰ ਲਿਖਿਆ ਕ ਮੈਂ ਬ੍ਰਿਗੇਡੀਅਰ ਗੌਡਵੀ ਨੂੰ ਫੌਜ ਸਣੇ ਤੇਰੀ ਮਦਦਲਈ ਜਦਾ ਹਾ। ਸੋ ਜਦ ਤਕ ਗੌਡਵੀ ਨਾ ਪਹੁੰਚੇ ਓਦੋਂ ਤਕ ਲੜਾਈ ਨ ਛੇੜਨੀ।

ਥਾਕਵੇਲ ਅਜੇ ਗੌਡਵੀ ਦੇ ਆਉਣ ਦਾ ਰਾਹ ਵੇਖ ਰਿਹਾ ਸ ਕਿ ਸ਼ੇਰਸਿੰਘ ਪਹੁੰਚ ਗਿਆ। ਥਾਕਵੇਲ ਨੇ ਲਾਟ ਦੀ ਹੁਕਮ ਅਦੂਲੀ ਤੋਂ ਡਰਦੇ ਤੇ ਅਪਣੀ ਕਮਜ਼ੋਰੀ ਦੇ ਕਾਰਣ ਰ ਸਿੰਘ ਦਾ ਮੁਕਾਬਲਾ ਕਰਨਾ ਠੀਕ ਨਾ ਸਮਝਿਆ। ਓਹ ਸ ਵੇਲੇ ਉਧਰ ਨੂੰ ਨਠਾ ਜਿਧਰੋਂ ਗੌਡਵੀ ਦੇ ਆਉਣ ਦੀ ਲੇ ਸੀ। ਪਰ ਸ਼ੇਰ ਸਿੰਘ ਨੇ ਅਪਣੀ ਫੌਜ ਇਸ ਢੰਗਨਾਲ ੜਾਈ ਕਿ ਸੈਦੂਲਾਪੁਰ ਦੇ ਨੇੜੇ ਥਾਕਵੇਲ ਦੀ ਫੌਜ ਨੂੰ ਜਾ ਰਿਆ ਅਤੇ ਅੰਗ੍ਰੇਜ਼ੀ ਫੌਜ ਉਤੇ ਦਨਾਦਨ ਗੋਲੇ ਚਲਾਏ। ਹਲੇ ਤਾਂ ਥਾਕਵੇਲ ਨੇ ਅਪਣੀ ਫੌਜ ਉਥੇ ਖੜੀ ਕੀਤੀ ਰ ਪਿਛੋਂ ਸਾਹਮਣੇ ਇਕ ਕਮਾਦ ਦਾ ਖੇਤ ਦੇਖਕੇ ਓਸਦੇ ਹਲੇ ਹੋਕੇ ਲੜਨਾ ਓਸਨੇ ਵਿਚਾਰਿਆ। ਕਿਉਂਕਿ ਓਹ ਹੁਤ ਨੇੜੇ ਸੀ। ਕਮਾਦ ਦੇ ਖੇਤ ਦੇ ਪਾਸ ਕਰੀਬ ੪੦੦ ਥ ਦੂਰ ਲੜਾਈ ਕਰਨ ਲਾਇਕ ਚੰਗਾ ਮੈਦਾਨ ਸੀ। ਗ੍ਰੇਜ਼ੀ ਫੌਜ ਨੂੰ ਹਟਦਾ ਦੇਖਕੇ ਸਿਖ ਆਨੰਦ ਨਾਲ ਫੁਲ ਏ ਤੇ ਆਖਣ ਲੱਗੇ ਅਹੁ ਵੇਖੋ ਫਿਰੰਗੀ ਭਜੇ ਜਾਂਦੇ ਹਨ। ਰੀਬ ਦਿਨ ਦੇ ਦੋ ਬਜੇ ਸਿਖ ਫੌਜ ਨੇ ਅੰਗ੍ਰੇਜ਼ੀ ਫੌਜ ਉਤੇ ਮਲਾ ਕੀਤਾ ਤੇ ਓਹ (ਅੰਗ੍ਰੇਜ਼ ਫੌਜ) ਦੋ ਘੰਟੇ ਤਕ ਉਨਾਂ ਹਮਲੇ ਨੂੰ ਸਹਾਰਦੀ ਰਹੀ। ਫੇਰ ਅੰਗ੍ਰੇਜ਼ੀ ਫੌਜ ਨੇ ਰੀ ਹਮਲਾ ਕੀਤਾ ਜਿਸਨੂੰ ਸਿਖਾਂ ਨੇ ਵੀ ਵੱਡੇ ਧੀਰਜ ਲ ਸਹਾਰਿਆ। ਅੰਗ੍ਰੇਜ਼ੀ ਫੌਜ ਦੇ ਇਸ ਹਮਲੇ ਤੋਂ ਸਿਖਾਂ

ਦਾ ਕੁਝ ਨਾ ਵਿਗੜਿਆ। ਉਲਟਾ ਅੰਗ੍ਰੇਜ਼ੀ ਫੌਜ ਨੂੰ ਨੁ
ਸਾਨ ਉਠਾਣਾ ਪਿਆ। ਥਾਕਵੈਲ ਨੇ ਲਾਟ ਗਫ ਨੂੰ ਚਿ
ਚਿਠੀ ਲਿਖੀ ਤੇ ਪੁਛਿਆ ਕਿ ਗੋਰਕੀ ਦੇ ਆਉਣ ਤਕ ਮੈਂ
ਲੜਾਂ ਕਿ ਨਹੀਂ ।

ਦਿਨ ਪੂਰਾ ਹੋ ਗਿਆ ਸੀ। ਸੂਰਜ ਭਗਵਾਨ ਪਛ
ਵਲ ਝੁਕ ਚਲਿਆ ਸੀ। ਜਾਣੋ ਅੰਗ੍ਰੇਜ਼ੀ ਫੌਜ ਉਤੇ ਤਰ
ਖਾਕੇ ਤੇ ਪੂਰਬ ਵਲੋਂ ਵਿਦਾ ਹੋਕੇ ਪਛਮ ਵਿਚ ਓਸਨੇ ਪਛ
ਲੋਕਾਂ ਨੂੰ ਇਸ ਦੁਰਦਸ਼ਾ ਦੀ ਖਬਰ ਜਾ ਸੁਣਾਨਦਾ ਖਿਆ
ਕੀਤਾ। ਰਾਤ ਨੂੰ ਹੋਰ ਵੀ ਖਰਾਬੀ ਹੋਣ ਦੇ ਡਰ ਤੇ ਗੋਰ
ਦੇ ਓਸ ਵੇਲੇ ਤਕ ਨਾ ਪਹੁੰਚਣ ਨੇ ਥਾਕਵੈਲ ਨੇ ਉਥੋਂ ਹ
ਜਾਣਾ ਹੀ ਠੀਕ ਸਮਝਿਆ। ਓਧਰ ਸ਼ੇਰਸਿੰਘ ਭੀ ਰਾਤ
ਹਮਲਾ ਕਰਨਾ ਠੀਕ ਨਾ ਜਾਣਿਆ। ਇਸ ਯੁਧ ਵਿਚ ਸ਼ੇ
ਸਿੰਘ ਦਾ ਕੁਝ ਵੀ ਨੁਕਸਾਨ ਨਾ ਹੋਯਾ। ਓਹ ਅਪਣੀ ਸਾ
ਫੌਜ ਤੇ ਤੋਪਾਂ ਸਣੇ ਚਨਾਂਹ ਦੇ ਦਖਣੀ ਪੁਲ ਤੋਂ ਹਟ
ਜੇਹਲਮ ਦੇ ਦਖਣੀ ਪੁਲ ਵਲ ਚਲੇ ਆਏ। ਇਸ ਲੜਾ
ਵਿਚ ਜੰਗੀ ਲਾਟ ਲਾਰਡ ਗਫ ਦੀ ਸਾਰੀ ਚਾਲਾਕ
ਬਿਰਥੀ ਗਈ। ਪਰ ਫੇਰ ਵੀ ਓਹ ਅਪਣੀ ਫਤੇ ਦੀ ਡੀਂ
ਮਾਰਨੋਂ ਨਾ ਰਿਹਾ। ਪਰ ਓਸ ਵੇਲ ਦੇ ਇਤਿਹਾਸਕਾਰਾਂ
ਸਾਫ ਹੀ ਸਿਖਾਂ ਦੀ ਜਿਤ ਮੰਨੀ ਹੈ।

ਸੈਦੁਲਾਪੁਰ ਦੀ ਲੜਾਈ ਦੇ ਪਿਛੋਂ ੪੦ ਦਿਨ ਤਕ
ਜੰਗੀਲਾਟ ਨੂੰ ਸਿਖਾਂ ਨਾਲ ਲੜਾਈ ਕਰਨ ਦਾ ਹੀਆ ਨ
ਪਿਆ। ਓਹ ਇੰਨੇ ਦਿਨ ਤਕ ਲਸੂੜੀ ਨਾਮੇ ਜਗ੍ਹਾ ਵਿ
ਪਿਆ ਰਿਹਾ। ਸੋ ਹਰੇਕ ਵਿਚਾਰਵਾਨ ਦੇ ਦਿਮਾਗ ਵਿ
ਇਹ ਵਿਚਾਰ ਪੈਦਾ ਹੋਣ ਤੋਂ ਬਿਨਾ ਨਹੀਂ ਰਹਿੰਦਾ

ਦੁਲਾਪੁਰ ਵਿਚ ਫਤੇ ਪ੍ਰਾਪਤ ਕਰਕੇ ਵੀ ਲਾਰਡ ਗਫ ਨੇ ੪੦ ਦਿਨ ਵਿਰਥ ਕਿਉਂ ਗੁਵਾਏ ? ਇਨ੍ਹਾਂ ੪੦ ਦਿਨਾਂ ਵਿਚ ਉਸਨੇ ਸ਼ੇਰ ਸਿੰਘ ਨੂੰ ਅਪਣੀ ਤਾਕਤ ਵਧਾਣ ਦਾ ਮੌਕਾ ਕਿਉਂ ਦਿਤਾ ? ਕੀ ਚਾਲੀ ਦਿਨ ਤਕ ਜੰਗੀ ਲਾਟ ਦਾ ਬੇਕਾਰ ਪਿਆ ਰਹਿਣਾ ਅੰਗ੍ਰੇਜ਼ੀ ਫੌਜ ਦੀ ਫਤੇ ਦਾ ਚਮਕਦਾ ਦ੍ਰਿਸ਼ਟਾਂਤ ਸੀ ? ਥੋੜੀ ਜਿਹੀ ਅਕਲ ਰਖਣ ਵਾਲਾ ਮਨੁਖ ਵੀ ਸਮਝ ਸਕਦਾ ਹੈ ਕਿ ਹਾਰੇ ਹੋਏ ਵੈਰੀ ਨੂੰ ੪੦ ਦਿਨਾਂ ਤਕ ਅਪਣੀ ਤਾਕਤ ਵਧਾਣ ਦਾ ਕੌਣ ਮੌਕਾ ਦਿੰਦਾ ਹੈ ? ਇਸ ਲਈ ਲਾਟ ਗਫ ਦੀ ਇਹ ਫਤੇ "ਗਿਦੜ ਨੂੰ ਅੰਗੂਰ ਖਟੇ" ਵਾਂਗ ਹੀ ਸੀ। ੧੦ ਜਨਵਰੀ ਸਨ ੧੮੪੯ ਨੂੰ ਲਾਟ ਗਫ ਲਸੂੜੀ ਤੋਂ ਚਲਿਆ ਗਿਆ। ਉਸਨੇ ਉਥੇ ਵੱਡੀ ਭਾਰੀ ਫੌਜ ਅਕਠੀ ਕੀਤੀ। ਕਰੀਬ ੨੫੦੦੦ ਸਿਪਾਹੀ ਉਸਦੇ ਪਾਸ ਹੋ ਗਏ ਸਨ। ਜਨਵਰੀ ੧੨ ਨੂੰ ਉਸਨੇ ਲਸੂੜੀ ਵਿਚ ਅਪਣੀ ਛਾਵਣੀ ਪਾਈ। ਉਥੋਂ ਚਾਰ ਕੋਹ ਦੂਰ ਰਸੂਲ ਨਾਮੀ ਪਿੰਡ ਪਾਸ ਸ਼ੇਰ ਸਿੰਘ ਨੇ ਵੀ ਕਰੀਬ ੨੩੦੦੦ ਸਵਾਰ ਫੌਜ ਅਕਠੀ ਕੀਤੀ। ਸ਼ੇਰ ਸਿੰਘ ਨੇ ਅਪਣੀ ਛਾਵਣੀ ਰਖੇ ਪਾਣ ਵਿਚ ਵੱਡੀ ਦੂਰਦੇਸ਼ੀ ਵਾਲਾ ਕੰਮ ਕੀਤਾ। ਸਿਖਾਂ ਦੇ ਡੇਰੇ ਦੇ ਪਿਛੇ ਜੇਹਲਮ ਦਰੀਆ ਵਗਦਾ ਸੀ ਤੇ ਸਾਹਮਣੇ ਇਕ ਛੋਟਾ ਜੰਗਲ ਸੀ। ਜਿਸ ਤੋਂ ਅੰਗ੍ਰੇਜ਼ਾਂ ਨੂੰ ਸਿਖਾਂ ਦੀ ਫੌਜੀ ਤਿਆਰੀ ਦਾ ਕੁਝ ਪਤਾ ਨਹੀਂ ਲਗਦਾ ਸੀ। ਸਿਖਾਂ ਦੀ ਫੌਜ ਸੱਜੇ ਤੇ ਖੱਬੇ ਪਾਸੇ ਤੋਂ ਵੀ ਦੂਰ ਹੋਈ ਸੀ। ਸ਼ੇਰ ਸਿੰਘ ਦੀ ਐਸੀ ਚਤੁਰਾਈ ਵੇਖਕੇ ਜੰਗੀ ਲਾਟ ਗਫ ਵੀ ਬਹੁਤ ਹੈਰਾਨ ਹੋਇਆ। ਉਸਨੇ ਇਹ ਸਬਿਰ ਕੀਤਾ ਕਿ ਸਿਖ ਫੌਜ ਦੇ ਖੱਬੇ ਪਾਸੇ ਉਤੇ ਚੜ੍ਹਾਈ ਕੀਤੀ ਜਾਵੇ ਤੇ ਪਿਛੋਂ ਰਾਹ ਰੋਕ ਦਿਤਾ

ਜਾਵੇ ਜਿਸਤੋਂ ਵੈਰੀ ਭਜ ਨਾਂ ਸਕੇ ।

੧੩ ਜਨਵਰੀ ਸਨ ੧੮੪੯ ਨੂੰ ਸਵੇਰੇ ਹੀ ਅੰਗ੍ਰੇ
ਫੌਜ ਵੈਰੀ ਉਤੇ ਹਮਲਾ ਕਰਨ ਲਈ ਅਗੇ ਵਧੀ । ਕ
ਕੋਹ ਚਲਕੇ ਓਹ ਚਿਲੀਆਂ ਵਾਲੇ ਦੇ ਮੈਦਾਨ ਵਿਚ ਪਹੁੰਚੀ
ਉਸ ਦਿਨ ਤਾਂ ਲਾਟ ਗਫ ਨੇ ਲੜਾਈ ਨਾ ਛੇੜਕੇ ਦੂਸੇ ਦਿ
ਉਤੇ ਇਹ ਗੱਲ ਰਖੀ । ਪਰ ਸ਼ੇਰ ਸਿੰਘ ਨੇ ਅੰਗ੍ਰੇਜ਼ੀ ਫੌ
ਨੂੰ ਇਹ ਮੌਕਾ ਹੀ ਨਾ ਦਿਤਾ । ਉਸਨੇ ਹੌਲੀ ੨ ਅਪਣੀ
ਛਡਕੇ ਅੰਗ੍ਰੇਜ਼ੀ ਫੌਜ ਉਤੇ ਹਮਲਾ ਕੀਤਾ । ਲਾਟ ਗਫ ਹਾਜ
ਸ਼ੇਰ ਸਿੰਘ ਦੀ ਇਸ ਚਤਰਾਈ ਉਤੇ ਡਾ ਚਕ੍ਰਿ
ਹੋਯਾ । ਸਿਖ ਫੌਜ ਦਾ ਐਸਾ ਰੰਗ ਢੰਗ ਵੇਖਕੇ
ਅੰਗ੍ਰੇਜ਼ੀ ਫੌਜ ਦੇ ਗੁੱਸੇ ਦੀ ਕੋਈ ਹੱਦ ਨਾ ਰਹੀ । ਉਸਨੇ
ਸਿਖ ਫੌਜ ਉਤੇ ਗੋਲਿਆਂ ਦੀ ਵਰਖਾ ਕੀਤੀ । ਕਰੀਬ ਦੋ ਘੰਟੇ
ਤਕ ਅੰਗ੍ਰੇਜ਼ੀ ਫੌਜ ਸਿਖ ਫੌਜ ਉਤ ਗੋਲੇ ਬਰਸਾਂਦੀ ਰਹੀ
ਪਰ ਸਿਖ ਫੌਜ ਇਸ ਤੋਂ ਜਰਾ ਵੀ ਨਾ ਡੋਲੀ ਓਹ ਪਹਾੜ
ਵਾਂਗ ਅਚਲ ਹੋਕੇ ਮੈਦਾਨ ਵਿਚ ਡਟੀ ਰਹੀ । ਸਾਢੇ ਤਿੰਨ
ਵਜੇ ਜੰਗੀ ਲਾਟਨੇ ਅਪਣੀ ਫੌਜ ਨੂੰ ਅਗੇ ਵਧਣ ਦਾ ਹੁਕਮ
ਦਿਤਾ । ਬ੍ਰਿਗੇਡੀਅਰ ਜਨਰਲ ਕੌਲਿਨ ਕੈਂਬਲ ਦੀ ਫੌਜ
ਸਭਤੋਂ ਮੋਹਰੇ ਹੋਈ ਤੇ ਇਸ ਫੌਜਦੇ ਵੀ ਦੋ ਹਿਸੇ ਕੀਤੇ ਗਏ
ਸਨ । ਦੂਜੇ ਹਿਸੇਦਾ ਚਾਲਕ ਪੈਨੀਕੱਕ ਨਾਮੇਂ ਅੰਗ੍ਰੇਜ਼ ਸੀ
ਪਹਿਲਾ ਹਿੱਸਾ ਖੁਦ ਕੈਂਬਲ ਦੀ ਅਧੀਨਗੀ ਹੇਠ
ਅਫਸਰ ਦੇ ਨਾਲ ਜਾ ਰਿਹਾ ਸੀ । ਇਨਾਂ ਬੀਰਾਂ ਨੇ ਵਡੀ
ਮਜ਼ਬੂਤੀ ਨਾਲ ਸਿਖ ਫੌਜ ਉਤੇ ਹਮਲਾ ਕੀਤਾ । ਥੋੜੀ ਦੇਰ
ਲਈ ਇਨਾਂ ਨੇ ਵੱਡਾ ਭਾਰੀ ਜ਼ੋਰ ਪਾ ਦਿਤਾ । ਸਿਖਾਂ ਦੀਆਂ
ਕਈਆਂ ਤੋਪਾਂ ਵਿਚ ਓਨਾਂ ਨੇ ਮੇਖਾਂ ਠੋਕ ਦਿਤੀਆਂ ।

ਪਰ ਸਿਖਾਂ ਨੇ ਵੀ ਅਪਣੀ ਸੁਭਾਵਿਕ ਬੀਰਤਾ ਦਾ ਸਬੂਤ ਦਿਤਾ। ਉਨ੍ਹਾਂ ਨੇ ਵਡੀ ਜਵਾਂ ਮਰਦੀ ਨਾਲ ਅੰਗ੍ਰੇਜ਼ੀ ਬੀਰਾਂ ਦਾ ਸਾਮਣਾ ਕੀਤਾ ਅਤੇ ਤੋਪਾਂ ਦੇ ਮੂੰਹਾਂ ਵਿਚੋ ਮੇਖਾਂ ਪੁਟ ਸੁਟੀਆਂ ਇਸ ਕੰਮ ਨੂੰ ਕਰਨ ਵੇਲੇ ਵੀ ਸਿਖਾਂ ਨੇ ਅਪਣੀ ਚਿਰ ਦੀ ਸਾਥਣ ਕ੍ਰਿਪਾਨ ਦਾ ਸਹਾਰਾ ਲਿਆ। ਉਸ ਵੇਲੇ ਜੇਹੜੇ ਗੋਰੇ ਸਿਖਾਂ ਦੀਆਂ ਤੋਪਾਂ ਨੂੰ ਮੇਖਾਂ ਠੋਕਣ ਲਈ ਅਗੇ ਵਧੇ ਉਹ ਸਾਰੇ ਤਲਵਾਰ ਦੇ ਘਾਟ ਪਾਰ ਹੋਏ। ਸਿਖਾਂ ਨੇ ਮੇਖਾਂ ਪੁਟ ਕੇ ਫੇਰ ਅਗ ਵਰਸਾਣੀ ਅਰੰਭ ਦਿਤੀ। ਇਨਾਂ ਅਗੇ ਵਧ ਹੋਏ ਬੀਰਾਂ ਵਿਚ ਕੈਂਬਲ ਵੀ ਸੀ। ਇਕ ਸਿਖ ਗੋਲੰਦਾਜ਼ ਨੇ ਤਲਵਾਰ ਨਾਲ ਕੈਂਬਲ ਨੂੰ ਜ਼ਖਮੀ ਕੀਤਾ। ਪਰ ਉਸ ਦੀ ਜਾਨ ਬਚ ਗਈ। ਕਿਉਂਕਿ ਜਿਸ ਵੇਲੇ ਉਸ ਸਿਖ ਸਿਪਾਹੀ ਨੇ ਕੈਂਬਲ ਨੂੰ ਮਾਰਨ ਲਈ ਅਪਣੀ ਤਲਵਾਰ ਖਿਚੀ ਉਸਵੇਲੇ ਇਕ ਗੋਰੇ ਸਿਪਾਹੀ ਨੇ ਉਸਦੀ ਤਲਵਾਰ ਨੂੰ ਅਪਣੀ ਤਲਵਾਰ ਨਾਲ ਰੋਕਣਾ ਚਾਹਿਆ। ਪਰ ਉਸ ਸਿਖਦੀ ਤਲਵਾਰ ਨਾਲ ਗੋਰੇ ਦੀ ਤਲਵਾਰ ਦੇ ਟੁਕੜੇ ਹੋ ਗਏ ਤੇ ਕੈਂਬਲ ਸਖਤ ਜ਼ਖਮੀ ਹੋਗਿਆ। ਇਨਾ ਹੋਣ ਪਰ ਵੀ ਕੈਂਬਲ ਨੂੰ ਫਤੇ ਮਿਲੀ। ਸਿਖਾਂ ਦੀਆਂ ਚਾਰ ਤੋਪਾਂ ਉਸਦੇ ਹਥ ਆਈਆਂ। ਅੰਗ੍ਰੇਜ਼ਾਂ ਦੀ ੩੬ ਤੇ ੪੬ ਪਲਟਨ ਨੇ ਵੀ ਇਸ ਲੜਾਈ ,ਵਿਚ ਵੱਡੀ ਬੀਰਤਾ ਵਿਖਾਈ

ਇਸਤਰਾਂ ਕੈਂਬਲਨੇ ਤਾਂ ਫਤੇ ਪਾਈ ਪਰ ਉਸਦੇ ਮਦਦਗਾਰ ਪੇਨੀਕੁਕ ਨੇ ਵੀ ਵੱਡੀ ਸਾਰੀ ਫੌਜ ਲੈਕੇ ਸਿਖਾਂ ਉਤੇ ਚੜ੍ਹਾਈ ਕੀਤੀ ਸੀ। ਸਿਖਾਂ ਨੇ ਉਸਦੀ ਫੌਜ ਉਤੇ ਖੂਬ ਗੋਲੇ ਵਸਾਏ ਤੇ ਤਲਵਾਰ ਮਾਰੀ। ਇਸਲਈ ਪੇਨੀਕੁਕ ਦੀ ਫੌਜ ਸਿਖ ਫੌਜਦੇ ਸਾਹਮਣੇ ਟਿਕ ਨਾ ਸਕੀ। ਪੇਨੀਕੁਕ

ਅਪਣੇ ੫੦੦ ਸਾਥੀਆਂ ਸਣੇ ਹਮੇਸ਼ਾ ਲਈ ਮਹਾਨੀਂਦ ਦੀ ਗੋਦੀ ਸੌਂ ਗਿਆ। ਬਹੁਤ ਕੀ ਅੰਗ੍ਰੇਜ਼ਾਂ ਦਾ ਝੰਡਾ ਵੀ ਸਿਖਾਂ ਦੇ ਹਥ ਆਯਾ। ਬ੍ਰਿਗੇਡੀਅਰ ਜਨਰਲ ਰੋਲਿਨ ਕੈਂਬਲ ਦੀ ਫੌਜ ਨੇ ਦੋ ਹਿਸਿਆਂ ਵਿਚ ਹੋਕੇ ਸਿਖ ਫੌਜ ਉਤੇ ਦੋ ਥਾਂਵਾਂ ਤੇ ਹਮਲਾ ਕੀਤਾ। ਇਕ ਹਿਸੇ ਦਾ ਚਾਲਕ ਬ੍ਰਿਗੇਡੀ-ਅਰ ਗੌਡਵੀ ਤੇ ਦੂਸਿ ਦਾ ਬ੍ਰਿਗੇਡੀਅਰ ਮੌਂਟੇ ਸੀ। ਨਾਲ ਹੀ ਦੂਜੇ ਦੋ ਸਥਾਨਾਂ ਉਤੇ ਸਰਜਾਨ ਗਿਲਬਰਟ ਦੀ ਫੌਜ ਨੇ ਵੀ ਸਿਖਾਂ ਉਤੇ ਹਮਲੇ ਕੀਤੇ। ਕੁਝ ਦੇਰ ਤਕ ਤਾਂ ਸਿਖਾਂ ਨੇ ਬੌਛਾੜ ਦਾ ਸਾਹਮਣਾ ਕੀਤਾ ਪਰ ਫੇਰ ਓਹ ਨੱਠ ਪਏ। ਇਸ ਲੜਾਈ ਵਿਚ ਚਾਰ ਤੋਪਾਂ ਅੰਗ੍ਰੇਜ਼ਾਂ ਦੇ ਹਥ ਆਈਆਂ। ਪਰ ਗਿਲਬਰਟ ਦੀ ਫੌਜ ਨੇ ਸਿਖਾਂ ਦਾ ਪਿਛਾ ਨਾ ਕੀਤਾ। ਓਹ ਸਿਖਾਂਦਾ ਪਿਛਾ ਕਰਨ ਨਾਲੋਂ ਅਪਣੇ ਜ਼ਖਮੀ ਸਿਪਾਹੀਆਂ ਨੂੰ ਉਠਾਣ ਤੇ ਸੇਵਾ ਕਰਨ ਵਿਚ ਲਗੇ ਹੋਏਸੀ ਕਿ ਓਸ ਵੇਲੇ ਸਿਖਾਂ ਨੇ ਪਿਛੋਂ ਦੀ ਆਕੇ ਉਨਾਂ ਉਤੇ ਹਲਾ ਕਰ ਦਿਤਾ ਤੇ ਭਜਣ ਦਾ ਰਾਹ ਵੀ ਬੰਦ ਕਰ ਦਿਤਾ। ਪਰ ਗਿਲਬਰਟ ਦੀ ਫੌਜ ਦੀ ਅਜਿਹੀ ਦੁਰਦਸ਼ਾ ਬਹੁਤ ਦੇਰ ਤਕ ਨਾ ਹੋਈ। ਕਿਉਂਕਿ ਇਸੇ ਵੇਲੇ ਹੀ ਕਪਤਾਨ ਡੇਨ ਅਪਣੀ ਫੌਜ ਸਣੇ ਉਸਦੀ ਸਹੈਤਾ ਲਈ ਆ ਪਹੁੰਚਾ। ਜੇਕਰ ਕਪਤਾਨ ਡੇਨ ਓਸ ਵੇਲੇ ਨਾ ਆਉਂਦਾ ਤਾਂ ਫੇਰ ਪਤਾ ਨਹੀਂ ਗਿਲਬਰਟ ਦੀ ਫੌਜ ਦਾ ਕੀ ਹਾਲ ਹੁੰਦਾ। ਗਿਲਬਰਟ ਤੇ ਡੇਨ ਦੋਹਾਂ ਦੀਆਂ ਫੌਜਾਂ ਨੇ ਸਿਖਾਂ ਉਤੇ ਗੋਲੇ ਬਰਸਾਏ। ਥੋੜੀ ਦੇਰ ਪਹਿਲੋਂ ਜੇਹੜੇ ਸਿਖ ਅੰਗ੍ਰੇਜ਼ੀ ਫੌਜ ਨੂੰ ਕਾਲ ਦਾ ਦਿਨ ਵਿਖਾਯਾ ਚਾਹੁੰਦੇ ਸਨ ਹੁਣ ਓਹ ਦਿਨ ਉਨਾਂ ਲਈ ਆ ਪਹੁੰਚਾ। ਸਿਖ ਭਜੇ ਤੇ ਉਨਾਂ ਦੀਆਂ ਤਿੰਨ ਤੋਪਾਂ ਅੰਗ੍ਰੇਜ਼ਾਂ

ਦੇ ਹਥ ਆਈਆਂ। ਓਧਰ ਗਿਲਬਰਟ ਦੇ ਅਧੀਨ ਵਾਲੀ ਅੜਵੀ ਦੀ ਫੌਸਲੇ ਵੀ ਸਿਖਾਂ ਦੀਆਂ ਪੰਜ ਤੋਪਾਂ ਖੋਹਲਈਆਂ ਇਸ ਵਿਚ ਕੋਈ ਸ਼ਕ ਨਹੀਂ ਕਿ ਇਸ ਲੜਾਈ ਵਿਚ ਸਿਖਾਂ ਨੇ ਭਾਰੀ ਬੀਰਤਾ ਵਿਖਾਈ ਤੇ ਅੰਗ੍ਰੇਜ਼ੀ ਫੌਜ ਉਤੇ ਉਨਾਂ ਭਾਰੀ ਗੋਲੇ ਵਰਸਾਏ ਜਿਸਤੋਂ ਗੋਰਵੀ ਦੀ ਫੌਜ ਲੜਾਈ ਵਿਚ ਟਿਕ ਨਾ ਸਕੀ। ਮਹਾਰਾਜ ਪੁਰ ਦੀ ਲੜਾਈ ਵਿਚ ਜੋ ਝੰਡੇ ਅੰਗ੍ਰੇਜ਼ਾਂ ਨੇ ਮਰਹਟਿਆਂ ਪਾਸੋਂ ਖੋਹੇ ਸਨ ਇਸ ਲੜਾਈ ਵਿਚ ਓਹ ਝੰਡੇ ਅੰਗ੍ਰੇਜ਼ਾਂ ਪਾਸੋਂ ਸਿਖਾਂ ਨੇ ਖੋਹ ਲਏ। ਅਪਣੇ ਸਾਥੀਆਂ ਦੀ ਇਹ ਦਸ਼ਾ ਹੁੰਦੀ ਵੇਖਕੇ ੩੦ ਵੀਂ ਦੇਸੀ ਫੌਜ ਸਿਖਾਂ ਨਾਲ ਲੜਨ ਲਈ ਅਗੇ ਵਧੀ। ਪਰ ਸਿਖਾਂ ਦੀ ਮਾਰ ਨੂੰ ਓਹ ਫੌਜ ਜ਼ਰਾ ਵੀ ਨਾ ਸਹਾਰ ਸਕੀ। ਇਸ ਲੜਾਈ ਵਿਚ ਅੰਗ੍ਰੇਜ਼ਾਂ ਦੇ ੧੯ ਅਫਸਰ ਤੇ ੬ ਸੌ ਸਿਪਾਹੀ ਜ਼ਖਮੀ ਹੋਏ ਤਥਾ ਮਾਰੇ ਗਏ। ਇਹ ਤਾਂ ਹੋਈ ਪੈਦਲ ਫੌਜ ਦੀ ਗਲ। ਹੁਣ ਸੁਣੋ ਰਸਾਲੇ ਦੀ ਕਾਰਵਾਈ ਜਿਸਤਰਾਂ ਉਸਨੇ ਅਪਣੀ ਬਹਾਦਰੀ ਵਿਖਾਈ।

ਪੈਨਿਨਸੁਲਾ ਯੁਧ ਦੇ ਪ੍ਰਸਿਧ ਯੋਧਾ ਮੇਜਰ ਜਨਰਲ ਸਰ ਜੋਸਫ ਥਾਕਵੇਲ ਨੇ ਸਿਖ ਸੈਨਾਪਤੀ ਅਤਰ ਸਿੰਘ ਦੀ ਫੌਜ ਉਤੇ ਹਮਲਾ ਕੀਤਾ। ਇਸੇ ਹੀ ਫੌਜਵਿਚ ਖੁਦ ਮਹਾਬੀਰ ਰਾਜਾ ਸ਼ੇਰ ਸਿੰਘ ਸੀ। ਥਾਕਵੇਲ ਨੇ ਅਪਣੇ ਅਧੀਨ ਅਫ-ਸਰ ਯੂਨੈਟ ਨੂੰ ਤੀਜੀ ਤੇ ਪੰਜਵੀ ਘੋੜ ਸਵਾਰ ਫੌਜ ਦੇਕੇ ਅਤਰ ਸਿੰਘ ਵਾਲੇ ਹਿਸੇ ਉਤੇ ਹਮਲਾ ਕਰਨ ਦਾ ਹੁਕਮ ਦਿਤਾ। ਯੂਨੈਟ ਨੇ ਸਿਖਾਂ ਦੇ ਵਯੂਹ ਨੂੰ ਤੋੜਨਾ ਚਾਹਿਆ ਪਰ ਸਿਖ ਵੀ ਉਸਦਾ ਹਮਲਾ ਵਿਰਥਾ ਕਰਨ ਲਈ ਕਮਰ ਬੰਨਕੇ ਖੜੇ ਹੋਗਏ। ਅੰਗ੍ਰੇਜ਼ ਬੀਰ ਸਿਖਾਂ ਦੀ ਤਲਵਾਰ

ਦਾ ਸ਼ਿਕਾਰ ਹੋਗਏ । ਖੁਦ ਬ੍ਰੁਨੇਟ ਦੇ ਸਿਰ ਤੇ ਵੀ ਇਕ ਸਿ
ਨੇ ਤਲਵਾਰ ਚਲਾਈ । ਪਰ ਉਸਦੇ ਚੰਗੇ ਭਾਗਾਂ ਨੂੰ ਪਾ
ਖੜੇ ਹੋਏ ਇਕ ਅੰਗ੍ਰੇਜ਼ ਸਿਪਾਹੀ ਨੇ ਉਸ ਸਿਖਦੀ ਤਲਵਾ
ਰੋਕ ਸੁਟੀ । ਪਰ ਫੇਰ ਵੀ ਬ੍ਰੁਨੇਟ ਬਚ ਨਾ ਸਕਿਆ । ਕਿਸੇ
ਨੇ ਪਿਛੋਂਦੀ ਆਕੇ ਉਸਦੀ ਪਿਠ ਵਿਚ ਤਲਵਾਰ ਮਾਰੀ ਜਿ
ਥੋਂ ਓਹ ਬੁਰੀ ਤਰਾਂ ਜ਼ਖਮੀ ਹੋਕੇ ਮੌਤ ਦੇ ਮੂੰਹ ਵਿਚ ਜਾ
ਪਿਆ । ਸਿਖਾਂ ਨੇ ਇਸ ਵੇਲੇ ਅਜਿਹੀ ਬੀਰਤਾ ਪ੍ਰਗਟ
ਕੀਤੀ ਕਿ ਖੁਦ ਥਾਕਵੇਲ ਦੇ ਭੰਡੀਕਾਂਗ ਮਿ: ਥਾਕਵੇਲ
ਨੇ ਅਪਣੀ ਕਿਤਾਬ—"ਨੈਰੇਟਿਵ ਆਫ ਦੀ ਸੈਕੰਡ ਸਿ
ਵਾਰ" ਵਿਚ ਲਿਖਿਆ ਕਿ "ਮੈਨੂੰ ਅਜਿਹਾ ਮਲੂਮ ਹੁੰਦ
ਸੀ ਕਿ ਮੇਰੀ ਫੌਜ ਦਾ ਇਕ ਵੀ ਆਦਮੀ ਜੀਉਂਦਾ ਨਹੀਂ।"

ਪਰ ਇਸ ਹਾਰ ਤੋਂਵੀ ਅੰਗ੍ਰੇਜ਼ਾਂ ਨੇ ਹਿੰਮਤ ਨਾ ਹਾਰੀ
ਉਨਾਂ ਨੇ ਹੋਰ ਭੀ ਵੱਡੀ ਬੀਰਤਾ ਨਾਲ ਹਮਲਾ ਕਰਨ
ਦੀ ਠਾਨੀ । ਲਾਟ ਗਫ ਨੇ ਅਪਣੀ ਫੌਜ ਦੇ ਸਜੇ ਹਿੱ
ਵਿਚੋਂ ਲਫਟੈਂਟ ਕਰਨਲ ਪੋਪ ਨੂੰ ਚਾਰ ਰਸਮਟਾਂ ਘੋ
ਸਵਾਰਾਂ ਸਣੇ ਸਿਖਾਂ ਉਤੇ ਚੜ੍ਹਾਈ ਕਰਨ ਲਈ ਭੇਜਿਆ
ਇਨਾਂ ਵਿਚ ਇਕ ਰਜਮਟ ਬਰਛੇ ਵਾਲਿਆਂ ਦੀ ਸੀ । ਸਿ
ਨੇ ਅੰਗ੍ਰੇਜ਼ੀ ਫੌਜ ਦੇ ਇਸ ਹਮਲੇ ਦੇ ਵੇਲੇ ਵੀ ਵੱਡੀ ਬੀਰਤ
ਦਾ ਸਬੂਤ ਦਿਤਾ । ਸਿਖ ਸਿਪਾਹੀਆਂ ਨੇ ਅੰਗ੍ਰੇਜ਼ੀ ਬੀਰਾਂ ਦੇ
ਬਰਛਿਆਂ ਨੂੰ ਅਪਣੀਆਂ ਢਾਲਾਂ ਉਤੇ ਰੋਕ ਕੇ ਨਿਕੰਮ
ਕਰ ਦਿਤਾ ਅਤੇ ਅਪਣੀ ਤਲਵਾਰ ਦੀ ਧਾਰ ਨਾ
ਅੰਗ੍ਰੇਜ਼ੀ ਬੀਰ ਰਣਭੂਮੀ ਵਿਚ ਲਿਟਾ ਦਿਤੇ । ਮਿਸਟ
ਥਾਕਵੇਲ ਨੇ ਅਪਣੀ ਕਿਤਾਬ—"ਨੈਰੇਟਿਵ ਆਫ ਦੀ
ਸੈਕੰਡ ਸਿਖਵਾਰ" ਵਿਚ ਸਿਖਾਂ ਦੀ ਬੀਰਤਾ ਦਾ ਜ਼ਿਕਰ

ਰਦਿਆਂ ਹੋਯਾਂ ਲਿਖਿਆ ਹੈ ਕਿ—ਇਕ ਪੈਦਲ ਸਿਖ ਗ੍ਰੇਜ਼ੀ ਰਸਾਲੇ ਦੇ ਤਿੰਨ ਸਥਾਨ ਰਖਦਾ ਸੀ । ਸੋ ਸਿਖਾਂ ਦੀ ਇਸ ਬੀਰਤਾ ਨਾਲ ਅੰਗ੍ਰੇਜ਼ਾਂ ਦੇ ਛੱਕੇ ਛੁਟ ਗਏ । ਮੈਦਾਨ ਚ ਅੰਗ੍ਰੇਜ਼ੀ ਦੇਸ ਦੇ ਮੁਰਦਿਆਂ ਦਾ ਢੇਰ ਲਗ ਗਿਆ । ਏਥੋਂ ਤੁਕ ਕਿ ਅੰਗ੍ਰੇਜ਼ੀ ਰਸਾਲੇਦੇ ਸੈਨਾਪਤੀ ਕਰਨਲ ਪੋਪ ੀ ਇਕ ਸਿਖ ਦੀ ਕ੍ਰਿਪਾਨ ਨਾਲ ਹਮੇਸ਼ਾ ਲਈ ਸੌਂ ਗਏ । ਜਸਤ੍ਰਾਂ ਸਰ੍ਹ ਦੇ ਬਿਨਾ ਮੰਜੀ ਤੇ ਪਖਾਂ ਬਿਨਾਂ ਪੰਛੀ ਤੜਫਦਾ ਹੈ ਓਸੇਤ੍ਰਾਂ ਸੈਨਾਪਤੀ ਹੀਨੇ ਅੰਗ੍ਰੇਜ਼ੀ ਫੌਜ ਭਜ ਈ । ਸਿਖਾਂ ਨੇ ਵੀ ਓਸਦਾ ਪਿਛਾ ਨਾ ਛਡਿਆ । ਜੇਹੜਾ ੋਈ ਕਾਬੂ ਆਯਾ, ਉਸਨੂੰ ਹੀ ਕ੍ਰਿਪਾਨ ਭੇਟ ਕਰਦੇ ਗਏ । ਅੰਗ੍ਰੇਜ਼ੀ ਫੌਜ ਦੇ ਜ਼ਖਮੀ ਕਹਾਰਾਂ, ਡਾਕਟਰਾਂ ਆਦਿਕਾਂ ਨੂੰ ੀ ਉਨਾਂ ਮਲ ਦਿਤਾ । ਅੰਗ੍ਰੇਜ਼ਾਂ ਦੀ ਰਸਦ ਇਧਰ ਉਧਰ ਰੁਲ ਗਈ । ਅੰਗ੍ਰੇਜ਼ਾਂ ਨੂੰ ਆਪਣੀਆਂ ਤੋਪਾਂ ਦੀ ਕੁਝ ਖਬਰ ਨਾ ਰਹੀ । ਘੋੜ ਸਵਾਰਾਂ ਵਿਚੋਂ ਕਿਸੇ ਨੇ ਵੀ ਲਾਟ ਗਫ ਦੇ ਪਾਸ ਪਹੁੰਚਣ ਤੋਂ ਪਹਿਲਾਂ ਰਾਹ ਵਿਚ ਕਿਸੇ ਜਗ੍ਹਾ ਘੋੜੇ ਤੋਂ ਉਤਰਨਾ ਤੇ ਠਹਿਰਨਾ ਉਚਿਤ ਨਾ ਸਮਝਿਆ । ਮੇਜਰ ਕ੍ਰਿਸਟੀ ਤੋਪਾਂ ਕਾਬੂ ਕਰਕੇ ਭਜਿਆ ਪਰ ਰਾਹ ਵਿਚ ਹੀ ਸਿਖਾਂ ਨੇ ਉਸਨੂੰ ਤਲਵਾਰ ਨਾਲ ਲਿਟਾ ਦਿਤਾ । ਤੋਪਾਂ ਛਹਕੇ ਸਿਖ ਅਗੇ ਵਧੇ । ਕਈਆਂ ਗੋਰਿਆਂਨੇ ਤਾਂ ਜੰਗਲ ਵਿਚ ਲੁਕਕੇ ਆਪਣੀ ਜਾਨ ਬਚਾਈ । ਆਪਣੇ ਰੌਲਦਾਰਾਂ ਨੂੰ ਬਚਾਣ ਲਈ ਕੁਝ ਅੰਗ੍ਰੇਜ਼ ਸੰਗੀਨਾਂ ਲੈਕੇ ਸਿਖਾਂ ਨੂੰ ਰੋਕਣ ਲਈ ਆਏ । ਪਰ ਉਨਾਂ ਦੀ ਹਥ ਦੀ ਸੰਗੀਨ ਹਥ ਵਿਚ ਰਹਿ ਗਈ ਤੇ ਓਹ ਸਦਾ ਲਈ ਸੌਂ ਗਏ । ਲਾਟ ਗਫ ਦਾ ਡੇਰਾ ਵੀ ਹੁਣ ਡਰ ਤੋਂ ਖਾਲੀ ਨਹੀਂ ਸੀ । ਸਿਖ ਸਿਧੇ

ਭਾਰੀ ਤੇਜ਼ੀ ਨਾਲ ਅਗੇ ਵਧ ਰਹੇ ਸਨ ਉਸਤੋਂ ਡਰ
ਅੰਗ੍ਰੇਜ਼ੀ ਫੌਜ ਦੇ ਕਈ ਬੀਰਾਂ ਨੇ ਵੀ ਜੰਗੀ ਲਾਟ ਨੂੰ ਨ
ਜਾਣ ਦੀ ਸਲਾਹ ਦਿਤੀ। ਪਰ ਲਾਰਡ ਗਫ ਨੇ ਅਜਿ
ਸਮੇਂ ਅਪਣੀ ਥਾਂ ਤੋਂ ਹਿਲਣਾ ਠੀਕ ਨਾ ਸਮਝਿਆ। ਸੈਨ
ਪਤੀ ਦੇ ਬਾਡੀਗਾਰਡਨੇਵੀ ਵੱਡੇ ਜੋਰ ਨਾਲ ਤੋਪਾਂ ਛਡੀਆ
ਪਰ ਲਾਟ ਗਫ ਅਪਣੀ ਜਗ੍ਹਾਂ ਤੋਂ ਨਾ ਹਟਿਆ। ਇਸਤਰ
ਸਿਖ ਘੋੜ ਸਵਾਰਾਂ ਦੇ ਹਮਲੇ ਨਾਲ ਅੰਗ੍ਰੇਜ਼ੀ ਫੌਜ
ਵੱਡੀ ਦੁਰਗਤੀ ਹੋਈ।

ਅਸਲ ਵਿਚ ਹੀ ਇਹ ਦਿਨ ਸਿਖਾਂ ਲਈ ਵੱ
ਗੌਰਵ ਦਾ ਸੀ। ਪੈਨਿਨਸੂਲਾ ਦੀ ਲੜਾਈ ਵਿਚ ਜਿ
ਰਸਾਲੇ ਨੇ ਮਹਾਬੀਰ ਨੈਪੋਲੀਅਨ ਨੂੰ ਹਰਾਯਾ ਸੀ ਓ
ਰਸਾਲਾ ਪੰਜਾਬ ਵਿਚ ਸਿਖਾਂ ਦੇ ਸਾਹਮਣੇਨਾ ਟਿਕ ਸਕਿਆ
ਪੈਨਿਨਸੂਲਾ ਦੇ ਜੰਗ ਦੇ ਝੰਡੇ ਜੋ ਜਿਤ ਦੀਆਂ ਨਿਸ਼ਾਨੀਆ
ਸਰੂਪ ਅੰਗ੍ਰੇਜ਼ਾਂ ਦੇ ਪਾਸ ਸਨ ਓਹ ਸਿਖਾਂ ਦੇ ਹਥ ਆਏ
ਪਰ ਲਾਰਡ ਗਫ ਨੇ ਫੇਰ ਵੀ ਹਿੰਮਤ ਨਾ ਹਾਰੀ। ਉਸਨੇ
ਇਕਵਾਰੀ ਫੇਰ ਸਿਖਾਂ ਨੂੰ ਲੜਾਈ ਵਿਚੋਂ ਨਠਾਣ ਦਾ ਉਦ
ਕੀਤਾ। ਉਸਨੇ ਬ੍ਰਾਈਡ ਤੇ ਵ੍ਹਾਈਟ ਨਾਮੇਂ ਅਫਸਰਾਂ
ਅਪਣੇ ਖੱਬੇ ਪਾਸਿਓਂ ਸਿਖਾਂ ਦੇ ਸਜੇ ਪਾਸੇ ਉਤੇ ਹਮਲ
ਕਰਨ ਲਈ ਕਿਹਾ। ਅਕਾਸ਼ ਪਾੜਨ ਵਾਲੀਆ ਤੋਪਾਂ
ਗਰਜ ਕਰਦੇ ਹੋਏ ਓਹ ਸਿਖਾਂ ਉਤੇ ਹਮਲਾ ਕਰਨ ਚਲੇ
ਸਿਖ ਫੌਜ ਦੀ ਬੈਟਰੀ ਦੇ ਅਫਸਰ ਅਤਰ ਸਿੰਘ ਦੀਆਂ ਤੋਪ
ਕੁਝ ਦੇਰ ਲਈ ਬੰਦ ਹੋਗਈਆਂ ਸਨ। ਇਹ ਵੇਖਕੇ ਬ੍ਰਾਈ
ਨੇ ਸੋਚਿਆ ਕਿ ਮੇਰੀਆਂ ਤੋਪਾਂ ਨੇ ਅਤਰ ਸਿੰਘ ਦੀਆਂ ਤੋਪ
ਬੰਦ ਕਰ ਦਿਤੀਆਂ ਹਨ। ਪਰ ਉਸਨੂੰ ਛੇਤੀ ਹੀ ਅਪਣ

ਲ ਮਾਲੂਮ ਹੋਈ। ਕਿਉਂਕਿ ਥੋੜ੍ਹੀ ਦੇਰ ਦੇ ਬਾਦ ਹੀ ਫੇਰ
ਤਰਸਿੰਘ ਦੀਆਂ ਤੋਪਾਂ ਅਗ ਵਸਾਣ ਲਗੀਆਂ। ਸਿਖ
ਜ ਦੇ ਗੋਲੇ ਬਿਰਥੇ ਨਾ ਗਏ। ਓਨਾਂਦੀਆਂ ਤੋਪਾਂ ਦੇ ਗੋਲੇ
ਗ੍ਰੇਜ਼ੀਫੌਜ ਉਤੇ ਓਲੇ ਹੋਕੇ ਡਿਗਣ ਲਗੇ। ਅੰਗ੍ਰੇਜ਼ੀ ਫੌਜ
ਨਾਂਦੀ ਮਾਰ ਨਾ ਸਹਾਰ ਸਕੀ। ਅੰਗ੍ਰੇਜ਼ੀ ਫੌਜਦੇ ਅਨੇਕਾਂ
ਰ ਸੌਂ ਗਏ। ਓਨਾਂ ਦੀਆਂ ਤੋਪਾਂ ਬੰਦ ਹੋਗਈਆਂ ਤੇ ਰਸਦ
ਰੀਆਂ ਗਡੀਆਂ ਚਕਨਾਚੂਰ ਹੋਪਈਆਂ। ਇਸਤਰਾਂ ਨਾਲ
ਗ੍ਰੇਜ਼ੀ ਫੌਜ ਨੂੰ ਵੱਡੀ ਔਖਿਆਈ ਦਾ ਸਾਮਣਾ ਕਰਨਾ
ਆ ਤੇ ਓਸ ਦਿਨ ਦੀ ਲੜਾਈ ਇਥੇ ਖਤਮ ਹੋਗਈ।
ਮ ਦੇ ਪੰਜ ਵਜ ਚੁਕੇ ਸਨ। ਬੀਰਾਂਦੇ ਲਹੂ ਨਾਲ ਲਾਲ
ਈ ਧਰਤੀ ਉਤੇ ਹਨੇਰੀ ਰਾਤ ਨੇ ਆ ਡੇਰਾ ਸਮਾਯਾ।

ਰਾਤ ਪੈ ਜਾਣ ਕਰਕੇ ਅੰਗ੍ਰੇਜ਼ੀ ਕੈਂਪ ਵਿਚ ਹੋਰ ਵੀ
ਘਬਰਾਹਟ ਫੈਲ ਗਈ। ਕਿਉਂਕਿ ਲੜਾਈ ਵਿਚ ਉਨਾਂ ਦਾ
ਭਾਰੀ ਨੁਕਸਾਨ ਹੋਯਾ ਸੀ। ਤੇ ਇਸਤੋਂ ਓਹ ਬਹੁਤ ਗੁਸੇ
ਚ ਵੀ ਸਨ। ਰਾਤ ਨੂੰ ਸਿਖਾਂ ਉਤੇ ਹਮਲਾ ਕਰੀਏ ਕਿ
ਹੀਂ ਇਸੇ ਗਲ ਦੀ ਵਿਚਾਰ ਕਰਦੇ ਰਹੇ। ਕਿਸੇ ੨ ਸੈਨਾ
ਤੀ ਨੇ ਜੰਗੀਲਾਟ ਗਫ ਨੂੰ ਮੈਦਾਨ ਵਿਚੋਂ ਚਲੇ ਜਾਣ ਦੀ
ਲਾਹ ਦਿਤੀ। ਪਰ ਸਰਕੋਲਿਨ ਕੈਂਬਲ ਮੈਦਾਨ ਛਡਕੇ
ਲੇ ਜਾਣ ਦੇ ਮਤੇ ਉਤੇ ਵਿਗੜ ਪਿਆ। ਉਸਨੇ ਜੰਗੀਲਾਟ
ਕਿਹਾ—"ਕੀ ਮੈਂ ਅਪਣੇ ਮਰੇ ਹੋਏ ਸਿਪਾਹੀਆਂ ਨੂੰ
ਰੀਆਂ ਦੇ ਹਥ ਸੌਂਪਕੇ ਚਲਿਆ ਜਾਵਾਂ? ਇਹ ਕਦੇ
ਹੀਂ ਹੋ ਸਕਦਾ।" ਰਾਤ ਹੌਲੀ ੨ ਵਧਦੀ ਹੀ ਜਾਂਦੀ ਸੀ।
ਸਪਾਹੀਆਂ ਨੂੰ ਪਿਆਸ ਬਹੁਤ ਸਤਾ ਰਹੀ ਸੀ। ਰਸਦ
ਧਰ ਓਧਰ ਡੁਲ੍ਹੀ ਪਈ ਸੀ ਤੇ ਉਸਦੀ ਸੰਭਾਲ ਕਰਨੀ

ਫੇਰ ਵੀ ਔਖਾ ਕੰਮ ਸੀ। ਪਰ ਲਾਟ ਗਫ ਨੇ ਮੈਦਾਨ ਛ
ਜਾਣ ਵਿਚ ਹੀ ਅਪਣੀ ਖੈਰ ਸਮਝੀ। ਓਹ ਚਿਲੀਆਂ ਵਾ
ਵਲ ਚਲ ਪਿਆ ਜਾਣ ਵੇਲੇ ਅੰਗ੍ਰੇਜ਼ੀ ਫੌਜ ਅਪਣੀਆਂ
ਵਡੀਆਂ ਤੋਪਾਂ ਵੀ ਛਡ ਗਈ। ਉਨ੍ਹਾਂ ਦੇ ਬਹੁਤ ਸਾਰੇ ਵਡੇ
ਝੰਡੇ ਤੇ ਰਸਦ ਦੇ ਗਡੇ ਛੁਟ ਗਏ।

ਅੰਗ੍ਰੇਜ਼ ਅਗੇ ਵਧੇ ਤਾਂ ਸਹੀ ਪਰ ਉਨ੍ਹਾਂ ਨੂੰ ਬਰਾਬ
ਇਸ ਗਲ ਦਾ ਖਟਕਾ ਲਗਾ ਰਿਹਾ ਕਿ ਕਿਧਰੇ ਪਿਛੋਂ
ਸਿਖ ਆਕੇ ਹਮਲਾ ਨਾ ਕਰਨਾਪਵਾ ਨਹੀਂ ਉਸ ਵੇਲੇਸਿਖ
ਨੇ ਅੰਗ੍ਰੇਜ਼ਾਂ ਦੀ ਐਸੀ ਦੁਰਦਸ਼ਾ ਵੇਖਕੇ ਵੀ ਹਮਲਾ ਕਿਉਂ
ਕੀਤਾ ? ਇਸਦਾ ਕੁਝ ਪਤਾ ਨਹੀਂ ਲਗਦਾ। ਹਾਂ ਓਨਾਂ
ਉਸ ਰਾਤ ਅੰਗ੍ਰੇਜ਼ਾਂ ਦੀਆਂ ਛੁਟ ਗਈਆਂ ਤੋਪਾਂ ਅਕਠੀਆ
ਕੀਤੀਆਂ ਤੇ ਲੜਾਈ ਵਿਚ ਮਾਰੇ ਗਏ ਬੀਰਾਂ ਨੂੰ
ਅਗਨੀ ਭੇਟਕੀਤਾ। ਇਹ ਕੰਮ ਕਰਕੇ ਉਨਾਂਨੇ ਮੈਦਾਨ ਤੋਂ
ਛੇਕ ਕੋਹ ਦੂਰ ਜਾਕੇ ਅਪਣਾ ਡੇਰਾ ਜਮਾਯਾ। ਦੂਜੇ ਦਿ
ਸਵੇਰੇ ਅੰਗ੍ਰੇਜ਼ਾਂ ਨੇ ਮੈਦਾਨ ਵਿਚ ਜਾਕੇ ਵੇਖਿਆ ਤਾਂ ਉਨਾਂ
ਪਤਾ ਲੱਗਾ ਕਿ ਵੈਰੀ ਨੇ ਉਨ੍ਹਾਂ ਦੀਆਂਰਹਿ ਗਈਆ ਚੀਜ
ਵਿਚੋਂ ਇਕ ਵੀ ਨਹੀਂ ਛਡੀ। ਅਰਥਾਤ ਸਿਖ ਸਾਰੀਆ
ਚੀਜ਼ਾਂ ਹੂੰਝਕੇ ਲੈਗਏ। ਵਡੀਆਂ ਤੋਪਾਂ ਦੇ ਸਿਵਾ ਸਿਖਾਂ
ਹਥ ਅੰਗ੍ਰੇਜ਼ਾਂ ਦੀਆਂ ੧੨ ਛੋਟੀਆਂ ਤੋਪਾਂ ਵੀ ਆਈਆਂ
ਇਸਤਰਾਂ ਚਿਲੀਆਂ ਵਾਲੇਦੀ ਲੜਾਈ ਖਤਮ ਹੋਈ। ਉ
ਦਿਨ ਦੀ ਢਾਈ ਘੰਟਿਆਂ ਦੀ ਲੜਾਈ ਵਿਚ ਅੰਗ੍ਰੇਜ਼ਾਂ
੮੯ ਸੈਨਾਪਤੀ ਤੇ ੨੩੫੧ ਸਿਪਾਹੀ ਮਾਰੇ ਗਏ। ਸਚਪੁ
ਤਾਂ ਚਿਲੀਆਂ ਵਾਲੇ ਦੀ ਅੰਗ੍ਰੇਜ਼ਾਂ ਸਿਖਾਂ ਦੀ ਲੜਾਈ ਹਿੰਦੁ
ਸਤਾਨ ਦੇ ਇਤਿਹਾਸ ਵਿਚ ਹਮੇਸ਼ਾ ਲਈ ਸੁਨੈਹਰੀ ਅਖ

ਰ ਚਮਕਦੀ ਰਹੇਗੀ। ਕਿਉਂਕਿ ਜੇਹੜੀ ਅੰਗ੍ਰੇਜ਼ ਕੌਮ ਜੋਧਾ ਨੈਪੋਲੀਅਨ ਦੇ ਹੰਕਾਰ ਨੂੰ ਦੂਰ ਕਰਨ ਦੀ ਸ਼ੇਖੀ ਕਰਦੀ ਹੈ ਜਾਂ ਜਰਮਨੀ ਦੇ ਪ੍ਰਚੰਡ ਬੀਰਾਂ ਨੂੰ ਹਰਾਣ ਦੇ ਦਮਗਜੇ ਮਾਰਦੀ ਹੈ ਉਸ ਅੰਗ੍ਰੇਜ਼ ਕੌਮ ਨੇ ਸਿਖਾਂ ਵਾਲੇ ਦੀ ਲੜਾਈ ਵਿਚ ਹਿੰਦੁਸਤਾਨ ਦੇ ਬੀਰ ਸਿਖਾਂ ਦੇ ਸਾਮਣੇ ਸਿਰ ਨਿਵਾਯਾ ਸੀ। ਕਿਸੇ ਦਿਲਵਾਲੇ ਲੇਖਕ ਨੇ ਇਹ ਬਹੁਤ ਠੀਕ ਲਿਖਿਆ ਹੈ:—

"ਇਤਿਹਾਸ ਦੇ ਇਸ ਆਸ਼ਚਰਜੋਗ ਧਨ ਅਲੌਕਿਕ ਬੀਰਤਾ ਦੀ ਬਾਬਤ ਭਾਰਤਵਰਸ਼ ਬਹੁਤ ਸਮੇਂ ਤੋਂ ਪ੍ਰਸਿਧ ਹੈ। ਜੇਕਰ ਕੋਈ ਰਣਦੇਆਂ ਤਰੰਗਾਂ ਵਾਲੇ ਗ੍ਰੀਸ ਨਾਲ ਹਿੰਦੁਸਤਾਨ ਦੀ ਸਮਾਨਤਾ ਦਸਣੀ ਚਾਹੇ। ਜੇਕਰ ਕੋਈ ਗ੍ਰੀਸ ਦੇ ਸੈਨਾਪਤੀਆਂ ਦੇ ਹਾਲ ਪੜ੍ਹ ਕੇ ਭਾਰਤ ਵੱਲ ਅਖਾਂ ਖੋਲਕੇ ਦੇਖੇ, ਤਾਂ ਓਹ ਬਿਨਾ ਸੰਗਦੇ ਇਹ ਆਖੇਗਾ ਕਿ ਹਲਦੀਘਾਟੀ ਹਿੰਦੁਸਤਾਨ ਦਾ ਥਰਮਾਪਲੀ ਤੇ ਚਿਲੀਆਂ ਵਾਲਾ ਮਾਰਾਥਨ ਹੈ* ਮੇਵਾੜ ਦਾ ਰਾਣਾ ਪ੍ਰਤਾਪ ਭਾਰਤਵਰਸ਼ ਦਾ ਲਿਓਨੀਦਸ ਤੇ ਪੰਜਾਬ ਦਾ ਰਾਜਾ ਸ਼ੇਰਸਿੰਘ ਹਿੰਦੁਸਤਾਨ ਦਾ ਮਿਲਤਾਨੀ-ਦਸ ਹੈ† ਜੇਕਰ ਕਿਸੇ ਬੀਰਾਂ ਦੇ ਸਿਰੋਮਣੀ ਨੇ ਕੌਮ ਦੀ ਪ੍ਰੀਤੀ ਦੇ ਫੁਲਾਂ ਦੇ ਹਾਰ ਪਾਏ ਹਨ, ਜੇਕਰ ਕਿਸੇ ਵੱਡੇ ਪਰਾਕ੍ਰਮ ਵਾਲੇ ਮਹਾਨਪੁਰਸ਼ ਨੇ ਅਪਣੀ ਦੇਸ਼ਭਗਤੀ ਪਿਛੇ ਸੁਰਗੀ ਦੇਵ-ਤਿਆਂ ਦੀ ਸਭਾ ਵਿਚ ਤੇ ਸਰੰਦੇ ਦੀ ਸੁਰ ਨੂੰ ਸ਼ਰਮਾਣ ਵਾਲੀ ਮਿਠੀ ਅਵਾਜ਼ ਵਿਚ ਉਪਮਾ ਪਾਈ ਹੈ ਤਾਂ ਓਹ ਲਿਓ-ਨੀਦਸ ਅਤੇ ਮਿਲਤਾਈਦਸ ਤਥਾ ਇਹ ਪ੍ਰਤਾਪ ਸਿੰਘ ਤੇ

---

*ਗ੍ਰੀਸ ਦੇ ਲੜਾਈ ਦੇ ਮੈਦਾਨ। †ਗ੍ਰੀਸ ਦੇਸ਼ ਦੇ ਪ੍ਰਸਿਧ ਜੋਧੇ।

ਸ਼ੇਰ ਸਿੰਘ ਹਨ। ਫਿਲੀਆਂ ਵਾਲਾ ਉਨੀਹਵੀਂ ਸਦੀਦੀ ਇ
ਪਵਿਤ੍ਰ ਰਣਭੂਮੀ ਹੋ ਗਈ ਹੈ। ਹਿੰਦੁਸਤਾਨ ਦੇ ਇਤਿਹਾ
ਵਿਚੋਂ ਇਸ ਪਵਿਤ੍ਰ ਯੁਧਖੇਤ੍ਰ ਦੀ ਗੌਰਵ ਭਰੀ ਕਹਾਣੀ ਕ
ਦੂਰ ਨਹੀਂ ਹੋਵੇਗੀ।" (ਭਾਰਤ ਕੀਰਤੀ ਸਫਾ ੯੯

ਚਿਲੀਆਂ ਵਾਲੇ ਦੀ ਲੜਾਈ ਵਿਚ ਫਤੇ ਪ੍ਰਾਪ
ਕਰਕੇ ਰਾਜਾ ਸ਼ੇਰ ਸਿੰਘ ਨੇ ਫਤੇ ਦੀ ਖੁਸ਼ੀ ਵਿਚ ਤੋਪ ਚਲ
ਪਰ ਓਹ ਤੋਪ ਜੰਗੀਲਾਟ ਗਫ ਨੂੰ ਨਾ ਸਹੀ ਗਈ। ਅ
ਕਜ ਤਾਂ ਇਹ ਹੈ ਕਿ ਲੜਾਈ ਵਿਚ ਫੰਗੀਤਰਾਂ ਹਾਰ ਜਾ
ਪਰ ਵੀ ਜੰਗੀਲਾਟ ਗਫ ਅਪਣੀ ਫਤੇ ਦਸਣ ਤੋਂ ਜ਼ਰਾ ਨ
ਸ਼ਰਮਾਯਾ। ਸਗੋਂ ਉਸਦੇ ਲਈ ਲਾਟ ਡਲਹੌਜੀਨੇ ਭੀ ਹਿੰਦੁ
ਸਤਾਨ ਦ ਸਾਰੇ ਤੋਪਖਾਨਿਆਂਨੂੰ ਫਤੇਦੀ ਖੁਸ਼ੀ ਵਿਖਾਣ ਲਈ
੧੦੧ ਤੋਪਾਂ ਛਡਣ ਦਾ ਹੁਕਮ ਦਿਤਾ। ਸੋ ਇਸਦੀ ਬਾਬ
ਅਸੀਂ ਦੇਸੀ ਇਤਿਹਾਸਕਾਰਾਂ ਦੀ ਇਥੇ ਸੰਮਤੀ ਨਾ ਲਿਖ
ਕੁਝ ਵਿਦੇਸੀ ਇਤਿਹਾਸਕਾਰਾਂਦੀ ਗਵਾਹੀ ਲਿਖਦੇ ਹਾਂ ਜਿ
ਤੋਂ ਇਸ ਪੁਸਤਕ ਦੇ ਪਾਠਕਾਂ ਨੂੰ ਅੰਗ੍ਰੇਜ਼ਾਂ ਦੀ ਜਿਤ ਦ
ਸੱਚਾਈ ਦਾ ਪਤਾ ਲਗ ਜਾਵੇਗਾ। ਕਈ ਸੱਚਾਈ ਦ ਪਜਾ
ਅੰਗ੍ਰੇਜ਼ ਇਤਿਹਾਸਕਾਰਾਂਨੇ ਖੁਲੇਮੂੰਹ ਸਿਖ ਫੌਜਦ ਜਿੱਤ ਅ
ਅੰਗ੍ਰੇਜ਼ਾਂ ਦੀ ਹਾਰ ਮੰਨੀ ਹੈ ਸਰ ਅਰਨੋਲਡ ਨੇ ਅਪਣ
ਕਿਤਾਬ 'ਦੀ ਮਾਰਕੀਸ ਆਫ ਡਲਹੌਜੀਜ਼ ਐਡਮਿਨਿ
ਟ੍ਰੇਸ਼ਨਆਫ ਬ੍ਰਿਟਿਸ਼ ਇੰਡੀਆ'ਵਿਚ ਲਿਖਿਆ ਹੈਜੇਕਰ ਸਿ
ਇਸਤਰਾਂ ਅੰਗ੍ਰੇਜ਼ਾਂ ਨੂੰ ਇਕ ਹੋਰ ਹਾਰਦੇ ਦੇਂਦੇ ਤਾਂ ਸਿ
ਪੰਜਾਬਤੋਂ ਹੀ ਨਹੀਂ ਬ੍ਰਿਟਿਸ਼ ਹਿੰਦੁਸਤਾਨ ਤੋਂਵੀ ਅੰਗ੍ਰੇਜ਼ਾਂ
ਹਥ ਧੋਣੇ ਪੈਂਦੇ। ਅਨੇਕਾਂ ਅੰਗ੍ਰੇਜ਼ ਫੌਜੀਆਂ ਨੇ ਵੀ ਇ
ਕਲ ਸਾਫ ਤੌਰ ਤੇ ਮੰਨੀ ਹੈ ਚਿਲੀਆਂ ਵਾਲੇ ਦੀ ਲੜਾ

ਸਿਖਾਂ ਦੀ ਹੀਰਵਿਭਿਆਈ ਵਧਾਣ ਵਾਲੀ ਸੀ*

ਸਨ ੧੮੪੯ ਈ: ਦੇ ਕਲਕਤਾ ਰਿਵਯੂ ਦੇ ਸਫੇ ੨੯੬ ਉਤੇ ਲਿਖਿਆ ਹੈ ਕਿ ਭਾਰਤ ਵਿਚ ਅੰਗ੍ਰੇਜ਼ਾਂ ਦੇ ਜਿਤਨੇ ਜੰਗ ਹੋਏ ਹਨ ਉਨ੍ਹਾਂ ਵਿਚੋਂ ਚਿਲੀਆਂ ਵਾਲੇ ਦਾ ਜੰਗ ਉਨ੍ਹਾਂ ਲਈ ਅਤਿਭਯਾਨਕ ਹੋਇਆ। ਸਰ ਲੇਪਿਲ ਗ੍ਰਿਫਿਨ ਨੇ ਅਪਣੀ ਕਿਤਾਬ "ਦੀ ਰਾਜਾਜ਼ ਆਫ ਪੰਜਾਬ" ਦੇ ੧ ਸਫੇ ਉਤੇ ਲਿਖਿਆ ਹੈ ਕਿ ਚਿਲੀਆਂ ਵਾਲੇ ਦੀ ਲੜਾਈ ਅਫਗਾਨਿਸਤਾਨ ਦੀ ਮਹਾਨ ਹਤਯਾ ਦੇ ਸਮਾਨ ਹੀ ਅੰਗ੍ਰੇਜ਼ਾਂ ਦੇ ਲਈ ਬੜੀ ਭਯਾਨਕ ਹੋਈ ਸੀ। ਸਿਖਾਂ ਦੇ ਪ੍ਰਸਿਧ ਇਤਿਹਾਸ ਲੇਖਕ ਜਨਰਲ ਕਨਿੰਘਮ ਨੇ ਚਿਲੀਆਂ ਵਾਲੇ ਦੀ ਉਕਤ ਲੜਾਈ ਨੂੰ ਮਹਾਬੀਰ ਸਿਕੰਦਰ ਤੇ ਪੋਰਸ ਦੀ ਲੜਾਈ ਦੀ ਉਪਮਾ ਦਿਤੀ ਹੈ। ਹੋਰ ਤਾਂ ਹੋਰ ਸਤਸਮੁੰਦ੍ਰ ਤੇ ਤੇਰ੍ਹਾਂ ਨਦੀਆਂ ਪਾਰ ਵਾਲੇ ਅੰਗ੍ਰੇਜ਼ਾਂ ਦਾ ਦਿਲ ਵੀ ਚਿਲੀਆਂ ਵਾਲੇ ਦੀ ਲੜਾਈ ਦੇ ਨਤੀਜੇ ਨੂੰ ਵੇਖਕੇ ਕੰਬ ਉਠਿਆ ਸੀ। ਡਯੂਕ ਆਫ ਵੈਲਿੰਗਟਨ ਵਰਗੇ ਹਿੰਮਤਵਾਲੇ ਮਹਾਬੀਰ ਵੀ ਲੜਾਈ ਦੇ ਇਸ ਨਤੀਜੇ ਨੂੰ ਵੇਖਕੇ ਕੁਝ ਡਰ ਗਏ ਸਨ। ਅੰਗ੍ਰੇਜ਼ 'ਕੇ' ਨੇ ਅਪਣੀ ਕਿਤਾਬ—"ਹਿਸਟਰੀ ਆਫ ਦੀ ਸਿਪਾਹੀ ਵਾਰ" ਦੇ ਸਫੇ ੪੧੯ ਉਤੇ ਲਿਖਿਆ ਹੈ-ਚਿਲੀਆਂ ਵਾਲੇ ਦੀ ਲੜਾਈ ਵਿਚ ਅੰਗ੍ਰੇਜ਼ੀ ਤੋਪਾਂ ਸਿਖਾਂ ਦੇ ਹਥ ਆਈਆਂ। ਉਨ੍ਹਾਂ ਦੀਆਂ ਝੰਡੀਆਂ ਨੇ ਸਿਖਾਂ ਦੀ ਸ਼ਾਨ ਨੂੰ ਵਧਾਇਆ। ਅੰਗ੍ਰੇਜ਼ੀ ਰਸਾਲਾ ਸਿਖਾਂ ਪਾਸੋਂ ਹਾਰਕੇ ਅਪਣੀ

---

*ਵੇਖੋ ਬਾਕਵੇਲ ਦੀ ਕਿਤਾਬ—ਨੈਰੇਟਿਵ ਆਫ ਦੀ ਸੈਕੰਡ ਸਿਖ ਵਾਰ ਦਾ ਸਫਾ ੧੯੦।

ਸ਼ਾਨ ਬਚਾਣ ਲਈ ਭੇਡਾਂ ਵਾਂਗ ਭਜਿਆ ਸੀ। ਚਿਲੀ ਵਾਲੇ ਦੀ ਲੜਾਈ ਉੱਤੇ ਵਿਲੈਤ ਵਿਚ ਵੱਡੀ ਭਾਰੀ ਚਰ ਹੁੰਦੀ ਰਹੀ। ਉਨਾਂ ਨੂੰ ਜੰਗੀਲਾਟ ਲਾਰਡ ਗਫ਼ਨੂੰ ਉਸ ਉਹਦੇ ਤੋਂ ਹਟਾ ਦੇਣ ਦੇ ਸਿਵਾ ਹੋਰ ਕੋਈ ਉਪਾ ਨਾ ਸੁਝ ਮਿਸਟਰ ਨੇਪੀਅਰ ਦੀ ਕਿਤਾਬ—"ਡੀਫੈਕਟਸ ਆਫ ਸਿੰ ਅਨ ਗਵਰਨਮੈਂਟ" ਦੇ ਪਹਿਲੇ ਭਾਗ ਦੇ ਸਤਵੇਂ ਸ ਉਤੇ ਲਿਖਿਆ ਹੈ ਕਿ ਡਯੂਕ ਆਫ ਵੈਲਿੰਗਟਨ ਚਿਲੀ ਵਾਲੇ ਦੀ ਲੜਾਈ ਦਾ ਨਤੀਜਾ ਵੇਖਕੇ ਇੰਨਾ ਜੋਸ਼ ਵਿ ਆਯਾ ਸੀ ਕਿ ਸਿੰਧਨੂੰ ਫਤੇ ਕਰਨ ਵਾਲੇ ਜਨਰਲਨੇਪੀਅ ਨੂੰ ਜੰਗੀਲਾਟ ਬਨਾਣ ਵੇਲੇ ਉਸਨੇ ਕਿਹਾ ਸੀ—"ਜੇਕ ਤੁਸੀ ਨਹੀਂ ਜਾਣਾ ਚਾਹੁੰਦੇ ਤਾਂ ਮੈਨੂੰ ਆਪ ਜਾਣਾ ਪਏਗਾ। ਪਰ ਵਿਲੈਤ ਦਾ ਚੁਣਿਆ ਹੋਯਾ ਕੋਈ ਨਵਾਂ ਜੰਗੀਲਾ ਅਜੇ ਹਿੰਦੁਸਤਾਨ ਵਿਚ ਨਹੀਂ ਪਹੁੰਚਾ ਸੀ ਕਿ ਉਸਦੇ ਔ ਤੋਂ ਪੈਹਲਾਂ ਹੀ ਗੁਜਰਾਤ ਦੀ ਫਤੇ ਦਾ ਸੇਹਰਾ ਲ ਟਗਫ ਸਿਰ ਤੇ ਬੰਨ੍ਹਿਆ ਜਾ ਚੁਕਾ ਸੀ। ਇਸਤਰਾਂ ਪਰਮੇਸ਼ਰ ਨੇ ਰਣਧੀਰ ਲਾਟ ਗਫ ਦੀ ਲਾਜ ਰਖ ਲਈ।

ਚਿਲੀਆਂ ਵਾਲੇ ਦੀ ਲੜਾਈ ਦੇ ਪਿਛੋਂ ਇਕ ਚਿ ਮਹਾਰਾਣੀ ਜਿੰਦਾਂ ਨੇ ਅਪਣੇ ਨਜ਼ਰਬੰਦ ਆਸ਼੍ਰਮ ਤੋਂ ਗਵ ਨਰ ਜਨਰਲ ਨੂੰ ਭੇਜੀ, ਜਿਸ ਵਿਚ ਉਸਨੇ ਲਿਖਿ ਕਿ—"ਜੇਕਰ ਮੈਨੂੰ ਇਸ ਵੇਲੇ ਪੰਜਾਬ ਵਿਚ ਭੇਜਿਆ ਜਾ ਤਾਂ ਮੈਂ ਉਥੇ ਦੀ ਬਗਾਵਤ ਨੂੰ ਦੂਰ ਕਰਕੇ ਸ਼ਾਂਤੀ (ਅਮਨ ਕਾਇਮ ਕਰਾ ਦਿਆਂਗੀ ਅਤੇ ਅੰਗ੍ਰੇਜ਼ ਸਰਕਾਰ ਭਲਾਈ ਦਾ ਹੀ ਜਤਨ ਕਰਾਂਗੀ। ਮੇਰਾ ਗਲ ਉਤੇ ਅੰਗ੍ਰੇ ਇਤਬਾਰ ਕਰਨ, ਮੈਂ ਸਚ ਆਖਦੀ ਹਾਂ ਮੈਂ ਕਦੇ ਝੂਠ ਨ

ਮਿਲਦੀ।" ਇਸ ਚਿਠੀ ਵਿਚ ਮਹਾਰਾਣੀ ਨੇ ਇਹ ਭੀ ਲਿਖਿਆ ਹੈ ਕਿ "ਜਦੋਂ ਮੈਂ ਸ਼ੇਖੂਪੁਰੇ ਵਿਚ ਨਜ਼ਰਬੰਦ ਸਾਂ ਤਦੋਂ ਮੇਰੇ ਪਾਸ ੫੦ ਲੱਖ ਰੁਪਏ ਦਾ ਮਾਲ ਸੀ ਤੇ ਦੋ ਲੱਖ ਰੁਪਏ ਤਾਂ ਨਕਦ ਸਨ। ਉਸ ਵੇਲੇ ਵੀ ਮੈਂ ਅੰਗ੍ਰੇਜ਼ਾਂ ਦੇ ਵਿਰੁਧ ਕੋਈ ਸਾਜ਼ਸ਼ ਨਹੀਂ ਕੀਤੀ ਤਾਂ ਹੁਣ ਕੀ ਕਰਾਂਗੀ ? ਮੈਨੂੰ ਅੰਗ੍ਰੇਜ਼ਾਂ ਦੀ ਮਿਤ੍ਰਤਾ ਉਤੇ ਪੱਕਾ ਭਰੋਸਾ ਹੈ। ਇਸਦੇ ਸਿਵਾ ਆਪਨੂੰ ਮਲੂਮ ਹੀ ਹੈ ਕਿ ਮੈਂ ਹੁਣ ਤਕ ਅੰਗ੍ਰੇਜ਼ਾਂ ਦੇ ਵਿਰੁਧ ਕੋਈ ਗਲ ਨਹੀਂ ਕੀਤੀ।"

ਮਹਾਰਾਣੀ ਦੇ ਉਕਤ ਪਤ੍ਰ ਦੀ ਬਾਬਤ ਵੱਡੇ ਲਾਟ ਦੇ ਸਿਕੱਤ੍ਰ ਨੇ ਮੇਜਰ ਮੈਕਗ੍ਰੇਗਰ (ਜੋ ਮਹਾਰਾਣੀ ਦਾ ਰਖਯਕ ਸੀ) ਨੂੰ ਲਿਖਿਆ ਕਿ ਮਹਾਰਾਣੀ ਦੇ ਪਤ੍ਰ ਦਾ ਜਵਾਬ ਦੇਣ ਦੀ ਕੋਈ ਲੋੜ ਨਹੀਂ। ਅੰਗ੍ਰੇਜ਼ ਤਾਂ ਉਸ ਵੇਲੇ ਇਹ ਸੋਚ ਰਹੇ ਸਨ ਕਿ ਕਿਸੇਤਰਾਂ ਚਿਲੀਆਂ ਵਾਲੇ ਦੀ ਲੜਾਈ ਦਾ ਬਦਲਾ ਲਿਆ ਜਾਵੇ। ਉਸ ਲੜਾਈ ਦੇ ਪਿਛੋਂ ਅੰਗ੍ਰੇਜ਼ ਚਿਲੀਆਂ ਵਾਲੇ ਵਿਚ ਤੇ ਸਿਖ ਰਸੂਲ ਪਿੰਡ ਵਿਚ ੨੫ ਦਿਨ ਤਕ ਬੈਠੇ ਰਹੇ। ਇਨਾਂ ੨੫ ਦਿਨਾਂ ਵਿਚ ਦੋਹੀਂ ਪਾਸੀਂ ਫੌਜ ਵਧਾਈ ਗਈ। ਚਿਲੀਆਂ ਵਾਲੇਦੀ ਲੜਾਈਦੇ ਦੋ ਦਿਨ ਪਿਛੋਂ ਸਰਦਾਰ ਚਤਰ ਸਿੰਘ ਵੀ ਫੌਜ ਸਣੇ ਅਪਣੇ ਪੁਤ੍ਰ ਸ਼ੇਰਸਿੰਘਨੂੰ ਆ ਮਿਲੇ। ਓਹ ਪਿਸ਼ਾਵਰ ਤੇ ਅਟਕ ਦੇ ਕਿਲੇ ਵਿਚੋਂ ਮੇਜਰ ਲਾਰੇਂਸ, ਲਫਟੰਟ ਹਰਬਰਟ ਤੇ ਬੋਵੀ ਆਦੀ ਅੰਗ੍ਰੇਜ਼ਾਂ ਨੂੰ ਕੈਦ ਕਰਕੇ ਅਪਣੇ ਨਾਲ ਲਿਆਏ। ਸਿਖਾਂ ਨੇ ਅੰਗ੍ਰੇਜ਼ ਕੈਦੀਆਂ ਨੂੰ ਵੱਡੇ ਆਦਰ ਨਾਲ ਰਖਿਆ, ਕੋਈ ਸਿਖ ਇਨਾਂ ਅੰਗ੍ਰੇਜ਼ ਕੈਦੀਆਂ ਨੂੰ ਮਾਰ ਨਾ ਸੁਟੇ ਇਸਦੇ ਲਈ ਉਨਾਂ ਪੈਹਰੇ ਲਾ ਛਡੇ। ਇਹ ਅੰਗ੍ਰੇਜ਼ ਕੈਦੀ ਸਿਖਾਂ ਦੇ

ਉਤਮ ਵਰਤਾਉ ਤੇ ਸਲੂਕ ਤੋਂ ਬਹੁਤ ਖੁਸ਼ ਹੋਏ ਤੇ ਮਿਹਰ
ਲੜਾਈ ਦੇ ਨਿਯਮਾਂ ਅਨੁਸਾਰ ਇਨਾਂ ਅੰਗ੍ਰੇ
ਕੈਦੀਆਂ ਨੂੰ ਮੁੜ ਆਉਣਦੀ ਪ੍ਰਤਿਗਯਾ ਉਤੇ ਸਿਖ ਸਰਦਾ
ਅੰਗ੍ਰੇਜ਼ੀ ਕੈਂਪ ਵਿਚ ਜਾਣ ਦੇਂਦੇ ਸਨ ਜੋ ਓਥੋਂ ਕੇਵਲ
ਕੋਹ ਸੀ। ਪਰ ਇਸਦਾ ਨਤੀਜਾ ਸਿਖਾਂ ਲਈ ਬਹੁਤ ਭੈੜ
ਨਿਕਲਿਆ। ਇਨਾਂ ਅੰਗ੍ਰੇਜ਼ ਕੈਦੀਆਂ ਨੇ ਸਿਖਾਂ ਦੇ ਮੂੰ
ਇਹ ਕਹਿੰਦੇ ਸੁਣਿਆ ਸੀ ਕਿ ਓਹ ਅੰਗ੍ਰੇਜ਼ਾਂ ਦੀਆਂ ਜਿਨ੍ਹ
ਤੋਪਾਂ ਕੋਲੋਂ ਇਤਨਾ ਡਰਦੇ ਸਨ ਓਹ ਤੋਪਾਂ ਅੰਗ੍ਰੇਜ਼ ਰੰਗ
ਰੂਰ ਕਿਉਂ ਨਹੀਂ ਰਲਾਂਦੇ। ਪਰ ਇਸ ਖਬਰ ਦੇ ਪਹੁੰਚਣ
ਤੋਂ ਪਹਿਲਾਂ ਹੀ ਜੰਗੀਲਾਟ ਗਫ ਨ ਵੱਡੀਆਂ ੨ ਤੋਪਾਂ ਬੀੜ
ਦਿਤੀਆਂ ਸਨ। ਹਾਂ ਕੈਦੀਆਂ ਪਾਸੋਂ ਉਕਤ ਖਬਰ ਪਾ
ਓਹ ਹੋਰ ਭੀ ਸਾਵਧਾਨ ਹੋ ਗਏ।* ਇਸਦੇ ਸਿਵਾ ਇਨ

---

*ਡਬਲੂ ਐਚ ਡੇਵਿਨ ਪੋਰਟ ਦੀ ਕਿਤਾਬ—ਦੀ
ਐਕਰਜ਼ ਆਫ ਬ੍ਰਿਟਿਸ਼ ਇੰਡੀਆ ਅਤੇ ਮਾਰਸ਼ਮੈਨ ਦੀ
"ਹਿਸਟਰੀ ਆਫ ਇੰਡੀਆ" ਇਨਾਂ ਦੋਹਾਂ ਨੂੰ ਪੜ੍ਹਨ ਤੋਂ
ਮਾਲੂਮ ਹੁੰਦਾ ਹੈ ਕਿ ਜਾਰਜ ਲਾਰੈਂਸ ਸਿਖ ਸੈਨਾਪਤੀ ਦਾ
ਹੁਕਮ ਲੈਕੇ ਲਾਹੌਰ ਗਿਆ ਤੇ ਉਥੇ ਉਸਨੇ ਅਪਣੇ ਭਰ
ਨੂੰ ਸਿਖਾਂ ਦੀ ਕਮਜ਼ੋਰੀ ਦਾ ਸਾਰਾ ਹਾਲ ਦਸਿਆ। ਸਰ
ਹੈਨਰੀ ਲਾਰੈਂਸ ਨੇ ਸਾਰੀਆਂ ਗਲਾਂ ਲਾਟ ਡਲਹੌਜ਼ੀ ਨੂੰ
ਲਿਖੀਆਂ ਜੋ ਓਸ ਵੇਲੇ ਸਤਲੁਜ ਨਦੀ ਦੇ ਡੇਰੇ ਵਿਚ ਸੀ।
ਲਾਟ ਨੇ ਸੈਨਾਪਤੀ ਗਫ ਨੂੰ ਤੋਪਾਂ ਦਾ ਪ੍ਰਬੰਧ ਕਰਨ ਲਈ
ਲਿਖਿਆ। ਇਸਦੇ ਸਿਵਾ ਕੈਰਿਜ ਦੀ ਕੰਪ੍ਰੀਸਿਵ ਹਿਸਟਰੀ

[ਬਾਕੀ ਨੋਟ ਅਗਲੇ ੧੯੩ ਸਫੇ ਵੇਖੋ]

ਅੰਗ੍ਰੇਜ਼ ਕੈਦੀਆਂ ਦੀ ਰਾਹੀਂ ਰਾਜਾ ਸ਼ੇਰ ਸਿੰਘ ਨੇ ਸੁਲਹ ਕਰਨ ਲਈ ਆਖ ਭੇਜਿਆ। ਭਾਵੇਂ ਲਾਟ ਗਫ ਨੇ ਸੁਲਹ ਕਰਨੀ ਮਨਜ਼ੂਰ ਨਹੀਂ ਸੀ ਕੀਤੀ ਪਰ ਉਨਾਂ ਅੰਗ੍ਰੇਜ਼ ਕੈਦੀਆਂ ਨੇ ਕਿਹਾ ਕਿ ਅਸਾਂ ਤੁਹਾਡਾ ਸਨੇਹਾ ਜੰਗੀਲਾਟ ਪਾਸ ਪਹੁੰਚਾ ਦਿਤਾ ਹੈ। ਵਿਚਾਰੇ ਭੋਲੇ ਭਾਲੇ ਸਿਖ ਛਲਾਂ ਛਲੀ ਤੇ ਕਪਟੀ ਅੰਗ੍ਰੇਜ਼ਾਂ ਦੀਆਂ ਗੁਝੀਆਂ ਰਾਜਨੀਤਿਕ ਚਾਲਾਂ ਨੂੰ ਸਮਝ ਨਾ ਸਕੇ। ਸੁਲਹ ਕਰਨ ਦੇ ਭਰੋਸੇ ਉਤੇ ਉਨ੍ਹਾਂ ੨੫ ਦਿਨ ਐਵੇਂ ਗੰਵਾ ਦਿਤੇ। ਜੇਕਰ ਓਹ ੨੫ ਦਿਨ ਚੁਪ ਬੈਠੇ ਨਾ ਰਹਿੰਦੇ ਤੇ ਅੰਗ੍ਰੇਜ਼ਾਂ ਉਤੇ ਹਮਲਾ ਬੋਲ ਦੇਂਦੇ ਤਾਂ ਸ਼ਾਇਦ ਹੀ ਫੇਰ ਅੰਗ੍ਰੇਜ਼ਾਂ ਦੇ ਪੈਰ ਟਿਕਦੇ। ਪਰ ਵਾਹਿਗੁਰੂ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਜਿਸਦੇ ਕਾਰਣ ਸਿਖਾਂ ਦੀ ਅਕਲ ਉਤੇ ਪੜਦਾ ਪੈ ਗਿਆ। ਮੁਲਤਾਨੀ ਮੂਲਰਾਜ ਨੂੰ ਦਬਾਕੇ ਅੰਗ੍ਰੇਜ਼ੀ ਫੌਜ ਦਿਲੀ ਵਾਲੇ ਚਲੀ ਆਈ ਜਿਸ ਤੋਂ ਅੰਗ੍ਰੇਜ਼ਾਂ ਦੀ ਤਾਕਤ ਵੱਧ ਗਈ।

੬ ਫਰਵਰੀ ਸਨ ੧੮੪੯ ਨੂੰ ਅੰਗ੍ਰੇਜ਼ਾਂ ਨੇ ਸੁਣਿਆ ਕਿ ਸਿਖ ਫੌਜ ਰਸੂਲ ਛਡਕੇ ਚਲੀ ਗਈ ਹੈ। ਜੰਗੀ ਲਾਟ ਗਫ ਨੇ ਖੁਦ ਜਾਕੇ ਵੇਖਿਆ ਤਾਂ ਓਹ ਪ੍ਰਸੰਨ ਹੋਇਆ ਕਿ ਸਿਖ ਐਸੀ ਜਗਾ ਨੂੰ ਛਡਕੇ ਚਲੇ ਗਏ ਹਨ, ਕਿਉਂਕਿ ਰਸੂਲ

[੮੨ ਸਫੇ ਦਾ ਬਾਕੀਨੋਟ]

ਲਾਰਡ ਇੰਡੀਆ ਨਾਮੀ ਕਿਤਾਬ ਦੇ ਦੂਜੇ ਭਾਗ ਸਫਾ ੪੮੫ ਉਤੇ ਲਿਖਿਆ ਹੈ ਕਿ ਹਿੰਦੁਸਤਾਨ ਦੀ ਕਿਸੇ ਲੜਾਈ ਵਿਚ ਐਸੀਆਂ ਭਯਾਨਕ ਤੋਪਾਂ ਅੰਗ੍ਰੇਜ਼ਾਂ ਨੇ ਨਹੀਂ ਵਰਤੀਆਂ ਜਨ ਜੈਸੀਆਂ ਗੁਜਰਾਤ ਦੀ ਸਿਖ ਲੜਾਈ ਵਿਚ ਵਰਤੀਆਂ।

ਵਾਲੀ ਥਾਂ ਐਸੀ ਮਜ਼ਬੂਤ ਸੀ ਕਿ ਓਥੇ ਸਿਖਾਂ ਨੂੰ ਸੋਅ
ਫਤੇ ਕਰਨਾ ਅਸੰਭਵ ਨਹੀਂ ਤਾਂ ਔਖਾ ਜ਼ਰੂਰ ਸੀ। ਪੈਹਲ
ਤਾਂ ਅੰਗ੍ਰੇਜ਼ ਸਿਖਾਂ ਦੀ ਇਸ ਮੂਰਖਤਾ ਉਤੇ ਹਸੇ ਪਰ ਪਿ
ਉਨਾਂ ਨੂੰ ਹੀ ਅਪਣੀ ਭੁੱਲ ਦਿਸੀ। ਉਨਾਂ ਨੂੰ ਛੇਤੀ ਹੀ ਪ
ਲੱਗ ਗਿਆ ਕਿ ਰਣਬੀਰ ਸ਼ੇਰਸਿੰਘ ੩੦ ਹਜਾਰ ਫੌਜ
੬੦ ਤੋਪਾਂ ਸਣੇ ਲਾਹੌਰ ਜਾ ਰਿਹਾ ਹੈ। ਇਸ ਖਬਰ
ਸੁਣਦਿਆਂ ਸਾਰ ਲਾਟ ਗਫ ਨੂੰ ਗਸ਼ ਪੈਗਈ ਤੇ ਉਸ
ਘਬਰਾਹਟ ਦੀ ਕੋਈ ਹਦ ਨਾ ਰਹੀ। ਪਰ ਉਸਨੇ ਝਟ ਪ
ਸ਼ੇਰ ਸਿੰਘ ਦਾ ਰਾਹ ਰੋਕਣਦਾ ਉਪਾ ਕੀਤਾ। ਸ਼ੇਰਸਿੰਘ
ਰਣਬਾਂਕੁਰੀ ਦੀ ਉਪਮਾ ਉਸ ਵੇਲੇ ਦੇ ਵੱਡੇ ੨ ਅੰਗ੍ਰੇ
ਵਿਦਵਾਨਾਂ ਨੇ ਭੀ ਕੀਤੀ ਹੈ। ਜੇਕਰ ਸ਼ੇਰਸਿੰਘ ਉਸ ਵੇ
ਲਾਹੌਰ ਪਹੁੰਚ ਜਾਂਦਾ ਤਾਂ ਉਤਰੀ ਪੰਜਾਬ ਵਿਚ ਅੰਗ੍ਰੇ
ਲਈ ਮਹਾਂਪ੍ਰਲੋ ਮਚ ਜਾਂਦੀ। ਲਾਟ ਗਫ ਨੇ ਸ਼ੇਰ ਸਿੰਘ
ਰਾਹ ਰੋਕ ਲਿਆ ਤੇ ਸ਼ੇਰ ਸਿੰਘ ਦਾ ਮਨੋਰਥ ਮਨ ਵਿਚ
ਰਹਿ ਗਿਆ। ਗੁਜਰਾਤ ਵਿਚ ਅੰਗ੍ਰੇਜ਼ਾਂ ਨਾਲ ਲੜਾ
ਕਰਨ ਲਈ ਸਿਖਾਂ ਨੂੰ ਲਾਚਾਰ ਹੋਣਾ ਪਿਆ। ੧੪ਫਰਵ
ਨੂੰ ਗੁਜਰਾਤ ਵਿਚ ਸਿਖਾਂ ਤੇ ਅੰਗ੍ਰੇਜ਼ਾਂ ਦੀ ਫੇਰ ਲੜਾਈ ਹੋ
ਉਸ ਦਿਨ ਸਿਖਾਂ ਨੇ ਅੰਤਿਮ ਵਾਰੀ ਅਪਣੀ ਕਿਸਮ
ਅਜ਼ਮਾਈ। ਸਿਖਾਂ ਦੀ ਸਹੈਤਾ ਲਈ ਕਾਬੁਲ ਦੇ ਅਮੀ
ਦੋਸਤ ਮੁਹੰਮਦ ਖਾਂ ਨੇ ਵੀ ੧੫੦੦ ਪਠਾਣ ਭੇਜੇ ਅਤੇ ਉ
ਖੁਦ ਵੀ ਅਪਣੇ ਪੁਤ੍ਰਾਂ ਸਣੇ ਸਿਖਾਂ ਦੀ ਮਦਦ ਲਈ ਆ
ਪਰ ਸਰਦਾਰ ਚਤਰ ਸਿੰਘ ਪਿਸ਼ਾਵਰ ਤੇ ਅਟਕ ਦਾ ਕਿਲ
ਉਸਦੇ ਹਵਾਲੇ ਕਰਕੇ ਅਪਣੇ ਪੁਤ੍ਰ ਸ਼ੇਰ ਸਿੰਘ ਨਾਲ ਸ
ਰਲਿਆ। ਇਸਤਰਾਂ ਗੁਜਰਾਤ ਦੀ ਲੜਾਈ ਵਿਚ ਸ਼ੇਰਸਿੰ

ਦੇ ਪਾਸ ੨੪ ਹਜ਼ਾਰ ੬੦੦ ਫੌਜ ਤੇ ੬੦ ਤੋਪਾਂ ਸਨ। ਮੁਕਾ-
ਲਾ ਫਤੇ ਕਰਕੇ ਜਨਰਲ ਵੀਸ਼ ਅਪਣੀ ਫੌਜ ਤੇ ੧੦੦
ਪਾਂ ਸਣੇ ਲਾਟ ਗਫ ਨੂੰ ਆ ਮਿਲਿਆ ਸੀ: ਇਹ ਅਸੀਂ
ਖਰ ਦਸ ਹੀ ਆਏ ਹਾਂ।

੨੧ ਫਰਵਰੀ ਦਾ ਦਿਨ ਸਿਖਾਂ ਦੇ ਹਾਰਨ ਲਈ
ੜ੍ਹਿਆ। ਓਸ ਦਿਨ ਸਵੇਰ ਸਾਰ ਹੀ ਅੰਗ੍ਰੇਜ਼ੀ ਫੌਜ ਸੈ
ਧਾ ਲੈਕੇ ਚਿਲੀਆਂਵਾਲੇ ਦੀ ਲੜਾਈ ਦਾ ਬਦਲਾ ਸਿਖਾਂ
ਸੋਂ ਲੈਣ ਲਈ ਅਗੇ ਵੱਧੀ। ਨਵੇਂ ਨਿਕਲਦੇ ਸੂਰਜ
ੀਆਂ ਕਿਰਣਾਂ ਨਾਲ ਅੰਗ੍ਰੇਜ਼ੀ ਫੌਜ ਦੀਆਂ ਤਲਵਾਰਾਂ ਤੇ
ਛੇ ਚਮਕ ਰਹੇ ਸਨ। ਖੁਦ ਲਾਟ ਗਫ ਤੋਪਖਾਨੇ ਵਿਚ
ਾ ਹੋਕੇ ਓਸਦੇ ਚਲਾਣ ਦਾ ਬੰਦੋਬਸਤ ਕਰ ਰਿਹਾ ਸੀ।
ਾਰੇ ਤੋਪਖਾਨੇ ਦਾ ਭਾਰ ਜੋਸੇਫ ਥੇਕਵੇਲ ਦੇ ਉਤੇ ਸੀ।
ਖਾਂ ਦੀ ਤੋਪਾਂ ਦਾ ਜਵਾਬ ਤੋਪਾਂ ਨਾਲ ਦੇਣ ਲਈ ਅਪਣੀਆਂ
ਡੀਆਂ ਤੋਪਾਂ ਲੈਕੇ ਅਗੇ ਵਧੇ। ਲਾਟ ਗਫ ਨੇ ਅਪਣੀ
ਦਭੁਤ ਬੀਰਤਾ ਓਸ ਦਿਨ ਪ੍ਰਗਟ ਕੀਤੀ। ਤਿਰੌੜੀ ਤੇ
ਾਨੀਪਤ ਦੀ ਲੜਾਈ ਦੇ ਪਿਛੋਂ ਹਿੰਦੁਸਤਾਨਵਿਚ ਹਜ਼ਾਰਾਂ
ੜਾਈਆਂ ਹੋਈਆਂ ਪਰ ਪੰਜਾਬ ਦੀ ਗੁਜਰਾਤ ਵਾਲੀ
ੜਾਈ ਵਿਚ ਜਿੰਨੀ ਗੜਗੜਾਟ ਤੋਪਾਂ ਦੀ ਮਚੀ ਓਨੀਂ
ਾਇਦ ਹੀ ਕਿਸੇ ਲੜਾਈ ਵਿਚ ਮਚੀ ਹੋਵੇਗੀ।

ਸਿਖਾਂ ਨੇ ਇਸ ਲੜਾਈ ਵਿਚ ਵੀ ਅਪਣੀ ਅਪੂਰਬ
ੀਰਤਾ ਪ੍ਰਗਟ ਕੀਤੀ। ਅੰਗ੍ਰੇਜ਼ੀ ਤੋਪਾਂ ਦੀ ਗੜਗੜਾਟ ਨੂੰ
ਛ ਸਮਝਕੇ ਸਿਖਾਂ ਨੇ ਅਪਣੀ ਸੁਭਾਵਿਕ ਬੀਰਤਾ ਦਾ ਹੀ
ਭੂਤ ਦਿਤਾ। ਦੋ ਘੰਟੇ ਤਕ ਅੰਗ੍ਰੇਜ਼ੀ ਤੋਪਾਂ ਨੇ ਬੇਓੜਕੀ
ਗ ਵਰ੍ਹਾਈ। ਚਾਰੇ ਪਾਸੇ ਧੂੰਆਂਧਾਰ ਮਚ ਗਈ। ਪਰ

ਸਿਖਾਂ ਨੇ ਵੀ ਚੰਗੀ ਅਗ ਵਰਸਾਈ ਉਨਾਂ ਨੇ ਅਪਣੀ
ਛੋਟੀਆਂ ੨ ਤੋਪਾਂ ਨਾਲ ਬਹੁਤ ਦੇਰ ਤਕ ਵਡੀਆਂ ੨ ਤੋ
ਦਾ ਸਾਮਣਾ ਕੀਤਾ। ਪਰ ਸਿਖਾਂ ਦੀਆਂ ਤੋਪਾਂ ਅੰਗ੍ਰੇਜ਼ੀ ਤੋ
ਦੇ ਸਾਮਣੇ ਬਹੁਤ ਦੇਰ ਤਕ ਨਾ ਠਹਰ ਸਕੀਆਂ। ਸਿ
ਦੀਆਂ ਤੋਪਾਂ ਚਕਨਾਚੂਰ ਹੋ ਗਈਆਂ। ਅੰਗ੍ਰੇਜ਼ੀ ਤੋਪਾਂ
ਗੋਲਿਆਂ ਨਾਲ ਸਿਖਾਂ ਦੇ ਰਸਦ ਭਰੇ ਗਡੇ ਟੁਟ ਗਏ ਪ
ਸਿਖ ਫੇਰ ਵੀ ਢਿਲੇ ਨਾ ਪਏ। ਓਨਾਂ ਨੇ ਫੇਰ ਕ੍ਰਿਪਾਨਾ ਧੂ
ਲਈਆਂ ਤੇ ਤੋਪਾਂ ਦੀ ਕੁਝ ਪਰਵਾਹ ਨਾ ਕਰਕੇ ਮਾਰ ਕ
ਮਚਾਂਦੇ ਹੋਏ ਲਾਟ ਗਫ ਤਕ ਜਾ ਪਹੁੰਚੇ। ਲਾਟ ਗਫ
ਬਾਡੀਗਾਰਡ ਨੇ ਉਨਾਂ ਉਤੇ ਖੂਬ ਅਗ ਵਰਸਾਈ ਜਿਸ ਨਾ
ਓਹ ਸਿਖ ਮਾਰੇ ਗਏ ਤੇ ਲਾਟ ਗਫ ਦੀ ਜਾਨ ਬਚੀ। ਸਿ
ਨੇ ਫੇਰ ਵੀ ਹਿੰਮਤ ਨਾ ਹਾਰੀ। ਓਹ ਬੀਰਤਾ ਪ੍ਰਗਟ ਕ
ਹੋਏ ਤਲਵਾਰਾਂ ਨਾਲ ਮੁਕਾਬਲਾ ਕਰਦੇ ਰਹੇ। ਪਰ ਇ
ਵੇਲੇ ਸਿਖਾਂ ਦੇ ਭਾਗ ਫਿਰਾ ਦਣ ਵਾਲੀ ਇਕ ਵਾਰਦਾਤ
ਗਈ। ਕਾਬੁਲ ਦੇ ਅਮੀਰ ਦੋਸਤ ਮੁਹੰਮਦ ਖਾਂ ਦੇ ਭੇ
ਹੋਏ ੧੫੦੦ ਸਵਾਰ ਥੈਕਵੇਲ ਦੇ ਰਸਾਲੇ ਪਾਸੋਂ ਹਾਰ
ਇਸਤੋਂ ਪਠਾਣਾਂ ਦੇ ਝੰਡੇ ਝੰਡੀਆਂ ਥੈਕਵੇਲਦੇ ਹਥਲਗੀ
ਓਹ ਪਠਾਣ ਸਿਖ ਵਯੂਹ ਦੇ ਸਜੇ ਪਾਸੇ ਸਨ। ਸੋ ਓਨਾਂ
ਨਠ ਜਾਣ ਨਾਲ ਸਿਖਾਂਦੇ ਵਯੂਹਦਾ ਇਕਹਿਸਾ ਟੁਟ ਗਿ
ਇਸ ਟੁਟੇ ਹਿਸੇ ਥਾਣੀ ਅੰਗ੍ਰੇਜ਼ ਫੌਜ ਸਿਖ ਵਯੂਹ ਵਿਚ
ਵੜੀ ਤੇ ਜਿਸਤੋਂ ਸਿਖ ਫੌਜ ਭਜਣ ਲਈ ਲਾਚਾਰ ਹੋਈ
ਪਰ ਸਿਖਾਂ ਨੇ ਫੇਰ ਵੀ ਅਮਾਨਸੀ ਬੀਰਤਾ ਦਾ ਸਬੂ
ਦਿਤਾ। ਉਨਾਂ ਨੇ ਅੰਗ੍ਰੇਜ਼ੀ ਸਿਪਾਹੀਆਂ ਦੀਆਂ ਸੰਗੀਨਾ
ਖੱਬੇ ਹਥ ਨਾਲ ਫੜ ਲਿਆ ਤੇ ਸਜੇ ਹਥ ਨਾਲ ਤਲਵ

ਾਰਕੇ ਉਨਾਂ ਦੇ ਸਿਰ ਧੜ ਤੋਂ ਜੁਦਾ ਕਰਦੇ ਗਏ । ਪਰ
ਕ ! ਸਿਖਾਂ ਦੀ ਇਹ ਅਲੌਕਿਕ ਤੇ ਅਮਾਨਸੀ ਬੀਰਤਾ
ਗ੍ਰੇਜ਼ੀ ਤੋਪਾਂ ਦੀ ਮਾਰ ਦੇ ਸਾਮਣੇ ਬਹੁਤ ਦੇਰ ਤਕ ਨਾ
ਹਰ ਸਕੀ । ਉਨਾਂ ਦੇ ਪੈਰ ਛੇਕੜ ਉਖੜ ਗਏ । ਪਰਹਾਰ
ਣ ਪਰ ਭੀ ਸਿਖਾਂ ਨੇ ਪ੍ਰਾਣਾ ਦੀ ਪਰਵਾਹ ਨਾ ਕੀਤੀ ਤੇ
ਜਾਨ ਬਖਸ਼ੀ ਮੰਗੀ । ਓਹ ਮੌਤ ਨੂੰ ਆਪਣੀ ਵਹੁਟੀ
ਮਝਕੇ ਗਲ ਲਾਉਂਦੇ ਗਏ । ਇਸਤਰਾਂ ਸਿਖਾਂ ਨੇ ਅਪਣੀ
ਨ ਬਖਸ਼ੀ ਭਾਵੇਂ ਨਾ ਮੰਗੀ ਪਰ ਅੰਗ੍ਰੇਜ਼ਾਂ ਨੇ ਉਨਾਂ
ਹਥੇ ਬੀਰਾਂ ਉਤੇ ਕੁਝ ਦਯਾ ਨਾ ਕੀਤੀ । ਅਨੇਕਾਂ ਨਿਹਥੇ
ਖ ਦਰਖਤਾਂ ਉਤੇ ਚੜ੍ਹ ਗਏ ਪਰ ਅੰਗ੍ਰੇਜ਼ਾਂ ਨੇ ਗੋਲੀਆਂ
ਰਕੇ ਹੇਠਾਂ ਡੇਗ ਦਿਤੇ* ਜਿਸਤਰਾਂ ਫ੍ਰਾਂਸੀਸੀ ਮਹਾਬੀਰ
ਲੀਅਨ ਬੋਨਾ ਪਾਰਟ ਦੇ ਸੈਨਾਪਤੀ ਨੇ ਰੂਸੀ ਫੌਜ ਦੇ

---

*ਥੈਕਵੇਲ ਦੀ ਕਿਤਾਬ—'ਨੈਰੇਟਿਵ ਆਫ ਦੀ
ਿਡ ਸਿਖ ਵਾਰ' ਦੇ ਸਫੇ ੨੧੯ ਉਤੇ ਲਿਖਿਆ ਹੈ-''ਇਸ
ੜਾਈ ਵਿਚ ਅੰਗ੍ਰੇਜ਼ੀ ਰਸਾਲੇ ਨੇ ਜੋ ਖੂਨ ਖਰਾਬੀ ਕੀਤੀ
ਹ ਵਡੀ ਭਯਾਨਕ ਸੀ । ਹਾਰੇ ਹੋਏ ਵੈਰੀ ਉਤੇ ਕਿਸੇਤਰਾਂ ਦੀ
ਯਾ ਨਹੀਂ ਕੀਤੀ ਗਈ । ਹਰੇਕ ਸਿਖ ਭਾਵੇਂ ਸ਼ਸਤ੍ਰਧਾਰੀ ਸੀ
ਨਿਹਥਾ ਅੰਗ੍ਰੇਜ਼ਾਂ ਪਿਸਤੌਲ ਤੇ ਬੰਦੂਕ ਨਾਲ ਮਾਰਿਆ
ਿਆ । ਜਦੋਂ ਕੋਈ ਸਿਖ ਦਰਖਤ ਉਤੇ ਚੜਨਾ ਚਾਹੁੰਦਾ ਸੀ
ਾਂ ਹੀ ਬੰਦੂਕ ਮਾਰਕੇ ਹੇਠਾਂ ਡੇਗਿਆ ਜਾਂਦਾ ਸੀ । ਫੇਰ
ਡਿਗਦੇ ਹੋਏ ਦਾ ਸਿਰ ਤਲਵਾਰ ਨਾਲ ਵਢਿਆ ਜਾਂਦਾ
।'' ਵੇਖੋ ਪਾਠਕੋ ! ਸਭਯਤਾ ਦਾ ਹੰਕਾਰ ਕਰਨ ਵਾਲੀ
ਦੀ ਨਿਰਦੈਤਾ !!

ਘੇਰੇ ਵਿਚ ਪੈਕੇ ਕਿਹਾ ਸੀ-ਕਿ ਤੂ ਸੀਸੀ ਸੈਨਾਪਤੀ ਹੱਥੀਂ ਅ
ਰਖਕੇ ਵੈਰੀਦੇ ਹਥ ਆਪਣੇ ਆਪਨੂੰ ਸੌਂਪਣ ਨਾਲੋਂ ਮਰ
ਚੰਗਾ ਜਾਣਦਾ ਹੈ। ਉਸੇ ਤਰਾਂ ਹੀ ਸਿਖ ਵੀਰਾਂ ਨੇ ਕਿ
ਹੋਣ ਪਰ ਵੀ ਅਪਣੇ ਪ੍ਰਾਣਾਂ ਦੀ ਭਿਛਿਆ ਨਾ ਮੰਗੀ।

ਗੁਜਰਾਤਦੀ ਲੜਾਈ ਵਿਚ ਸ਼ੇਰਸਿੰਘ ਉਤੇ ਰਣਦੇ
ਪ੍ਰਸੰਨ ਨਾ ਹੋਈ। ਸ਼ੇਰ ਸਿੰਘ ਹਾਰਿਆ ਤੇ ਨੂਰੀਤ
ਹਾਰਿਆ। ਉਸਦੀਆਂ ੫੬ ਤੋਪਾਂ ਤੇ ਰਸਦ ਭਰੀਆਂ ਗਡੀ
ਅੰਗ੍ਰੇਜਾਂ ਦੇ ਹਥ ਆਈਆਂ। ਇਸ ਲੜਾਈ ਵਿਚ ਸਿ
੫੦੦ ਮਨੁਖ ਅੰਗ੍ਰੇਜਾਂ ਦੇ ਮਰੇ ਤੇ ਜ਼ਖਮੀ ਹੋਏ। ਸਿਖਾਂ
ਕਿਤਨੇ ਆਦਮੀ ਮੋਏ ਤੇ ਜ਼ਖਮੀ ਹੋਏ ਓਨਾਂ ਦੀ ਗਿਣਤੀ
ਪਤਾ ਨਹੀਂ। ਹਾਂ ਕਿਸੇ ਕਵੀ ਦਾ ਹੇਠ ਲਿਖਿਆ ਦ
ਗੁਜਰਾਤ ਦੇ ਓਸ ਮੈਦਾਨ ਵਿਚ ਪ੍ਰਤਖ ਦਿਸ ਰਿਹਾ ਸੀ:

ਰੇ ਬੀਰ ਦੇਖੋ ਆਜ ਭੂਪਰ ਸਰਦਦਾ ਕੋ ਸੋ ਰਹੇ।
ਹੈਂ ਮਰ ਚੁਕੇ ਲਾਖੋਂ ਤਥਾ ਘਾਇਲ ਹਜ਼ਾਰੋਂ ਹੋ ਰਹੇ॥

* * * *

ਇਸ ਓਰ ਦੇਖੋ ਖੂਨ ਕੀ ਯਹ ਕੀਚ ਕੈਸੀ ਹੋ ਰਹੀ।
ਹੈ ਪਟ ਰਹੀ ਕੈਸੀ ਧੜਾਧੜ ਰੁੰਡ ਮੁੰਡੋਂ ਸੇ ਮਹੀ॥

ਸਿਖ ਲੜਾਈ ਦੇ ਮੈਦਾਨ ਵਿਚੋਂ ਭਜ ਗਏ ਪ
ਗੋਰਿਆਂ ਭਾਗਾਂ ਨੇ ਉਨਾਂ ਦਾ ਪਿਛਾ ਫੇਰ ਵੀ ਨਾ ਛਡਿਆ
ਜਨਰਲ ਗਿਲਬਰਟ ਨੇ ਪੰਦ੍ਰਾਂ ਹਜ਼ਾਰ ਫੌਜ ਤੇ ੬੦ ਤੋ
ਨਾਲ ਸਿਖਾਂ ਦਾ ਪਿਛਾ ਕੀਤਾ। ਪ੍ਰਸਿਧ ਜਨਰਲ ਕੈਂਬ
ਨੇ ਸਿਖਾਂ ਪਾਸੋਂ ਰੋਹਤਾਸ ਦਾ ਕਿਲਾ ਲੈ ਲਿਆ। ਜਨਰ
ਗਿਲਬਰਟ ਨੇ ਸਿਖਾਂ ਦਾ ਇਸਤਰਾਂ ਪਿਛਾ ਕੀਤਾ ਕਿ

ਉਨ੍ਹਾਂ ਨੂੰ ਸਿਵਾ ਆਤਮ ਅਰਪਣ ਕਰਨ ਦੇ ਹੋਰ ਕੋਈ ਚਾਰਾ ਨਾ ਰਿਹਾ। ਪਰ ਫਿਰ ਵੀ ਸਿਖਾਂ ਨੇ "ਜਬਤਕ ਸਾਸ ਤਬ ਤਕ ਆਸ" ਇਸ ਅਖਾਣ ਅਨੁਸਾਰ ਕੁਝ ਹੋਰ ਦਿਨ ਤਕ ਵੀ ਆਤਮ ਅਰਪਣ ਨਾ ਕੀਤਾ। ਪਹਿਲੇ ਅਸੀ ਦਸ ਆਏ ਹਾਂ ਕਿ ਕੁਝ ਅੰਗ੍ਰੇਜ਼ ਸਿਖਾਂ ਨੇ ਕੈਦ ਕੀਤੇ ਹੋਏ ਸਨ ਸੋ ੬ ਮਾਰਚ ਨੂੰ ਉਹ ਕੈਦ ਤੋਂ ਛੁਟ ਗਏ। ਉਨ੍ਹਾਂ ਦੀਆਂ ਕੁਝ ਮੇਮਾਂ ਵੀ ਸਿਖਾਂ ਪਾਸ ਕੈਦ ਸਨ। ਪਰ ਸਿਖਾਂ ਨੇ ਉਨ੍ਹਾਂ ਦੇ ਨਾਲ ਵੀ ਬਹੁਤ ਚੰਗਾ ਸਲੂਕ ਕੀਤਾ। ਸਿਖਾਂ ਨੇ ਅੰਗ੍ਰੇਜ਼ ਕੈਦੀਆਂ ਨੂੰ ਅੰਗ੍ਰੇਜ਼ਾਂ ਦੇ ਹਥ ਸੌਂਪਣ ਤਕ ਐਸਾ ਚੰਗਾ ਸਲੂਕ ਕੀਤਾ ਕਿ ਜੈਸਾ ਬਹੁਤ ਘਟ ਲੋਕ ਆਪਣੇ ਕੈਦੀਆਂ ਨਾਲ ਕਰਦੇ ਹਨ। ਇਨ੍ਹਾਂ ਅੰਗ੍ਰੇਜ਼ ਕੈਦੀਆਂ ਵਿਚ ਜਾਰਜ ਲਾਰੈਂਸ ਦੀ ਮੇਮ ਵੀ ਸੀ।

੧੪ ਮਾਰਚ ਨੂੰ ਜਨਰਲ ਗਿਲਬਰਟ ਨੇ ਸਿਖਾਂ ਨੂੰ ਰਾਵਲਪਿੰਡੀ ਵਿਚ ਮੁਕਵੇ ਜਾ ਘੇਰਾ ਘਤਿਆ। ਉਸ ਵੇਲੇ ਸਿਖਾਂ ਪਾਸ ਲੜਾਈ ਕਰਨ ਦਾ ਸਮਾਨ ਕੁਝ ਵੀ ਨਹੀਂ ਸੀ। ਹੋਰ ਤਾਂ ਹੋਰ ਖਾਣ ਤਕ ਨੂੰ ਨਹੀਂ ਸੀ। ਵੈਰੀਆਂ ਨੇ ਉਨ੍ਹਾਂ ਨੂੰ ਚੁਫੇਰਿਓਂ ਘੇਰ ਲਿਆ। ਗਿਲਬਰਟ ਤੇ ਸ਼ੇਖ ਇਮਾਮਦੀਨ ਨੇ ਸਿਖਾਂ ਨੂੰ ਸਾਮ੍ਹਣੇ ਪਾਸਿਓਂ ਤੇ ਐਬਟ ਦੀ ਫੌਜ ਨੇ ਪਿਛੋਂ ਜਾ ਘੇਰਾ ਪਾਯਾ। ਇਸ ਤਰਾਂ ਚਫੇਰਿਓਂ ਘਿਰ ਜਾਣ ਪਰ ਸਿਖ ਫੌਜ ਨੇ ਜਨਰਲ ਗਿਲਬਰਟ ਨੂੰ ਆਤਮ ਅਰਪਣ ਕਰ ਦਿਤਾ। ਆਤਮ ਅਰਪਣ ਕਰਨ ਵੇਲੇ ਵੀ ਰਾਜਾ ਸ਼ੇਰਸਿੰਘ ਦੇ ਮੁਖੜੇ ਦੀ ਲਾਲੀ ਦੂਰ ਨਾ ਹੋਈ। ਉਸ ਨੇ ਅੰਗ੍ਰੇਜ਼ ਜਨਰਲ ਗਿਲਬਰਟ ਦੇ ਸਜੇ ਪਾਸੇ ਖੜੇ ਹੋਕੇ ਸ਼ਸਤ੍ਰ ਰਖਣ ਵੇਲੇ ਨਿਕਲੇ ਹੋਕੇ ਕਿਹਾ ਸੀ:—

"ਅੰਗ੍ਰੇਜ਼ਾਂ ਦੇ ਅਨੇਕਾਂ ਜ਼ੁਲਮਾਂ ਦੇ ਕਾਰਣ ਤੇ ਅਪਣੇ ਦੇਸ਼ ਦੀ ਰਖਯਾ ਲਈ ਮੈਂ ਲੜਾਈ ਕੀਤੀ ਹੈ। ਮੇਰੇ ਬਹਾਦਰ ਸਾਥੀ ਬੀਰਾਂ ਦੀ ਸੇਜ ਉੱਤੇ ਲੜਾਈ ਦੇ ਮੈਦਾਨ ਵਿਚ ਹਮੇਸ਼ਾ ਲਈ ਸੌਂ ਗਏ ਹਨ। ਸਾਡੀਆਂ ਤੋਪਾਂ ਤੇ ਹੋਰ ਹਥੀਆਰ ਸਾਡੇ ਹਥੋਂ ਨਿਕਲ ਗਏ ਹਨ। ਸੋ ਅਸੀ ਇਸ ਵੇਲੇ ਤੁਹਾਡੇ ਅਗੇ ਆਤਮ ਅਰਪਣ ਕਰਦੇ ਹਾਂ। ਅਸਾਂ ਜੋ ਕੁਛ ਕੀਤਾ ਹੈ ਉਸਦੇ ਲਈ ਸਾਨੂੰ ਕੋਈ ਪਛਤਾਵਾ ਨਹੀਂ। ਹਥਿਆਰ ਤਾਂ ਹੋਣ ਪਰ ਅਸੀ ਕਲ ਵੀ ਓਹੋ ਕਰਾਂਗੇ" ਇਹ ਆਖ ਚੁਕਣ ਪਰ ਸਿਖ ਫੌਜ ਨੇ ਗਿਲਬਰਟ ਦੇ ਪੈਰਾਂ ਪਾਸ ਤਲਵਾਰਾਂ ਰਖ ਦਿਤੀਆਂ। ਸਿਰਫ ਦੋ ਸਿਖਾਂ—ਭਾਈ ਮਹਾਰਾਜ ਸਿੰਘ ਤੇ ਕਰਨਲ ਰਛਪਾਲ ਸਿੰਘ ਨੇ ਅਪਣੇ ਹਥਿਆਰ ਨਾ ਰਖੇ। ਉਸ ਵੇਲੇ ਹਰਇਕ ਸਿਖ ਸਰਦਾਰ ਤੇ ਫੌਜੀ ਦੀਆਂ ਅਖਾਂ ਵਿਚੋਂ ਅਥਰੂ ਜਾ ਰਹੇ ਸਨ। ਅਤੇ ਸਭਨਾ ਨੇ ਕਿਹਾ— "ਅਜ ਮਹਾਰਾਜਾ ਰਣਜੀਤ ਸਿੰਘ ਸਚ ਮੁਚ ਹੀ ਮਰ ਗਿਆ।" ਪਰ ਇਸ ਬਹਾਦਰੀ ਤੇ ਸੁਦੇਸ਼ ਪ੍ਰੇਮ ਦੇ ਸਨਮਾਨ ਦੀ ਰਖਯਾ ਨਾ ਕੀਤੀ ਗਈ। ਜਿੰਨੇ ਸਿਖ ਬੀਰ ਗੁਜਰਾਤ ਦੇ ਮੈਦਾਨ ਵਿਚ ਜ਼ਖਮੀ ਹੋਕੇ ਨਠ ਗਏ ਸਨ ਉਨ੍ਹਾਂ ਦੁਤੇ ਵੀ ਵੈਰੀਆਂ ਨੂੰ ਦਯਾ ਨਾ ਆਈ। ਈਸੇ ਦੀ ਉਨ੍ਹੀਵੀਂ ਸਦੀ ਵਿਚ ਬੀਰਤਾ ਦਾ ਆਦਰ, ਬੀਰਤਾ ਦਾ ਸਨਮਾਨ ਸਭ ਕੁਛ ਗੁਮ ਹੋਗਿਆ। ਜਿਸ ਬੀਰ ਭੂਮੀ ਪੰਜਾਬ ਵਿਚ ਸਨ ਈਸਵੀ ਤੋਂ ੩੩੧ ਵਰ੍ਹੇ ਪੈਹਲਾਂ ਬਾਦਸ਼ਾਹ ਸਿਕੰਦਰ ਨੇ ਜੋ ਸਭ੍ਯਤਾ ਤੇ ਸ਼ਿਸ਼ਟਤਾ ਦੀਆਂ ਡੀਗਾਂ ਨਹੀਂ ਮਾਰਦਾ ਸੀ ਉਸਨੇ ਰਾਜਾ ਪੋਰਸ (ਪੁਰੂਸ਼ਸੈਨ) ਦੀ ਬੀਰਤਾ ਉਤੇ ਪ੍ਰਸੰਨ ਹੋਕੇ ਉਸਦਾ ਰਾਜ ਮੋੜ ਦਿਤਾ ਸੀ ਅਤੇ ਬੀਰਤਾ ਦਾ ਸਨ

ਕਮਾਲ ਕੀਤਾ ਸੀ* ਓਸੇ ਬੀਰਭੂਮੀ ਪੰਜਾਬ ਵਿਚ ਤੇ ਉਨੀਵੀਂ ਸਦੀ ਵਿਚ ਜਿਸਦੀ ਬਾਬਤ ਕਿਹਾ ਜਾਂਦਾ ਹੈ ਕਿ ਸਭਯਤਾ ਦਾ ਇਸ ਸਦੀ ਵਿਚ ਬਹੁਤ ਪ੍ਰਚਾਰ ਹੋਯਾ ਹੈ ਬੀਰਤਾ ਦਾ ਨਿਰਾਦਰ ਕੀਤਾ ਗਿਆ । ਜਿਸ ਅਹਮਦ ਸ਼ਾਹ‡ ਅਬਦਾਲੀ ਦੀ ਬਾਬਤ ਅਸਭ੍ਯ, ਅਸੰਜਮ, ਅਨਪੜ੍ਹ

---

*ਯੂਨਾਨ ਦੇ ਮਕਦੋਨੀਆ ਇਲਾਕੇ ਦੇ ਫੈਲਕੂਸਦਾ ਪੁਤ੍ਰ ਸਿਕੰਦਰ ਇਕ ਵਡਾ ਯੋਧਾ ਬਾਦਸ਼ਾਹ ਹੋ ਚੁਕਾ ਹੈ। ਸਨ ਈਸਵੀ ਤੋਂ ੩੩੧ ਵਰ੍ਹੇ ਪਹਿਲਾਂ ਉਸਨੇ ਹਿੰਦੁਸਤਾਨ ਉਤੇ ਚੜ੍ਹਾਈ ਕੀਤੀ ਸੀ । ਉਸ ਵੇਲੇ ਜੇਹਲਮ ਪਾਰਦੇ ਰਾਜੇ ਪੋਰਸ(ਪੁਰੁਸ਼ ਸੈਨ) ਨੇ ਸਿਕੰਦਰ ਨਾਲ ਲੜਾਈ ਕੀਤੀ ਸੀ । ਲੜਾਈ ਵਿਚ ਪੋਰਸ ਦਾ ਪੁਤ੍ਰ ਮਾਰਿਆ ਗਿਆ ਤੇ ਫੌਜ ਨਠ ਗਈ । ਪਰ ਰਾਜਾ ਪੋਰਸ ਆਪ ਹਾਥੀ ਤੇ ਖੇਠਾ ਰਿਹਾ। ਸਿਕੰਦਰ ਓਸਦੀ ਬਹਾਦਰੀ ਵੇਖਕੇ ਪ੍ਰਸੰਨ ਹੋਯਾ ਤੇ ਉਸਨੇ ਰਾਜੇ ਨੂੰ ਆਖ ਭੇਜਿਆ ਜੇਕਰ ਤੂੰ ਹੁਣ ਵੀ ਮੇਰੇ ਪਾਸ ਚਲਿਆ ਆਵੇਂ ਤਾਂ ਤੇਰੀ ਜਾਨ ਬਖਸ਼ੀ ਕੀਤੀਜਾਵੇਗੀ ਇਸ ਪਰ ਰਾਜਾ ਪੋਰਸ ਸਿਕੰਦਰ ਦੇ ਪਾਸ ਚਲਿਆ ਗਿਆ। ਉਸਤੋਂ ਸਿਕੰਦਰ ਨੇ ਪੁਛਿਆ ਤੇਰੇ ਨਾਲ ਕੈਸਾ ਵਰਤਾਓ ਕੀਤਾ ਜਾਵੇ ? ਰਾਜੇ ਨੇ ਕਿਹਾ ਜੈਸਾ ਇਕ ਰਾਜਾ ਦੂਜੇ ਰਾਜੇ ਨਾਲ ਕਰਦਾ ਹੈ । ਸਿਕੰਦਰ ਨੇ ਉਸਨੂੰ ਉਸਦਾ ਨਾ ਸਿਰਫ ਰਾਜ ਹੀ ਮੋੜਿਆ ਸਗੋਂ ਅਪਣੀ ਵਲੋਂ ਵੀ ਬਹੁਤ ਕੁਝ ਦਿਤਾ।

‡ਅਹਮਦਸ਼ਾਹ ਅਬਦਾਲੀ (ਜਿਸਨੂੰ ਅਹਮਦ ਸ਼ਾਹ ਦੁਰਰਾਨੀ ਵੀ ਆਖਦੇ ਹਨ) ਨੇ ਸਨ ੧੭੫੨ ਵਿਚ ਪੰਜਾਬ

[ਬਾਕੀ ਨੋਟ ਲਈ੧੯੨ ਸਫ਼ਾ ਦੇਖੋ]

ਬਰਬਰ ਤੇ ਜੰਗਲੀ ਆਦਿ ਕਈ ਵਿਸ਼ੇਸ਼ਣ ਐਤ੍ਰਿਸੋਲੇਖ
ਨੇ ਵਰਤੇ ਹਨ ਉਸਨੇ ਵੀ ਪੰਜਾਬ ਵਿਚ ਭਾਰਤੀਆਂ ਦਾ ਅ
ਨਿਰਾਦਰ ਨਹੀਂ ਕੀਤਾ ਸੀ। ਪਰ ਉਨੀਂਹਵੀਂ ਸਦੀ ਦੇ ਪੂ

[੧੯੧ ਸਫੇ ਦਾ ਬਾਕੀ ਨੋਟ]

ਉਤੇ ਚੜ੍ਹਾਈ ਕੀਤੀ ਸੀ। ਉਸ ਵੇਲੇ ਲਾਹੌਰ ਦਾ ਸੂਬੇਦਾ
ਮੀਰਮੰਨੂ ਸੀ। ਅਬਦਾਲੀ ਨੇ ਜਦ ਲਾਹੌਰ ਫਤੇ ਕਰ ਲਿਆ ਤ
ਉਸਦੀਆਂ ਮੀਰਮੰਨੂ ਨਾਲ ਬਹੁਤ ਸੋਹਣੀਆਂ ਗਲਾਂ ਹੋਏ
ਜਿਨਾਂ ਤੋਂ ਹਰੇਕ ਕੌਮ ਤੇ ਦੇਸ਼ ਦੇ ਹਾਰੇ ਜਿਤੇ ਹੋਏ ਲੋ
ਸਿਖਿਆ ਲੈ ਸਕਦੇ ਹਨ। ਮੁਫਤੀ ਅਲਾਉਦੀਨ ਦੇ ਇਬਰ
ਨਾਮੇ ਵਿਚ ਮੀਰਮੰਨੂ ਤੇ ਦੁਰਰਾਨੀ ਦੀਆਂ ਗਲਾਂ ਇਸਤਰ
ਲਿਖੀਆਂ ਹਨ:—

ਦੁਰਰਾਨੀ—ਪਹਿਲੇ ਤੂੰ ਮੇਰੇ ਅਧੀਨਤਾ ਵਿ
ਕਿਉਂ ਨਾ ਆਯਾ ?

ਮੀਰਮੰਨੂ—ਉਸ ਵੇਲੇ ਮੇਰਾ ਮਾਲਿਕ ਹੋਰ ਸੀ।

ਦੁਰਰਾਨੀ—ਤੇਰਾ ਓਹ ਮਾਲਿਕ ਹੁਣ ਤੇਰੀ ਮਦ
ਨੂੰ ਕਿਉਂ ਨਹੀਂ ਆਯਾ ?

ਮੀਰਮੰਨੂ—ਓਹ ਸਮਝਦਾ ਸੀ ਮੇਰਾ ਨੌਕਰ ਅਪਣ
ਰਖਿਆ ਆਪ ਕਰ ਲਵੇਗਾ।

ਦੁਰਰਾਨੀ—ਜੇਕਰ ਮੈਂ ਤੇਰੇ ਕਾਬੂ ਆ ਜਾਂਦਾ
ਤੂੰ ਕੀ ਕਰਦਾ ?

ਮੀਰਮੰਨੂ—ਮੈਂ ਤੁਹਾਡਾ ਸਿਰ ਵਢਕੇ ਅਪਣੇ ਮਾਲਿਕ
ਪਾਸ ਭੇਜਦਾ।।

[ਬਾਕੀ ਨੋਟ ਲਈ ੧੯੩ ਸਫਾ ਦੇਖੋ]

ਕੁਲ ਸੰਦੀ ਧੀਰਤਾ ਦੀ ਬੁਝ ਗਈ। ਫਿਰ ਜਿਸ ਮਰਹਟੇ ਸਰਦਾਰ ਸਿਵਾਜੀ (ਸੇਵਾਜੀ) ਨੂੰ ਸਭਤਾ ਦੇ ਠੇਕੇਦਾਰ ਅੰਗ੍ਰੇਜ਼ ਲਿਖਾਰੀਆਂ ਨੇ ਲੁਟੇਰਾ ਤੇ ਜੰਗਲੀ ਆਦਿ ਲਿਖਿਆ ਸੀ ਉਸ ਮਹਾਤਮਾ ਨੇ ਵੀ ਅਨੇਕ ਵਾਰੀ ਆਪਣੇ ਵੈਰੀਆਂ ਨੂੰ ਕਾਬੂ ਕਰਕੇ ਉਨ੍ਹਾਂ ਨਾਲ ਬਹੁਤ ਚੰਗਾ ਸਲੂਕ ਕੀਤਾ ਸੀ ਪਰ ਫੋਕ ਸਭਤਾ ਦੇ ਠੇਕੇਦਾਰਾਂ ਨੇ ਤੇ ਆਪਣੀ ਉਦਾਰਤਾ ਦਾ ਢੰਡੋਰਾ ਪਿੱਟਣ ਵਾਲਿਆਂ ਨੇ ਧੀਰਤਾ ਨੂੰ ਵਿਸਾਰ ਉਤਾਰਿਆ।

ਸਿਖਾਂ ਦੇ ਹਥੀਆਰ ਰਖਾਏਣ ਪਰ ਅੰਗ੍ਰੇਜ਼ ਜਨਰਲ ਨੇ ਐਲਾਨ ਕੀਤਾ ਕਿ ਕੁਝ ਰੁਪਏ ਦਿਨੇ ਸਿਖਾਂ ਨੂੰ ਦਿਤੇ ਜਾਣਗੇ। ਪਰ ਸਿਖਾਂ ਨੇ ਫੇਰ ਭੀ ਆਪਣੇ ਆਤਮ ਅਭਿਮਾਨ ਦਾ ਸਬੂਤ ਦਿਤਾ। ਉਨ੍ਹਾਂ ਵਿਚੋਂ ਕਿਸੇ ਨੇ ਭੀ

[੧੯੨ ਸਫੇ ਨੋਟ ਦੀ ਬਾਕੀ]

ਦੁਰਰਾਨੀ—ਹੁਣ ਤੂੰ ਮੇਰੇ ਪਾਸੋਂ ਕੀ ਸਲੂਕੀ ਚਾਹੁੰਦਾ ਹੈਂ

ਮੀਰਮੰਨੂ—ਜੇਕਰ ਤੁਸੀਂ ਵਪਾਰੀ ਹੋ ਤਾਂ ਮੈਨੂੰ ਵੇਚ ਦੇਵੋ, ਜੇਕਰ ਜ਼ਾਲਮ ਹੋ ਤਾਂ ਮੈਨੂੰ ਮਾਰ ਸੁੱਟੋ, ਜੇਕਰ ਬਾਦਸ਼ਾਹ ਹੋ ਤਾਂ ਮਾਫ ਕਰ ਦਿਓ।

ਅਹਿਮਦ ਸ਼ਾਹ ਮੀਰਮੰਨੂ ਦਾ ਇਹ ਸਾਫ ਜਵਾਬ ਸੁਣਕੇ ਡਾਢਾ ਹੈਰਾਨ ਤੇ ਖੁਸ਼ ਹੋਇਆ। ਉਸਨੇ ਨਾ ਸਿਰਫ ਉਸਦੀ ਜਾਨ ਹੀ ਬਖਸ਼ੀ, ਸਗੋਂ ਉਸਨੂੰ "ਫਰਜ਼ੰਦ ਖਾਨ ਬਹਾਦਰ ਰੁਸਤਮੇ ਹਿੰਦ" ਦਾ ਖਿਤਾਬ ਦੇਕੇ ਮੁਲਕ ਲਾਹੌਰ ਦਾ ਸੂਬੇਦਾਰ ਬਣਾ ਦਿਤਾ।

ਰੁਪਯੇ ਲੈਣੋਂ ਮਨਜ਼ੂਰ ਨਾ ਕੀਤੇ* ਸਾਰੇ ਅਖਾਂ ਵਿਚੋਂ ਅਥ
ਕੇਰਦੇ ਹੋਏ ਚਲੇ ਗਏ। ਸਿਖਾਂ ਦੀਆਂ ਹੋਰ ਵੀ ੪੧ ਤੋਪ
ਗਿਲਬਰਟ ਦੇ ਹਥ ਆਈਆਂ ਤੇ ਇਸਤਰਾਂ ਸਿਖਾਂ ਦੀ ਦੂਜੀ
ਲੜਾਈ ਦੀ ਸਮਾਪਤੀ ਹੋਈ। ਲਾਟ ਡਲਹੌਜ਼ੀ ਦੀ ਕਪਟ
ਭਰੀ ਨੀਤੀ ਦੇ ਕਾਰਣ ਅੰਗ੍ਰੇਜ਼ਾਂ ਦੀ ਰਖਨਾ ਦੇ ਅਧੀ
ਬਾਲਕ ਮਹਾਰਾਜਾ ਦਲੀਪ ਸਿੰਘ ਦੇ ਰਾਜ ਵਿਚ ਇਸਤਰਾਂ
ਨਾਲ ਲਹੂ ਦੀਆਂ ਨਦੀਆਂ ਚਲੀਆਂ। ੧੫ ਮਾਰਚ ਨੂੰ
ਗਿਲਬਰਟ ਨੇ ਓਨਾਂ ਪਠਾਣਾ ਦਾ ਪਿਛਾ ਕੀਤਾ ਜੋ
ਸਿਖ ਫੌਜ ਵਿਚੋਂ ਭਜ ਗਏ ਸਨ। ਉਸ ਵੇਲੇ ਕਾਬੁਲ
ਅਮੀਰ ਦੋਸਤ ਮੁਹੰਮਦ ਪਿਸ਼ਾਵਰ ਵਿਚ ਸੀ। ਗੁਜਰਾਤ
ਲੜਾਈ ਵਿਚ ਸਿਖਾਂ ਦੇ ਹਾਰ ਜਾਣ ਦੀ ਖਬਰ ਸੁਣਕੇ ੧
ਮਾਰਚ ਨੂੰ ਓਹ ਅਪਣੀ ਫੌਜ ਸਣੇ ਨਠ ਗਿਆ। ਅੰਗ੍ਰੇਜ਼
ਨੇ ਪਹਾੜੀ ਹਦ ਤਕ ਉਨ੍ਹਾਂ ਦਾ ਪਿਛਾ ਕੀਤਾ। ਇਸਤਰਾਂ ਸਿ
ਦਾ ਭਾਗ ਫਿਰ ਗਿਆ। ਰਾਜਾ ਸ਼ੇਰ ਸਿੰਘ ਤੇ ਚਤਰ ਸਿੰ
ਨਜ਼ਰਬੰਦ ਕਰਕੇ ਕਲਕਤੇ ਭੇਜੇ ਗਏ।

ਕੀਆ ਜਿਸਕੇ ਜੋ ਜੀ ਮੇਂ ਆਯਾ ਬਰਾਬਰ
ਨ ਕਾਇਮ ਰਹੀ ਬਾਦਸ਼ਾਹੀ ਕਿਸੀ ਕੀ॥

ਹੇ ਕਾਲ ਤੇਰੀ ਅੰਤ ਵਿਚਿਤ੍ਰ ਗਤੀ ਹੈ। ਜਿ
ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪੰਜਾਬ ਵਿਚ ਕੌ

---

*ਬੈਂਕਵੇਲ ਨੇ ਅਪਣੀ ਕਿਤਾਬ "ਨੈਰੇਟਿਵ ਆਫ ਦ
ਸੈਕੰਡ ਸਿਖ ਵਾਰ" ਵਿਚ ਲਿਖਿਆ ਹੈ ਕਿ ਸਿਖਾਂ ਨੇ ਕੰਪਨੀ
ਬਹਾਦੁਰ ਪਾਸੋਂ ਇਕ ੨ ਰੁਪਯਾ ਲਿਆ ਪਰ ਦੇਸੀ
ਇਤਿਹਾਸਕਾਰ ਇਸ ਗਲ ਨੂੰ ਝੂਠ ਦਸਦੇ ਹਨ।

ਵਿਦੇਸ਼ੀ ਮੁਸਾਫਰ ਉਸਦੇ ਹੁਕਮ ਬਿਨਾ ਆ ਨਹੀਂ ਸਕਦਾ ਸੀ, ਵਿਦੇਸ਼ੀਆਂ ਨੇ ਉਸੇ ਮਹਾਰਾਜੇ ਦੇ ਰਾਜ ਵਿਚ ਉਸਦੇ ਮਰਨ ਤੋਂ ਦਸ ਵਰ੍ਹੇ ਪਿਛੋਂ ਪੰਜਾਬ ਦੀ ਛਾਤੀ ਉਤੇ ਮੂੰਗ ਦਲਨੇ ਅਰੰਭ ਦਿਤੇ। ਦਸ ਵਰ੍ਹੇ ਦੇ ਅੰਦਰ ਕੀ ਤੋਂ ਕੀ ਹੋ ਗਿਆ। ਓ ਪੰਜਾਬ! ਦਸਾਂ ਵਰ੍ਹਿਆਂ ਵਿਚ ਹੀ ਤੈਂ ਅਪਣਾ ਸਰਬੰਸ ਗੰਵਾਕੇ ਅੰਗ੍ਰੇਜ਼ਾਂ ਦੇ ਪੈਰਾਂ ਉਤੇ ਸਿਰ ਝੁਕਾ ਦਿਤਾ? ਕਿਸ ਨੂੰ ਪਤਾ ਸੀ ਕਿ ਤੂੰ ਦਸਾਂ ਵਰ੍ਹਿਆਂ ਪਿਛੋਂ ਪਰਾਧੀਨਤਾ ਦੀਆਂ ਬੇੜੀਆਂ ਪਾ ਲਵੇਂਗਾ। ਜੋ ਸੋਚਿਆ ਨਹੀਂ ਸੀ ਸੋ ਹੋਗਿਆ। ਲਾਟ ਡਲਹੌਜੀ ਦੀ ਸਦਾਚਾਰ ਨੀਤੀ ਤੋਂ ਪੰਜਾਬ ਨਾ ਬਚ ਸਕਿਆ। ਜਿਸ ਵੇਲੇ ਪੰਜਾਬ ਦੇ ਉਤਰੀ ਅਤੇ ਪਛਮੀ ਦੇਸ਼ ਵਿਚ ਅਸ਼ਾਂਤੀ ਦੀ ਅਗ ਭੜਕ ਰਹੀ ਸੀ ਉਸ ਵੇਲੇ ਪੰਜਾਬ ਦੀ ਰਾਜਧਾਨੀ ਲਾਹੌਰ ਵਿਚ ਬਿਲਕੁਲ ਸ਼ਾਂਤੀ ਸੀ। ਇਸ ਗਲ ਨੂੰ ਕੀ ਰੈਜ਼ੀਡੰਟ ਤੇ ਕੀ ਵਡਾ ਲਾਟ ਦੋਹਾਂ ਨੇ ਇਕ ਵਾਰੀ ਨਹੀਂ ਅਨੇਕਾਂ ਵਾਰੀ ਖੁਲ੍ਹੇ ਮੂੰਹ ਮੰਨਿਆ ਹੈ। ਲਾਹੌਰ ਦਰਬਾਰ ਦੀ ਪ੍ਰਤੀਨਿਧੀ ਸਭਾ ਵਿਚ ਅਠ ਸਿਖ ਮੈਂਬਰ ਸਨ। ਜਿਨਾਂ ਵਿਚੋਂ ਸ਼ੇਰ ਸਿੰਘ ਅੰਗ੍ਰੇਜ਼ਾਂ ਦਾ ਵਿਰੋਧੀ ਸੀ ਤੇ ਰਣਜੋਰ ਸਿੰਘ ਨੂੰ ਅੰਗ੍ਰੇਜ਼ਾਂ ਨੇ ਖੁਦ ਹੀ ਅਪਰਾਧੀ ਬਣਾਯਾ ਸੀ। ਬਾਕੀ ਸਾਰੇ ਸਰਦਾਰ ਅੰਗ੍ਰੇਜ਼ਾਂ ਵਲ ਸਨ। ਜਿਸ ਵੇਲੇ ਰੈਜ਼ੀਡੰਟ ਨੇ ਪੰਜਾਬ ਵਿਚ ਮਾਮਲੇ ਸੰਬੰਧੀ ਨਵੇਂ ਕਾਨੂਨ ਚਲਾਏ ਸਨ, ਉਸ ਵੇਲੇ ਸਭਨਾਂ ਸਰਦਾਰਾਂ ਨੇ ਮਾਮਲਾ ਅਕਠਾ ਕਰਨ ਵਿਚ ਭਾਰੀ ਮੇਹਨਤ ਕੀਤੀ ਸੀ। ਇਨਾਂ ਸਰਦਾਰਾਂ ਦੀ ਸਹੈਤਾ ਦੇ ਅੰਗ੍ਰੇਜ਼ ਮਾਮਲਾ ਉਗਰਾਹ ਲੈਂਦੇ ਇਸ ਵਿਚ ਸ਼ਕ ਹੈ। ਇਸਦੇ ਸਿਵਾ ਪੰਜਾਬ ਵਿਚ ਜਿਸ ਵੇਲੇ ਲੜਾਈ ਦਾ ਬਜ਼ਾਰ ਗਰਮ ਸੀ ਉਸਵੇਲੇ ਲਾਹੌਰ ਦਰਬਾਰ

ਨੇ ਅੰਗ੍ਰੇਜ਼ਾਂ ਨੂੰ ਰਸਦ ਆਦਿਕ ਦੀ ਪੂਰੀ ਸਹਾਇਤਾ ਦਿਤੀ ਸੀ ਮੁਸਲੇ ਅੰਗ੍ਰੇਜ਼ਾਂ ਦੀ ਪਹਿਲੀ ਲੜਾਈ ਦਾ ਕਰਜ਼ਾ ੧੮੫੮ ਰੁਪਯਾਂ ਦੀ ਤਾਰਿਆ ਸੀ। ਪ੍ਰਤੀਨਿਧੀ ਸਭਾ ਦੇ ਮੈਂਬਰਾਂ ਇਸ ਦੀ ਹੀ ਨਕਲ ਦੂਜੇ ਸਰਦਾਰਾਂ ਨੇ ਵੀ ਕੀਤੀ। ਸਿਖ ਰਾਜ ਵਿਚ ਉਸ ਵੇਲੇ ੩੪ ਪ੍ਰਸਿਧ ਸਰਦਾਰ ਸਨ ਦੂਜਿਆਂ ਸਰਦਾਰਾਂ ਵਿਚੋਂ ਯਾ ਉਨ੍ਹਾਂ ਦੇ ਕੁਟੰਬੀਆਂ ਵਿਚੋਂ ਕਿਸੇ ਨੇ ਵੀ ਅੰਗ੍ਰੇਜ਼ਾਂ ਦੇ ਵਿਰੋਧੀਆਂ ਦਾ ਸਾਥ ਨਹੀਂ ਕੀਤਾ ਸੀ। ਪੰਜਾਬ ਦੇ ਨਿਵਾਸੀਆਂ ਵਿਚੋਂ ਵੀ ਬਹੁਤਿਆਂ ਨੇ ਅੰਗ੍ਰੇਜ਼ਾਂ ਦੇ ਵਿਰੋਧੀਆਂ ਦਾ ਸਾਥ ਨਹੀਂ ਦਿਤਾ ਸੀ। ਵਿਰੋਧ ਸਿਰਫ ਖਾਲਸਾ ਫੌਜ ਨੇ ਹੀ ਕੀਤਾ ਸੀ ਜਿਸਦੀ ਗਿਣਤੀ ਕੇਵਲ ੩੦ ਹਜ਼ਾਰ ਸੀ। ਉਸਦੇ ਲੜਨ ਦਾ ਕਾਰਨ ਵੀ ਇਹ ਸੀ ਕਿ ਉਸ ਨੂੰ ਆਪਣੇ ਧਰਮ ਦੇ ਨਸ਼ਟ ਹੋਣ ਦਾ ਸ਼ਕ ਪੈ ਗਿਆ ਸੀ। ਸਿਰ ਹੈਨਰੀ ਲਾਰੇਂਸ ਨੇ ਵੀ ਮੰਨਿਆ ਸੀ ਕਿ ਅਪਣੀ ਫੌਜ ਵਿਚ ਬਹੁਤ ਥੋੜੇ ਸਿਖ ਸਨ ਜੇਹੜੇ ਅੰਗ੍ਰੇਜ਼ਾਂ ਦੇ ਪ੍ਰਤਿਕੂਲ ਸਨ। ਉਨ੍ਹਾਂ ਦੇ ਨਾਲ ਆਮ ਸਿਖ ਪ੍ਰਜਾ ਉਸ ਵਿਰੋਧ ਵਿਚ ਸ਼ਾਮਲ ਨਹੀਂ ਹੋਈ ਸੀ। ਸਿਖਾਂ ਵਿਚ ਅਨੇਕਾਂ ਅੰਗ੍ਰੇਜ਼ਾਂ ਦੇ ਭਰੋਸੇ ਵਾਲੇ ਤੇ ਸ਼ੁਭਚਿੰਤਕ ਸਨ। ਗਵਰਨਰ ਜਨਰਲ ਨੇ ਇਸ ਗਲ ਨੂੰ ਖੁਦ ਮੰਨਿਆ ਸੀ ਕਿ ਪੰਜਾਬ ਦੇ ਬਹੁਤੇ ਨਿਵਾਸੀਆਂ ਵਿਚੋਂ ਖਾਸਕਰ ਮੁਸਲਮਾਨ ਨਾ ਸਿਰਫ ਬਗਾਵਤ ਵਿਚ ਸ਼ਾਮਲ ਹੋਏ ਤੇ ਨਾ ਉਨ੍ਹਾਂ ਬਗਾਵਤ ਨਾਲ ਕੋਈ ਹਮਦਰਦੀ ਹੀ ਕੀਤੀ। ਪੰਜਾਬ ਦੀ ਸਾਰੀ ਆਬਾਦੀ ਵਿਚੋਂ ਥੋੜਾ ਹਿਸਾ ਸਿਖਾਂ ਦਾ ਸੀ ਤੇ ਜਿਸ ਵਿਚੋਂ ਸਿਰਫ ਇਕ ਹਿਸਾ ਹੀ ਅੰਗ੍ਰੇਜ਼ਾਂ ਦਾ ਵਿਰੋਧੀ ਸੀ। ਪੰਜਾਬ ਰਾਜ ਦੇ ੨੦ ਹਜ਼ਾਰ ਆਦਮੀ ਅੰਗ੍ਰੇਜ਼ਾਂ ਦੇ ਅਧੀਨ ਹੋਕੇ ਅਪਣੇ

ਰਾਵਾਂ ਨਾਲ ਲੜੇ ਸਨ। ਯਾਨੇ ਦਰਬਾਰ ਦੀ ਫੌਜ ਅਤੇ ਉਤੇ ਅਫਸਰ ਸ਼ੇਖ ਇਮਾਮਦੀਨ ਤੇ ਮਿਸਰ ਸਾਹਿਬ ਦਿਆਲ ਆਦ ਆਪਣੀ ਫੌਜ ਸਣੇ ਲਾਟ ਹਾਰਡਿੰਗ ਦੇ ਅਧੀਨ ਹੋਕੇ ਸਿਖਾਂ ਨਾਲ ਲੜੇ ਸਨ* ਕਸ਼ਮੀਰ ਦੇ ਰਾਜੇ ਗੁਲਾਬ ਸਿੰਘ ਨੇ ਵੀ ਅੰਗ੍ਰੇਜ਼ਾਂ ਦੀ ਮਦਦ ਕੀਤੀ ਸਤਲੁਜ ਪਾਰ ਦੇ ਸਿਖ ਰਾਜਿਆਂ ਨੇ ਵੀ ਅੰਗ੍ਰੇਜ਼ਾਂ ਦੀ ਤਨ ਧਨ ਨਾਲ ਮਦਦ ਕੀਤੀ। ਸਿਖਾਂ ਦੀ ਲੜਾਈ ਵੇਲੇ ਇਨ੍ਹਾਂ ਸਿਖ ਰਾਜਿਆਂ ਨੇ ਹੀ ਪੰਜ ਲਖ ਰੁਪਏ ਅੰਗ੍ਰੇਜ਼ਾਂ ਨੂੰ ਦਿਤੇ। ਜਿਨ੍ਹਾਂ ਵਿਚੋਂ ਅੱਧੀ ਰਕਮ ਯਾਨੇ ੨੫ ਲਖ ਰੁਪਏ ਸਿਰਫ਼ ਇਕ ਪਟਿਆਲੇ ਨੇ ਦਿਤੇ ਸਨ। ਇਨ੍ਹਾਂ ਚਾਲਾਂ ਪਰ ਵੀ ਬਾਲਕ ਮਹਾਰਾਜਾ ਦਲੀਪ ਸਿੰਘ ਦਾ ਰਾਜ ਲੂੰਬੜੀ ਲਾਟ ਡਲਹੌਜ਼ੀ ਨੇ ਕਪਟ ਭਰੀਆਂ ਚਾਲਾਂ ਨਾਲ ਫੇਰ ਹੜਪ ਹੀ ਲਿਆ।

ਕੀ ਦੂਸਰੀ ਸਿਖ ਲੜਾਈ ਸਚ ਮੁਚ ਹੀ ਸਿਖਾਂ ਦੀ ਲੜਾਈ ਸੀ? ਇਤਿਹਾਸ ਤੋਂ ਇਸਦਾ ਜਵਾਬ ਕੁਝ ਹੋਰ ਵਿਚ ਹੀ ਮਿਲਦਾ ਹੈ। ਕਿਉਂਕਿ ਉਪਰ ਅਸੀ ਦਸ ਆਏ ਹਾਂ ਕਿ ਇਸ ਲੜਾਈ ਨਾਲ ਲਾਹੌਰ ਦਰਬਾਰ ਦਾ ਪ੍ਰਤਖ ਯਾ ਪ੍ਰਗਟ ਕੁਝ ਵੀ ਸੰਬੰਧ ਨਹੀਂ ਸੀ। ਉਸ ਵੇਲੇ ਮਹਾਰਾਣੀ

---

*ਸਿਖਾਂ ਨੂੰ ਆਪਸ ਵਿਚ ਲੜਾਨ ਵਾਸਤੇ ਸ਼ੁਰੂ ਤੋਂ ਹੀ ਅਸਿਖ ਲੋਕ ਚਾਲਾਂ ਚਲਦੇ ਆਏ ਹਨ। ਇਸ ਵੇਲੇ ਪਟਿਆਲੇ ਤੇ ਨਾਭੇ ਵਿਚ ਜੋ ਝਗੜਾ ਪਿਆ ਹੋਇਆ ਹੈ ਤੇ ਜੋ ਖ਼ਰਾਬੀਆਂ ਤੇ ਬੇਇਜ਼ਤੀਆਂ ਸਿਖਾਂ ਦੀਆਂ ਹੋ ਰਹੀਆਂ ਹਨ ਇਕ ਪ੍ਰਤਖ ਦ੍ਰਿਸ਼ਟਾਂਤ ਹੈ। ਪਤਾ ਨਹੀਂ ਸਿਖ ਰਾਜੇ ਕਦੋਂ ਇਨਾਂ ਚਾਲਾਂ ਨੂੰ ਸਮਝਣਗੇ —ਅਨੁਵਾਦਕ

ਜਿੰਦਾਂ ਅੰਗ੍ਰੇਜ਼ਾਂ ਦੀ ਕੈਦ ਵਿਚ ਸੀ । ਫੇਰ ਅੰਗ੍ਰੇਜ਼ਾਂ ਦੀ ਬਣ
ਹੋਈ ਸਭਾ (ਰਿਜੈਂਸੀ ਕੌਂਸਲ) ਵਿਚੋਂ ਸਿਰਫ ਸ਼ੇਰ ਸਿ
ਵਿਰੋਧੀ ਬਣਿਆ ਸੀ । ਅੰਗ੍ਰੇਜ਼ ਰੈਜ਼ੀਡੈਂਟ ਉਸ ਸਭਾ
ਸਹੈਤਾ ਨਾਲ ਹਕੂਮਤ ਕਰਦਾ ਸੀ ਕਿਉਂਕਿ ਬਾਲਕਦਲ
ਸਿੰਘ ਦੀ ਪਾਲਕ ਅੰਗ੍ਰੇਜ਼ ਸਰਕ ਰ ਸੀ । ਇਸ ਲ
ਇਨਾਂ ਗਲਾਂ ਦੇ ਤੇ ਕਾਰਣਾ ਦੇ ਹੁੰਦਿਆਂ ਇਹ ਕਦੇ ਨ
ਕੇਹ ਸਕਦੇ ਕਿ ਦੂਜੀ ਲੜਾਈ ਅਸਲ ਵਿਚ ਸਿਖਾਂ
ਲੜਾਈ ਸੀ । ਹਾਂ ਓਹ ਥੋੜੇ ਜਿਹੇ ਅਸ਼ਾਂਤ ਲੋਕਾਂਦੀ—ਜੋ
ਅੰਗ੍ਰੇਜ਼ਾਂ ਦੇ ਕਪਟ ਭਰੇ ਕੰਮਾਂ ਤੋਂ ਖੁਸ਼ ਨਹੀਂ ਸਨ—ਉ
ਦੀ ਲੜਾਈ ਸੀ । ਓਸ ਲੜਾਈ ਦੇ ਵੇਲੇ ਲਾਹੌਰ ਵਿ
ਬਿਲਕੁਲ ਸ਼ਾਂਤੀ ਸੀ । ਬਾਲਕ ਮਹਾਰਾਜੇ ਨੂੰ ਇਸ ਗਲ
ਰਤਾ ਵੀ ਪਤਾ ਨਹੀਂ ਸੀ ਕਿ ਲਾਹੌਰ ਦੇ ਬਾਹਰ ਕੀ
ਰਿਹਾ ਹੈ । ਓਸ ਵੇਲੇ ਓਹ ਬਾਲਕ ਅਪਣੀਆਂ ਬਾਲ ਲੀ
ਵਿਚ ਮਗਨ ਸੀ । ਜਨਨੀ [ਮਾਤਾ] ਤੇ ਜਨਮਭੂਮੀ [ਦੇ
ਦੀ ਖਰਾਬ ਹਾਲਤ ਦਾ ਓਸਨੂੰ ਕੁਝ ਪਤਾ ਨਹੀਂ ਸੀ
ਪਰ ਛੇਤੀ ਹੀ ਓਸ ਅਨਜਾਣ ਬਾਲਕ ਨੇ ਵੇਖਿਆ ਕਿ ਓ
ਦਾ ਸਾਥੀ ਚਤਰ ਸਿੰਘ ਦਾ ਛੋਟਾ ਪੁਤ੍ਰ ਗੁਲਾਬ ਸਿੰਘ ਓ
ਦੇ ਪਾਸੋਂ ਹਟਾਕੇ ਕੈਦ ਕੀਤਾ ਗਿਆ ਤੇ ਓਸਦੇ ਮੈਹਲ
ਅੰਗ੍ਰੇਜ਼ੀ ਫੌਜ ਨੇ ਘੇਰ ਲਿਆ ਹੈ, ਫੇਰ ਵੀ ਓਸ ਬਾਲ
ਨੂੰ ਸਾਥੀ ਗੁਲਾਬ ਸਿੰਘ ਦੇ ਕੈਦ ਹੋਣ ਤੇ ਅਪਣੇ ਮੈਹਲ
ਘਿਰੇ ਜਾਣ ਦਾ ਕੋਈ ਕਾਰਣ ਮਲੂਮ ਨਾ ਹੋਯਾ । ਸਰਕ੍ਰੇ
ਰਿਕ ਕੇਰੀ [ਰੈਜ਼ੀਡੈਂਟ]ਦੀਆਂ ਗੁਪਤ ਚਿਠੀਆਂ ਤੋਂ ਪ
ਲਗਦਾ ਹੈ ਕਿ ਓਸਨੂੰ ਸ਼ਮਸ਼ੇਰ ਸਿੰਘ ਨਾਮੇਂ ਕਿਸੇ ਸਿ
ਕਿਹਾ ਸੀ ਕਿ ਜਦ ਮਹਾਰਾਜਾ ਸਾਹਿਬ ਸਲੋਮਨਾਗਦੀ ਸੈ

ਕਰਨ ਜਾਂਦੇ ਹਨ ਤਦ ਕਿਧਰੇ ਰਤਰਸਿੰਘਮਹਾਰਾਜਨੂੰ ਫੜਨ ਦੀ ਕੋਸ਼ਿਸ਼ ਨਾ ਕਰੇ ਤੇ ਪਿਛੋਂ ਇਹ ਗਲ ਪ੍ਰਜਾ ਵਿਚ ਪ੍ਰਗਟ ਨਾ ਕਰ ਦੇਵੇ ਕਿ ਅੰਗ੍ਰੇਜ਼ ਅਪਣੀ ਰਖਿਆ ਵਿਚ ਰਖੇ ਹੋਏ ਬਾਲਕ ਨਾਲ ਲੜਾਈ ਕਰ ਰਹੇ ਹਨ, ਪਰ ਦਲੀਪਸਿੰਘ ਇਸਦੀ ਬਾਬਤ ਕੁਝ ਨਹੀਂ ਜਾਣਦਾ ਸੀ ਤੇ ਉਸਨੂੰ ਕੁਝ ਪਤਾ ਨਹੀਂ ਸੀ ਕਿ ਦਾਲ ਵਿਚ ਕੁਝ ਕਾਲਾ ੨ ਹੈ। ਰੈਜ਼ੀਡੰਟ ਹੀ ਬਿਨਾਂ ਰੋਕ ਟੋਕ ਦੇ ਹਕੂਮਤ ਕਰਦਾ ਸੀ। ਸਿਖ ਯੁਧ ਦੇ ਸਮੇਂ ਤੇ ਉਸਦੇ ਪਿਛੋਂ ਵੀ ਕਿਸੇਨੇ ਰੈਜ਼ੀਡੰਟ ਵਲ ਉਂਗਲ ਨਾ ਕੀਤੀ। ਪਰ ਲਾਟ ਡਲਹੌਜ਼ੀ ਨੇ ਜ਼ਰਾ ਵੀ ਇਸ ਗਲ ਵਲ ਧਿਆਨ ਨਾ ਦਿਤਾ। ਉਸਨੇ ਪੰਜਾਬ ਨੂੰ ਜ਼ਬਤ ਕਰਨ ਲਈ ਅਪਣੀ ਕਲਮ ਕੁਹਾੜੀ ਮਾਰ ਹੀ ਦਿਤੀ। ਉਸਨੇ ਇਸ ਗਲਦਾ ਜ਼ਰਾ ਵਿਚਾਰ ਨਾ ਕੀਤਾ ਕਿ ਬਾਲਕ ਦਲੀਪ ਸਿੰਘ ਦਾ ਇਸ ਲੜਾਈ ਵਿਚ ਕੀ ਕਸੂਰ ਹੈ? ਉਸਨੇ ਗਵਰਨਮੈਂਟ ਆਫ ਇੰਡੀਆ ਦੇ ਸਿਕਤਰ ਮਿਸਟਰਹੈਨਰੀ ਇਲੀਯਟ ਨੂੰ ਲਾਹੌਰ ਦੀ ਪ੍ਰਤਿਨਿਧੀ ਸਭਾ [ਕੌਂਸਿਲਆਫ ਰਿਜੰਸੀ] ਨਾਲ ਪੰਜਾਬ ਨੂੰ ਈਸਟ ਇੰਡੀਆ ਕੰਪਨੀ ਦੇ ਰਾਜ ਵਿਚ ਮਿਲਾ ਲੈਣ ਦੀ ਬਾਬਤ ਸਾਰੀਆਂ ਗਲਾਂ ਤੈ ਕਰਨ ਲਈ ਭੇਜਿਆ। ੧੯ ਮਾਰਚ ਸੰਨ ੧੮੪੯ ਨੂੰ ਇਲੀਯਟ ਲਾਹੌਰ ਪਹੁੰਚਾ। ਇਥੇ ਇਹ ਦਸ ਦੇਣਾ ਵੀ ਜ਼ਰੂਰੀ ਹੈ ਕਿ ਉਦਾਰ ਦਿਲ ਸਰ ਹੈਨਰੀ ਲਾਰੈਂਸ ਲਾਟ ਡਲਹੌਜ਼ੀ ਦੇ ਇਸ ਮਤੇ ਨਾਲ ਮੁਤਫਿਕ ਨਹੀਂ ਸੀ ਕਿ ਪੰਜਾਬ ਨੂੰ ਈਸਟ ਇੰਡੀਆ ਕੰਪਨੀ ਦੇ ਰਾਜ ਵਿਚ ਮਿਲਾ ਲਿਆ ਜਾਵੇ। ਜਿਨਾਂ ਸਿਖਾਂ ਸਰਦਾਰਾਂ ਨੇ ਅਪਣੇ ਭਰਾਵਾਂ ਦੇ ਵਿਰੋਧੀ ਬਣਕੇ ਅੰਗ੍ਰੇਜ਼ਾਂ ਦੀ ਹਰਤਰਾਂ ਨਾਲ ਮਦਦ ਕੀਤੀ

ਸੀ ਉਹ ਵੀ ਨਹੀਂ ਜਾਣਦੇ ਸਨ ਕਿ ਇਹ ਸਹੈਤਾ ਦੇਣ ਪ
ਕੀ ਅੰਗ੍ਰੇਜ਼ ਪੰਜਾਬ ਨੂੰ ਕੰਪਨੀ ਦੇ ਰਾਜ ਵਿਚ ਮਿਲਾ ਲੈਣਗੇ
ਇਸ ਲਈ ਉਨ੍ਹਾਂ ਸਰਦਾਰਾਂ ਨੇ ਇਸ ਗੱਲ ਦਾ ਵਿਰੋ
ਕੀਤਾ । ਪਰ ਲਾਟ ਡਲਹੌਜ਼ੀ ਕਪਟ ਨੀਤੀ ਦੇ ਸਾਹਮਣੇ
ਸਿਖ ਸਰਦਾਰਾਂ ਦੀ ਇਕ ਪੇਸ਼ ਨਾ ਗਈ । ਇਲੀਅਟ
ਇਸ ਗੱਲ ਦੀ ਬਾਬਤ ਖੁਦ ਲਿਖਿਆ ਹੈ ਕਿ ਲਾਹੌ
ਪਹੁੰਚਕੇ ਮੈਂ ਸਰ ਹੈਨਰੀ ਲਾਰੈਂਸ ਤੇ ਮਿਸਟਰ ਸਾ
ਲਾਰੈਂਸ ਨਾਲ ਉਕਤ ਕੰਮ ਦੀ ਬਾਬਤ ਲਿਖਾ ਪੜ੍ਹੀ ਕੀਤ
ਜਿਸਦੇ ਲਈ ਕਿ ਮੈਂ ਲਾਹੌਰ ਭੇਜਿਆ ਗਿਆ ਸੀ । ਪ
ਮੈਨੂੰ ਦੁਖ ਹੋਯਾ ਕਿ ਇਹ ਦੋਵੇਂ ਅਫਸਰ ਇਸ ਗੱਲ ਦੇ
ਭੁੱਲ ਹੋਏ ਸਨ ਕਿ ਪ੍ਰਤਿਨਿਧੀ ਸਭਾ ਤੋਂ ਸੁਲਹੇ ਦ
ਸ਼ਰਤਾਂ ਦੀ ਮਨਜ਼ੂਰੀ ਨਾ ਕਰਾਈ ਜਾਵੇ । ਕਿਉਂ ਕਿ ਪ੍ਰਤਿਨਿ

---

*ਲੇਡੀ ਲੋਗਿਨ ਦੀ ਕਿਤਾਬ—"ਸਰਜਾਨ ਲੋਗਿਨ
ਐਂਡ ਮਹਾਰਾਜਾ ਦਲੀਪ ਸਿੰਘ" ਦੇ ਸਫ਼ੇ ੧ ਤੇ
ਲਿਖਿਆ ਹੈ ਪੰਜਾਬ ਨੂੰ ਬ੍ਰਿਟਿਸ਼ ਰਾਜ ਵਿਚ ਮਿਲਾ ਲੈਣ
ਦੀ ਰਾਇ ਸੋ ਲਾਟ ਡਲਹੌਜੀ ਦੀ ਸੀ ਸਰ ਹੈਨਰੀ ਲਾਰੈ
ਉਸਦੇ ਵਿਰੁਧ ਸੀ । ਵੱਡੇ ਲਾਟ ਦੀ ਇਸ ਗਲ ਤੋਂ ਰੈਜੀਡੈਂ
ਨੂੰ ਬਹੁਤ ਦੁਖ ਹੋਯਾ । ਸਰ ਹੈਨਰੀ ਲਾਰੈਂਸ ਨੇ ਪੰਜਾਬ
ਬ੍ਰਿਟਿਸ਼ ਰਾਜ ਵਿਚ ਮਿਲਾਣ ਦਾ ਭਾਰੀ ਵਿਰੋਧ ਕੀਤਾ । ਸ
ਹੈਨਰੀ ਨੇ ਲਾਟ ਡਲਹੌਜ਼ੀ ਨੂੰ ਇਕ ਚਿਠੀ ਲਿਖੀ । ਜਿਸ
ਵਿਚ ਉਸਨੇ ਪੰਜਾਬ ਨੂੰ ਕੰਪਨੀ ਦੇ ਰਾਜ ਵਿਚ ਨਾ ਮਿਲਾਏ
ਦੇ ਕਾਰਣ ਦਸੇ । ਗੱਟ ਤੇ ਆਰਥਰ ਨੇ ਵੀ ਉਸ ਚਿਠੀ ਦ
ਤਰਜਮਾ ਅਪਣੀ ਕਿਤਾਬ ਵਿਚ ਲਿਖੀ ਹੈ ।

ਭਾਦੇ ਮੈਂਬਰ ਪੈਹਲੀ ਸੁਲਹ ਦੇ ਕਾਰਣ ਹੀ ਅਪਣੇ ਦੇਸ ਰ ਬਦਨਾਮ ਹੋ ਚੁਕੇ ਹਨ । ਇਸ ਪਰ ਮੈਂ ਓਨਾਂ ਨੂੰ ਹਾ ਕਿ ਕੌਂਸਿਲ ਦੇ ਪ੍ਰਤਾਪੀ ਦੋ ਮੈਂਬਰਾਂ ਨੂੰ ਪ੍ਰਾਈਵੇਟ ਾਨਫਰੇਂਸ ਵਿਚ ਛੇਤੀ ਸਦਿਆ ਜਾਵੇ। ਸੌਮੇਰੋ ਇਸ ਕਹਣੇ ਰ ਰਾਜਾ ਤੇਜਾ ਸਿੰਘ ਤੇ ਦੀਵਾਨ ਦੀਨਾ ਨਾਥ ਸਦੇ ਗਏ। ਾਜਾ ਤੇਜਾ ਸਿੰਘ ਨੇ ਪਹਿਲਾਂ ਤਾਂ ਬੀਮਾਰੀ ਦਾ ਬਹਾਨਾ ਣਾਯਾ ਤੇ ਔਣਾ ਨਾ ਮੰਨਿਆ । ਮੈਂ ਖੁਦ ਰਾਜੇ ਤੇਜਾਸਿੰਘ ਘਰ ਚਲਿਆ ਜਾਂਦਾ ਜੇਕਰ ਮੈਨੂੰ ਇਹ ਖਟਕਾ ਨਾ ਦਾ ਕਿ ਪੰਜਾਬ ਨੂੰ ਜ਼ਬਤ ਕਰਨ ਦੀ ਗਲ ਵਿਚ ਖਾਸ ਮ ਦਸਣ ਪਰ ਕਿਧਰ ਰਾਜੇ ਤੇਜਾ ਸਿੰਘ ਨੂੰ ਇਹ ਗਲ ਾਵੇ ਹੀ ਨਹੀਂ । ਇਸ ਲਈ ਮੈਂ ਫੇਰ ਰਾਜੇ ਤੇਜਾ ਸਿੰਘ ਕਹਾ ਭੇਜਿਆ ਕਿ ਕੰਮ ਜਰੂਰੀ ਹੈ ਤੁਹਾਡੇ ਆਏ ਬਿਨਾ ਰਾ ਨਹੀਂ ਹੋ ਸਕਦਾ। ਜੇਕਰ ਤੁਸੀ ਬਹੁਤੇ ਦੁਖੀ ਨਾ ਵੋ ਤਾਂ ਰਿਜੈਂਸੀ ਆਫਿਸ ਵਿਚ ਚਲੇ ਆਓ । ਰਾਜਾ ਤੇਜਾ ਸੰਘ ਦੀਵਾਨ ਦੀਨਾ ਨਾਥ ਸਣੇ ਆਨ ਪਹੁੰਚਾ । ਓਸਦੀ ਰਤ ਵੇਖਣ ਤੋਂ ਕਿਸੇ ਬੀਮਾਰੀ ਦਾ ਨਿਸ਼ਾਨ ਮਾਲੂਮ ਹੀਂ ਹੁੰਦਾ ਸੀ । ਪਹਿਲੀ ਮੁਲਾਕਾਤ ਹੁੰਦਿਆਂ ਹੀ ਮੈਂ ਓਸ ਅਪਣਾ ਮਤਲਬ ਦਸ ਦਿਤਾ ਕਿ ਹੁਣ ਪੰਜਾਬ ਬ੍ਰਿਟਿਸ਼ ਾਜ ਵਿਚ ਮਿਲਾ ਲਿਆ ਜਾਵੇਗਾ। ਪਰ ਇਸ ਗਲ ਦਾ ਰਨਾ ਕਰਨਾ ਪ੍ਰਤਿਨਿਧੀ ਸਭਾ ਦੇ ਮੈਂਬਰਾਂ ਦੀ ਇਛਾ ਤੇ ਹੈ ਕਿ ਮੈਂ ਜਿਹੜੀਆਂ ਸ਼ਰਤਾਂ ਪੇਸ਼ ਕਰਦਾ ਹਾਂ ਓਨਾਂ ਦੇ ਨੁਸਾਰ ਪੰਜਾਬ ਅੰਗ੍ਰੇਜ਼ੀ ਰਾਜ ਵਿਚ ਮਿਲਾਯਾ ਜਾਵੇ ਕਿ ਸੇ ਹੋਰ ਢੰਗ ਨਾਲ। ਇਹ ਸੁਣਕੇ ਰਾਜਾ ਤੇਜਾ ਸਿੰਘ ਡਰਿਆ ਤੇ ਘਬਰਾਯਾ । ਉਸਨੇ ਰਾਜੇ ਸ਼ੇਰ ਸਿੰਘ ਤੇ

ਹੋਰ ਬਾਗੀ ਸਰਦਾਰਾਂ ਦੀ ਭਾਰੀ ਨਿੰਦਿਆ ਕੀਤੀ। ਨਾ
ਹੀ ਇਸ ਗਲਨੂੰ ਓਸਨੇ ਮੰਨ ਲਿਆ ਕਿ ਅੰਗ੍ਰੇਜ਼ ਸਰਕਾ
ਨੂੰ ਪੂਰਾ ਅਖਤਿਆਰ ਹੈ ਕਿ ਓਹ ਜੋ ਠੀਕ ਸਮਝੇ ਕਰੇ
ਓਸਨੇ ਇਹ ਵੀ ਕਿਹਾ ਕਿ ਕਿਮੇਤਰਾਂ ਦੀ ਸ਼ਰਤ ਉਤੇਕੌਂਸ
ਦੇ ਦਸਤਖਤ ਕੀਤੇ ਬਿਨਾ ਹੀ ਪੰਜਾਬ ਦੀ ਸਬਤੀ
ਐਲਾਨ ਕਰ ਦੇਣਾ ਚਾਹੀਦਾ ਹੈ। ਇਸ ਪਰ ਇਲੀਯ
ਨੇ ਕਿਹਾ—

"ਜੇਕਰ ਕੌਂਸਿਲ ਦੇ ਮੈਂਬਰ ਵੱਡੇ ਲਾਟ ਦੀ
ਓਨਾਂ ਸ਼ਰਤਾਂ ਨੂੰ ਨਹੀਂ ਮੰਨਣਗੇ ਜੌ ਕੌਂਸਲ ਦੇ ਮੈਂਬਰਾਂ
ਮਹਾਰਾਜਾ ਲਈ ਹਨ ਤਾਂ ਫੇਰ ਮੇਰੀ ਜੋ ਮਰਜੀ ਆਵੇ
ਕਰਾਂਗਾ। ਮੈਨੂੰ ਇਹ ਆਖਣ ਦਾ ਕੋਈ ਹਕ ਨਹੀਂ
ਕੌਂਸਲ ਦੇ ਮੈਂਬਰਾਂ ਨੂੰ ਗੁਜਾਰੇ ਲਈ ਕੁਝ ਦਿਤਾ ਜਾਵੇ
ਕਿ ਨਹੀਂ" ਇਹ ਸੁਣਕੇ ਵੀ ਦੀਵਾਨ ਦੀਨਾਨਾਥ ਨੇ ਤੇ
ਸਿੰਘ ਦੀ ਤਰਾਂ ਅਪਣੇ ਦਿਲ ਦੀ ਕਮਜ਼ੋਰੀ ਪ੍ਰਗਟ
ਕੀਤੀ। ਓਸਨੇ ਸੁਲਹ ਦੀਆਂ ਕਰੜੀਆਂ ਸ਼ਰਤਾਂ
ਵਿਰੋਧ ਕੀਤਾ। ਓਸਨੇ ਮਹਾਰਾਜਾ ਦਲੀਪ ਸਿੰਘ ਤੇ ਰ
ਘਰਾਣੇ ਦੀਆਂ ਇਸਤ੍ਰੀਆਂ ਨੂੰ ਕਿਲੇ ਵਿਚੋਂ ਕਢ ਦੇਣ
ਪ੍ਰਬਲ ਪ੍ਰਤਿਵਾਦ ਕੀਤਾ ਅਤੇ ਕਿਹਾ ਕਿ ਇਸ ਵਿ
ਮਹਾਰਾਜਾ ਰਣਜੀਤਸਿੰਘ ਦੀ ਬਹੁਤ ਬਦਨਾਮੀ ਹੋਵੇਗੀ

ਇਸਦੇ ਸਿਵਾ ਇਲੀਯਟ ਤੇ ਦੀਵਾਨ ਦੀਨਾ ਨਾ
ਵਿਚ ਮਹਾਰਾਜਾ ਦਲੀਪ ਸਿੰਘ ਨੂੰ ਲਾਹੌਰੋਂ ਕਢਕੇ ਕਿ
ਭੇਜਿਆ ਜਾਵੇ ਇਸਦੀ ਬਾਬਤ ਬਹੁਤ ਦੇਰ ਤਕ ਚਰ
ਹੁੰਦੀ ਰਹੀ। ਜਦ ਇਹ ਸਾਰੀਆਂ ਗਲਾਂ ਤੈ ਹੋ ਗਈਆ
ਬਦ ਰਾਜਾ ਤੇਜਾ ਸਿੰਘ ਤੇ ਦੀਵਾਨ ਦੀਨਾ ਨਾਥ ਨੇ ਪੁਛਿ

ਕਿ ਸਾਡੀਆਂ ਜਾਗੀਰਾਂ ਬਣੀਆਂ ਰਹਨਗੀਆਂ ਕਿ ਨਹੀਂ? ਇਸਦਾ ਜਵਾਬ ਇਲੀਯਟ ਨੇ ਇਹ ਦਿਤਾ—"ਤੁਹਾਨੂੰ ਤੁਹਾਡੀ ਜਾਗੀਰ ਤੇ ਤਨਖਾਹ ਤੋਂ ਵਾਂਜਿਆ ਰਖਣ ਦਾ ਵਿਚਾਰ ਨਹੀਂ। ਪਰ ਇਸਦੇ ਬਦਲੇ ਵਿਚ ਅੰਗ੍ਰੇਜ਼ਸਰਕਾਰ ਤੁਹਾਡੇ ਪਾਸੋਂ ਕੋਈ ਸਲਾਹ ਮਸ਼ਵਰਾ ਲਵੇ ਤਾਂ ਓਹ ਤੁਹਾਨੂੰ ਬਿਨਾ ਨਾਹ ਨੁਕਰਦੇ ਦੇਣੀ ਪਵੇਗੀ। ਜੇਕਰ ਤੁਸਾਂ ਸੁਲਹ ਦੀਆਂ ਸ਼ਰਤਾਂ ਨਹੀਂ ਮੰਨੋਗੇ ਤਾਂ ਮੈਂ ਓਸ ਦਸ਼ਾ ਵਿਚ ਕਦੇ ਇਹ ਵਚਨ ਨਹੀਂ ਦੇ ਸਕਦਾ ਕਿ ਤੁਹਾਡੇ ਨਾਲ ਕਿਸੇ ਤਰਾਂ ਦੀ ਰਿਐਤ ਕੀਤੀ ਜਾਵੇਗੀ*" ਇਸਪਰ ਦੀਵਾਨ ਦੀਨਾ

---

*ਸਰ ਲੈਪਿਲ ਗ੍ਰਿਫਿਨ ਨੇ ਅਪਣੀ ਕਿਤਾਬ "ਰਣਜੀਤ ਸਿੰਘ" ਵਿਚ ਜੋ "ਰੂਲਰਸ ਆਫ ਇੰਡੀਆ" ਨਾਮੇਂ ਗ੍ਰੰਥ ਸੀਰੀਜ਼ ਵਿਚ ਛਪੀ ਹੈ ਲਿਖਿਆ ਹੈ ਕਿ ਪੰਜਾਬ ਨੂੰ ਜ਼ਬਤ ਕਰਨ ਦੇ ਪਿਛੋਂ ਦੀਵਾਨਦੀਨਾਨਾਥਦੀ ਸਹਾਇਤਾ ਬਿਨਾ ਦਰਬਾਰ ਦਾ ਹਿਸਾਬ ਸਾਫ ਹੋਣਾ ਔਖਾ ਸੀ। ਪੰਜਾਬ ਦੀ ਜ਼ਬਤੀ ਦੇ ਪਿਛੋਂ ਵੀ ਦੀਵਾਨ ਦੀਨਾ ਨਾਥ ਦੀ ਸਹਾਇਤਾ ਮਾਮਲੇ ਤੇ ਜਾਗੀਰਾਂ ਦੀ ਬਾਬਤ ਓਨੀ ਹੀ ਵਡਮੁਲੀ ਸੀ ਜਿੰਨੀ ਕਿ ਪੰਜਾਬ ਨੂੰ ਜ਼ਬਤ ਕਰਨ ਤੋਂ ਪਹਿਲਾਂ ਸੀ। ਸਨ ੧੮੪੮ ਵਿਚ ਜਦ ਸਿਖ ਫੌਜ ਵਿਗੜ ਗਈ ਸੀ ਤਦ ਬਹੁਤ ਸਾਰੇ ਲੋਕਾਂ ਦਾ ਇਹ ਖਿਆਲ ਸੀ ਕਿ ਦੀਨਾਨਾਥ ਵਿਸਾਹ-ਘਾਤੀ ਹੈ ਅਤੇ ਉਸਨੇ ਹੀ ਫੌਜ ਨੂੰ ਉਭਕੇਰਿਆ ਹੈ। ਜੇਕਰ ਉਸਦੇ ਪਾਸ ਬਹੁਤ ਸਾਰੇ ਮਕਾਨ ਤੇ ਬਾਗ ਬਗੀਚੇ ਆਦਿ ਲਖਾਂ ਰੁਪਯਾਂ ਦੀ ਜਾਇਦਾਦ ਨਾ ਹੁੰਦੀ ਤਾਂ ਹੋ ਸਕਦਾ ਸੀ ਕਿ ਓਹ ਬਾਗੀਆਂ ਨਾਲ ਮਿਲ ਜਾਂਦਾ। ਪਰ ਉਕਤ ਅਫਵਾਹਾਂ ਉਸਦੇ ਦੁਸ਼ਮਣਾ ਨੇ ਉਡਾਈਆਂ ਸਨ।

ਨਾਥ ਨੇ ਪੁਛਿਆ ਕਿ ਜਾਗੀਰ ਉਤੇ ਸਾਡੀ ਸੰਤਾਨ ਦਾ ਵੀ
ਹਕ ਰਹੇਗਾ ਕਿ ਨਹੀਂ ? ਇਲੀਯਟ ਨੇ ਜਵਾਬ ਦਿ
ਕਿਉਂ ਨਹੀਂ । ਜਦ ਜਾਗੀਰ ਹਮੇਸ਼ਾ ਲਈ ਹੈ ਤਦ ਹ
ਰਹੇਗਾ ਹੀ ਅਤੇ ਇਸਦੀ ਪੜਤਾਲ ਕਰਨ ਲਈ ਛੇ
ਇਕ ਅਫਸਰ ਨਿਯਤ ਹੋਵੇਗਾ । ਇਸਦੇ ਸਿਵਾ ਇਲੀਯਟ
ਇਹ ਵੀ ਕਿਹਾ ਕਿ ਤੁਸੀ ਸੁਲਹਨਾਮੇਂ ਤੇ ਦਸਤਖਤ ਕਰ
ਲਈ ਸੁਤੰਤ੍ਰਤਾ ਨਾਲ ਵਿਚਾਰ ਕਰ ਲਓ। ਸੋ ਜਾਗੀਰ
ਜ਼ਬਤ ਹੋਣ ਦੇ ਭੈ ਤੋਂ ਦੀਵਾਨ ਦੀਨਾ ਨਾਥ ਵੀ ਡਰ ਗਿ
ਉਸਨੇ ਵੀ ਰਾਜਾ ਤੇਜਾ ਸਿੰਘ ਦੇ ਨਾਲ ਦਸਤਖਤ ਕਰਦਿ
ਇਸਤਰਾਂ ਮਿ: ਇਲੀਯਟ ਸਿਰਫ ਇਨਾਂ ਦੋਹਾਂ ਪਾਸੋਂ ਹ
ਦਸਤਖਤ ਕਰਾਕੇ ਚੁਪ ਨਾ ਹੋਯਾ, ਉਸਨੇ ਫਕੀਰ ਨੂਰਦੀ
ਤੇ ਭਾਈ ਨਿਧਾਨ ਸਿੰਘ ਨੂੰ ਸਦਿਆ ਤੇ ਉਨਾਂ ਨਾ
ਭੀ ਰਾਜਾ ਤੇਜਾ ਸਿੰਘ ਤੇ ਦੀਵਾਨ ਦੀਨਾ ਨਾਥ ਦੀ ਤ
ਗਲਾਂ ਕੀਤੀਆਂ। ਫੇਰ ਉਨਾਂ ਨੇ ਵੀ ਸੁਲਹਨਾਮੇਂ ਉ
ਦਸਤਖਤ ਕਰ ਦਿਤੇ । ਨਾਲੇ ਇਹ ਵੀ ਤੈ ਪਾਯਾ ਕਿ ਕ
ਸਵੇਰੇ ਸਭ ਦਾ ਦਰਬਾਰ ਕੀਤਾ ਜਾਵੇ ਅਤੇ ਉਸ ਵਿ
ਸੁਲਹਨਾਮੇਂ ਦੀਆਂ ਸ਼ਰਤਾਂ ਉਤੇ ਮਹਾਰਾਜੇ ਦੀ ਮਨਜ਼ੂ
ਲਈ ਜਾਵੇ। ਇਹ ਫੈਸਲਾ ਹੋ ਜਾਣ ਪਰ ਦੀਵਾਨ ਦੀ
ਨਾਥ ਆਦਿ ਸਾਰੇ ਲੋਕ ਵਿਦਾ ਹੋ ਗਏ।

ਦੂਜੇ ਦਿਨ ਸਵੇਰੇ ਯਾਨੇ ੨੯ ਮਾਰਚ ੧੮੪੯ ਵਾ
ਇਨ ਲਾਹੌਰ ਦੇ ਰਾਜ ਮੈਹਲ ਵਿਚ ਛੇਕੜ ਵਾਰੀ ਮਹਾਰਾ
ਦਲੀਪ ਸਿੰਘ ਦਾ ਦਰਬਾਰ ਲਗਾ । ਯਾਨੇ ਉਸ ਦਿ
ਪੰਜਾਬ ਕੇਸਰੀ ਮਹਾਰਾਜੇ ਰਣਜੀਤਸਿੰਘ ਦਾ ਪੁਤ੍ਰ ਬਾਲ
ਮਹਾਰਾਜਾ ਦਲੀਪ ਸਿੰਘ ਆਪਣੇ ਪਿਤਾ ਦੇ ਤਖਤ ਉ

ੰਤਿਮ ਵਾਰੀ ਵੇਖਣਾ । ਪਰ ਓਸ ਦਿਨ ਲਾਹੌਰ ਦਰਬਾਰ ਦੀ
ਹਿਲੇ ਵਰਗੀ ਸੋਭਾ ਨਹੀਂ ਸੀ । ਸਭਨਾ ਦੇ ਮੂੰਹ ਉੱਤੇ
ਦਾਸੀ ਛਾਈ ਹੋਈ ਸੀ। ਪਹਿਲੇ ਜੇਹੜੇ ਸਰਦਾਰ ਵਡਮੁਲੇ
ਪੜੇ ਤੇ ਗੈਹਣੇ ਆਦਿ ਪਾਕੇ ਦਰਬਾਰ ਵਿਚ ਆਯਾ
ਰਦੇ ਸਨ ਅਜ ਓਹੀ ਮੈਲਦੇ ਕਪੜੇ ਪਾਕੇ ਦਰਬਾਰ ਵਿਚ
ਸਰ ਹੋਏ । ਦਰਬਾਰ ਵਿਚ ਜਿਥੇ ਸਿਖਾਂ ਸਰਦਾਰਾਂ ਦੀਆਂ
ਪਾਨਾ ਚਮਕਦੀਆਂ ਸਨ ਤੇ ਵੇਖਣ ਵਾਲਿਆਂ ਦੀਆਂ
ਆਂ ਵਿਚ ਚਕਚੌਂਧ ਛਾ ਜਾਂਦੀ ਸੀ ਅਜ ਓਹੀ ਨਿਰਸ਼ਤ੍ਰ
ਲੀ ਹਥ ਦਰਬਾਰ ਵਿਚ ਆਏ। ਨਿਯਤ ਸਮੇਂ ਮਿਸਟਰ
ਲੀਯਟ, ਰੈਜੀਡੈਂਟ ਸਰਹੈਨਰੀ ਲਾਰੇਂਸ ਤੇ ਹੋਰ ਕਰਮ
ਰੀ ਤਥਾ ਫੌਜ ਸਣੇ ਦਰਬਾਰ ਵਿਚ ਪਹੁੰਚਾ । ਮਹਾਰਾਜਾ
ਲੀਪ ਸਿੰਘ ਤੇ ਹੋਰਨਾ ਸਿਖ ਸਰਦਾਰਾਂ ਨੇ ਰਾਜ ਮੈਹਲ
ਬਾਹਰਲੇ ਫਾਟਕ ਉੱਤੇ ਪਹੁੰਚਕੇ ਉਨਾਂ ਦਾ ਸ੍ਵਾਗਤਕੀਤਾ
ਲਾਮਾਲੇਕਮ ਹੋਣ ਪਿਛੋਂ ਮਹਾਰਾਜਾ ਸਾਹਿਬ ਅੰਤਿਮਵਾਰ
ਪਣੇ ਪਿਤਾ ਦੇ ਸਿੰਘਾਸਨ ਉਤੇ ਬੈਠੇ। ਪਾਸਹੀ ਸਜੇ ਪਾਸੇ
ਗ੍ਰੇਜ਼ੀ ਫੌਜ ਹਥੀਆਰ ਬੰਨਕੇ ਖੜੀ ਸੀ ਤੇ ਖਬੇ ਪਾਸੇ
ਖ ਸਰਦਾਰ ਤਥਾ ਹੋਰ ਲੋਕ ਬੈਠੇ ਸਨ । ਦਰਸ਼ਕਾਂ ਦੀ
ੜ ਦਾ ਕੁਝ ਟਿਕਾਣਾ ਨਹੀਂ ਸੀ। ਦਰਬਾਰ ਦੀ ਥਾਂ ਖਚਾ
ਭਰੀ ਹੋਈ ਸੀ। ਛੋਟੀ ਉਮਰ ਹੋਣ ਪਰਵੀ ਮਹਾਰਾਜਾ
ਲੀਪਸਿੰਘਨੇ ਵੱਡੇ ਧੀਰਜ ਦਾ ਸਬੂਤ ਦਿਤਾ। ਓਸ ਵੇਲੇ
ਲਕ ਦਲੀਪ ਸਿੰਘ ਨੇ ਅਪਣੀ ਬਾਲਪੁਣੇ ਦੀ ਚੰਚਲਤਾ
ਤਾ ਨਾ ਵਿਖਾਈ। ਓਹ ਵਡੀ ਗੰਭੀਰਤਾ ਸ਼ਾਂਤੀ ਤੇ ਧੀਰਜ
ਲ ਅਪਣੇ ਸਿੰਘਾਸਨ ਉੱਤੇ ਬੈਠੇ ਸਨ। ਛੋਟੀ ਉਮਰ
ਣ ਪਰ ਵੀ ਮਹਾਰਾਜਾ ਸਾਹਿਬ ਇਸ ਗਲ ਤੋਂ ਨਾਵਾਕਿਫ

ਨਹੀਂ ਸਨ ਕਿ ਇਹ ਦਰਬਾਰ ਕਿਉਂ ਕੀਤਾ ਗਿਆ ਹੈ
ਸਭਨਾ ਦੇ ਯਥਾ ਯੋਗ ਜਗਾਂ ਉਤੇ ਬੈਠ ਜਾਣ ਪਰ ਮਿਸਟਰ
ਇਲੀਅਟ ਨੇ ਸਪੀਚ ਕੀਤੀ । ਪਿਛੋਂ ਇਕ ਮੌਲਵੀ ਨੇ
ਇਕ ਲਿਖਤ (ਡਾਕਮੈਂਟ) ਫਾਰਸੀ ਵਿਚ ਪੜ੍ਹਕੇ ਸੁਣਾਇਆ
ਜਿਸਦੇ ਵਿਚ ਪੰਜਾਬ ਨੂੰ ਖਾਲਸਾ ਕੀਤੇ ਜਾਣ ਦਾ ਐਲਾਨ
ਸੀ । ਫੇਰ ਉਸ ਐਲਾਨ ਦਾ ਭਾਵ ਹਿੰਦੁਸਤਾਨੀ ਬੋਲੀ ਵਿਚ
ਸੁਣਾਇਆ ਗਿਆ । ਪਰ ਮਹਾਰਾਜਾ ਦਲੀਪ ਸਿੰਘ ਉਸ
ਐਲਾਨ ਦਾ ਮਤਲਬ ਸਮਝ ਨਾ ਸਕੇ । ਐਲਾਨ ਦੇ ਪੜ੍ਹੇ
ਜਾਣ ਪਿਛੋਂ ਕੁਝ ਮਿੰਟਾਂ ਤਕ ਸਾਰੇ ਦਰਬਾਰ ਵਿਚ ਚੁਪ
ਵਰਤੀ ਰਹੀ । ਕਿਸੇ ਨੇ ਵੀ ਚੂੰ ਤਕ ਨਾ ਕੀਤੀ । ਦੀਵਾਨ
ਦੀਨਾਨਾਥ ਖੜਾ ਹੋਯਾ । ਉਸਦੀਆਂ ਅਖਾਂ ਵਿਚ ਹੰਝੂ ਕਿਰ
ਰਹੀਆਂ ਸਨ ਅਤੇ ਦਿਲ ਵੱਡਾ ਬਿਹਬਲ ਸੀ । ਉਸਨੇ
ਐਲਾਨ ਦੀਆਂ ਸ਼ਰਤਾਂ ਦਾ ਵਿਰੋਧ ਕੀਤਾ ਤੇ ਨਿਮ੍ਰਤਾ ਨਾਲ
ਕਿਹਾ—"ਇਸ ਸਮੇਂ ਅੰਗ੍ਰੇਜ਼ ਸਰਕਾਰ ਨੂੰ ਆਪਣੀ ਕੁਝ
ਉਦਾਰਤਾ ਦਾ ਸਬੂਤ ਦੇਣਾ ਚਾਹੀਦਾ ਹੈ ।" ਦੀਵਾਨ ਦੀਨਾ
ਨਾਥ ਨੇ ਇਹ ਵੀ ਕਿਹਾ ਕਿ ਨੇਪੋਲੀਅਨ ਬੋਨਾਪਾਰਟ ਦੇ
ਹਾਰ ਜਾਣ ਪਰ ਫ੍ਰਾਂਸ ਜਦ ਅਪਣੇ ਅਸਲੀ ਮਾਲਿਕ ਨੂੰ
ਸੌਂਪਿਆ ਗਿਆ ਸੀ ਤਦ ਪੰਜਾਬ ਮਹਾਰਾਜਾ ਦਲੀਪ ਸਿੰਘ
ਨੂੰ ਕਿਉਂ ਨਾ ਦਿਤਾ ਜਾਵੇ । ਇਸ ਪਰ ਮਿਸਟਰ ਇਲੀਅਟ
ਨੇ ਦੀਵਾਨ ਦੀਨਾਨਾਥ ਨੂੰ ਬੁਰੀਤਰਾਂ ਝਾੜ ਪਾਈ ਤੇ ਕਿਹਾ
'ਚੁਪ ਰਹੋ' ਨਹੀਂ ਤਾਂ ਕਾਲੇ ਪਾਣੀ ਭੇਜੇ ਜਾਓਗੇ । ਕੁਝ
ਉਦਾਰਤਾ ਤੇ ਦਯਾ ਦਾ ਸਮਾਂ ਗਿਆ । ਮੈਂ ਗਵਰਨਰ ਜਨਰਲ
ਵੱਲੋਂ ਸੁਲਹਨਾਮੇਂ ਦੀ ਮਨਜ਼ੂਰੀ ਕਰਾਣ ਲਈ ਆਯਾ ਹਾਂ
ਰੀਜਨਸੀ ਕੌਂਸਲ ਨੇ ਇਸਦਾ ਫੈਸਲਾ ਕਰ ਦਿਤਾ ਹੈ

ਇਹ ਸੁਣਕੇ ਸਾਰੇ ਲੋਕ ਚੁਪ ਹੋ ਗਏ। ਔਰ ਕਿਸੇ ਨੇ ਕੁਛ ਵੀ ਉਜ਼ਰ ਨਾ ਕੀਤਾ। ਅਥਵਾ ਇਹ ਆਖੋ ਕਿ ਡਰਦੇ ਮਾਰੇ ਕਿਸੇ ਨੂੰ ਕੁਛ ਆਖਣ ਦੀ ਹਿੰਮਤ ਹੀ ਨਾ ਪਈ।

ਇਲੀਯਟ ਦੀ ਝਾੜ ਸੁਣਕੇ ਦੀਵਾਨ ਦੀਨਾ ਨਾਥ ਚੁਪ ਕਰਕੇ ਬੈਠ ਗਿਆ। ਸਰਦਾਰਾਂ ਨੇ ਸੁਲਹ ਨਾਮੇਂ ਉਤੇ ਦਸਤਖਤ ਕਰਨ ਲਈ ਉਸਨੂੰ ਮਹਾਰਾਜਾ ਦਲੀਪ ਸਿੰਘ ਦੇ ਸਾਮਣੇ ਰਖਿਆ। ਮਹਾਰਾਜਾ ਨੇ ਅਪਣੇ ਇਤਬਾਰੀ ਨੌਕਰ ਮੀਆਂ ਕੀਮਾਂ ਦੇ ਆਖਣ ਪਰ ਸੁਲਹਨਾਮੇਂ ਉਤੇ ਚੁਪਚਾਪ ਛੇਤੀ ਦਸਤਖਤ ਕਰ ਦਿਤੇ। ਦਰਬਾਰ ਖਤਮ ਹੋ ਗਿਆ। ਉਸੇ ਸਮੇਂ ਤੋਂ ਲਾਹੌਰ ਕਿਲੇ ਉਤੇ ਅੰਗ੍ਰੇਜ਼ੀ ਝੰਡਾ ਝੂਲਣ ਲੱਗ ਪਿਆ। ਕੰਨਾਂ ਨੂੰ ਪਾੜਨ ਵਾਲੀਆਂ ਤੋਪਾਂ

---

*ਇਲੀਯਟ ਨੇ ਅਪਣੇ ਇਸ ਕੰਮ ਦੀ ਜੋ ਰਿਪੋਰਟ ਭੇਜੀ ਸੀ ਉਸ ਵਿਚ ਉਸਨੇ ਲਿਖਿਆ ਸੀ ਕਿ ਮੈਂ ਕਿਸੇ ਦੇ ਚੇਹਰੇ ਉਤੇ ਜ਼ਰਾ ਵੀ ਉਦਾਸੀ, ਗੁੱਸਾ ਅਸੰਤੋਖ ਅਤੇ ਅਚ-ਰਜ ਦੀ ਨਿਸ਼ਾਨੀ ਨਹੀਂ ਵੇਖੀ। ਦੀਃਦੀਨਾ ਨਾਥ ਦੇ ਦੁਖੀ ਹੋਣ ਦਾ ਕਾਰਣ ਇਲੀਯਟ ਦੀ ਸਮਝ ਵਿਚ ਇਹ ਸੀ ਕਿ ਉਸਨੂੰ ਸਿਖ ਰਾਜ ਵਿਚ ਵੱਡੇ ਭਾਰੇ ਅਖਤਿਆਰ ਮਿਲੇ ਹੋਏ ਸਨ। ਉਸਦੇ ਦੁਖੀ ਹੋਣ ਦਾ ਇਹ ਕਾਰਣ ਨਹੀਂ ਸੀ ਕਿ ਉਸਦੇ ਮਾਲਿਕ ਦਾ ਰਾਜ ਖੋਹਿਆ ਗਿਆ ਹੈ। ਉਸਨੇ ਇਹ ਵੀ ਲਿਖਿਆ ਹੈ ਕਿ ਪੰਜਾਬ ਦੇ ਖਾਲਸਾ ਕੀਤੇ ਜਾਣ ਦਾ ਐਲਾਨ ਸੁਨਾਣ ਵੇਲੇ ਕਿਸੇ ਦੇ ਚੇਹਰੇ ਉਤੇ ਮੈਂ ਖੁਸ਼ੀ ਵੀ ਨਹੀਂ ਵੇਖੀ। ਸਾਰੇ ਲੋਕਾਂ ਨੇ ਉਸ ਐਲਾਨ ਨੂੰ ਚੁਪ ਚਾਪ ਸੁਣਿਆ।

ਦੀ ਅਵਾਜ ਕੀਤੀ ਗਈ। ਜਿਸਤੋਂ ਲਾਹੌਰ ਨਿਵਾਸੀ
ਨੂੰ ਪਤਾ ਲੱਗ ਗਿਆ ਕਿ ਅਜ ਤੋਂ ਓਹ ਮਹਾਰਾਜੇ ਰ
ਜੀਤ ਸਿੰਘ ਦੀ ਪ੍ਰਜਾ ਨਹੀਂ ਰਹੇ। ਅਜ ਤੋਂ ਉਨ੍ਹਾਂ
ਅੰਗ੍ਰੇਜ਼ੀ ਕਾਨੂੰਨਾਂ ਤੇ ਨਿਯਮਾਂ ਅਗੇ ਸਿਰ ਝੁਕਾਣਾ ਪਵੇਗ
ਮਹਾਰਾਜਾ ਰਣਜੀਤ ਸਿੰਘ ਦਾ ਓਹ ਵਚਨ ਕਿ ਇਕ ਦਿ
ਸਾਰਾ ਹਿੰਦੁਸਤਾਨ ਲਾਲ ਹੋ ਜਾਵੇਗਾ ਪੂਰਾ ਹੋਯਾ। ਭਾਰ
ਵਰਸ਼ ਦਾ ਨਕਸ਼ਾ ਲਾਲ ਰੰਗ ਵਿਚ ਰੰਗਿਆ ਗਿਆ
ਸੁਲਹਨਾਮੇਂ ਵਿਚ ਹੇਠ ਲਿਖੀਆ ਸ਼ਰਤਾਂ ਸਨ:—

(੧) ਮਹਾਰਾਜਾ ਦਲੀਪ ਸਿੰਘ ਤੇ ਉਸਦੇ ਉੱਤ
ਅਧਿਕਾਰੀ ਪੰਜਾਬ ਰਾਜ ਦੇ ਸਾਰੇ ਹੱਕ, ਦਾਵੇ
ਅਖਤਯਾਰ ਛਡਦੇ ਹਨ।

(੨) ਲਾਹੌਰ ਦਰਬਾਰ ਦੀ ਜੋ ਜਾਇਦਾਦ ਹੈ ਉਸ
ਉਤੇ ਈਸ਼ਟ ਇੰਡੀਆ ਕੰਪਨੀ ਦਾ ਹੁਣ ਅਧਿਕਾਰ ਹੈ।

(੩) ਮਹਾਰਾਜਾ ਰਣਜੀਤ ਸਿੰਘ ਨੇ ਜੇਹੜਾ ਕੋਹਨੂ
ਹੀਰਾ ਸ਼ਾਹਸ਼ੁਜਾ ਪਾਸੋਂ ਲਿਆ ਸੀ ਓਹ ਹੁਣ ਮਹਾਰਾਜੇ
ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਨੂੰ ਭੇਟਾ ਕਰਨ
ਪਵੇਗਾ।

(੪) ਮਹਾਰਾਜਾ ਦਲੀਪ ਸਿੰਘ ਤਥਾ ਉਸਦੇ ਪ੍ਰ
ਤਥਾ ਨੌਕਰਾਂ ਚਾਕਰਾਂ ਦੇ ਗੁਜ਼ਾਰੇ ਲਈ ਈਸ਼ਟ ਇੰਡੀਆ
ਕੰਪਨੀ ਵਧ ਤੋਂ ਵਧ ਪੰਜ ਲਖ ਤੇ ਘਟ ਤੋਂ ਘਟ ਚਾ
ਲੱਖ ਰੁਪਯੇ ਸਾਲਾਨਾ ਦਿਆ ਕਰੇਗੀ।

(੫) ਮਹਾਰਾਜਾ ਦਲੀਪ ਸਿੰਘ ਨਾਲ ਇਜ਼ਤ ਵਾਲ
ਵਰਤਾਉ ਕੀਤਾ ਜਾਵੇਗਾ। ਉਨ੍ਹਾਂ ਦਾ ਖਿਤਾਬ ਵੀ ਮਹਾਰਾਜ
ਦਲੀਪ ਸਿੰਘ ਬਹਾਦੁਰ ਰਹੇਗਾ। ਜੇਕਰ ਓਹ ਅਗੇ

ਅੰਗ੍ਰੇਜ਼ੀ ਸਰਕਾਰ ਦੇ ਅਧੀਨ ਰਹੇ ਤਾਂ ਸਾਰੀ ਉਮਰ ਤਕ ਉਨ੍ਹਾਂ ਨੂੰ ਉਪਰ ਲਿਖਿਆ ਗੁਜ਼ਾਰਾ ਯਾ ਉਸਦਾ ਕੁਝ ਹਿਸਾ ਜਿਸ ਵੇਲੇ ਜਿਤਨਾ ਜ਼ਰੂਰੀ ਹੋਵੇਗਾ ਉਨ੍ਹਾਂ ਨੂੰ ਮਿਲਦਾ ਰਹੇਗਾ। ਉਨ੍ਹਾਂ ਦੇ ਰਹਿਣ ਲਈ ਵੱਡੇ ਲਾਟ ਨੂੰ ਜੋ ਜਗ੍ਹਾ ਪਸੰਦ ਹੋਵੇਗੀ ਉਥੇ ਜਾਕੇ ਉਨ੍ਹਾਂ ਨੂੰ ਰਹਿਣਾ ਪਵੇਗਾ।

ਬਸ ਪਾਠਕ ਜੀ, ਨਾਲੇ ਰੋਵੋ ਤੇ ਨਾਲੇ ਪੜੋ! ਲਾਹੌਰ ਦਾ ਪ੍ਰਸਿਧ ਤੇ ਦੂਜਾ ਸੁਲਹਨਾਮਾ ਸਨ ੧੮੪੯ ਵਾਲਾ ਇਹੋ ਸੀ। ਜਿਸਦੇ ਕਾਰਣ ਹੀ ਵਿਚਾਰੇ ਬਾਲਕ ਦਲੀਪ ਸਿੰਘ ਨੂੰ ਅਪਣੇ ਪਿਤ੍ਰੀ ਪ੍ਰਾਪਤ ਰਾਜ ਤੋਂ ਹਥ ਧੋਣੇ ਪਏ। ਅੰਗ੍ਰੇਜ਼ਾਂ ਦੀ ਕੂਟਨੀਤੀ ਨੂੰ ਜਾਣਨਾ ਸੌਖਾ ਹੈ। ਨਹੀਂ ਤਾਂ ਅੰਗ੍ਰੇਜ਼ਾਂ ਦੇ ਮਿਤ੍ਰ ਤੇ ਪੰਜਾਬ ਕੇਸਰੀ ਮਹਾਰਾਜਾ ਰਣਜੀਤ ਸਿੰਘ ਦੇ ਪੁਤ੍ਰ ਬਾਲਕ ਦਲੀਪ ਸਿੰਘ ਨੂੰ ਅਪਣੇ ਰਾਜ ਤੋਂ ਕਿਉਂ ਵਾਂਜੇ ਜਾਣਾ ਪੈਂਦਾ? ਜਦ ਤਕ ਸੰਸਾਰ ਵਿਚ ਇਤਿਹਾਸ ਕਾਇਮ ਹੈ ਤਦ ਤਕ ਬਰਾਬਰ ਇਹੋ ਪ੍ਰਸ਼ਨ ਹੋਵੇਗਾ ਕਿ ਬਾਲਕ ਦਲੀਪ ਸਿੰਘ ਨੂੰ ਕਿਸ ਕਾਰਣ ਰਾਜ ਤੋਂ ਹਟਾਯਾ ਗਿਆ? ਵਿਰੋਧੀਆਂ ਨੂੰ ਦਬਾਣ ਵਿਚ ਜਦ ਕਿ ਦਲੀਪ ਸਿੰਘ ਦੀ ਫੌਜ ਤੇ ਸਰਦਾਰਾਂ ਨੇ ਅੰਗ੍ਰੇਜ਼ਾਂ ਦਾ ਸਾਥ ਦਿਤਾ ਫੇਰ ਓਸਨੂੰ ਅਪਣੇ ਰਾਜ ਤੋਂ ਕਿਉਂ ਅਲ ਕੀਤਾ ਗਿਆ? ਇਤਿਹਾਸ ਦੇ ਹਰੇਕ ਪਾਠਕ—ਜੋ ਨਿਆਂ ਦੇ ਸੋਚ ਦਾ ਪਜਾਰਾ ਹੈ—ਦੇ ਦਿਲ ਵਿਚ ਇਹ ਪ੍ਰਸ਼ਨ-ਸਵਾਲ—ਵਾਰੰ ਵਾਰ ਉਠੇ ਬਿਨਾ ਨਹੀਂ ਰਹੇਗਾ। ਅੰਗ੍ਰੇਜ਼ ਇਤਿਹਾਸਕਾਰਾਂ ਨੇ ਵੀ ਲਾਟ ਡਲਹੌਜ਼ੀ ਦੇ ਇਸ ਕੰਮ ਦੀ ਨਿੰਦਿਆ ਕੀਤੀ ਹੈ। ਸੋ ਭਾਵੇਂ ਕੋਈ ਦੇਸੀ ਹੋਵੇ ਤੇ ਭਾਵੇਂ ਵਿਦੇਸੀ ·ਜਿਸਦੇ ਅੰਦਰ ਜ਼ੋਕਰ ਵਿਚਾਰ ਵਾਲਾ ਮਾਦਾ ਹੈ ਉਹ

ਲਾਟ ਡਲਹੌਜ਼ੀ ਦੇ ਇਸ ਕੰਮ ਦੀ ਨਿੰਦਿਆ ਕੀਤੇ ਬਿਨਾ ਕੋਈ ਰਹਿ ਹੀ ਨਹੀਂ ਸਕਦਾ। ਪੱਖਪਾਤ ਤੋਂ ਹੀਨ ਇਤਿਹਾਸਕਾਰ ਲਾਰਡ 'ਲੌ' ਨੇ ਵੀ ਲਾਟ ਡਲਹੌਜ਼ੀ ਦੇ ਇਸ ਕੰਮ ਦੀ ਭਾਰੀ ਨਿੰਦਿਆ ਕੀਤੀ ਹੈ। ਉਹਨੇ ਸਾਫ ਹੀ ਕਿਹਾ ਹੈ "ਅਸੀਂ ਪ੍ਰਤੱਖ ਰੂਪ ਕਰਕੇ ਹੀ ਮਹਾਰਾਜਾ ਦਲੀਪ ਸਿੰਘ ਦੇ ਰਖਸ਼ਕ ਸੀ। ਸਨ ੧੮੫੪ ਈ: ਵਿਚ ਦਲੀਪ ਸਿੰਘ ਬਾਲਿਗ ਹੁੰਦਾ ਤੇ ਅਸੀਂ ਸਨ ੧੮੪੮ ਦੇ ਨਵੰਬਰ ਮਹੀਨੇ ੧੯ ਤਾਰੀਖ ਨੂੰ ਰਾਜ ਦੀ ਰਖਸ਼ਾ ਲਈ ਅਗੇ ਵਧੇ ਸਾਂ। ਰਾਜ ਦੀ ਰਾਖੀ ਕਰਨ ਦਾ ਅਸਾਂ ਐਲਾਨ ਵੀ ਕਢਿਆ ਸੀ। ਵਿਰੋਧੀਆਂ ਨੂੰ ਡੰਡ ਦੇਣਾ ਤੇ ਸ਼ਾਸਨ ਸਭਾ ਨਾਲ ਜੋ ਵਿਰੋਧ ਕੀਤਾ ਗਿਆ ਸੀ ਉਸ ਨੂੰ ਦਬਾਣਾ ਹੀ ਸਾਡਾ ਮਤਲਬ ਸੀ। ਪਰ ਪੰਜਾਂ ਮਹੀਨਿਆਂ ਵਿਚ ਹੀ ਇਸਦੇ ਉਲਟ ਕਾਰਰਵਾਈ ਹੋ ਗਈ। ਬਾਲਕ ਦਲੀਪ ਸਿੰਘ ਦਾ ਸਾਰਾ ਰਾਜ ਜ਼ਬਤ ਕਰ ਲਿਆ ਗਿਆ। ਸੋ ਅਸਾਂ ਇਹ ਚੰਗੀ ਰਖਸ਼ਾ ਕੀਤੀ ਹੈ! ਸਨ ੧੮੪੯ ਦੀ ੨੪ ਮਾਰਚ ਨੂੰ ਸਿਖ ਰਾਜ ਦਾ ਖ਼ਾਤਮਾ ਕਰਨ ਦਾ ਐਲਾਨ ਕਢਿਆ ਗਿਆ ਤੇ ਅਸੀਂ ਆਪਣੀ ਹਿਫਾਜ਼ਤ ਹੇਠ ਛੋਟੀ ਉਮਰ ਦੇ ਬਾਲਕ ਮਹਾਰਾਜੇ ਨੂੰ ਗੁਜ਼ਾਰਾ ਦੇਕੇ ਵੱਖ ਕਰ ਦਿਤਾ। ਇਸਤਰਾਂ ਅਸੀਂ ਆਪਣੀ ਰਖਸ਼ਾ ਹੇਠ ਬਾਲਕ ਦੀ ਜਾਇਦਾਦ ਤੇ ਸਾਰੇ ਰਾਜ ਹੜਪਕੇ ਉਸਦੀ ਸੋਹਣੀ ਰਖਸ਼ਾ ਕੀਤੀ ਹੈ।"

ਇਸੇਤਰਾਂ ਹੋਰ ਵੀ ਕਈ ਇਤਿਹਾਸਕਾਰਾਂ ਨੇ ਪੰਜਾਬ ਦੀ ਬਾਬਤ ਆਪਣੀ ੨ ਰਾਇ ਪ੍ਰਗਟ ਕੀਤੀ ਹੈ। ਪਰ ਅਸੀਂ ਪਹਿਲੋਂ ਹੀ ਕਹਿ ਆਏ ਹਾਂ ਕਿ ਰਾਜਨੀਤੀ ਦੀਆਂ ਡੂੰਘੀਆਂ ਚਾਲਾਂ ਨੂੰ ਜਾਨਣਾ ਔਖਾ ਹੈ। ਪਰ ਪੰਜਾਬ ਦੀ ਜ਼ਬਤੀ ਵਿਚ

ਵਿਚਾਰੇ ਲਾਟ ਡਲਹੌਜ਼ੀ ਨੂੰ ਹੀ ਕੀ ਦੋਸ਼ ਦੇਈਏ ? ਉਸਨੂੰ ਤਾਂ ਦੇਸੀ ਰਾਜਿਆਂ ਦਾ ਰਾਜ ਹੜਪਣ ਦਾ ਸ਼ੌਕ ਹੀ ਪੜ੍ਹਾਇਆ ਗਿਆ ਸੀ । ਉਸ ਵੇਲੇ ਦੀ ਉਸਦੀ ਸਰਾਹਨਾ ਤੀ ਵੀ ਨਾ ਸਿਰਫ ਕੰਪਨੀ ਦੇ ਬੋਰਡ ਆਫ ਡਾਇਰੈਕਟਰਜ਼ ਨੇ ਹੀ ਉਪਮਾ ਕੀਤੀ ਸੀ ਬਲਕਿ ਉਸਦੇ ਪ੍ਰੈਜ਼ੀਡੈਂਟ ਨੇ ਇਸ ਕੰਮ ਦੇ ਕਰਨ ਲਈ ਇਕ ਗੁਪਤ ਚਿਠੀ ਵਿਚ ਇਸ਼ਾਰਾ ਭੀ ਕੀਤਾ ਸੀ *

ਇਸਤਰਾਂ ਪੰਜਾਬ ਨੂੰ ਅੰਗ੍ਰੇਜ਼ੀ ਰਾਜ ਵਿਚ ਮਿਲਾਣ ਪਰ ਉਸਦੀ ਹਕੂਮਤ ਦਾ ਭਾਰ ਸਰਹੈਨਰੀਲਾਰੈਂਸ ਦੇ ਹਥ ਸੌਂਪਿਆ ਗਿਆ§ ਅਸੀਂ ਉਪਰ ਦਸ ਹ ਆਏ ਹਾਂ ਕਿ ਸਰ ਹੈਨਰੀ ਲਾਰੈਂਸ ਪੰਜਾਬ ਨੂੰ ਅੰਗ੍ਰੇਜ਼ੀ ਰਾਜ ਵਿਚ ਮਿਲਾਣ ਦਾ ਵਡਾ ਵਿਰੋਧੀ ਸੀ । ਉਸ ਨੇ ਇਸ ਗਲਤੀ ਵੇਖੀ

---

*ਵੇਖੋ ਸਰ ਵਿਲੀਅਮ ਲੀ ਵਾਰਨਰ ਦੀ ਕਿਤਾਬ ਲਾਈਫ ਆਫ ਮਾਰਕੀਸ ਆਫ ਡਲਹੌਜ਼ੀ ਛਾਪਾ ਪਹਿਲਾ ਸਫਾ ੧੦੯

§ਲਾਟ ਡਲਹੌਜ਼ੀ ਸਿਰਫ ਬਾਲਕ ਦਲੀਪ ਸਿੰਘ ਦਾ ਰਾਜ ਹੀ ਜ਼ਬਤ ਕਰਕੇ ਚੁਪ ਨਾ ਹੋਯਾ ਬਲਕਿ ਉਸਨੇ ਮਹਾਰਾਜੇ ਦੇ ਫ੍ਰਾਂਸੀਸੀ ਸੈਨਾਪਤੀ ਵੈਂਤੂਰਾ ਦੀ ਲੜਕੀ ਦੀ ਜਾਗੀਰ ਵੀ ਜ਼ਬਤ ਕਰ ਲਈ । ਮੇਰਠ ਦੇ ਸ਼ੋਰੀ ਪ੍ਰਸਾਦ ਨਾਮੇਂ ਇਕ ਆਦਮੀ ਨੇ ਸਿਖਾਂ ਦੀ ਲੜਾਈ ਤੇ ਉਸ ਤੋਂ ਪਹਿਲਾਂ ਹੋਈ ਅਫਗਾਨ ਤੇ ਗਵਾਲੀਅਰ ਦੀ ਲੜਾਈ ਵਿਚ ਰਸਦ ਪੁਚਾਕੇ ਵਡੀ ਭਾਰੀ ਮਦਦ ਕੀਤੀ ਸੀ । ਉਸਨੇ

ਬਾਕੀ ਨੋਟ ਲਈ ੨੧੨ ਸਫਾ ਵੇਖੋ]

ਕੋਸ਼ਿਸ਼ ਕੀਤੀ ਕਿ ਪੰਜਾਬ ਨੂੰ ਅੰਗ੍ਰੇਜ਼ੀ ਰਾਜ ਵਿਚ ਨਾ ਮਿਲਾਇਆ ਜਾਵੇ। ਪਰ ਉਸ ਦੀਆਂ ਸਾਰੀਆਂ ਕੋਸ਼ਿਸ਼ਾਂ ਨਿਸ਼ਫਲ ਗਈਆਂ। ਪੰਜਾਬ ਨੂੰ ਅੰਗ੍ਰੇਜ਼ੀ ਰਾਜ ਵਿਚ ਮਿਲਾ ਲੈਣ ਪਰ ਉਸਨੇ ਅਪਣੇ ਓਹਦੇਤੋਂ ਅਸਤੀਫ਼ਾ ਦੇਣਾ ਚਾਹਿਆ ਪਰ ਅਪਣੇ ਮਿਤ੍ਰਾਂ ਦੇ ਖਾਸ ਕੈਹਣੇ ਕਰਕੇ ਓਸਨੇ ਨਾ ਛਡਿਆ। ਲਾਟ ਡਲਹੌਜ਼ੀ ਨੇ ਪੰਜਾਬ ਦੀ ਹਕੂਮਤ ਓਸੇ ਨੂੰ ਹੀ ਸੌਂਪੀ। ਕਿਉਂਕਿ ਜੋਸ਼ੀਲੇ ਪੰਜਾਬੀਆਂ ਨੂੰ ਸ਼ਾਂਤ ਬਣਾਈ ਰਖਣ ਲਈ ਐਸੇ ਆਦਮੀ ਦੀ ਲੋੜ ਸੀ ਜੋ ਉਨਾਂਦੇ ਜੋਸ਼ ਨੂੰ ਉਭਰਨ ਨਾ ਦੇਵੇ। ਪਰ ਲਾਟ ਡਲਹੌਜ਼ੀ ਦੀ ਸਰ ਹੇਨਰੀ ਨਾਲ ਫਿਰ ਨਾ ਬਣੀ। ਇਸ ਅਣਬਣ ਦਾ ਕਾਰਣ ਇਹ ਕਿਹਾ ਜਾਂਦਾ ਹੈ ਕਿ ਸਰ ਹੇਨਰੀ ਲਾਰੇਂਸ ਦੇ ਸਮੇਂ ਪੰਜਾਬ ਉਤੇ ਮਾਮਲਾ ਵਧਾਣ ਵਿਚ ਰੋਕ ਪੈਂਦੀਸੀ। ਇਸ ਲਈ ਲਾਟ ਡਲਹੌਜ਼ੀ ਦੇ ਨੇ ਸਰ ਹੇਨਰੀ ਲਾਰੇਂਸ ਨੂੰ

[੨੧੧ ਸਫੇ ਦੇ ਨੋਟ ਦੀ ਬਾਕੀ]

ਅੰਗ੍ਰੇਜ਼ੀ ਸਰਕਾਰ ਉਤੇ ੫੦ ਲੱਖ ਦਾ ਦਾਵਾ ਕੀਤਾ। ਪਰ ਓਸਦਾ ਨਤੀਜਾ "ਨਿਮਾਜ ਛਡਣ ਗਏ ਤੇ ਰੋਜੇ ਗਲ ਪਏ" ਦੇ ਵਾਂਗ ਹੋਯਾ। ਉਲਟਾ ਉਸ ਬਾਣੀਏ ਉਤੇ ਜਾਲਸਾਜੀਦਾ ਮੁਕਦਮਾ ਚਲਾਯਾ ਗਿਆ। ਪਰ ਛੇਕੜ ਜੋਤੀ ਪ੍ਰਸਾਦ ਸਾਫ ਛੁਟ ਗਿਆ। ਲਾਰਡ 'ਲ' ਤੇ ਕਈ ਹੋਰ ਇਤਿਹਾਸਕਾਰਾਂ ਨੇ ਵਾਰੇਨ ਹੇਸ਼ਟਿੰਗਜ਼ ਤੇ ਮਹਾਰਾਜਾ ਨੰਦ ਕੁਮਾਰ ਵਾਲੇ ਮੁਕਦਮੇ ਨਾਲ ਜੋਤੀਪ੍ਰਸਾਦ ਦੇ ਮੁਕਦਮੇ ਦੀ ਤੁਲਨਾ ਕਰਦੇ ਹੋਏ ਜੋਤੀਪ੍ਰਸਾਦ ਦੇ ਭਾਗਾਂ ਤੇ ਅੰਗ੍ਰੇਜ਼ੀ ਨਿਆਂ ਦੀ ਉਪਮਾਂ ਕੀਤੀ ਹੈ।

ਹਟਾਕੇ ਉਸਦੇ ਭਰਾ ਜਾਨ ਲਾਰੈਂਸ ਨੂੰ ਪੰਜਾਬ ਦਾ ਹਾਕਿਮ ਬਣਾਯਾ ।

ਪੰਜਾਬ ਨੂੰ ਹਥ ਵਿਚ ਲੈਣ ਪਰ ਡਾਕਟਰ ਲੋਗਿਨ ੧੨੦੦) ਮਾਹਵਾਰ ਤਨਖਾਹ ਉਤੇ ਮਹਾਰਾਜਾ ਦਲੀਪਸਿੰਘ ਦਾ ਰਾਖਾ ਤੇ ਪਾਲਕ ਬਣਾਯਾ ਗਿਆ। ਦਲੀਪ ਸਿੰਘ ਦੇ ਮੈਹਲ ਦੇ ਪਾਸ ਹੀ ਉਸਦੇ ਰਹਿਣ ਦਾ ਪ੍ਰਬੰਧ ਕੀਤਾ ਗਿਆ ਓਸ ਵੇਲੇ ਦਲੀਪ ਸਿੰਘ ਦੀ ਉਮਰ ਅਜੇ ਪੂਰੀ ਬਾਰਾਂ*

---

*ਮਹਾਰਾਜਾ ਦਲੀਪ ਸਿੰਘ ਦਾ ਜਨਮ ੪ ਸਿਤੰਬਰ ਸਨ ੪ ੧੮੩੮ ਨੂੰ ਹੋਯਾ ਸੀ। ਜਦ ਇਹ ਦਸ ਮਹੀਨੇ ਦੇ ਹੀ ਸਨ ਕਿ ਪਿਤਾ ਮਹਾਰਾਜਾ ਰਣਜੀਤ ਸਿੰਘ ਚਲਾਣਾ ਕਰ ਗਿਆ। ਮਹਾਰਾਜੇ ਦੇ ਮਰੇ ਪਿਛੋਂ ਪੰਜਾਬ ਦੀ ਦਸ਼ਾ ਜੋ ਇਹ ਪਿਛੇ ਲਿਖ ਹੀ ਆਏ ਹਾਂ। ੧੮ ਸਿਤੰਬਰ ਸਨ ੧੮੪੩ ਈ: ਵਿਚ ਪੰਜ ਵਰਿਹਾਂ ਦੀ ਉਮਰ ਵਿਚ ਮਹਾਰਾਜਾ ਦਲੀਪ ਸਿੰਘ ਤਖਤ ਉਤੇ ਬੈਠੇ। ਬਚਪਨ ਵਿਚ ਉਨਾਂ ਦੇ ਮਨ ਪਰਚਾਣ ਲਈ ਉਨਾਂ ਦੀ ਹੀ ਉਮਰ ਜੇਡੇ ੬੦ ਬਾਲਕਾਂ ਦੀ ਇਕ ਪਲਟਨ ਬਣਾਈ ਗਈ ਸੀ। ਅਤੇ ਮਹਾਰਾਜਾ ਓਸਦੇ ਜਨਰੈਲ ਸਨ। ਬਾਲਕਾਂ ਨੂੰ ਓਹ ਲੜਾਈ ਕਰਨੀ ਸਿਖਾਯਾ ਕਰਦੇ ਸਨ ਤੇ ਉਨੀਂ ਦਿਨੀਂ ਉਨਾਂ ਦੀ ਸਿਖ੍ਯਾ ਦਾ ਵੀ ਚੰਗਾ ਇੰਤਜਾਮ ਸੀ। ਫਾਰਸੀ ਤੇ ਗੁਰਮੁਖੀ ਸਿਖਾਣ ਲਈ ਦੋ ਉਸਤਾਦ ਸਨ। ੧੮੪੮ ਵਿਚ ਸਰ ਹੈਨਰੀ ਦੇ ਰੈਜ਼ੀਡੈਂਟੀ ਛਡਣ ਪਰ ਮਹਾਰਾਜੇ ਨੂੰ ਅੰਗ੍ਰੇਜ਼ੀ ਸਿਖਾਣ ਲਈ ਨਵੇਂ ਰੈਜ਼ੀਡੈਂਟ ਸਰਫ੍ਰੈਡਰਿਕ ਨੇ ਮੈਲਵਿਲ ਤੇ ਫਿਰਡਰਿ ਪੋਲਕ ਨਾਮੇਂ ਅੰਗ੍ਰੇਜ਼ਾਂ ਨੂੰ ਨਿਯੁਕਤ ਕੀਤਾ।

ਵਰ੍ਹਿਆਂ ਦੀ ਵੀ ਨਹੀਂ ਸੀ (ਉਸਨੇ ਫਾਰਸੀ ਵਿਚ ਅਛੀ ਲਿਆਕਤ ਪ੍ਰਾਪਤ ਕਰ ਲਈ ਸੀ । ਮਹਾਰਾਜੇ ਨੇ ਅੰਗ੍ਰੇਜ਼ੀ ਸਿਖਣ ਵਿਚ ਵੀ ਚੰਗਾ ਪ੍ਰੇਮ ਪ੍ਰਗਟ ਕੀਤਾ ਜਿਸਤੋਂ ਡਾਕਟਰ ਲੋਗਿਨ ਬਹੁਤ ਪ੍ਰਸੰਨ ਹੋਯਾ । ਡਾਕਟਰ ਲੋਗਿਨ ਦਾ ਵਰਤਾਉ ਵੀ ਮਹਾਰਾਜੇ ਨਾਲ ਚੰਗਾ ਸੀ । ਜਿਸ ਕਰਕੇ ਬਾਲਕ ਮਹਾਰਾਜਾ ਉਸ ਨਾਲ ਪ੍ਰੇਮ ਤੇ ਸਨੇਹ ਰਖਦਾ ਸੀ। ਦਲੀਪ ਸਿੰਘ ਨੂੰ ਬਾਜ਼ ਕੋਲੋਂ ਦੂਜੇ ਪੰਛੀਆਂ ਦਾ ਸ਼ਿਕਾਰ ਕਰਾਣਾ ਚੰਗਾ ਲਗਦਾ ਸੀ । ਇਸਦੇ ਸਿਵਾ ਤਸਵੀਰ ਵਿਦਯਾ (ਮੁਸਵਰੀ) ਸਿਖਣ ਵਿਚ ਵੀ ਉਨ੍ਹਾਂ ਦਾ ਕੁਝ ਸਮਾਂ ਗੁਜ਼ਰਦਾ ਸੀ । ਥੋੜੇ ਦਿਨਾਂ ਪਿਛੋਂ ਡਾਕਟਰ ਲੋਗਿਨ ਨੇ ਮਹਾਰਾਜੇ ਦੇ ਮਕਾਨ ਦੇ ਨਾਲ ਅਪਣਾ ਮਕਾਨ ਬਣਾ ਲਿਆ । ਛੋਟੀ ਉਮਰ ਵਿਚ ਹੀ ਬਾਲਕ ਦਲੀਪ ਸਿੰਘ ਦੀ ਅਕਲ ਚੋਖੀ ਤੇਜ਼ ਸੀ । ਖੁਦ ਲੋਗਿਨ ਵੀ ਮਹਾਰਾਜੇ ਦੀ ਤੇਜ਼ ਅਕਲ ਤੇ ਦੂਜਿਆਂ ਦੇ ਚਾਲ ਚਲਨ ਦੀ ਪੜਤਾਲ ਕਰਦਾ ਵੇਖਕੇ ਅਚਰਜ ਹੁੰਦਾ ਸੀ । ਲੋਗਿਨ ਦਾ ਕਹਿਣਾ ਹੈ ਕਿ ਇਸ ਉਮਰ ਵਿਚ ਅੰਗ੍ਰੇਜ਼ਾਂ ਦੇ ਬਚੇ ਐਡੇ ਸਿਆਣੇ ਨਹੀਂ ਹੁੰਦੇ ।

ਲਾਹੌਰ ਵਿਚ ਰਹਿਣ ਵੇਲੇ ਡਾਕਟਰ ਲੋਗਿਨ ਨੇ ਦਲੀਪ ਸਿੰਘ ਦੀ ਰਖਯਾ ਤੇ ਸਿਖਯਾ ਦੇ ਸਿਵਾ ਕਈ ਹੋਰ ਵੀ ਸਰਬਰਾਹੀ ਦੇ ਕੰਮਾਂ ਦਾ ਭਾਰ ਲਿਆ ਹੋਯਾ ਸੀ । ਲਾਹੌਰ ਦਰਬਾਰ ਦੇ ਪਰਵਾਰ ਤੇ ਜਵਾਹਰਾਤ ਦੇ ਭੰਡਾਰ ਦਾ ਭਾਰ ਭੀ ਉਸਦੇ ਉਤੇ ਸੀ । ਦਰਬਾਰ ਦੇ ਪਰਵਾਰ ਵਿਚ ਸਿਰਫ ਮਹਾਰਾਜਾ ਰਣਜੀਤ ਸਿੰਘ ਦੀਆਂ ਹੀ ੨੧ ਰਾਣੀਆਂ ਸਨ, ਜਿਨ੍ਹਾਂ ਵਿਚੋਂ ੧੭ ਹਿੰਦੂ ਤੇ ੪ ਮੁਸਲਮਾਨੀਆਂ ਸਨ । ਇਸ ... ਮਹਾਰਾਜੇ ਦੇ ਪੁਤ੍ਰਾਂ ਪੋਤ੍ਰਿਆਂ—ਖੜਕ ਸਿੰਘ

ਨਿਹਾਲ ਸਿੰਘ, ਸ਼ੇਰ ਸਿੰਘ ਆਦਿਕਾਂ ਦੀਆਂ ਇਸਤ੍ਰੀਆਂ ਤੇ ਬਚੇ ਸਨ। ੧੩੦ ਕੰਜਰੀਆਂ ਸਨ। ਤਿੰਨ ਟੋਲੇ ਕਸ਼ਮੀਰੀ ਤੇ ਦੇਸੀ ਨੱਚਣ ਵਾਲੀਆਂ ਦੇ ਤਥਾ ਪੰਜ ਟੋਲੀਆਂ ਗਾਣੇ ਵਜਾਣੇ ਵਾਲੀਆਂ ਦੀਆਂ ਸਨ।

ਮਹਾਰਾਜੇ ਰਣਜੀਤ ਸਿੰਘ ਦੇ ਤੋਸ਼ੇਖਾਨੇ ਦੀ ਬਾਬਤ ਕੀ ਆਖੀਏ ? ਉਸ ਵਿਚ ਬੇਗਿਣਤ ਸਮਗ੍ਰੀ ਭਰੀ ਹੋਈ ਸੀ ਕਿਸੇ ਚੀਜ਼ ਦੀ ਕਮੀ ਨਹੀਂ ਸੀ। ਸੰਸਾਰ ਪ੍ਰਸਿਧ ਕੋਹਨੂਰ ਹੀਰਾ ਵੀ ਓਸੇ ਵਿਚ ਸੀ ਹੋਰਨਾ ਮਣੀਆਂ ਤੇ ਰਤਨਾ ਦੀ ਕੋਈ ਕਮੀ ਨਹੀਂ ਸੀ। ਸੋਨੇ ਚਾਂਦੀ ਦੇ ਭਾਂਡੇ ਤੇ ਕਸ਼ਮੀਰੀ ਸ਼ਾਲ ਦੋਸ਼ਾਲੇ ਤੇ ਚੋਗੇ ਇੰਨੇ ਸਨ ਕਿ ਜਿਨਾਂ ਦੀ ਕੋਈ ਗਿਣਤੀ ਹੀ ਨਹੀਂ ਸੀ। ਰਣਜੀਤ ਸਿੰਘ ਦਾ ਸਿੰਘਾਸਨ ਜਵਾਹਰਾਤਾਂ ਨਾਲ ਜੜਿਆ ਹੋਯਾ ਸੀ। ਕਸ਼ਮੀਰੀ ਸ਼ਾਲਾਂ ਵਾਲੇ ਸ਼ਾਮਿਆਨੇ ਡੇਰੇ ਤੇ ਛੇਰੇ ਤਥਾ ਹੋਰ ਅਨੇਕਾਂ ਸੁੰਦਰ ਅਸਤ੍ਰ ਸ਼ਸਤ੍ਰ ਤੇ ਜ਼ਿਰਹ ਬਖਤਰ ਸਨ। ਸਿਖਾਂ ਦੇ ਗੁਰਾਂ ਦੀਆਂ ਖੜਾਵਾਂ, ਜਾਮੇ ਟੋਪੀਆਂ, ਉਨਾਂਦੀਆਂ ਪੁਸਤਕਾਂ ਤੇ ਕੇਸਾਂ ਦੇ ਗੁਛੇ ਆਦਿ ਅਨੇਕਾਂ ਚੀਜ਼ਾਂ ਸਨ। ਰਣਜੀਤਸਿੰਘ ਦੇ ਪਿਤਾ ਮਹਾਂਸਿੰਘ ਦੇ ਵਿਵਾਹ ਦੇ ਸਮੇਂ ਦੇ ਵਡਮੁਲੇ ਕਪੜੇ ਸਨ। ਇਨਾਂ ਦੇ ਸਿਵਾ ਪਤਾ ਨਹੀਂ ਹੋਰ ਵੀ ਕੀ ਕੀ ਚੀਜ਼ਾਂ ਸਨ। ਕਿਉਂਕਿ ਓਹ ਤੋਸ਼ਾਖਾਨਾ ਕਿਸੇ ਮਾਮੂਲੀ ਰਾਜੇ ਮਹਾ ਰਾਜੇ ਦਾ ਨਹੀਂ ਸੀ। ਓਹ ਤੋਸ਼ਾਖਾਨਾ ਪੰਜਾਬ ਕੇਸਰੀ ਤੇ ਮਹਾਰਾਜਾ ਰਣਜੀਤ ਸਿੰਘ ਦਾ ਸੀ। ਇਸ ਵਿਚ ਸ਼ਕ ਨਹੀਂ ਕਿ ਉਸ ਤੋਸ਼ੇਖਾਨੇ ਵਿਚ ਅਨੇਕਾਂ ਵਡਮੁਲੀਆਂ ਤੇ ਅਚਰਜ ਕਰਨ ਵਾਲੀਆਂ ਚੀਜ਼ਾਂ ਸਨ। ਕੁਝ ਦਿਨ ਤੁਸ਼ਾ ਖ਼ਾਨਾ ਡਾਕਟਰ ਲੋਗਿਨ ਰਖਿਅਕ ਰਿਹਾ ਉਸ ਵੇਲੇ ਕਈ ਪੱਲਟੀ-

ਭੂਲ ਕੇਈ ਵੀ ਸਨ ਜਿਨਾਂ ਦੀ ਦੇਖਰੇਖ ਦਾਬਾਰ ਵੀਲੋਕਿ
ਉਤੇ ਸੀ। ਪਰ ਥੋੜੇ ਦਿਨਾਂ ਪਿਛੋਂ ਓਹ ਸਾਰੀ ਜਾਇਦਾਦ ਈਸ
ਇੰਡੀਆ ਕੰਪਨੀ ਦੀ ਸ਼ੋਭਾ ਵਧਾਣ ਲਗੀ। ਕੋਹਨੂਰ ਹੀ
ਅਪਣੀ ਜਨਮ ਭੂਮੀ ਹਿੰਦੁਸਤਾਨ ਤੋਂ ਹਮੇਸ਼ਾ ਲਈ ਵਿ
ਹੋਕੇ ਵਿਲੈਤ ਚਲਿਆ ਗਿਆ । ਸਮੇਂ ਦੀ ਗਤੀ! ਜਿ
ਮਹਾਰਾਜਾ ਰਣਜੀਤ ਸਿੰਘ ਦੇ ਤੋਸ਼ੇਖਾਨੇ ਨੂੰ ਵੇਖਣ ਵਾਸ
ਲੋਕ ਭਟਕਦੇ ਫਿਰਦੇ ਸਨ ਓਨਾਂ ਵਿਚੋਂ ਓਸ ਦੇ ਪਦਾਰਥ ਫਜ਼ੂ
ਸਮਝਕੇ ਨੀਲਾਮ ਕੀਤੇ ਗਏ । ਜਿਥੋਂ ਤਕ ਹੋ ਸਕਿਆ
ਮਹਾਰਾਜੇ ਦਲੀਪ ਸਿੰਘ ਦਾ ਖਰਚ ਘਟਾਯਾ ਗਿਆ । ਡਾਕ
ਟਰ ਲੋਗਿਨ ਹਰ ਵੇਲੇ ਮਹਾਰਾਜ ਦੇ ਨਾਲ ਰੈਂਹਦਾ ਸੀ
ਓਸਨੇ ਟਾਮਸ ਲੈਂਬਟ ਥਾਰਲੋ ਨਾਮੇ ਅੰਗ੍ਰੇਜ਼ ਨੌਜਵਾਨ
ਮਹਾਰਾਜੇ ਦਾ ਮਾਸਟਰ ਬਣਾਯਾ । ਡਾਕਟਰ ਲੋਗਿਨ ਗਲ
ਬਾਤਾਂ ਵਿਚ ਮਹਾਰਾਜੇ ਦਲੀਪ ਸਿੰਘ ਨੂੰ ਇਹ ਵੀ ਜਤਾਯ
ਕਰਦਾ ਸੀ ਕਿ ਹੁਣ ਲਾਹੌਰ ਛਡਣਾ ਪਵੇਗਾ ਅਤੇ ਪੁਛ
ਸੀ ਕਿ ਤੁਸੀ ਸੈਰ ਕਰਨੀ ਪਸੰਦ ਕਰਦੇ ਹੋ ?

੪ ਸਿਤੰਬਰ ਸਨ ੧੯੪੯ ਵਾਲੇ ਦਿਨ ਮਹਾਰਾ
ਦਲੀਪ ਸਿੰਘ ਦੀ ਵਰ੍ਹੇ ਗੰਢ ਸੀ। ਉਸ ਦਿਨ ਓਸ ਦ
੧੧ਵਾਂ ਵਰ੍ਹਾ ਪੂਰਾ ਹੋਯਾ ਤੇ ੧੨ਵਾਂ ਚੜ੍ਹਿਆ ਸੀ। ਉਸ ਦਿ
ਅੰਗ੍ਰੇਜ਼ ਸਰਕਾਰ ਦੀ ਆਗਯਾਨੁਸਾਰ ਡਾਕਟਰ ਲੋਗਿਨ ਨੇ
ਮਹਾਰਾਜੇ ਦੀ ਵਰ੍ਹੇ ਗੰਢ ਦੇ ਮਨਾਣ ਲਈ ਤੋਸ਼ੇਖਾਨੇ ਵਿਚੋਂ
ਕੋਈ ੭ ਲੱਖ ਰੁਪਯੇ ਦੇ ਜਵਾਹਰਾਤ ਕਢਕੇ ਮਹਾਰਾਜੇ ਦ
ਭੇਟਾ ਕੀਤੇ । ਉਸ ਦਿਨ ਮਹਾਰਾਜਾ ਦਲੀਪ ਸਿੰਘ ਨੇ
ਅਪਣੀ ਪੁਰਾਣੀ ਰੀਤੀ ਅਨੁਸਾਰ ਵਡਮੁਲੇ ਗੈਹਣੇ ਫ
ਪਾਏ । ਇਸ ਪਰ ਮਹਾਰਾਜਾ ਨੇ ਡਾਕਟਰ ਤੋਂ ਪੁਛਿ

ਕ ਪਿਛਲੇ ਵਰ੍ਹੇ ਮੈਂ ਅਜ ਦੇ ਦਿਨ ਕੋਹਨੂਰ ਹੀਰਾ ਪਾਯਾ ਸੀ ਹੁਣ ਓਹ ਕਿਥੇ ਹੈ ? ਪਰ ਅਫਸੋਸ ! ਬਾਲਕ ਮਹਾਰਾਜੇ ਨੂੰ ਇਸਦਾ ਪਤਾ ਹੀ ਨਹੀਂ ਸੀ ਕਿ ਓਹ ਹੀਰਾ ਸਤ ਸਮੁੰਦ੍ਰੋਂ ਪਾਰ ਪਹੁੰਚਾ ਦਿਤਾ ਗਿਆ ਹੈ ।

ਸਿਤੰਬਰ ੧੮੪੯ ਈ: ਵਿਚ ਲਾਟ ਡਲਹੌਜੀ ਲਾਹੌਰ ਪਹੁੰਚਾ । ਉਸ ਵੇਲੇ ਮਹਾਰਾਜੇ ਨਾਲ ਉਸਨੇ ਮੁਲਾਕਾਤ ਕੀਤੀ । ਮਿਲਣ ਵੇਲੇ ਡਾਕਟਰ ਲੋਗਿਨ ਦੇ ਸਿਖਾਏ ਅੰਗ੍ਰੇਜ਼ੀ ਵਾਕ—ਆਈ ਐਮ ਹੈਪੀ ਟੂ ਮੀਟ ਯੂ ਮਾਈ ਲਾਰਡ !—ਮਹਾਰਾਜੇ ਨੇ ਕਿਹਾ । ਜਿਸਦਾ ਮਤਲਬ ਇਹ ਸੀ ਕਿ-ਮੈਂ ਆਪਨੂੰ ਮਿਲਕੇ ਬਹੁਤ ਪ੍ਰਸੰਨ ਹਾਂ । ਇਹ ਸੁਣ ਕੇ ਲਾਟ ਡਲਹੌਜੀ ਨੇ ਮਹਾਰਾਜੇ ਦੀ ਪਿਠ ਉਤੇ ਹਥ ਫੇਰਿਆ । ਲਾਟ ਡਲਹੌਜੀ ੧੫ ਦਿਨ ਤਕ ਲਾਹੌਰ ਰਿਹਾ ਉਸਦੇ ਚਲੇ ਜਾਣ ਦੇ ਕੁਝ ਦਿਨ ਪਿਛੋਂ ਹੀ ਮਹਾਰਾਜਾ ਦਲੀਪਸਿੰਘ ਨੂੰ ਮੁਸਾਫਰੀ ਕਰਨ ਲਈ ਕਿਹਾ ਗਿਆ । ਪਰ ਇਹ ਨਾ ਦਸਿਆ ਕਿ ਕਿਥੇ ਜਾਣਾ ਹੈ ? ਸ਼ਾਇਦ ਉਸੀ ਬਾਲਕ ਮਹਾਰਾਜੇ ਨੂੰ ਇਸ ਗਲ ਦਾ ਪਤਾ ਹੀ ਨਹੀਂ ਸੀ ਕਿ ਹੁਣ ਜਨਨੀ (ਮਾਤਾ)ਤੋਂ ਵਧਕੇ ਜਨਮਭੂਮੀ [ਪੰਜਾਬ] ਦੇ ਮੁੜਕੇ ਦਰਸ਼ਨ ਨਸੀਬ ਨਹੀਂ ਹੋਣਗੇ।

ਪੰਜਾਬ ਤੋਂ ਨਿਕਾਲਾ

ਹੇ ਤੁਮਾਰਾ ਭਲਾ ਫਲੋ ਫੂਲੋ,
ਅਬ ਚਲੇ ਹਮ ਯਹਾਂ ਸੇ ਜਾਤੇ ਹੈਂ ।

੧੧ ਦਿਸੰਬਰ ਸਨ ੧੮੪੯ ਈ: ਵਾਲੇ ਦਿਨ ਡਾ ਟਰ ਲੋਗਿਨ ਨੂੰ ਮਹਾਰਾਜਾ ਦਲੀਪਸਿੰਘ ਦੀ ਬਾਬਤ ਇ ਖ਼ਬਰ ਦਿਤੀ ਗਈ ਕਿ ਹੁਣ ਓਨਾਂ ਨੂੰ ਪੰਜਾਬ ਛਡਕੇ ਫ ਗੜ੍ਹ ਜਾ ਰਹਿਣਾ ਪਵੇਗਾ । ਉਥੇ ਉਨਾਂ ਦੇ ਰਹਿਣ ਲ ਜਗਾਂ ਠੀਕ ਹੋ ਗਈ ਹੈ । ਨਾਲੇ ਡਾਕਟਰ ਲੋਗਿਨ ਨੂੰ ਮਹਾਰਾਜੇ ਦੇ ਨਾਲ ਜਾਣਾ ਪਵੇਗਾ ਅਤੇ ਉਸਨੂੰ ੧੨੦੦ ਮਾਹਵਾਰ ਮਿਲਦੇ ਰਹਿਣਗੇ । ਜਿਸ ਵਿਚੋਂ ਅਧੀ ਰਕ ਅੰਗ੍ਰੇਜ਼ ਸਰਕਾਰ ਦੇਵੇਗੀ ਤੇ ਅਧੀ ਮਹਾਰਾਜੇ ਦੇ ਸਾਲਾ ਗੁਜ਼ਾਰੇ ਵਿਚੋਂ ਦਿਤੀ ਜਾਯਾ ਕਰੇਗੀ । ਦਲੀਪ ਸਿੰਘ ਬਾਲਿਗ ਹੋਣ ਤਕ ਡਾਕਟਰ ਲੋਗਿਨ ਹੀ ਮਹਾਰਾਜੇ ਸਿਖਯਾ ਤੇ ਰਖਯਾ ਦਾ ਪ੍ਰਬੰਧ ਕਰੇਗਾ । ਵਡੇ ਲਾਟ ਨੇ ਇ ਵੀ ਹੁਕਮ ਭੇਜਿਆ ਕਿ ਦਲੀਪ ਸਿੰਘ ਦੇ ਨਾਲ ਮਹਾਰਾ ਸ਼ੇਰ ਸਿੰਘ ਦਾ ਪੁਤ੍ਰ ਤੇ ਮਹਾਰਾਜਾ ਰਣਜੀਤ ਸਿੰਘ ਦੇ ਪੋ ਸ਼ਹਦੇਵਸਿੰਘ ਨੂੰ ਵੀ ਨਾਲ ਭੇਜਿਆ ਜਾਵੇ । ਓਸ ਵੇ ਸਹਦੇਵ ਸਿੰਘ ਦੀ ਉਮਰ ਬਹੁਤ ਛੋਟੀ ਯਾਨੇ ਕੁਲ ਸਾਢੇ ਵਰਿਹਾਂ ਦੀ ਸੀ । ਨਾਲ ਹੀ ਵਡੇ ਲਾਟ ਨੇ ਇਹ ਵੀ ਹੁਕ ਦਿਤਾ ਕਿ ਓਨਾਂ ਨੂੰ ਓਥੇ ਲਿਜਾਣ ਵੇਲੇ ਵਡੀ ਖਬਰਦਾ ਰਖੀ ਜਾਵੇ ।

ਡਾਕਟਰ ਲੋਗਿਨ ਵਡੇ ਲਾਟ ਦੇ ਹੁਕਮ ਨੂੰ ਪੂ ਕਰਨ ਲਈ ਬਿਲਕੁਲ ਤਿਆਰ ਸੀ ਪਰ ਇਸ ਵਿਚ ਇ

ਰੁਕਾਵਟ ਆਣ ਪਈ। ਕਿਉਂਕਿ ਸਹਦੇਵ ਸਿੰਘਦੀ ਉਮਰ ਬਿਲਕੁਲ ਛੋਟੀ ਸੀ ਤੇ ਇੰਨੀ ਛੋਟੀ ਉਮਰ ਦੇ ਬਚੇ ਨੂੰ ਉਸ ਦੀ ਮਾਂ ਪਾਸੋਂ ਅਡ ਕਰਨਾ ਠੀਕ ਨਹੀਂ ਮਲੂਮ ਹੁੰਦਾ ਸੀ। ਇਸ ਲਈ ਸਹਦੇਵਸਿੰਘਦੀ ਮਾਂਨੂੰ ਵੀ ਅਪਨ ਪੁਤ੍ਰਦੇ ਨਾਲ ਜਾਣ ਦਾ ਹੁਕਮ ਹੋਯਾ। ੨੧ ਦਿਸੰਬਰ ਸਨ ੨੯੪੯ ਵਾਲੇ ਦਿਨ ਅਪਨੇ ਭਤੀਜੇ ਸਹਦੇਵ ਸਿੰਘ ਉਸਦੀ ਮਾਂ ਤੇ ਡਾਕ-ਟਰ ਲੋਗਿਨ ਸਣੇ ਮਹਾਰਾਜਾਜੀ ਲਾਹੌਰੋਂ ਚਲ ਪਏ। ਰਾਹ ਵਿਚ ਦਲੀਪ ਸਿੰਘ ਅਪਣੇ ਘੋੜੇ ਨੂੰ ਕਈਤਰਾਂ ਨਾਲ ਭਲਾਕੇ ਅਪਣੇ ਸਾਥੀਆਂ ਨੂੰ ਖੁਸ਼ ਕਰਦਾ ਸੀ।

ਸਨ ੧੯੫੦ ਦੇ ਫਰਵਰੀ ਮਹੀਨੇ ਵਿਚ ਮਹਾਰਾਜਾ ਦਲੀਪਸਿੰਘ ਲੋਗਿਨਦੇ ਨਾਲ ਫਤੇਗੜ੍ਹ ਪਹੁੰਚੇ। ਪਹਿਲਾਂ ਮਹਾਰਾਜੇ ਦੇ ਰਹਿਣ ਲਈ ਗੰਗਾ ਦੇ ਨੇੜੇ ਮਕਾਨ ਬਣਾਯਾ ਗਿਆ ਸੀ। ਪਰ ਪਿਛੋਂ ਓਹ ਕੁਝ ਠੀਕ ਨਾ ਜਚਿਆ ਇਸ ਲਈ ਲੋਗਿਨ ਨੇ ਹੋਰ ਜ਼ਮੀਨ ਖਰੀਦਕੇ ਉਸਪਰ ਮਹਲ ਬਣਵਾਯਾ। ਜੋ ਮਹਾਰਾਜਾ ਦਲੀਪ ਸਿੰਘ ਇਕਸਮੇਂ ਲਾਹੌਰ ਦੇ ਚੰਗੇ ਰਾਜ ਮਹਲ ਵਿਚ ਰਹਿੰਦੇ ਸਨ ਓਹ ਹੁਣ ਆਮ ਮਨੁਖਾਂ ਵਾਂਗ ਇਕ ਮਾਮੂਲੀ ਪਿੰਡ ਵਿਚ ਰੈਹਣ ਲੱਗੇ ਪਰ ਅਸਲ ਵਿਚ ਉਸ ਅਭਾਗ ਮਹਾਰਾਜੇ ਨੂੰ ਆਮ ਮਨੁਖਾਂ ਵਰਗੀ ਆਜ਼ਾਦੀ ਵੀ ਪ੍ਰਾਪਤ ਨਹੀਂ ਸੀ। ਓਸਦਾ ਓਹ ਮਕਾਨ ਫਤੇਗੜ੍ਹ ਦੇ ਕਿਲੇ ਤੇ ਛਾਵਣੀ ਦੇ ਵਿਚਾਲੇ ਬਣਾਯਾ ਗਿਆ ਸੀ ਤੇ ਅਸਲ ਵਿਚ ਓਹ ਨਜ਼ਰਬੰਦ ਸੀ। ਓਸਦੇ ਮਕਾਨ ਦੇ ਚੌਫੇਰੇ ਰਾਤ ਦਿਨ ਸਿਪਾਹੀ ਪੈਹਰਾ ਦੇਂਦੇ ਸਨ। ਜਦ ਮਹਾਰਾਜਾ ਘਰੋਂ ਬਾਹਰ ਨਿਕਲਦਾ ਸੀ ਤਦ ਇਕ ਫੌਜੀ ਅਫਸਰ ਉਸਦੇ ਨਾਲ ਰੈਹਦਾ ਸੀ। ਫਤੇਗੜ੍ਹ ਵਿਚ ਮਹਾ-

ਰਾਜੇ ਨੂੰ ਅੰਗ੍ਰੇਜ਼ੀ ਪੜ੍ਹਾਣ ਲਈ 'ਗਾਈਜ਼' ਨਾਮੇਂ ਇ
ਮਾਸਟਰ ਰਖਿਆ ਗਿਆ। ਇਕ ਮੌਲਵੀ ਫਾਰਸੀ
ਪੜ੍ਹੋਂਦਾ ਸੀ। ਇਹ ਹੋਣ ਪਰ ਵੀ ਧਾਰਮਿਕ ਸਿਖਯਾ ਦੇਣ ਦ
ਕੋਈ ਪ੍ਰਬੰਧ ਨਹੀਂ ਸੀ। ਫਤੇਗੜ੍ਹ ਵਿਚ ਰੈਹਣ ਵੇਲੇ ਮਹਾ
ਰਾਜ ਦਾ ਅਪਣੇ ਭਤੀਜੇ ਸਹਦੇਵ ਸਿੰਘ ਨਾਲ ਵਛਾ ਮੋ
ਪੈ ਗਿਆ। ਡਾਕਟਰ ਲੋਗਿਨ ਨੇ ਮਹਾਰਾਜੇ ਦੇ ਨਾ
ਖੇਡਣ ਲਈ ਉਸਦੀ ਉਮਰ ਦੇ ਕਈ ਅੰਗ੍ਰੇਜ਼ ਬਚਿਆਂ
ਦੀ ਪ੍ਰਬੰਧ ਕਰ ਦਿਤਾ। ਸੋ ਉਨ੍ਹਾਂ ਅੰਗ੍ਰੇਜ਼ ਬਚਿਆਂ ਨਾ
ਮਹਾਰਾਜਾ ਸਾਹਿਬ ਪੜ੍ਹਦੇ, ਖੇਡਦੇ, ਕਸਰਤ ਕਰਦੇ
ਸ਼ਿਕਾਰ ਖੇਡਣ ਦੀ ਜਾਯਾ ਕਰਦੇ ਸਨ। ਸਹਦੇਵ ਸਿੰਘ
ਫਤੇਗੜ੍ਹ ਵਿਚ ਪੜ੍ਹਨ ਸਿਖਣ ਲੱਗ ਪਿਆ ਸੀ। ਸ਼ਾਮ ਵੇਲੇ
ਦੋਵੇਂ ਚਾਚਾ ਭਤੀਜਾ ਅਪਣੀ ਕੌਮੀ ਪੁਸ਼ਾਕ—ਜੌ ਸੁਨੈ
ਹਰੀ ਤੇ ਰੇਸ਼ਮੀ ਸੀ—ਪਾਕੇ ਜਦ ਗੰਗਾ ਕਿਨਾਰੇ ਸੈਰ ਕਰ
ਜਾਂਦੇ ਸਨ ਤਾਂ ਵਡੇ ਸੋਹਣੇ ਲਗਦੇ ਸਨ।

ਸਨ ੧੯੫੦ ਦੀ ੨੫ ਫਰਵਰੀ ਨੂੰ ਸਰ ਹੈਨਰ
ਲਾਰੇਂਸ ਨੇ ਦਲੀਪ ਸਿੰਘ ਨੂੰ ਇਕ ਚਿਠੀ ਭੇਜੀ ਜਿਸ ਵਿ
ਉਸਨੇ ਮਾਮੂਲੀ ਰਾਜ਼ੀ ਖੁਸ਼ੀ ਦੇ ਸਿਵਾ ਇਹ ਲਿਖਿਆ ਕਿ
ਮਹਾਰਾਜਾ ਸਾਹਿਬ ਪੜ੍ਹਨ ਲਿਖਣ ਵਿਚ ਚੰਗੀ ਤਰਾਂ ਮ
ਲਾਣਗੇ ਤੇ ਅਪਣੀ ਸਿਹਤ ਨੂੰ ਵੀ ਠੀਕ ਰਖਣਗੇ
ਜੁਲਾਈ ਮਹੀਨੇ ਵਿਚ ਡਾਕਟਰ ਲੋਗਿਨ ਨੇ ਦਲੀਪਸਿੰ
ਨੂੰ ਉਸਦੀ ਸ਼ਾਦੀ ਦੀ ਬਾਬਤ ਕਿਹਾ। ਇਸਪਰ ਦਲੀਪਸਿੰ
ਨੇ ਕਿਹਾ ਮੇਰੀ ਮਰਜ਼ੀ ਸ਼ੇਰਸਿੰਘਦੀ ਭੈਣ ਨਾਲਸ਼ਾਦੀ ਕਰ
ਦੇਣਨਹੀਂ। ਪਾਠਕਾਂਨੂੰ ਯਾਦ ਹੋਵੇਗਾ ਕਿ ਮਹਾਰਾਜਾ ਦਲੀ
[illegible]

ਧਵੀ ਲੜਕੀ ਨਾਲਹੋ ਚੁਕੀਸੀ। ਸੋ ਉਸਦੇ ਨਾਲ ਸ਼ਾਦੀ ਕਰਨ ਲਈ ਮਹਾਰਾਜੇਨੂੰ ਰਾਜੀ ਨਾ ਵੇਖ ਡਾਕਟਰਲੋਗਿਨ ਨੇ ਕੁਰਗ ਦੇ ਰਾਜੇ ਦੀ ਲੜਕੀ ਨਾਲ ਸ਼ਾਦੀ ਕਰਨ ਲਈ ਕਹਾ। ਉਸ ਵੇਲੇ ਉਹ ਕਾਸ਼ੀ ਵਿਚ ਸੀ ਤੇ ਉਸਦੀ ਉਮਰ ੮ ਸਾਲ ਦੀ ਸੀ। ਪਰ ਉਸਦੇ ਨਾਲ ਵੀ ਮਹਾਰਾਜੇ ਨੂੰ ਸ਼ਾਦੀ ਕਰਨ ਲਈ ਰਾਜੀ ਨਾ ਵੇਖਕੇ ਲੋਗਿਨ ਫੇਰ ਚੁਪ ਹੋ ਗਿਆ।

ਪਰ ਖੋਟੀ ਕਿਸਮਤ! ਲਾਟ ਡਲਹੌਜੀ ਨੂੰ ਮਹਾਰਾਜਾ ਦਲੀਪ ਸਿੰਘ ਦਾ ਫਤੇਗੜ੍ਹ ਵਾਲਾ ਮੈਹਲ ਪਸੰਦ ਨਾ ਆਯਾ। ਫਤੇਗੜ੍ਹ ਵਾਲੇ ਮੈਹਲ ਵਿਚ ਮਹਾਰਾਜਾ ਦਲੀਪ ਸਿੰਘ, ਉਨਾਂ ਦਾ ਭਤੀਜਾ ਸ਼ਹਦੇਵ ਸਿੰਘ ਤੇ ਉਸਦੀ ਮਾਂ, ਤਥਾ ਡਾਕਟਰ ਲੋਗਿਨ ਵਖੋ ਵਖਰੇ ਮਕਾਨਾਂ ਵਿਚ ਰੈਂਹਦੇ ਸਨ। ਉਸ ਮੈਹਲ ਦੇ ਨਾਲ ਇਕ ਬਾਗ਼ ਸੀ। ਜਿਸਨੂੰ ਸੁੰਦਰ ਬਨਾਣ ਲਈ ਡਾਕਟਰ ਜਤਨ ਕਰ ਰਿਹਾ ਸੀ। ਇਸ ਪਰ ਲਾਟ ਡਲਹੌਜੀ ਨੇ ਡਾਕਟਰ ਲੋਗਿਨ ਨੂੰ ਲਿਖਿਆ-"ਤੁਸੀ ਮਹਾਰਾਜੇ ਦੇ ਆਰਾਮ ਲਈ ਜਿਸਤਰਾਂ ਦਾ ਇੰਤਜ਼ਾਮ ਕਰ ਰਹੇ ਹੋ ਉਸ ਵਿਚ ਬਹੁਤ ਖਰਚ ਹੁੰਦਾ ਹੈ। ਕੀ ਤੁਸੀ ਸਮਝਦੇ ਹੋ ਉਸਦਾ (ਦਲੀਪਸਿੰਘ ਦਾ) ਜੀਵਨ ਰਾਜਿਆਂ ਵਾਂਗ ਬਤੀਤ ਹੋਵੇਗਾ? ਮੈਨੂੰ ਇਹ ਪਸੰਦ ਨਹੀਂ।" ਬਸ, ਇਸ ਤਰਾਂ ਲਾਟ ਡਲਹੌਜੀ ਨੇ ਉਸ ਵਿਚਾਰੇ ਦਾ ਬਾਗ਼ ਵੀ ਨਾ ਬਣਨ ਦਿਤਾ। ਫਤੇਗੜ੍ਹ ਵਿਚ ਰੈਹਣ ਵੇਲੇ ਮਹਾਰਾਜਾ ਦਲੀਪਸਿੰਘ ਅਪਣੀ ਰਾਜਸੀ ਪੁਸ਼ਾਕ ਪਾਕੇ ਦਰਬਾਰ ਕੀਤਾ ਕਰਦੇ ਸਨ ਜਿਸ ਵਿਚ ਉਨਾਂ ਦੇ ਨੌਕਰ ਮੌਜੂਦ ਹੁੰਦੇ ਸਨ। ਡਾਕਟਰ ਲੋਗਿਨ ਦੀ ਮਿਸ ਸਾਹਬ ਵੀ [illegible]

ਦਿਤਾ। ਲੇਡੀ ਲੋਗਿਨ ਨੇ ਕਿਹਾ ਕਿ ਮਹਾਰਾਜਾ ਸਾ
ਇਹ ਸ਼ਰਬਤ ਨਹੀਂ ਪੀਣਗੇ। ਪਰ ਲੇਡੀ ਲੋਗਿਨ ਦੇ ਮ
ਕਰਨ ਪਰ ਵੀ ਦਲੀਪ ਸਿੰਘ ਜੋ ਓਸ ਸ਼ਰਬਤ ਨੂੰ ਪੀ
ਛੇ ਓਸੇ ਵੇਲੇ ਬਾਹਰ ਚਲੇ ਆਏ। ਰਾਣੀ ਦਲੀਪਸਿੰਘ
ਇਹ ਰੰਗ ਢੰਗ ਵੇਖਕੇ ਵੱਡੀ ਹੈਰਾਨ ਹੋਈ ਤੇ ਇਸਦੇ ਪਿ
ਲੇਡੀ ਲੋਗਿਨ ਵੀ ਰਾਣੀ ਪਾਸੋਂ ਵਿਦਾ ਹੋ ਗਈ। ਓਸ
ਬਾਹਰ ਆਕੇ ਮਹਾਰਾਜੇ ਪਾਸੋਂ ਉਸਦਾ ਜੂਠਾ ਸ਼ਰਬਤ
ਖਾਣ ਦਾ ਕਾਰਣ ਪੁਛਿਆ। ਮਹਾਰਾਜੇ ਨੇ ਕਿਹਾ—ਕੀ
ਤੁਹਾਡਾ ਨਿਰਾਦਰ ਕਰਦਾ? ਮੈਂ ਤੁਹਾਡੀ ਇਜ਼ਤ ਕਰ
ਹਾਂ ਤੇ ਇਸ ਵਿਚ ਮੈਨੂੰ ਅਪਣੀ ਜਾਤ ਤੋਂ ਬਾਹਰ ਹੋਣ ਵਿ
ਦੀ ਕੋਈ ਸ਼ਰਮ ਨਹੀਂ ਆਉਂਦੀ। ਇਸਤਰਾਂ ਫਤੇਗੜ੍ਹ ਜਾ
ਕਰ ਵਿਚਾਰੇ ਦਲੀਪ ਸਿੰਘ ਦੇ ਅਪਣੇ ਪਿਤ੍ਰੀ ਖਿਆ
ਉਤੇ ਵਿਲੈਤੀ ਖਿਆਲਾਤ ਦੀ ਰੋਸ਼ਨੀ ਤੇ ਵਿਲੈਤੀ ਸਭ੍ਯਤਾ
ਰੰਗ ਜੰਮਣ ਲੱਗ ਪਿਆ। ਉਸਨੂੰ ਸਿਖਾਂ ਦੀ ਤਰਾਂ ਸਿ
ਉਤੇ ਲੰਮੇ ਕੇਸ ਰਖਣੇ ਵੀ ਚੰਗੇ ਨਾ ਲੱਗੇ। ਉਸਨੂੰ ਅੰਗ੍ਰੇ
ਦੀ ਤਰਾਂ ਸਿਰ ਉਤੇ ਛੋਟੇ ੨ ਵਾਲ ਚੰਗੇ ਮਾਲੂਮ ਹੁੰਦੇ ਸਨ
ਸੋ ਉਸਨੇ ਅਪਣੇ ਲੰਮੇ ੨ ਕੇਸ ਕਟਵਾਕੇ ਲੇਡੀ ਲੋਗਿਨ ਨੂੰ
ਭੇਟਾ ਕਰ ਦਿਤੇ। ਦਿਸੰਬਰ ਸਨ ੧੮੫੧ ਵਿਚ ਲਾਟ ਡਲ
ਹੌਜ਼ੀ ਅਪਣੀ ਲੇਡੀ ਸਣੇ ਫਤੇਗੜ੍ਹ ਗਿਆ। ਉਥੇ ਉਸ
ਦਰਬਾਰ ਕੀਤਾ। ਦਲੀਪਸਿੰਘ ਨੇ ਇਸ ਦਰਬਾਰ ਵਿ
ਜਾਣਾ ਮਨਜ਼ੂਰ ਨਾ ਕੀਤਾ ਕਿਉਂਕਿ ਉਹ ਹਿੰਦੁਸਤਾਨ
ਦੇਰਲਾ ਰਾਜਿਆਂ ਮਹਾਰਾਜਿਆਂ ਪਾਸੋਂ ਅਪਣੇ ਆਪ
ਉਚਾ ਰਖਣਾ ਚਾਹੁੰਦਾ ਸੀ। ਉਸਨੇ ਵੱਡੇ ਲਾਟ ਨਾ
[illegible] ਕੇ ਡੇਰੇ ਪਹੁੰਚਕੇ ਮੁਲਾਕਾਤ ਕੀਤੀ।

ਸਨ ੧੮੫੨ ਦੇ ਸ਼ੁਰੂ ਵਿਚ ਮਹਾਰਾਜਾ ਦਲੀਪਸਿੰਘ ਨੇ ਹਿੰਦੁਸਤਾਨ ਦੀਆਂ ਪ੍ਰਸਿਧ ੨ ਥਾਵਾਂ ਨੂੰ ਵੇਖਣ ਦੀ ਇਛਾ ਕੀਤੀ ਤੇ ਵੇਖੇ। ਪਰ ਉਨ੍ਹਾਂ ਦੀ ਇਸ ਸੈਰ ਵਿਚ ਬਹੁਤੀ ਧੂਮਧਾਮ ਨਾ ਹੋਈ। ਦਲੀਪਸਿੰਘ ਨੇ ਲੇਡੀ ਲੋਗਿਨ, ਡਾਕਟਰ ਲੋਗਿਨ, ਸਹਦੇਵਸਿੰਘ ਤੇ ਕੁਝ ਨੌਕਰਾਂ ਚਾਕਰਾਂ ਨਾਲ ਇਹ ਮੁਸਾਫਰੀ ਕੀਤੀ। ਇਸ ਮੁਸਾਫਰੀ ਦੇ ਸਮੇਂ ਰਾਜਾ ਸ਼ੇਰ ਸਿੰਘ ਦੀ ਰਾਣੀ ਅਪਣੇ ਪੇਕੇ ਚਲੀ ਗਈ। ਰਾਹ ਵਿਚ ਜਿਥੇ ਕਿਤੇ ਸਿਖਾਂ ਨੂੰ ਮਹਾਰਾਜੇ ਦਲੀਪ ਸਿੰਘ ਦਾ ਪਤਾ ਲਗਦਾ ਸੀ ਉਥੇ ਹੀ ਬਹੁਤ ਸਾਰੇ ਸਿਖ ਉਸਨੂੰ ਵੇਖਣ ਲਈ ਅਕਠੇ ਹੋ ਜਾਂਦੇ ਸਨ। ਇਸ ਮੁਸਾਫਰੀ ਵਿਚ ਮਹਾਰਾਜਾ ਦਲੀਪ ਸਿੰਘ ਨੇ ਕੰਗਾਲ ਗਰੀਬਾਂ ਨੂੰ ਕੁਝ ਰੁਪਏ ਭੀ ਵੰਡੇ ਸਨ*ਰਾਹ ਵਿਚ ਉਨਾਂ ਨੇ ਦਿਲੀ ਵਿਚੋਂ ਕੁਝ ਗਹਿਣੇ ਖਰੀਦੇ ਅਤੇ ਫੇਰ ਮਥੁਰਾ ਬਿੰਦ੍ਰਾਬਨ ਦੇ ਮੰਦਰ ਵੇਖੇ। ਆਗਰੇ ਵਿਚ ਜਾਕੇ ਆਗਰੇ ਦਾ ਕਿਲਾ ਤੇ ਤਾਜਮਹਲ ਦਾ ਰੌਜ਼ਾ ਉਨਾਂ ਵੇਖਿਆ। ਉਥੇ ਫੌਜ ਤੇ ਸਿਵਿਲਦੇ ਸਾਰੇ ਅੰਗ੍ਰੇਜ਼

---

*ਇਕ ਇਤਿਹਾਸਕਾਰ ਨੇ ਲਿਖਿਆ ਹੈ ਕਿ ਜਦ ਅੰਗ੍ਰੇਜ਼ ਦਲੀਪਸਿੰਘ ਨੂੰ ਲਾਹੌਰੋਂ ਫਤੇਗੜ੍ਹ ਲਈ ਜਾਂਦੇ ਸਨ ਤਦ ਦਲੀਪਸਿੰਘਨੇ ਹਰਦੁਵਾਰ ਜਾਕੇ ਗੰਗਾ ਇਸ਼ਨਾਨ ਕਰਨ ਦੀ ਇਛਾ ਕੀਤੀ ਸੀ। ਪਰ ਉਸ ਵੇਲੇ ਉਸਦੇ ਪਾਸ ਦਾਨ ਪੁੰਨ ਕਰਨ ਲਈ ਧਨ ਨਹੀਂ ਸੀ ਇਸ ਲਈ ਉਹ ਨਾ ਗਏ। ਮੰਗਲਾ ਨਾਮੇਂ ਇਕ ਦਾਸੀ ਮਹਾਰਾਜੇ ਨੂੰ ਧਨ ਦੇਣਾ ਚਾਹੁੰਦੀ ਸੀ ਪਰ ਉਨਾਂ ਨੇ ਟੈਹਲਣ ਪਾਸੋਂ ਰੁਪਏ ਲੈ ਕੇ ਇਸ਼ਨਾਨ ਕਰਨਾ ਠੀਕ ਨਾ ਸਮਝਿਆ।

ਨੇ ਮਹਾਰਾਜੇ ਨੂੰ ਇਕ ਖਾਣਾਵੀ ਦਿਤਾ। ਆਗਰੇ ਵਿਚ ਤਾ
ਘਰ ਤੇ ਛਾਪੇਖਾਨਾ ਵੇਖਕੇ ਮਹਾਰਾਜਾ ਸਾਹਿਬ ਬਹੁਤ ਖੁ
ਹੋਏ। ਇਸਤਰਾਂ ਮੇਰਟ, ਰੁੜਕੀ ਆਦਿ ਵੇਖਣ ਦੇ ਪਿ
ਮਹਾਰਾਜੇ ਦੀ ਇਛਾ ਹਰਦੁਵਾਰ ਵੇਖਣ ਦੀ ਹੋਈ। ਪ
ਅੰਗ੍ਰੇਜ਼ਾਂ ਨੇ ਬਹੁਤ ਗੁਪਤ ਤੋਰ ਪਰ ਉਨਾਂ ਨੂੰ ਹਰਦੁਵ
ਵਿਖਾਣ ਦਾ ਪ੍ਰਬੰਧ ਕੀਤਾ। ਕਿਉਂਕਿ ਓਸ ਵੇਲੇ ਕਿਸੇ ਮੇ
ਦੇ ਕਾਰਣ ਹਰਦਵਾਰ ਵਿਚ ਬਹੁਤ ਸਾਰੇ ਪੰਜਾਬੀ ਯਾ
ਪਹੁੰਚੇ ਹੋਏ ਸਨ। ਸੋ ਅੰਗ੍ਰੇਜ਼ਾਂ ਨੂੰ ਪ੍ਰਗਟ ਤੋਰ ਤੇ ਮਹਾਰਾ
ਨੂੰ ਉਥੇ ਲੈਜਾਣ ਵਿਚ ਡਰ ਮਾਲੂਮ ਹੋਯਾ। ਇਸ ਲਈ ਓਨ
ਇਹ ਪ੍ਰਬੰਧ ਕੀਤਾ ਕਿ ਮਹਾਰਾਜ ਦੇ ਨੌਕਰ ਚਾਕਰ ਤੇ
ਅਸਬਾਬ ਆਦਿ ਇਕ ਪਾਸੇ ਭੇਜ ਦਿਤੇ ਤੇ ਮਹਾਰਾਜੇ
ਹਾਥੀ ਉਤੇ ਬਿਠਾਕੇ ਚੁਪਚਾਪ ਹਰਦਵਾਰ ਪਹੁੰਚਾਯਾ।
ਇੰਨੀ ਕੋਸ਼ਿਸ਼ ਕਰਨ ਪਰ ਵੀ ਕੁਝ ਸਿਖਾਂ ਨੂੰ ਛੇਕੜ ਪ
ਲੱਗ ਗਿਆ ਕਿ ਇਸ ਹਾਥੀ ਉਤੇ ਹੋਰ ਕੋਈ ਨਹੀਂ, ਸਾ
ਮਹਾਰਾਜੇ ਰਣਜੀਤਸਿੰਘ ਦਾ ਪੁਤ੍ਰ ਮਹਾਰਾਜਾ ਦਲੀਪਸਿੰ
ਹੈ। ਓਹ ਸਿਖ ਹਾਥੀ ਨੂੰ ਚੁਤੇਰਿਓਂ ਘੇਰਕੇ ਖੜ ਗਏ
ਖੁਸ਼ੀ ਪ੍ਰਗਟ ਕਰਨਲੱਗੇ। ਅੰਗ੍ਰੇਜ਼ ਜਿਵੇਂ ਕਿਵੇਂ ਮਹਾਰਾਜੇ
ਉਥੋਂ ਕੱਢਕੇ ਡੇਰੇ ਪਹੁੰਚੇ ਤੇ ਝਟ ਕਿਧਰੇ ਜਾਕੇ ਉਨਾਂ ਕਿ
ਜਾਨ ਪਈ। ਬਰਸਾਤ ਦੇ ਆਰੰਭ ਵਿਚ ਮਹਾਰਾਜਾ ਸਾਹਿ
ਮਸੂਰੀ ਗਏ। ਮਸੂਰੀ ਦੇ ਪਹਾੜ ਵੇਖਕੇ ਆਪ ਬਹੁਤ
ਪ੍ਰਸੰਨ ਹੋਏ। ਉਥੇ ਓਹ ਅਪਣੇ ਹਾਣ ਦੇ ਅੰਗ੍ਰੇਜ਼ ਬਚਿ
ਨਾਲ ਸੈਰ ਕਰਨ ਜਾਯਾ ਕਰਦੇ ਸਨ। ਰਾਤ ਦਿਨ ਓਨ
ਬਚਿਆਂ ਦੀ ਸੋਹਬਤ ਹੋਣ ਕਰਕੇ ਅੰਗ੍ਰੇਜ਼ੀ ਬੋਲੀ ਮਹਾਰਾ
ਨੂੰ ਚੰਗੀਤਰਾਂ ਆ ਗਈ। ਮਸੂਰੀ ਵਿਚ ਰਹਿਣ ਵੇਲੇ ਉ

ੇ ਸਮੇਂ ਦਾ ਬਹੁਤਾ ਹਿਸਾ ਗਾਣ, ਬਜਾਣ ਸ਼ਿਕਾਰ ਖੇਡਣ ਤੇ ਫੋਟੋਗ੍ਰਾਫੀ ਸਿਖਣ ਵਿਚ ਜਾਂਦਾ ਸੀ। ਮਹਾਰਾਜੇਦੇ ਭਤੀਜੇ ਸਹਦੇਵ ਸਿੰਘ ਨੂੰ ਭਾਵੇਂ ਅਪਣੀ ਮਾਂ ਦਾ ਵਿਛੋੜਾ ਜ਼ਰੂਰ ਅਖਰਦਾ ਸੀ ਪਰ ਓਹ ਵੀ ਅਪਨੇ ਸਾਥੀਆਂ ਦੇ ਨਾਲ ਖੇਡਣ ਕੁੱਦਣ ਤੇ ਪੜ੍ਹਨ ਲਿਖਣ ਵਿਚ ਮਗਨ ਰੈਂਹਦਾ ਸੀ। ਦਲੀਪ ਸਿੰਘ ਨੂੰ ਭਾਵੇਂ ਵਿਲੈਤੀ ਚਾਲ ਢਾਲ ਬਹੁਤ ਪਸੰਦ ਸੀ ਤੇ ਉਸਨੇ ਉਸਦੀ ਨਕਲ ਵੀ ਕੀਤੀ ਪਰ ਉਸਨੇ ਸ਼ਰਾਬ ਕਦੇ ਨਹੀਂ ਪੀਤੀ। ਕਿਉਂਕਿ ਓਹ ਅਪਣੀਆਂ ਅਖਾਂ ਨਾਲ ਦੇਖ ਚੁਕੇ ਸਨ ਕਿ ਉਨਾਂ ਦੇ ਮਾਮੇਂ ਜਵਾਹਰ ਸਿੰਘਦੀ ਸ਼ਰਾਬ ਪੀਣ ਕਰਕੇ ਕਸੀ ਦਸ਼ਾ ਹੋ ਜਾਂਦੀ ਸੀ। ਇਸਤਰਾਂ ਮਸੂਰੀ ਵਿਚ ਚੌਮਾਸਾ ਗੁਜਾਰਕੇ ਮਹਾਰਾਜਾ ਸਾਹਿਬ ਮੁੜਕੇ ਫਤੇਗੜ੍ਹ ਪਹੁੰਚੇ।

ਫਤੇਗੜ੍ਹ ਪਹੁੰਚਕੇ ਦਲੀਪ ਸਿੰਘ ਦੀ ਇਛਾ ਈਸਾਈ ਬਨਨ ਦੀ ਹੋਈ। ਡਾਕਟਰ ਲੋਗਿਨ ਨੇ ਇਸਦੀ ਬਾਬਤ ਵਡੇ ਲਾਟ ਪਾਸੋਂ ਹੁਕਮ ਮੰਗਿਆ। ਉਸਦੀ ਮਨਜ਼ੂਰੀ ਆ ਜਾਣ ਪਰ ਵਿਚਾਰੇ ਭੋਲੇ ਭਾਲੇ ਧਰਮ ਤੋਂ ਅਜਾਣ ਦਲੀਪ ਸਿੰਘ ਨੇ ਉਸ ਪਵਿਤ੍ਰ ਸਿਖ ਧਰਮ ਦਾ ੯ ਮਾਰਚ ਸਨ ੧੮੫੨ ਨੂੰ ਤਿਆਗ ਕੀਤਾ, ਜਿਸ ਧਰਮ ਦੀ ਬੇਦੀ ਉਤੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ੨ ਬਚੇ ਲੋਭ ਤੇ ਲਾਲਚ ਨੂੰ ਠੁਕਰਾਉਂਦੇ ਹੋਏ ਹਸਦੇ ੨ ਕੁਰਬਾਨ ਹੋ ਗਏ ਸਨ। ਸਿਰਫ ਇਸ ਗੱਲ ਤੋਂ ਹੀ ਇਹ ਸਿਧ ਹੋ ਜਾਂਦਾ ਹੈ ਕਿ ਸੁਵਾਧੀਨ ਮਨੁਖ ਦਾ ਦਿਲ ਪਰਾਧੀਨਤਾ ਵਿਚ ਪੈਕੇ ਕਿਸ ਤਰਾਂ ਪਰਾਧੀਨ ਹੋ ਜਾਂਦਾ ਹੈ। ਇਸਤਰਾਂ ਦਲੀਪ ਸਿੰਘ ਦੇ ਈਸਾਈ ਬਨਨ ਪਰ ਅਨੇਕਾਂ ਦੇਸੀ ਤੇ ਵਿਦੇਸੀ ਲੇਖ-

ਈਆਂ ਨੇ—ਜਿਸਕਿ ਲਾਟ ਡਲਹੌਜ਼ੀ, ਸਰਹੇਨਰੀ ਲਾਰੈਂਸ, ਸਰਫ੍ਰੈਡਰਿਕ ਕੈਰੀ, ਬਿਸ਼ਪ ਵਿਲਸਨ, ਰੇਵਰੈਂਡ ਕ੍ਰਿਸ਼ਨ ਮੋਹਨ ਬਨਰਜੀ, ਰੇਵਰੈਂਡ ਗੋਪੀ ਨਾਥ ਨੰਦੀ, ਮਿਸਟਰ ਗਆਨੇਂਦ੍ਰ ਮੋਹਨ ਠਾਕੁਰ ਆਦਿ ਈਸਾਈਆਂ ਨੇ ਮਹਾਰਾਜੇ ਨੂੰ ਵਧਾਈ ਪਤ੍ਰ ਭੇਜੇ। ਲਾਟ ਡਲਹੌਜ਼ੀ ਨੇ ਇਕ ਸੋਹਣੀ ਬਾਈਬਿਲ ਮਹਾਰਾਜੇ ਨੂੰ ਭੇਟ ਕੀਤੀ ਜਿਸਦੇ ਅੰਦਰ ਅੰਗ੍ਰੇਜ਼ੀ ਵਿਚ ਇਹ ਲਿਖਿਆ ਹੋਯਾ ਸੀ—"ਮਹਾਰਾਜਾ ਦਲੀਪ ਸਿੰਘ ਦੀ ਸੇਵਾ ਵਿਚ ਮਹਾਰਾਜ ਦੇ ਭਰੋਸੇ ਵਾਲੇ ਮਿਤ੍ਰ ਡਲਹੌਜ਼ੀ ਨੇ ਇਸ ਪਵਿਤ੍ਰ ਪੋਥੀ ਨੂੰ, ਜਿਸਨੂੰ ਈਸ਼ਵਰ ਦੀ ਕ੍ਰਿਪਾ ਨਾਲ ਮਹਾਰਾਜਾ ਸੰਸਾਰ ਦੇ ਸਾਰੇ ਰਾਜਾਂ ਤੋਂ ਵਧਕੇ ਸਮਝਣ ਲੱਗੇ ਹਨ, ਸਹਿਤ ਆਦਰ ਦੇ ਸਮਰਪਣ ਕੀਤਾ। ੪ ਅਪ੍ਰੈਲ ੧੮੫੪।

ਵਾਹ ਜੀ ਵਾਹ! ਕੇਹਾ ਸੋਹਣਾ ਦਿਲਾਸਾ ਹੈ! ਇਹ ਗੱਲ ਇਸਤਰਾਂ ਦੀ ਹੈ ਜਿਸਤਰਾਂ ਕਿਸੇ ਬਾਲਕ ਪਾਸੋਂ ਮਿਠਿਆਈ ਦੇਕੇ ਕੋਈ ਗੈਹਣੇ ਖੋਹ ਲਵੇ। ਪਰ ਇਸ ਵਿਚ ਕੋਈ ਅਸਚਰਜ ਕਰਨ ਦੀ ਲੋੜ ਨਹੀਂ। ਲਾਟ ਡਲਹੌਜ਼ੀ ਦੀ ਕਪਟ ਨੀਤੀ ਹੀ ਇਸੇਤਰਾਂ ਦੀ ਸੀ। ਉਸਨੇ ਇਸਤਰਾਂ ਨਾਲ ਕਈਆਂ ਆਜ਼ਾਦ ਤੇ ਅੰਗ੍ਰੇਜ਼ਾਂ ਦੇ ਮਿਤ੍ਰ ਰਾਜਿਆਂ ਦਾ ਮਲੀਆਮੇਟ ਕਰ ਦਿਤਾ ਸੀ। ਲਾਟ ਡਲਹੌਜ਼ੀ ਬੈਬਲ ਉਤੇ ਸਿਰਫ ਇਬਾਰਤ ਲਿਖਕੇ ਹੀ ਚੁਪ ਨਾ ਰਿਹਾ। ਉਸਨੇ ਵਿਲੈਤ ਜਾਣ ਤੋਂ ਪੈਹਲਾਂ ਦਲੀਪ ਸਿੰਘ ਨੂੰ ਹੇਠ ਲਿਖੀ ਮਜ਼ਮੂਨ ਦੀ ਅੰਗ੍ਰੇਜ਼ੀ ਚਿਠੀ ਵੀ ਲਿਖੀ:—

ਗਵਰਨਮੈਂਟ ਹਾਊਸ

੯ ਅਪ੍ਰੈਲ ੧੮੫੪

ਮੇਰੇ ਪਯਾਰੇ ਮਹਾਰਾਜਾ, ਤੁਹਾਡੇ ਹਿੰਦੁਸਤਾਨ ਤੋਂ ਣ ਤੋਂ ਪਹਿਲਾਂ ਮੈਂ ਵਿਦੇਗੀ ਦੀ ਭੇਟ ਸਰੂਪ ਉਹ ਚੀਜ਼ ਟਾ ਕਰਨੀ ਚਾਹੁੰਦਾ ਹਾਂ ਜੋ ਤੁਹਾਨੂੰ ਹਮੇਸ਼ਾ ਮੇਰੀ ਯਾਦ ਰਾਵੇਗੀ।

ਜਦ ਤੁਸੀ ਛੋਟੇ ਬੱਚੇ ਸਾਓ, ਤੇ ਆਮ ਹਾਲਾਂ ਨੇ ਹਾਨੂੰ ਮੇਰੇ ਅਧੀਨ ਕਰ ਦਿਤਾ ਸੀ ਤਦ ਤੋਂ ਮੈਂ ਤੁਹਾਨੂੰ ਕੁਝ ਲਾਂ ਵਿਚ ਅਪਣਾ ਪੁਤ੍ਰ ਕਰਕੇ ਸਮਝਦਾ ਰਿਹਾ ਹਾਂ। ਇਸ ਈ ਮੈਂ ਤੁਹਾਨੂੰ ਉਸ ਪੁਸਤਕ ਦੇ ਸਵੀਕਾਰ ਕਰਨ ਦੀ ਨਤੀ ਕਰਦਾ ਹਾਂ ਜੋ ਕਿ ਮੈਂ ਆਪਣੇ ਪੁਤ੍ਰ ਨੂੰ ਭੇਟ ਕਰਦਾ ਉਂਕਿ ਇਹ ਸਾਰੀਆਂ ਭੇਟਾਂ ਨਾਲੋਂ ਉੱਤਮ ਭੇਟਾ ਹੈ। ਸ ਸੰਸਾਰ ਦੇ ਸਾਰੇ ਸੁਖਾਂ ਦੀ ਕੁੰਜੀ ਅਕਲ੍ਹੀ ਇਸ ਪੋਥੀ ਚੀ ਮਿਲੇਗੀ।

ਮੇਰੇ ਪਯਾਰੇ ਮਹਾਰਾਜ, ਮੈਂ ਤੁਹਾਨੂੰ ਅਸੀਸ ਕਰਦਾ ਹਾਂ ਤੇ ਤੁਸੀ ਮੇਰੇ ਉਤੇ ਹਮੇਸ਼ਾ ਭਰੋਸਾ ਰਖੋ ਇਹ ਂ ਬੇਨਤੀ ਕਰਦਾ ਹਾਂ।

ਤੁਹਾਡਾ ਭਰੋਸੇਯੋਗ ਮਿਤ੍ਰ

ਡਲਹੌਜ਼ੀ*

---

*ਲਾਰਡ ਡਲਹੌਜ਼ੀ ਜੇਕਰ ਦਲੀਪਸਿੰਘ ਦੇ ਪਾਸ ਇਕ ਨਾ ਵੀ ਭੇਜਦਾ ਤਾਂ ਵੀ ਉਹ ਹਮੇਸ਼ਾ ਉਸਨੂੰ ਯਾਦ

[ਬਾਕੀ ਨੋਟ ਵਾਸਤੇ ੨੪੦ ਸਫਾ ਵੇਖੋ]

ਇਹ ਅਸੀ ਉਪਰ ਦਸ ਆਏ ਹਾਂ ਕਿ ਦਲੀਪ ਸਿੰ
ਦੀ ਵਿਲੈਤ ਜਾਣ ਲਈ ਵਡੀ ਭਾਰੀ ਇਛਾ ਸੀ ਤੇ ਉਪ
ਵਾਲੀ ਡਲਹੌਜ਼ੀ ਦੀ ਚਿਠੀ ਉਸਦੇ ਵਿਲੈਤ ਜਾਣ ਦੇ ਵੇ
ਹੀ ਉਸਦੇ ਪਾਸ ਪਹੁੰਚੀ ਸੀ। ਵਿਲੈਤ ਜਾਣ ਲਈ ਦਲੀ
ਸਿੰਘ ਨੂੰ ਡਲਹੌਜ਼ੀ ਦੀ ਮਾਰਫਤ ਬੋਰਡ ਆਫ ਡਾਈਰੈ
ਟਰਸ ਪਾਸੋਂ ਮਨਜ਼ੂਰੀ ਲੈਣੀ ਪਈ। ੩੧ ਮਾਰਚ ਸ
੧੮੫੪ ਨੂੰ ਲਾਟ ਡਲਹੌਜ਼ੀ ਨੇ ਮਹਾਰਾਜਾ ਦਲੀਪ ਸਿੰ
ਨੂੰ ਇਕ ਚਿਠੀ ਭੇਜੀ ਜਿਸ ਵਿਚ ਬੋਰਡ ਆਫ ਡਾਈਰੈਕ
ਟਰਸ ਦੀ ਮਨਜ਼ੂਰੀ ਦੀ ਖਬਰ ਸੀ। ਇਸ ਚਿਠੀ ਦੇ ਪਿ
ਇਕ ਚਿਠੀ ਡਲਹੌਜ਼ੀ ਨੇ ਡਾਕਟਰ ਲੋਗਿਨ ਨੂੰ ਵੀ ਭੇਜ
ਜਿਸ ਵਿਚ ਲਿਖਿਆ ਸੀ ਕਿ ਜੇਕਰ ਮਹਾਰਾਜੇ ਦੀ ਮਰਜ਼
ਹੋਵੇ ਤਾਂ ਉਹ ਅਪਣੇ ਨਾਲ ਸਹਦੇਵ ਸਿੰਘ ਨੂੰ ਵੀ ਲੈ ਜ
ਸਕਦਾ ਹੈ।

[੧੨੯ ਸਫੇ ਨੋਟ ਦੀ ਬਾਕੀ]

ਯਾਦ ਕਰਾਏ ਦੇ ਯਾਦ ਰਖਦਾ। ਅਜ ਨਾ ਦਲੀਪ ਸਿੰਘ ਹੈ
ਤੇ ਨਾ ਲਾਟ ਡਲਹੌਜ਼ੀ। ਪਰ ਜਿਸ ਕਪਟ ਨੀਤੀ ਨਾ
ਪੰਜਾਬ ਲਿਆ ਗਿਆ ਉਸਦੇ ਕਾਰਣ ਨਾ ਕੇਵਲ ਪੰਜਾ
ਹੀ ਬਲਕੇ ਸਾਰੇ ਹਿੰਦੁਸਤਾਨੀ ਤੇ ਇਤਿਹਾਸ ਦੇ ਵਿਚਾਰ
ਵਾਨ ਪਾਠਕ ਡਲਹੌਜ਼ੀ ਨੂੰ ਯਾਦ ਕਰਦੇ ਹਨ। ਲਾਟ ਡਲ
ਹੌਜ਼ੀ ਨੇ ਦਲੀਪ ਸਿੰਘ ਨੂੰ ਪੁਤ੍ਰ ਕਰਕੇ ਸਮਝਿਆ ਅ
ਇਸੇ ਕ੍ਰਿਪਾ ਦੇ ਬਦਲੇ ਵਿਚਾਰੇ ਨੂੰ ਰਾਜ ਤੋਂ ਹਥ ਧੋਕੇ ਰੋਟ
ਲਈ ਭਟਕਣਾ ਪਿਆ। ਅਫਸੋਸ! ਭਲਾ ਨੀਚਤਾ ਦੀ
ਕੋਈ ਹੱਦ ਹੈ!

ਦਲੀਪ ਸਿੰਘ ਨੇ ਵਿਲੈਤ ਜਾਣ ਦੀ ਤਿਆਰੀ ਕੀਤੀ। ਪਰ ਸਹਦੇਵ ਸਿੰਘ ਦੀ ਮਾਂ ਅਪਣੇ ਪੁਤ੍ਰ ਨੂੰ ਵਿਲੈਤ ਭੇਜਣ ਲਈ ਰਾਜੀ ਨਹੀਂ ਸੀ। ਸਹਦੇਵ ਸਿੰਘ ਦੇ ਵਿਲੈਤ ਜਾਣ ਦੀ ਖਬਰ ਸੁਣਕੇ ਬਹੁਤ ਦੁਖੀ ਹੋਈ। ਉਸਨੇ ਵਡੇ ਲਾਟ ਦੇ ਪਾਸ ਸਹਦੇਵ ਸਿੰਘ ਨੂੰ ਵਿਲੈਤ ਨਾ ਜਾਣ ਦੇਣ ਲਈ ਇਕ ਚਿਠੀ ਭੇਜੀ। ਨਾਲ ਹੀ ਉਸਨੇ ਇਹ ਵੀ ਇਛਾ ਪ੍ਰਗਟ ਕੀਤੀ ਕਿ ਉਸਨੂੰ ਹਰਦਵਾਰ ਰਹਿਣ ਦਾ ਹੁਕਮ ਮਿਲ ਜਾਵੇ ਕਿਉਂਕਿ ਉਥੇ ਉਸਦਾ ਅਪਣਾ ਮਕਾਨ ਸੀ।

ਮਹਾਰਾਜਾ ਦਲੀਪ ਸਿੰਘ ਲਖਨਊ ਤੇ ਕਾਸ਼ੀ ਹੁੰਦੇ ਹੋਏ ਸਨ ੧੮੫੪ ਦੀ ਗਰਮੀਆਂ ਵਿਚ ਕਲਕਤੇ ਪਹੁੰਚੇ। ਕਾਸ਼ੀ ਵਿਚ ਮਹਾਰਾਜੇ ਦੀ ਪੰਡਿਤ ਨੇਮੀ ਗੋਰਾ ਨਾਮੇਂ ਇਕ ਦੇਸੀ ਈਸਾਈ ਨਾਲ ਜਾਣ ਪਛਾਣ ਹੋਗਈ। ਨੇਮੀਗੋਰਾ ਜਾਤ ਦਾ ਬ੍ਰਾਹਮਣ ਸੀ ਪਰ ਓਹ ਈਸਾਈ ਹੋ ਗਿਆ ਸੀ। ਦਲੀਪਸਿੰਘ ਨਾਲ ਉਸਦਾ ਮੇਲ ਜੋਲ ਬਹੁਤ ਵਧ ਗਿਆ। ਲਾਟ ਡਲਹੌਜੀ ਨੇ ਮਹਾਰਾਜੇ ਨੂੰ ਗਵਰਨਮੈਂਟ ਹਾਊਸ ਵਿਚ ਸਦਿਆ ਤੇ ਬਹੁਤ ਆਦਰਭਾਉ ਕੀਤਾ। ਇੰਨੇ ਵਿਚ ਹੀ ਲਾਟ ਡਲਹੌਜੀ ਦੇ ਪਾਸ ਸਹਦੇਵ ਸਿੰਘ ਦੀ ਮਾਂ ਵਲੋਂ ਇਕ ਚਿਠੀ ਪਹੁੰਚ ਗਈ ਜਿਸ ਵਿਚ ਉਸਨੇ ਸਹਦੇਵਸਿੰਘ ਨੂੰ ਵਿਲੈਤ ਨਾ ਭੇਜਣ ਦੀ ਬੇਨਤੀ ਕੀਤੀ ਹੋਈ ਸੀ। ਲਾਟ ਡਲਹੌਜ਼ੀ ਨੇ ਉਸਦੀ ਬੇਨਤੀ ਮੰਨ ਲਈ ਤੇ ਉਸਦੇ ਪੁਤ੍ਰ ਸਹਦੇਵ ਸਿੰਘ ਨੂੰ ਵਿਲੈਤ ਨਾ ਭੇਜਕੇ ਉਸਦੀ ਮਾਂ ਦੇ ਪਾਸ

ਦੇਸ ਨਿਕਾਲਾ*

੧੯ ਅਪ੍ਰੈਲ ਸਨ ੧੮੫੪ ਈ: ਨੂੰ ਮਹਾਰਾ ਦਲੀਪ ਸਿੰਘ ਵਿਲੈਤ ਜਾਣ ਲਈ ਜਹਾਜ਼ ਉੱਤੇ ਸਵਾ ਹੋਏ। ਜਹਾਜ਼ ਦੇ ਉਪਰਲੇ ਹਿੱਸੇ ਤਕ ਮਹਾਰਾਜੇ ਦੇ ਦੇ ਨੌਕਰ ਪੁਚਾਣ ਲਈ ਗਏ ਅਤੇ ਛੇਕੜੀ ਸਲਾਮ ਕਰ ਚਲੇ ਆਏ। ਡਾਕਟਰ ਲੋਗਿਨ ਤੇ ਪੰਡਿਤ ਨੇਮੀ ਭੀ ਮਹਾਰਾਜੇ ਦੇ ਨਾਲ ਹੀ ਵਿਲੈਤ ਗਏ।

---

*ਕੁਝ ਦਿਨ ਤਕ ਸਹਦੇਵ ਸਿੰਘ ਆਪਣੀ ਮਾਂ ਸ ਲਾਹੌਰ ਵਿਚ ਨਜ਼ਰਬੰਦ ਰਿਹਾ। ਉਸਦੀ ਮਾਂ ਦੀ ਇ ਗੁਰਦੁਵਾਰ ਰਹਿਣ ਦੀ ਸੀ ਜੋ ਸਰਕਾਰ ਨੇ ਪੂਰੀ ਨਾ ਕੀ ਜਿਸਦਾ ਕਾਰਣ ਇਹ ਮਲੂਮ ਹੁੰਦਾ ਹੈ ਕਿ ਗੁਰਦੁਵਾਰ ਵਿ ਬੀਬੀਆਂ ਦਾ ਇਸ਼ਨਾਨ ਕਰਨ ਲਈ ਪੰਜਾਬੀ ਲੋਕ ਬ ਜਾਂਦੇ ਹਨ। ਪਿਛੋਂ ਸਰਕਾਰ ਨੇ ਸਹਦੇਵ ਸਿੰਘ ਨੂੰ ਕੁ ਜ਼ਮੀਨ ਅਵਧ ਦੇ ਵਿਚ ਦਿਤੀ। ਸਹਦੇਵ ਸਿੰਘ ਦਾ ਪੁ ਸੁਖਦੇਵ ਸਿੰਘ ਹੋਇਆ ਤੇ ਜੋ ੧੯੧੮ ਵਿਚ ਮਰ ਗਿਆ ਉਸਦੀ ਔਲਾਦ ਕੋਈ ਨਹੀਂ[1]।

ਵਿਲੈਤ ਦਾ ਸਫਰ ਤੇ ਹੋਰ ਹਾਲ

"ਪੀਤਾ ਹੂੰ ਗੁਲਰੰਗ ਗੁਲਾਬ ਕੇ ਬਦਲੇ।
ਦਿਲ ਭੂਨ ਕਰ ਖਾਤਾ ਹੂੰ ਕਬਾਬ ਕੇ ਬਦਲੇ।"

*　*　*　*　*

"ਸੁਨ ਤੋ ਹੈ ਇਸ ਜਹਾਨ ਮੇਂ ਤੇਰਾ ਫਸਾਨ ਕਜਾ?
ਕਹਤੀ ਹੈ ਤੁਝਕੋ ਖਲਕ ਖੁਦਾ ਗਾਯਬਾਨਾ ਕਜਾ?"

ਵਿਲੈਤ ਜਾਂਦੇ ਹੋਏ ਮਹਾਰਾਜਾ ਦਲੀਪ ਸਿੰਘ ਨੇ ਮਿਸਰ ਦੀ ਰਾਜਧਾਨੀ ਕੈਰੋ ਦੀ ਸੈਰ ਕੀਤੀ ਤੇ ਉਸਦੇ ਪਿਰਾਮਿਡਾਂ ਨੂੰ ਵੇਖਿਆ। ਮਿਸਰ ਵਿਚ ਅਮਰੀਕਨ ਮਨਾਬਾਲੇ(ਯਤੀਮਖਾਨਾ)ਨੂੰ ਵੇਖਕੇ ਆਪ ਬਹੁਤ ਪ੍ਰਸੰਨ ਹੋਏ। ਜੂਨ ਮਹੀਨੇ ਵਿਚ ਦਲੀਪ ਸਿੰਘ ਜੀ ਇੰਗਲੈਂਡ ਦੀ ਰਾਜਧਾਨੀ ਲੰਡਨ ਪਹੁੰਚੇ ਅਤੇ ਉਨਾਂ ਦੇ ਠਹਿਰਨ ਦਾ ਪ੍ਰਬੰਧ ਕਲੈਰਿਜ ਹੋਟਲ ਵਿਚ ਕੀਤਾ ਗਿਆ। ਵਿਲੈਤ ਦੀ ਕੋਰਟ ਆਫ ਡਾਇਰੈਕਟਰਸ ਨੇ ਅਪਣੇ ਖਰਚ ਨਾਲ ਮਹਾਰਾਜੇ ਦੇ ਰਹਿਣ ਲਈ ਇਕ ਮਕਾਨ ਬਨਾਣਾ ਮਨਜ਼ੂਰ ਕੀਤਾ ਸੀ ਪਰ ਉਸਦੇ ਨਾ ਬਣਨ ਤਕ ਮਹਾਰਾਜੇ ਨੂੰ ਹੋਟਲ ਵਿਚ ਰੈਹਣਾ ਪਿਆ। ਕੋਰਟ ਆਫ ਡਾਇਰੈਕਟਰਸ ਨੂੰ ਦਲੀਪ ਸਿੰਘ ਦਾ ਵਰਤਾਉ ਤੇ ਸਜਨਤਾਈ ਵੇਖਕੇ ਵੱਡਾ ਅਚਰਜ ਹੋਯਾ। ਖੁਦ ਮਹਾਰਾਣੀ ਵਿਕਟੋਰੀਆ ਨੇ ਅਪਣੇ ਪਤੀ ਸਣੇ ਆਦਰ ਨਾਲ ਰਾਜ ਮੈਹਲ ਵਿਚ ਔਣ ਦਾ ਨਿਮੰਤ੍ਰਣ ਦਿਤਾ ਤੇ ਮੁਲਾਕਾਤ ਕੀਤੀ। ਮਹਾਰਾਣੀ ਵਿਕਟੋ-

ਰੀਆ ਦਲੀਪ ਸਿੰਘ ਦੇ ਆਚਰਣ ਤੇ ਵਰਤਾਉ ਨੂੰ ਵੇਖ
ਬਹੁਤ ਖੁਸ਼ ਹੋਈ।

ਈਸਾਈ ਬਣਨ ਤੇ ਵਿਲੈਤ ਪਹੁੰਚ ਜਾਣ ਪਰ
ਦਲੀਪ ਸਿੰਘ ਨੇ ਅਪਣੀ ਪੰਜਾਬੀ ਪੁਸ਼ਾਕ ਪਾਣੀ ਨਾ ਛਡੀ
ਸੁੰਦਰ ਕਸ਼ਮੀਰੀ ਕੁੜਤਾ ਤੇ ਉਸਦੇ ਉਤੇ ਸੁਨੈਹਰੀਕੰਮ ਵਾਲ
ਮਖਮਲ ਦਾ ਚੋਗਾ ਤੇ ਪਤਲੂਨ ਓਹ ਪਾਯਾ ਕਰਦੇ ਸਨ
ਸਿਰ ਤੇ ਪਗੜੀ ਜਿਸ ਵਿਚ ਵਡਮੁਲਾ ਰਤਨ ਲਗਿਆ
ਹੋਯਾ ਇਕ ਸਿਰਪੇਚ ਹੁੰਦਾ ਸੀ। ਗਹਿਣਿਆਂ ਵਿਚੋਂ ਓਹ
ਅਪਣੇ ਗਲੇ ਵਿਚ ਵਡਮੁਲੀ ਮੋਤੀਆਂ ਦੀ ਮਾਲਾ ਤੇ ਕੰਨਾਂ
ਵਿਚ ਵੱਡੇ ੨ ਵਾਲੇ ਪਾਉਂਦੇ ਸਨ। ਕੋਰਟ ਆਫ ਡਾਈਰੈਕ
ਟਰਸ ਵਿਚ ਭੀ ਓਹ ਅਪਣੀ ਇਸੇ ਪੁਸ਼ਾਕ ਨੂੰ ਪਾਕੇ ਜਾਯਾ
ਕਰਦੇ ਸਨ। ਮਹਾਰਾਣੀਦੇ ਪਤੀਪ੍ਰਿੰਸ ਅਲਬਰਟ ਮਹਾਰਾਜੇ
ਦੀਆਂ ਗਲਾਂ ਸੁਣਕੇ ਬਹੁਤ ਖੁਸ਼ ਹੁੰਦੇ ਸਨ। ਮਹਾਰਾਣੀ
ਵਿਕਟੋਰੀਆ ਤੇ ਉਸਦਾ ਪਤੀ ਅਕਸਰ ਦਲੀਪ ਸਿੰਘ ਨੂੰ
ਮੈਹਲਾਂ ਵਿਚ ਸਦਿਆ ਕਰਦੇ ਸਨ। ਮੈਹਲ ਵਿਚ ਜਾਣ
ਵੇਲੇ ਮਿਸ ਲੋਗਿਨ ਦਲੀਪ ਸਿੰਘ ਦੇ ਨਾਲ ਰੈਂਹਦੀ ਸੀ।

ਇਕ ਦਿਨ ਮਹਾਰਾਣੀ ਵਿਕਟੋਰੀਆ ਨੇ ਬੀਬੀ
ਲੋਗਿਨ ਪਾਸੋਂ ਪੁਛਿਆ ਕਿ ਦਲੀਪ ਸਿੰਘ ਕਦੇ ਕੋਹਨੂਰ
ਹੀਰੇ ਦੀ ਕੋਈ ਗਲ ਕਰਦਾ ਹੈ ਕਿ ਨਹੀਂ ਤੇ ਓਹ ਓਸਦੇ
ਲਈ ਦੁਖੀ ਤਾਂ ਨਹੀਂ ? ਇਸਦਾ ਜਵਾਬ ਬੀਬੀ ਲੋਗਿਨ
ਨੇ ਇਹ ਦਿਤਾ ਕਿ ਵਿਲੈਤ ਵਿਚ ਆਣਕੇ ਮਹਾਰਾਜ ਨੇ
ਓਸਦੀ ਬਾਬਤ ਕਦੇ ਕੋਈ ਗਲ ਨਹੀਂ ਚਲਾਈ, ਹਾਂ ਹਿੰਦੁ
ਸਤਾਨ ਵਿਚ ਕਈਵਾਰੀ ਇਸਦੀ ਬਾਬਤ ਪੁਛਿਆ ਸੀ।
ਇਸ ਪਰ ਮਹਾਰਾਣੀ ਨੇ ਬੀਬੀ ਲੋਗਿਨ ਨੂੰ ਕਿਹਾ ਕਿ

ਹੁਣ ਜਦੋਂ ਮਹਾਰਾਜਾ ਮੇਹਲਾਂ ਵਿਚ ਆਵੇ ਤਾਂ ਉਸਦੇ ਦਿਲ ਦਾ ਭਾਵ ਸਮਝਣ ਦੀ ਕੋਸ਼ਿਸ਼ ਕਰਨੀ ਕਿ ਉਹ ਕੋਹਨੂਰ ਹੀਰਾ ਵੇਖਣ ਲਈ ਚਾਹਵੰਨ ਹੈ ਕਿ ਨਹੀਂ। ਪਰ ਬੀਬੀ ਲੋਗਿਨ ਮਹਾਰਾਣੀ ਦੇ ਇਸ ਕੰਮ ਪਰ ਜ਼ਰਾ ਵੀ ਖੁਸ਼ ਨਾ ਹੋਈ। ਕਿਉਂਕਿ ਕੋਹਨੂਰ ਹੀਰੇ ਦੀ ਬਾਬਤ ਦਲੀਪਸਿੰਘ ਦੇ ਖਿਆਲ ਲੇਡੀ ਲੋਗਿਨ ਪਾਸੋਂ ਕੋਈ ਲੁਕੇ ਹੋਏ ਨਹੀਂ ਸਨ ਪਰ ਉਸਨੇ ਮਹਾਰਾਣੀ ਦਾ ਹੁਕਮ ਮੋੜਨਾ ਵੀ ਚੰਗਾ ਨਾ ਜਾਣਿਆ। ਇਸ ਲਈ ਰਾਜਮੇਹਲਾਂ ਵਿਚ ਜਾਣ ਤੋਂ ਇਕ ਦਿਨ ਪੇਹਲਾਂ ਬੀਬੀ ਲੋਗਿਨ ਤੇ ਮਹਾਰਾਜਾ ਦਲੀਪ ਸਿੰਘ ਘੋੜੇ ਚੜ੍ਹੇ ਚਬੂਕ ਰਿਚਮੰਡ ਬਾਗ ਦੀ ਸੈਰ ਕਰ ਰਹੇ ਸਨ ਉਸ ਵੇਲੇ ਬੀਬੀ ਲੋਗਿਨ ਨੇ ਮਹਾਰਾਜੇ ਪਾਸੋਂ ਪੁਛਿਆ—"ਕੀ ਆਪ ਕੋਹਨੂਰ ਹੀਰਾ ਵੇਖਣਾ ਚਾਹੁੰਦੇ ਹੋ ?" ਇਸਦੇ ਜਵਾਬ ਵਿਚ ਦਲੀਪਸਿੰਘ ਨੇ ਕਿਹਾ—"ਹਾਂ ਚਾਹੁੰਦਾ ਹਾਂ"। ਬੀਬੀ ਲੋਗਿਨ ਨੇ ਪੁਛਿਆ—"ਉਸਨੂੰ ਵੇਖਕੇ ਆਪ ਕੀ ਕਰੋਗੇ ?" ਦਲੀਪਸਿੰਘ ਨੇ ਥੋੜੀ ਦੇਰ ਤਕ ਸੋਚਕੇ ਕਿਹਾ "ਇਕ ਵਾਰੀ ਮੈਂ ਉਸਨੂੰ ਅਪਣੇ ਹਥ ਵਿਚ ਲੈਕੇ ਵੇਖਣਾ ਚਾਹੁੰਦਾ ਹਾਂ।" ਬੀਬੀ ਲੋਗਿਨ ਨੇ ਫੇਰ ਪੁਛਿਆ—"ਉਸ ਨੂੰ ਹਥ ਵਿਚ ਲੈਕੇ ਆਪ ਕੀ ਕਰੋਗੇ ?" ਦਲੀਪ ਸਿੰਘ ਨੇ ਜਵਾਬ ਦਿਤਾ "ਇਸਵਾਰੀ ਮੈਂ ਅਪਣੇ ਹਥਾਂ ਨਾਲ ਉਹ ਹੀਰਾ ਮਹਾਰਾਣੀ ਵਿਕਟੋਰੀਆ ਨੂੰ ਭੇਟ ਕੀਤਾ ਚਾਹੁੰਦਾ ਹਾਂ ਕਿਉਂਕਿ ਜਿਸ ਵੇਲੇ ਸੁਲਾਹ ਹੋਈ ਸੀ ਉਸ ਵੇਲੇ ਮੈਂ ਬਾਲਕ ਸਾਂ। ਉਸ ਵੇਲੇ ਇਨਾਂ ਗਲਾਂ ਦੇ ਸੋਚਣ ਸਮਝਣ ਦੀ ਮੇਰੇ ਵਿਚ ਅਕਲ ਨਹੀਂ ਸੀ।"

ਇਸ ਉਪਰਲੀ ਗਲ ਬਾਤ ਹੋਣਦੇ ਦੂਜੀ ਦਿਨ ਬੀਬੀ

ਲੇਗਿਨਤੇ ਦਲੀਪਸਿੰਘ ਦੋਵੇਂ ਰਾਜਮੈਹਲਾਂ ਵਿਚ ਮਹਾਰਾਣੀ ਵਿਕਟੋਰੀਆ ਦੇ ਪਾਸ ਗਏ। ਕੋਹਨੂਰ ਹੀਰੇ ਦੀ ਬਾਬ ਪਹਿਲੇ ਦਿਨ ਜੋ ਗਲਾਂ ਲੇਡੀ ਲੇਗਿਨ ਦੀਆਂ ਦਲੀਪਸਿੰਘ ਨਾਲ ਹੋਈਆਂ ਸਨ ਉਨਾਂ ਦਾ ਮਤਲਬ ਲੇਡੀ ਲੇਗਿਨ ਨੇ ਮਹਾਰਾਣੀ ਨੂੰ ਸੁਣਾਯਾ। ਥੋੜੀ ਦੇਰ ਪਿਛੋਂ ਮਹਾਰਾਣੀ ਦੇ ਨੌਕਰ ਕੋਹਨੂਰ ਹੀਰੇ ਨੂੰ ਲੈਕੇ ਆਏ। ਪਰ ਇਸ ਗਲ ਦੀ ਖਬਰ ਦਲੀਪ ਸਿੰਘ ਨੂੰ ਬਿਲਕੁਲ ਨਹੀਂ ਸੀ। ਮਹਾਰਾਣੀ ਨੇ ਓਸ ਹੀਰੇ ਨੂੰ ਤਲੀ ਉਤੇ ਰਖਕੇ ਦਲੀਪ ਸਿੰਘ ਨੂੰ ਵਿਖਾਯਾ ਤੇ ਪੁਛਿਆ—"ਕੀ ਤੁਸੀ ਇਸਨੂੰ ਪਛਾਣਦੇ ਹੋ?" ਦਲੀਪ ਸਿੰਘ ਨੇ ਕਿਹਾ—"ਹਾਂ ਮੈਂ ਪਛਾਣਦਾ ਹਾਂ। ਇਹ ਕੋਹਨੂਰ ਹੀਰਾ ਹੈ!" ਮਹਾਰਾਣੀ ਨੇ ਫੇਰ ਪੁਛਿਆ—"ਭਲਾ ਪੈਹਲੇ ਨਾਲੋਂ ਕੁਝ ਚੰਗਾ ਮਲੂਮ ਹੁੰਦਾ ਹੈ ਕਿ ਨਹੀਂ?" ਦਲੀਪਸਿੰਘ ਨੇ ਕੋਹਨੂਰ ਹੀਰੇ ਨੂੰ ਅਪਣੇ ਹਥ ਵਿਚ ਲੈਕੇ ਵੇਖਿਆ ਤੇ ਕਿਹਾ—"ਹਾਂ ਪੈਹਲੇ ਨਾਲੋਂ ਇਸਦੀ ਚਮਕ ਕੁਝ ਵਧ ਗਈ ਹੈ ਪਰ ਇਸਦਾ ਤੋਲ ਘਟ ਗਿਆ ਹੈ ਇਹ ਆਖਕੇ ਮਹਾਰਾਜੇ ਨੇ ਓਸ ਹੀਰੇ ਨੂੰ ਮਹਾਰਾਣੀ ਦੇ ਹਥ ਮੋੜ ਦਿਤਾ।

ਮਹਾਰਾਜਾ ਦਲੀਪ ਸਿੰਘ ਨੇ ਇਸ ਵੇਲੇ ਧੀਰਜ ਸ਼ਾਂਤੀ ਤੇ ਆਤਮ ਸੰਜਮ ਦਾ ਜੋ ਸਬੂਤ ਦਿਤਾ ਓਹ ਬਹੁਤ ਉਪਮਾ ਦੇ ਯੋਗ ਹੈ। ਬਹੁਤ ਦਿਨਾਂ ਦੇ ਬਾਦ ਅਪਣੇ ਵਡਮੁਲ ਤੇ ਸੰਸਾਰ ਦੇ ਅਦੁਤੀਯ ਰਤਨ ਨੂੰ ਵੇਖਕੇ ਮਹਾਰਾਜੇ ਨੇ ਅਪਣੇ ਚਿਤ ਨੂੰ ਜ਼ਰਾ ਵੀ ਨਾ ਡੁਲਾਯਾ। ਉਨਾਂ ਦੇ ਮੂੰਹੋਂ ਓਸ ਵੇਲੇ ਕੋਈ ਵੀ ਮੰਦਾ ਸ਼ਬਦ ਯਾ ਹਾਇ ਅਫਸੋਸ ਨਾ ਨਿਕਲਿਆ ਕਾਲ ਦੀ ਇਹ ਇਕ ਵਿਚਿਤ੍ਰ ਹੀ ਗਤੀ ਹੈ। ਜਿਸ ਹੀਰੇ ਦੇ

ਦਲੀਪ ਸਿੰਘ ਆਪਣੇ ਛੋਲੇ ਨਾਲ ਦੈਨਿਆ ਕਰਦਾ ਸੀ ਉਸਨੂੰ ਦਿਵਾਨਿਆਂ ਦੀ ਤਰਾ ਵੇਖਕੇ ਉਸਨੇ ਮੋੜ ਦਿਤਾ।

ਮਹਾਰਾਣੀ ਵਿਕਟੋਰੀਆ ਤੇ ਉਸਦਾ ਪਤੀ ਪ੍ਰਿੰਸ ਅਲਬਰਟ ਦਲੀਪਸਿੰਘ ਦੇ ਅਨੇਕਾਂ ਗੁਣਾ ਨੂੰ ਵੇਖਕੇ ਬਹੁਤ ਪ੍ਰਸੰਨ ਹੋਏ। ਮਹਾਰਾਣੀ ਨੇ ਦਲੀਪ ਸਿੰਘ ਦਾ ਜੀਵਨ ਬ੍ਰਿਤਾਂਤ ਜਾਣਨਦੀ ਇਛਾ ਪ੍ਰਗਟ ਕੀਤੀ ਤੇ ਜਿਸਨੂੰ ਲੋਗਿਨ ਨੇ ਸੰਖੇਪ ਵਿਚ ਲਿਖ ਦਿਤਾ। ਮਹਾਰਾਣੀ ਵਿਕਟੋਰੀਆ ਦੀ ਕ੍ਰਿਪਾ ਨਾਲ ਲੋਗਿਨ ਨੂੰ "ਨਾਈਟ" ਦਾ ਖਿਤਾਬ ਮਿਲਿਆ ਤੇ ਓਹ ਮਾਮੂਲੀ ਡਾਕਟਰ ਲੋਗਿਨ ਤੋਂ 'ਸਰ ਲੋਗਿਨ' ਬਣ ਗਿਆ।

ਵਿਲੈਤ ਰੈਂਹਦਿਆਂ ਹੋਯਾਂ ਦਲੀਪਸਿੰਘ ਦਾ ਰਾਜ ਘਰਾਣੇ ਦੇ ਮਨੁਖਾਂ ਨਾਲ ਖਾਸ ਕਰਕੇ ਮਹਾਰਾਣੀ ਵਿਕਟੋਰੀਆ ਦੇ ਪੁਤ੍ਰਾਂ ਨਾਲ ਵੱਡਾ ਪਯਾਰ ਪੈਗਿਆ ਸੀ। ਇਕ ਵਾਰੀ ਮਹਾਰਾਣੀ ਵਿਕਟੋਰੀਆ ਨੇ ਮਹਾਰਾਜੇ ਨੂੰ ਆਸਬਰਨ ਵਾਲੇ ਮੈਹਲ ਵਿਚ ਵੀ ਨਿਮੰਤ੍ਰਣ ਦਿਤਾ। ਰਾਜ ਪੁਤ੍ਰਾਂ ਦੀ ਵਰ੍ਹੇ ਗੰਢ ਦੇ ਸਮੇਂ ਦਲੀਪ ਸਿੰਘ ਜੀ ਭੇਟ ਦੇ ਤੌਰ ਤੇ ਕੁਝ ਨਾ ਕੁਝ ਭੇਜਿਆ ਕਰਦੇ ਸਨ ਤੇ ਮਹਾਰਾਣੀ ਵੀ ਉਨਾਂ ਦੀ ਵਰ੍ਹੇਗੰਢ ਦੇ ਮੌਕੇ ਕੁਝ ਨ ਕੁਝ ਭੇਜਿਆ ਕਰਦੀ ਸੀ। ਵਿਲੈਤ ਵਿਚ ਰੈਂਹਦਿਆਂ ਮਹਾਰਾਜੇ ਦਲੀਪ ਸਿੰਘ ਦੀ ਇਛਾ ਯੂਨੀਵਰਸਿਟੀ ਦਾ ਇਮਤਿਹਾਨ ਦੇਣ ਦੀ ਵੀ ਸੀ, ਪਰ ਇਸਦੀ ਇਜਾਜ਼ਤ ਹੀ ਨਾ ਮਿਲੀ। ਲਾਟ ਹਾਰਡਿੰਜ ਨੇ ਵੀ ਉਨਾਂ ਨੂੰ ਨਿਮੰਤ੍ਰਣ ਦਿਤਾ ਤੇ ਓਹ ਉਸਦੇ ਪਾਸ ਕੈਂਟ ਨਗਰ ਵਿਚ ਜਾਕੇ ਤੇ ਇਕ ਸਾਤਾ ਰਹੇ।

ਈਸਟ ਇੰਡੀਆ ਕੰਪਨੀ ਵਲੋਂ ਪੈਨਸ਼ਨ ਵਿਚ ਕਟੌਤੀ

ਵਿਚ ਮਹਾਰਾਜੇ ਦੇ ਰੈਹਣ ਲਈ ਇਕ ਮਕਾਨ ਲਿ
ਗਿਆ ਸੀ। ਅਤੇ ਪਿਛੋਂ ਰਾਕੈਂਪਟਨ ਵਿਚ। ਇਥੇ ਮਹ
ਰਾਜਾ ਸਾਹਿਬ ਕਰੀਬ ੨ ਵਰ੍ਹੇ ਰਹੇ। ਇਥੇ ਰੈਂਹਦਿ
ਉਨਾਂ ਦੀ ਮਰਜੀ ਵਰ ਯੂਨੀਵਰਸਟੀ ਦਾ ਇਮਤਿਹਾਨ ਦੇ
ਦੀ ਹੋਈ ਪਰ ਫੇਰ ਵੀ ਹੁਕਮ ਨਾ ਮਿਲਿਆ। ਇਸ ਵੇਲੇ
ਉਨਾਂ ਦੀ ਉਮਰ ੧੬ ਸਾਲਾਂ ਦੀ ਹੋਗਈ ਸੀ। ਹਿੰਦੁਸਤਾ
ਦੇ ਨਿਯਮ ਅਨੁਸਾਰ, ਸਿਖਾਂ ਦੀ ਰੀਤੀ ਦੇ ਅਨੁਸਾਰ
ਵਹਰਵਾਲ ਦੀਆਂ ਸ਼ਰਤਾਂ ਦੇ ਅਨੁਸਾਰ ਓਹ ਬਾਲਿਗ
ਹਦੇ ਸਨ ਅਤੇ ਆਪਣੇ ਧਣਦਾ ਆਪ ਪ੍ਰਬੰਧ ਕਰ ਸਕਦੇ
ਸਨ। ਪਰ ਲਾਰਡ ਡਲਹੌਜੀ ਜੋ ਦਲੀਪ ਸਿੰਘ ਨੂੰ "ਆਪ
ਪੁਤ੍ਰ ਸਮਾਨ" ਸਮਝਦਾ ਸੀ ਓਸਦੀ ਇਤਨੀ ਕ੍ਰਿਪਾ
ਵਿਚਾਰੇ ਦਲੀਪ ਸਿੰਘ ਉਤੇ ਨਾ ਹੋਈ। ਸਨ ੧੮੫੭
ਦਿਸੰਬਰ ਵਿਚ ਜਦ ਦਲੀਪਸਿੰਘ ਦੀ ਉਮਰ ੧੯ ਵਰਿ
ਦੀ ਹੋ ਗਈ ਤਦ ਬਹੁਤ ਕੈਹਨ ਸੁਣਨ ਪਰ ਘਰ ਦੇ ਪ੍ਰਬੰ
ਕਰਨ ਦਾ ਹੁਕਮ ਕੋਰਟ ਆਫ ਡਾਇਰੇਕਟਰਸ ਨੇ ਦਿਤਾ।
ਇਹ ਸਮੇਂ ਦੀ ਹੀ ਵਿਚਿਤ੍ਰਤਾ ਹੈ ਕਿ ਆਜ਼ਾਦ ਨਰੇਸ਼ ਪੰਜਾ
ਕੇਸਰੀ ਮਹਾਰਾਜੇ ਰਣਜੀਤ ਸਿੰਘ ਦੇ ਪੁਤ੍ਰ ਨੂੰ ਗਲ
ਵਿਚ ਅੰਗ੍ਰੇਜ਼ਾਂ ਦਾ ਮੂੰਹ ਤਕਣਾ ਪਿਆ।

ਵਿਲੈਤ ਵਿਚ ਰੈਂਹਦਿਆਂ ਦਲੀਪ ਸਿੰਘ ਨੇ ਪੜ੍ਹ
ਲਿਖਣ ਵਿਚ ਖੂਬ ਮਨ ਲਾਯਾ। ਥੋੜੇ ਹੀ ਦਿਨਾਂ ਵਿਚ ਓ
ਨੇ ਜਰਮਨ, ਫ੍ਰੈਂਚ ਤੇ ਇਟਾਲੀਅਨ ਬੋਲੀਆਂ ਸਿ
ਲਈਆਂ। ਅੰਮ੍ਰਿਤਸਰ ਦੇ ਤੇ ਵਿਲੈਤ ਦੇ ਕਈ ਵਿਦਯਾਲ
ਨੂੰ ਕੁਝ ਸਾਲਾਨਾ ਦਾਨ ਵੀ ਓਹ ਕੀਤਾ ਕਰਦੇ ਸਨ।

ਵਿਲੈਤ ਵਿਚ ਦੋ ਵਰ੍ਹੇ ਰੈਹਕੇ ਉਨਾਂ ਦੀ ਮਰ

ਹਿੰਦੁਸਤਾਨ ਮੁੜਨ ਦੀ ਹੋਈ। ਪਰ ਹਿੰਦੁਸਤਾਨ ਔਣ ਤੋਂ ਪਹਿਲਾਂ ਉਨਾਂ ਦਾ ਇਰਾਦਾ ਇਟਲੀ ਦੀ ਸੈਰ ਕਰਨ ਦੀ ਸੀ। ਇਸ ਲਈ ਡਾਕਟਰ ਲੋਗਿਨ ਤੇ ਲੇਡੀ ਲੋਗਿਨ ਦੇ ਨਾਲ ਓਹ ਪਹਿਲਾਂ ਫ੍ਰਾਂਸ ਤੇ ਫੇਰ ਇਟਲੀ ਨੂੰ ਗਏ। ਵਿਲੈਤ ਵਿਚ ਰੈਂਹਦਿਆਂ ਹੋਯਾਂ ਦਲੀਪਸਿੰਘ ਨੇ ਸੁਣਿਆ ਕਿ ਅਵਧ ਨੂੰ ਵੀ ਅੰਗ੍ਰੇਜ਼ੀ ਰਾਜ ਵਿਚ ਮਿਲਾਂਯਾ ਗਿਆ ਹੈ ਇਸਦੇ ਸਿਵਾ ਉਨਾ ਨੇ ਅਖਬਾਰਾਂ ਵਿਚ ਪੜ੍ਹਿਆ ਕਿ ਸਰਕਾਰ ਨੇ ਅਵਧ ਦੇ ਨਵਾਬ ਵਾਜਿਦ ਅਲੀਸ਼ਾਹ ਲਈ ੫੦ ਲੱਖ ਰੁਪਯੇ ਸਾਲਾਨਾ ਦੇਣਾ ਨਿਯਤ ਕੀਤਾ ਹੈ ਤੇ ਉਸਦੇ ਪਰਵਾਰ ਦੇ ਹੋਰਨਾਂ ਲੋਕਾਂ ਨੂੰ ਵੀ ਸਰਕਾਰ ਕੁਝ ਦੇਣ ਵਾਲੀ ਹੈ। ਇਸ ਖਬਰਨੂੰ ਪੜ੍ਹਕੇ ਦਲੀਪਸਿੰਘਨੂੰਅਪਣੀਬਾਬਤ ਇਹ ਖਿਆਲ ਪੈਦਾ ਹੋਯਾ ਕਿ ਅਵਧ ਦੇ ਨਵਾਬ ਨੂੰ ਜੋ ਸਰਕਾਰ ਇੰਨਾ ਰੁਪਯਾ ਦੇ ਸਕਦੀ ਹੈ ਕੀ ਮਹਾਰਾਜਾ ਰਣਜੀਤ ਸਿੰਘ ਦੇ ਪੁਤ੍ਰ ਤੇ ਪਰਵਾਰ ਲਈ ਸਿਰਫ ਪੰਜ ਲੱਖ ਰੁਪਯੇ ਸਾਲਾਨਾ ਹੀ ਕਾਫੀ ਸਮਝਦੀ ਹੈ ? ਹੋ ਸਕਦਾ ਹੈ ਸਰਕਾਰ ਮੇਰੀ ਬਲ ਭੀ ਹੋਰ ਕਿਸੇਤਰਾਂ ਦਾ ਪ੍ਰਬੰਧ ਕਰ ਦੇਵੇ। ਇਸ ਖ਼ਿਆਲ ਦੇ ਪੈਦਾ ਹੁੰਦਿਆਂ ਹੀ ਦਲੀਪ ਸਿੰਘ ਨੇ ੧੦ ਦਿਸੰਬਰ ਸਨ ੧੮੫੬ ਵਾਲੇ ਦਿਨ ਇਕ ਚਿਠੀ ਕੋਰਟ ਆਫ ਡਾਇਰੈਕਟਰਸ ਨੂੰ ਲਿਖੀ ਜਿਸਦਾ ਮਤਲਬ ਇਹ ਸੀ:—"ਜਦ ਮੈਂ ਦਸਾਂ ਵਰਿਹਾਂ ਦਾ ਸਾਂ, ਓਦੋਂ ਮੈਂ ਅਪਣਾ ਰਾਜ ਅੰਗ੍ਰੇਜ਼ ਪਾਲਕਾਂ ਤੇ ਦਰਬਾਰ ਦੇ ਕਹਿਣ ਪਰ ਬ੍ਰਿਟਿਸ਼ ਸਰਕਾਰਨੂੰ ਸੌਂਪ ਦਿਤਾ ਸੀ। ਮੈਨੂੰ ਮੇਰੇ ਪਾਲਕਾਂ ਤੇ ਵਜ਼ੀਰਾਂ ਨੇ ਸੁਲਹਦੀਆਂ ਸ਼ਰਤਾਂ ਨੂੰ ਚੰਗਾ ਤੇ ਠੀਕ ਆਖਕੇ ਮੰਨ ਲੈਣ ਲਈ ਕਿਹਾ ਸੀ। ਸੋ ਹੁਣ ਮੈਂ ਭਰੋਸਾ ਕਰਦਾ ਹਾਂ ਕਿ ਮੇਰੇ ਪੈਹਲੇ ਓਹਦੇ

ਤੇ ਮਾਨ ਵਡਿਆਈ ਦਾ ਤਥਾ ਮੇਰੀ ਮੌਜੂਦਾ ਹਾਲਤ ਦ
ਵਿਚਾਰ ਕਰਕੇ ਮੇਰੇ ਲਈ ਕੋਈ ਚੰਗਾ ਪ੍ਰਬੰਧ ਕੀਤ
ਜਾਵੇਗਾ। ਇਸ ਚਿਠੀ ਦਾ ਜਵਾਬ ਡੇਢ ਮਹੀਨੇ ਦੇ ਬਾ
ਕੋਰਟ ਆਫ ਡਾਇਰੈਕਟਰਜ਼ ਨੇ ਜੋ ਦਿਤਾ ਉਸਦਾ ਲਿ
ਮਤਲਬ ਸੀ:—"ਵਿਲੈਤ ਵਿਚ ਰੈਹਦਿਆਂ ਹੋਯਾਂ ਜੋ ਵਰ
ਤਾਉ ਆਪਦਾ ਰਿਹਾ ਹੈ ਉਸਤੋਂ ਕੋਰਟ ਆਫ ਡਾਇਰੈਕ
ਟਰਜ਼ ਖੁਸ਼ ਹੈ ਅਤੇ ਨਿਵਾਸ ਦੀ ਕਰਜ਼ਾਈ ਤੋਂ ਛੁਟਕਾਰ
ਦੇਣ ਲਈ ਤਿਆਰ ਹੈ। ਹਿੰਦੁਸਤਾਨ ਵਿਚ ਮਹਾਰਾਜੇ ਦ
ਪਰਵਾਰ ਦੇ ਕਿਸ ਆਦਮੀ ਨੂੰ ਕਿੰਨਾ ਗੁਜਾਰਾ ਮਿਲਦਾ ਹੈ
ਤੇ ਅਗੋਂ ਨੂੰ ਕਿੰਨਾ ਮਿਲੇਗਾ ਇਸਦਾ ਜਵਾਬ ਹਿਦੁਸਤਾਨ
ਤੋਂ ਔਣ ਪਰ ਮਹਾਰਾਜ ਦੇ ਪਾਸ ਭੇਜਿਆ ਜਾਵੇਗਾ।
ਇਸਦੇ ਅਗੇ ਕੋਰਟ ਆਫ ਡਾਈਰੈਕਟਰਜ਼ ਨੇ ਲਿਖਿਆ ਕਿ
ਸੁਲਹ ਦੇ ਅਨੁਸਾਰ ਮਹਾਰਾਜੇ ਦੇ ਨਿਵਾਸਸਥਾਨਦੀ ਬਾਬਤ
ਜੋ ਰੁਕਾਵਟ ਸੀ ਉਸਤੋਂ ਓਹ ਛਡੇ ਗਏ ਹਨ । ਇਸਦ
ਜਵਾਬ ਭੇਜਨ ਲਈ ਮਹਾਰਾਜਾ ਸਾਹਿਬ ਅਜੇ ਵਿਚਾਰ ਹ
ਕਰ ਰਹੇ ਸਨ ਕਿ ਇੰਨੇ ਨੂੰ ਹਿੰਦੁਸਤਾਨ ਵਿਚ ਸਿਪਾਹ
ਗਦਰ ਹੋ ਜਾਣ ਦੀ ਖਬਰ ਪਹੁੰਚੀ। ਜਿਸਦੇ ਕਾਰਨ ਉ
ਵੇਲੇ ਲਿਖਾਪੜੀ ਕਰਨ ਦਾ ਵਿਚਾਰ ਰੋਕ ਲਿਆ।

ਸਨ ੧੮੫੭ ਈ: ਵਿਚ ਫ੍ਰਾਂਸ ਦਾ ਬਾਦਸ਼ਾਹ ਤੀਜ
ਨੇਪੋਲੀਅਨ ਤੇ ਉਸਦੀ ਰਾਣੀ ਵਿਜਿਨ ਵਿਲੈਤ ਗਏ
ਮਹਾਰਾਣੀ ਵਿਕਟੋਰੀਆ ਨੇ ਉਨ੍ਹਾਂ ਦੇ ਨਾਲ ਮਹਾਰਾਜ
ਦਲੀਪਸਿੰਘ ਦੀ ਵੀ ਪਛਾਣ ਕਰਾਈ। ਤੀਜੇ ਨੇਪੋਲੀਅਨ
ਦੀ ਰਾਣੀ ਦਲੀਪ ਸਿੰਘ ਦੇ ਵਰਤਾਉ ਤੇ ਬਹੁਤ ਖੁਸ਼ ਹੋਈ।

ਸਨ ੧੮੫੮ ਈ: ਵਿਚ ਮਹਾਰਾਜਾ ਦਲੀਪ ਸਿੰ

ੀ ਬਾਬਤ ਇਕ ਹੋਰ ਵਾਰਦਾਤ ਹੋਈ। ਕਿਸੇ ਨੇ ਐਸੀ ਜਾਲੀ ਚਿਠੀ ਬਣਾਈ ਜਿਸਤੋਂ ਇਹ ਮਲੂਮ ਹੁੰਦਾ ਸੀ ਕਿ ਮਹਾਰਾਜਾ ਦਲੀਪ ਸਿੰਘ ਅਪਣੀ ਮਾਂ [ਰਾਣੀ ਜਿੰਦਾਂ] ਨੂੰ ਵਿਲੈਤ ਸਦਣ ਲਈ ਚਿਠੀ ਪਤ੍ਰੀ ਕਰ ਰਹੇ ਹਨ। ਇਸ ਚਿਠੀ ਦੇ ਬਨਾਣ ਵਾਲੇ ਦਾ ਮਤਲਬ ਦਲੀਪਸਿੰਘ ਦੀ ਮਾਂ ਪਾਸੋਂ ਰੁਪਯੇ ਹੜਪਣ ਦਾ ਸੀ। ਓਹ ਜਾਲੀ ਚਿਠੀ ਨੇਪਾਲ ਦੇ ਵਜੀਰ ਮਹਾਰਾਣਾ ਜੰਗ ਬਹਾਦਰ ਦੇ ਹਥ ਪੈ ਗਈ ਤੇ ਉਸਨੇ ਰੇਜ਼ੀਡੈਂਟਦੀ ਰਾਹੀਂ ਹਿੰਦ ਸਰਕਾਰ ਪਾਸ ਭੇਜ ਦਿਤੀ। ਹਿੰਦ ਸਰਕਾਰ ਨੇ ਓਹ ਚਿਠੀ ਕੋਰਟ ਆਫ ਡਾਈਰੈਕਟਰਸ ਪਾਸ ਭੇਜ ਦਿਤੀ। ਕੋਰਟ ਆਫ ਨੇ ਉਸਦੀ ਪੜਤਾਲ ਕਰਨ ਦਾ ਭਾਰ ਲੋਗਿਨ ਦੇ ਹਥ ਸੌਂਪਿਆ। ਇਸ ਪੜ-ਤਾਲ ਵਿਚ ਮਹਾਰਾਜਾ ਸਾਹਿਬ ਨਿਰਦੋਸ਼ ਸਾਬਿਤ ਹੋਏ। ਪਰ ਇਸਤੋਂ ਦਲੀਪ ਸਿੰਘ ਨੂੰ ਅਪਣੀ ਮਾਤਾ ਦੀ ਰਾਜੀ ਖੁਸ਼ੀ ਦੀ ਖਬਰ ਜਾਣਨ ਦੀ ਵਡੀ ਭਾਰੀ ਇਛਾ ਹੋਈ। ਉਨਾਂ ਦੇ ਨਾਲ ਪੰਡਿਤ ਨੇਮੀਗੋਰਾ ਨਾਮੇਂ ਜੋ ਈਸਾਈ ਵਲੈਤ ਗਿਆ ਸੀ ਓਹ ਜਦ ਹਿੰਦੁਸਤਾਨ ਮੁੜਨ ਲੱਗਾ ਤਦ ਉਸਦੇ ਹਥ ਮਹਾਰਾਜੇ ਨੇ ਇਕ ਚਿਠੀ ਅਪਣੀ ਮਾਤਾ ਨੂੰ ਪੁਚਾਣ ਲਈ ਦਿਤੀ ਤੇ ਮਿਲਣ ਵਾਸਤੇ ਕਿਹਾ। ਪਰ ਹਿੰਦੁਸਤਾਨ ਪਹੁੰਚਕੇ ਨੇਮੀਗੋਰੇ ਨੇ ਲਾਰਡ ਕੈਨਿੰਗ ਦੇ ਕਹਣੇ ਕਰਕੇ ਨੇਪਾਲ ਜਾਣਾ ਕੁਝ ਦਿਨਾਂ ਲਈ ਰੋਕ ਲਿਆ ਤੇ ਦਲੀਪਸਿੰਘ ਦੀ ਚਿਠੀ ਨੇਪਾਲ ਦੀ ਰਾਜਧਾਨੀ ਕਾਠਮਾਂਡੂ ਵਿਚ ਰਹਿਣ ਵਾਲੇ ਅੰਗ੍ਰੇਜ਼ੀ ਰਾਜਦੂਤ ਪਾਸ ਦਲੀਪ ਸਿੰਘ ਦੀ ਮਾਂ ਨੂੰ ਪੁਚਾਣ ਲਈ ਭੇਜ ਦਿਤੀ। ਰੇਜ਼ੀਡੈਂਟ ਨੇ ਓਹ ਚਿਠੀ ਉਦਾਸੀ ਸਾਧੂ ਮਨੀ ਰਾਮ ਦੇ ਹਥ

ਮਹਾਰਾਣੀ ਜਿੰਦਾਂ ਪਾਸ ਭੇਜੀ । ਦਲੀਪ ਸਿੰਘ ਦੀ ਅਕ ਵੰਦੀ ਦਾ ਇਸਤੋਂ ਹੀ ਪਤਾ ਲਗਦਾ ਹੈ ਕਿ ਓਸਨੇ ਇ ਚਿਠੀ ਵਿਚ ਅਪਣੀ ਮਾਂ ਨੂੰ ਨੇਪਾਲ ਵਿਚ ਹੀ ਸ਼ਾਂਤੀ ਨਾ ਰੈਹਣ ਦੀ ਸਲਾਹ ਦਿਤੀ ਸੀ*

ਵਿਲੈਤ ਜਾਣ ਵੇਲੇ ਮਹਾਰਾਜਾ ਸਾਹਿਬ ਅਪਣ ਅਸਬਾਬ ਫਤੇਗੜ੍ਹ ਦੇ ਮੈਹਲ ਵਿਚ ਛਡ ਗਏ ਸਨ। ਸਿਪਾਹੀ ਗਦਰ ਦੀ ਲੁਟਮਾਰ ਵਿਚ ਉਨਾਂ ਦਾ ਅਸਬਾਬ ਨ ਬਚ ਸਕਿਆ। ਬਾਗੀਆਂ ਨੇ ਓਨਾਂ ਦਾ ਵੀ ਅਸਬਾਬ ਲੁਟ ਲਿਆ ਤੇ ਪੈਹਰੇਦਾਰਾਂ ਨੂੰ ਮਾਰ ਸੁਟਿਆ। ਇਸ ਖਬਰ ਨੂੰ ਸੁਣਕੇ ਮਹਾਰਾਜਾ ਸਾਹਿਬ ਬਹੁਤ ਦੁਖੀ ਹੋਏ। ਸੋ ਪੰਜਾਬ ਦੇ ਖੋਹੇ ਜਾਣ ਪਿਛੋਂ ਮਹਾਰਾਜਾ ਦਲੀਪ ਸਿੰਘ ਦੇ ਪਾਸ ਰਿਹਾ ਸਿਹਾ ਜੋ ਮਾਲ ਅਸਬਾਬ ਸੀ ਓਹ ਸਨ ੫੭ ਦੇ ਗਦਰ ਵਿਚ ਤਬਾਹ ਹੋ ਗਿਆ। ਦਲੀਪ ਸਿੰਘ ਦੇ ਬਾਲਿਗ ਹੋਣ ਪਰ ਸਰਕਾਰ ਡਾਕਟਰ ਲੋਗਿਨ ਨੂੰ ਜੋ ਗੁਜ਼ਾਰ ਦੇਂਦੀ ਸੀ ਓਹ ਓਸਨੇ ਬੰਦ ਕਰ ਦਿਤਾ। ਦਲੀਪ ਸਿੰਘ ਨੇ

---

*ਪੰਜਾਬ ਨੂੰ ਜ਼ਬਤ ਕਰਨ ਪਿਛੋਂ ੧੯੫੯ ਦੀ ੬ ਅਪ੍ਰੈਲ ਨੂੰ ਮਹਾਰਾਣੀ ਜਿੰਦਾਂ ਬਨਾਰਸੋਂ ਹਟਾਕੇ ਚੁਨਾਰ ਦ ਕਿਲੇ ਵਿਚ ਕੈਦ ਕੀਤੀ ਗਈ। ਪਰ ਉਥੇ ਓਹ ਸਾਧੂਆਂ ਦ ਭੇਖ ਬਣਾਕੇ ਅੰਗ੍ਰੇਜ਼ ਕਰਮਚਾਰੀਆਂ ਨੂੰ ਧੋਖਾ ਦੇਕੇ ਨਿਕਲ ਗਈ ਤੇ ਨੇਪਾਲ ਪਹੁੰਚੀ। ਸਨ ੧੯੫੯ ਦੀ ੨੧ ਅਪ੍ਰੈਲ ਨੂੰ ਓਸਨੇ ਨੇਪਾਲ ਦਰਬਾਰ ਨੂੰ ਆਸਰਾ ਦੇਣ ਦੀ ਬੇਨਤੀ ਕੀਤੀ। ਓਸ ਵੇਲੇ ਨੇਪਾਲ ਦਾ ਵੱਡਾ ਵਜ਼ੀਰ ਮਹਾਰਾਣ ਜੰਗ ਬਹਾਦੁਰ ਸੀ, ਜਿਸਨੇ ਆਸਰਾ ਦੇਣਾ ਮੰਨ ਲਿਆ।

ਦੇਖਿਆ ਕਿ ਇਸਤੋਂ ਲੋਗਿਨ ਦੁਖੀ ਹੋਵੇਗਾ ਇਸ ਲਈ ਉਸਨੇ ਈਸਟ ਇੰਡੀਆ ਕੰਪਨੀ ਨੂੰ ਅਪਣੇ ਗੁਜ਼ਾਰੇ ਦੀ ਰਕਮ ਵਿਚੋਂ ੪੨੩। –)ਚਾਰਪਾਈ ਲੋਗਿਨ ਨੂੰ ਦੇਣ ਲਈ ਲਿਖਿਆ। ਪਰ ਦਲੀਪ ਸਿੰਘ ਦੀ ਇਹ ਬੇਨਤੀ ਵੀ ਨਾ ਮਨਜ਼ੂਰ ਹੋਈ। ਇਸੇ ਵੇਲੇ ਮਹਾਰਾਜੇ ਦੇ ਭਤੀਜੇ ਸਹਦੇਵ ਸਿੰਘ ਨੇ ਅਪਣੇ ਤੇ ਅਪਣੀ ਮਾਂ ਦੇ ਗੁਜ਼ਾਰੇ ਲਈ ਚਾਚੇ (ਦਲੀਪਸਿੰਘ)ਨੂੰ ਲਿਖਿਆ। ਦਲੀਪ ਸਿੰਘ ਨੇ ਇਸਦੀ ਬਾਬਤ ਗਵਰਨਮੈਂਟ ਨਾਲ ਬਹੁਤ ਲਿਖਾ ਪੜ੍ਹੀ ਕੀਤੀ,ਤਦ ਕਿਧਰੇ ਜਾਕੇ ਵਿਚਾਰੇ ਸਹਦੇਵ ਸਿੰਘ ਨੂੰ ਪੰਜ ਹਜ਼ਾਰ ਸਾਲਾਨਾ ਦੇਣਾ ਮਨਜ਼ੂਰ ਹੋਇਆ।

੨੦ ਮਈ ਸਨ ੧੮੫੮ ਵਾਲੇ ਦਿਨ ਲਾਰਡ ਸਟੈਨਲੀ ਨੇ ਮਹਾਰਾਜਾ ਸਾਹਿਬ ਨੂੰ ਲਿਖਿਆ—"ਆਪ ਅੰਗ੍ਰੇਜ਼ੀ ਕਾਨੂੰਨ ਅਨੁਸਾਰ ਬਾਲਿਗ ਹੋ ਗਏ ਹੋ। ਹੁਣ ਆਪ ਨੂੰ ਸਾਲਾਨਾ ਗੁਜ਼ਾਰਾ ੨੫੦੦੦ ਪੌਂਡ ਯਾਨੇ ਢਾਈ ਲੱਖ ਰੁਪਯਾ ਸਾਲਾਨਾ ਮਿਲਿਆ ਕਰੇਗਾ। ੨ ਜੂਨ ਨੂੰ ਮਹਾਰਾਜਾ ਦਲੀਪ ਸਿੰਘ ਨੇ ਪੁਛਿਆ—"ਇਹ ਗੁਜ਼ਾਰਾ ਮੇਰੀ ਜ਼ਿੰਦਗੀ ਤਕ ਰਹੇਗਾ ਯਾ ਮੇਰੇ ਪਿਛੋਂ ਮੇਰੀ ਸੰਤਾਨ ਨੂੰ ਵੀ ਮਿਲੇਗਾ?"ਇਸਦੇ ਜਵਾਬ ਵਿਚ ਸਰ ਚਾਰਲਸਵੁਡ ਨੇ ੨੪ ਜੂਨ ਨੂੰ ਲਿਖਿਆ—"੨੫੦੦੦ਪੌਂਡ ਵਿਚੋਂ ਤੁਹਾਡੇ ਜੀਵਨ ਤਕ ੧੫ ਹਜ਼ਾਰ ਪੌਂਡ ਦਿਤੇ ਜਾਣਗੇ। ੧੦ਹਜ਼ਾਰ ਪੌਂਡ ਵਿਚੋਂ ਆਪਦੀ ਇਸਤ੍ਰੀ ਨੂੰ ੨ ਹਜ਼ਾਰ ਤੇ ਬਾਕੀ ਸਤ ਹਜ਼ਾਰ ਵਿਲੈਤਦੇ ਕਾਨੂੰਨ ਅਨੁਸਾਰ ਤੁਹਾਡੇ ਪੁਤ੍ਰ ਪੋਤ੍ਰਿਆਂ ਨੂੰ ਦਿਤਾ ਜਾਵੇਗਾ।" ਇਸਦੇ ਪਿਛੋਂ ੧ ਨਵੰਬਰ ਨੂੰ ਮਹਾਰਾਜੇ ਨੇ ਗਵਰਨਮੈਂਟ ਨੂੰ ਲਿਖਿਆ—"ਮੇਰੀ ਸੰਤਾਨ ਦੇ

ਦੇ ਨਾ ਹੋਣ ਪਰ ਜੋ ਰਕਮ ਅਕਠੀ ਹੋਵੇ ਉਸ ਪੰਜਾਬ ਵਿਚ ਵਿਦਯਾ ਪ੍ਰਚਾਰ ਲਈ ਖਰਚ ਕੀਤਾ ਜਾ ਅਤੇ ਓਸਦਾ ਪ੍ਰਬੰਧ ਸਰਕਾਰ ਖੁਦ ਕਰੇ ।"

ਇਨਾਂ ਗੱਲਾਂ ਦੇ ਸਿਵਾ ਮਹਾਰਾਜਾ ਸਾਹਿਬ ਨੇ ਵ ਗਜ਼ੂ ਵਿਚ ਉਨਾਂ ਦਾ ਜੋ ਮਾਲ ਅਸਬਾਬ ਨਸ਼ਟ ਹੋ ਗਿਆ ਸੀ ਓਸਦਾ ਹਰਜ਼ਾਨਾ ਦੇਣ ਲਈਵੀ ਸਰਕਾਰ ਪਾਸ ਬੇਨਤੀ ਕੀਤੀ । ਪਰ ਸਰਕਾਰ ਨੇ ਇਸਦਾ ਕੋਈ ਜਵਾਬ ਨਾ ਦਿਤਾ ਇਸਤੋਂ ਮਹਾਰਾਜਾ ਸਾਹਿਬ ਬਹੁਤ ਨਾਰਾਜ ਹੋਏ ਤੇ ਓਨ ਨਵੰਬਰ ਵਿਚ ਲੌਗਿਨ ਨੂੰ ਕਿਹਾ--"ਹੁਣ ਮੇਰਾ ਧ ਗ ਬਿਲਕੁਲ ਜਾਂਦਾ ਰਿਹਾ ਹੈ । ਕ੍ਰਿਪਾ ਕਰਕੇ ਤੁਸੀ ਇਸਗਲ ਦੀ ਕੋਈ ਕੋਸ਼ਿਸ਼ ਕਰੋ ਕਿ ਸਰਕਾਰ ਮੇਰਾ ਕੁਝ ਪ੍ਰਬੰਧ ਕਰੇ ਤੇ ਮੇਰਾ ਬਾਕੀ ਦਾ ਰੁਪਯਾ ਦੇ ਦੇਵੇ । ਮੇਰਾ ਖਿਆਲ ਹੈ ਕਿ ਛੇਤੀ ੨ ਕਰਦਿਆਂ ਵੀ ਇਸਦੇ ਮੁਕਾਣ ਵਿਚ ਸਰਕਾਰ ਨੂੰ ੧ ਵਰ੍ਹਾ ਲੱਗ ਜਾਵੇਗਾ । ਦੋ ਮਹੀਨੇ ਹੋ ਗਏ ਸਰਕਾਰ ਨੇ ਕੋਈ ਜਵਾਬ ਨਹੀਂ ਦਿਤਾ, ਇਸ ਲਈ ਇਸਦਾ ਫੈਸਲਾ ਆਪ ਕਰਾ ਦਿਓ ।"

ਪੈਸੇ ਦੀ ਤੰਗੀ ਤੋਂ ਮਹਾਰਾਜਾ ਦਲੀਪ ਸਿੰਘ ਇਸ ਵੇਲੇ ਵਡੇ ਦੁਖੀ ਸਨ । ਉਨਾਂ ਨੇ ਇਸਦਾ ਫੈਸਲਾ ਕਰਾਣ ਲਈ ਸਰ ਚਾਰਲਸਵੁਡ ਨਾਲ ਮੁਲਾਕਾਤ ਕੀਤੀ । ਸਰ ਚਾਰਲਸ ਵੁਡ ਨੇ ਉਨਾਂ ਪਾਸੋਂ ਦਸਤਖਤ ਕਰਾ ਕੇ ਹੇਠ ਲਿਖੇ ਮਤਲਬ ਦਾ ਇਕ ਕਾਗਜ਼ ਲੈ ਲਿਆ ਕਿ ਮਹਾਰਾਜ ਅਪਣੇ ਖਰਚ ਲਈ ੨੫ ਹਜਾਰ ਪੌਂਡ ਸਾਲਾਨਾ ਤੇ ਅਪਣੀ ਸੰਤਾਨ ਲਈ ੨੦ ਹਜਾਰ ਪੌਂਡ ਮਿਲਣ ਦੀ ਬੇਨਤੀ ਕਰਦੇ ਹਨ । ਸੰਤਾਨ ਦੇ ਨਾ ਹੋਣ ਪਰ ਓਹ ਰਕਮ

ਹਿੰਦੁਸਤਾਨ ਦੇ ਭਲੇ ਵਿਚ ਖਰਚ ਕਰਨਦਾ ਓਹ ਹਕ ਮੰਗਦੇ ਹਨ। ਇਸਦੇ ਹੋਣ ਪਰ ਹਿੰਦ ਸਰਕਾਰ ਉਤੇ ਉਨਾਂ ਦਾ ਹੋਰ ਕੋਈ ਦਾਵਾ ਨਹੀਂ ਰਹੇਗਾ।

੨੦ ਜਨਵਰੀ ਸਨ ੧੮੬੦—ਦਲੀਪ ਸਿੰਘ

ਕੋਰਟ ਆਫ ਡਾਇਰੈਕਟਰਸ ਨੇ ਉਕਤ ਚਿਠੀ ਦਾ ਜਵਾਬ ਢਾਈ ਮਹੀਨੇ ਬਾਦ ੩੦ ਮਾਰਚ ਨੂੰ ਇਹ ਦਿਤਾ ਕਿ ਸਨ ੧੮੪੯ ਦੀ ਸ਼ਰਤਾਂ ਦੇ ਅਨੁਸਾਰ ਸਰਕਾਰ ਵਲੋਂ ਮਹਾਰਾਜ ਨੇ ਕਿੰਨਾ ਲੈਣਾ ਹੈ ਇਹ ਜਾਣਨ ਦਾ ਮਹਾਰਾਜੇ ਨੂੰ ਕੋਈ ਅਧਿਕਾਰ ਨਹੀਂ। ਸਰਚਾਰਲਸ ਵੁਡ ਨੇ ਇਹ ਭੀ ਮੰਨਿਆ ਕਿ ਗੁਜ਼ਾਰੇ ਦੀ ਰਕਮ ਹਰਸਾਲ ਪੂਰੀ ੨ ਖਰਚ ਨਹੀਂ ਹੋਈ। ਪਰ ਉਸ ਵਿਚੋਂ ਕਿੰਨੀ ਰਕਮ ਬਚੀ ਹੋਈ ਹੈ ਇਸਦੀ ਮੈਨੂੰ ਖਬਰ ਨਹੀਂ। ਹੋ ਸਕਦਾ ਹੈ ਕਿ ਉਸ ਵਿਚੋਂ ੧੫੦੦੦੦ ਪੌਂਡ ਤੋਂ-ਲੈਕੇ ੨੦੦੦੦੦ਲੱਖ ਪੌਂਡ ਤਕ ਬਚੀ ਹੋਵੇ। ਇਸਦੇ ਸਿਵਾ ਵੁਡ ਨੇ ਇਹ ਵੀ ਲਿਖਿਆ ਕਿ ਜਿਸ ਲਈ ਜੋ ਗੁਜ਼ਾਰਾ ਨਿਯਤ ਕੀਤਾ ਗਿਆ ਹੈ ਉਸਨੂੰ ਹੋਰ ਕਿਸੇ ਕੰਮ ਵਿਚ ਖਰਚ ਕਰਨ ਦਾ ਮਤਲਬ ਸਰਕਾਰ ਦਾ ਨਹੀਂ।

੩ ਅਪ੍ਰੈਲ ਸਨ ੧੮੬੦ ਨੂੰ ਮਹਾਰਾਜਾ ਦਲੀਪਸਿੰਘ ਨੇ ਉਕਤ ਚਿਠੀ ਦੇ ਜਵਾਬ ਵਿਚ ਇਹ ਲਿਖਿਆ ਕਿ ਸਰ ਚਾਰਲਸ ਵੁਡ ਨਾਲ ਮੁਲਾਕਾਤ ਕਰਕੇ ਮੈਂ ਜੋ ਚਿਠੀ ਸਰ-ਕਾਰ ਨੂੰ ਲਿਖੀ ਹੈ ਉਸਦਾ ਮੈਨੂੰ ਬਹੁਤ ਅਫਸੋਸ ਹੈ। ਪਰ ਸਨ ੧੮੪੯ ਈ: ਦੀ ਸੁਲਹ ਦੀਆਂ ਸ਼ਰਤਾਂ ਅਨੁਸਾਰ ਕਿਸ ਦੇ ਗੁਜਾਰੇ ਖੋਰ ਦੀ ਮੌਤ ਹੋ ਗਈ ਹੈ ਤੇ ਕਿੰਨੀ ਰਕਮ ਬਚਿਆ ਹੈ ਇਸਦਾ ਜਵਾਬ ਜਦ ਤਕ ਮੈਨੂੰ ਪੂਰਾ ੨ ਨਹੀਂ

ਮਿਲਦਾ ਤਦ ਤਕ ਮੈਂ ਅਪਣਾ ਦਾਵਾ ਨਹੀਂ ਛਡ ਸਕ
ਇਸ ਚਿਠੀ ਨੂੰ ਭੇਜਿਆਂ ਵੀ ਕਰੀਬ ਛੇ ਵਰ੍ਹ
ਗਿਆ ਪਰ ਇਸਦਾ ਕੋਈ ਜਵਾਬ ਮਹਾਰਾਜੇ ਨੂੰ
ਮਿਲਿਆ। ਸਚ ਹੈ ਸੁਤੇ ਹੋਏ ਨੂੰ ਤਾਂ ਜਗਾ ਸਕੀਦਾ
ਪਰ ਜਾਗਦੇ ਹੋਏ ਨੂੰ ਕੌਣ ਜਗਾ ਸਕਦਾ ਹੈ ? ਇ
ਵਿਚਕਾਰ ਹੀ ਮਹਾਰਾਜੇ ਨੂੰ ਹਿੰਦੁਸਤਾਨ ਔਣਾ ਪਿਆ
ਇਹ ਗਲ ਵਿਚੇ ਰਹ ਗਈ। ਇਥੇ ਮਹਾਰਾਜੇ ਦੇ ਚ
ਚਲਨ ਦੀ ਬਾਬਤ ਇਹ ਆਖ ਦੇਣਾ ਜ਼ਰੂਰੀ ਹੈ
ਵਿਲੈਤ ਰੈਹਣ ਵੇਲੇ ਓਹ ਅਕਸਰ ਅੰਗ੍ਰੇਜ਼ਾਂ ਮੇਮਾਂ ਦੇ ਨਾ
ਵਿਚ ਜਾਯਾ ਕਰਦੇ ਸਨ, ਪਰ ਓਸ ਵੇਲੇ ਤਕ ਉਨਾਂਦੇ ਚ
ਚਲਨ ਉਤੇ ਕੋਈ ਦਾਗ ਨਾ ਆਯਾ। ਅੰਗ੍ਰੇਜ਼ ਲੜਕੀ
ਦੇ ਨੈਨਬਾਣਾ ਨਾਲ ਮਹਾਰਾਜੇ ਦਾ ਦਿਲ ਨਾ ਹਿਲਿਆ

ਮਾਂ ਪੁੱਤ ਦਾ ਮਿਲਾਪ

"ਸੁਨੋ ਦਾਸ ਦਾਸੀ ਸਕਲ ਚਿਤ ਦੇ ਮੇਰੀ ਬਾਤ।
ਕਹਾਂ ਹਮਾਰੇ ਭ੍ਰਾਤ ਹੈਂ, ਕਹਾਂ ਹਮਾਰੀ ਮਾਤ।"

* * * * *

ਕਹਾਂ ਹਮਾਰੀ ਮਾਤ ਮਾਥ ਚਰਨੋਂ ਪਰ ਜਾਇਨਿਵਾਊਂ।
ਦੀਜੈ ਸ਼ੀਘ੍ਰ ਬਤਾਇ ਦਰਸ ਕਰ ਕ੍ਰਿਤ ਹੋ ਜਾਊਂ।"

ਦਿਸੰਬਰ ਸਨ ੧੮੬੦ ਈ: ਵਿਚ ਦਲੀਪ ਸਿ
ਦਾ ਦਿਲ ਹਿੰਦੁਸਤਾਨ ਜਾਣ ਲਈ ਹੋਯਾ। ਇਸਦੇ

ਕਾਰਣ ਸ.੨—ਇਕ ਤਾਂ ਓਹ ਹਿੰਦੁਸਤਾਨ ਵਿਚ ਆਕੀ ਅਪਣੀ ਮਾਤਾ ਦੇ ਰਹਿਣ ਦਾ ਪ੍ਰਬੰਧ ਕਰਨਾ ਚਾਹੁੰਦੇ ਸਨ ਤੇ ਦੂਜਾ ਹਿੰਦੁਸਤਾਨ ਵਿਚ ਉਨ੍ਹਾਂ ਦੀ ਇਛਾ ਸ਼ੇਰ ਦਾ ਸ਼ਿਕਾਰ ਕਰਨ ਦੀ ਸੀ। ਉਸ ਵੇਲੇ ਤਕ ਮਹਾਰਾਜੇ ਦਲੀਪਸਿੰਘ ਦ ਮਾਤਾ ਮਹਾਰਾਣੀ ਜਿੰਦਾਂ ਨੇਪਾਲ ਦੇ ਮਹਾਰਾਣੇ ਜੰਗ ਬਹਾਦਰਦੇ ਆਸਰੇ ਰੈਂਹਦੀ ਸੀ ਤੇ ਉਸਨੂੰ ਖਰਚ ਲਈ ੨੦ ਹਜ਼ਾਰ ਰੁਪਯੇ ਸਾਲਾਨਾ ਮਿਲਦੇ ਸਨ। ਪਰ ਇਸ ਬਾਰੇ ਖਰਚ ਤੇ ਹੋਰ ਕਈ ਕਾਰਨਾਂ ਤੋਂ ਮਹਾਰਾਣਾ ਸਾਹਿਬ ਚਾਹੁੰਦੇ ਸਨ ਕਿ ਮਹਾਰਾਣੀ ਜਿੰਦਾਂ ਇਥੋਂ ਚਲੀ ਜਾਵੇ ਤਾਂ ਚੰਗਾ ਹੈ। ਮਹਾਰਾਣੀ ਜਿੰਦਾਂ ਨੇ ਵੀ ਕਿਸੇ ਓਪਰੇ ਆਦਮੀ ਦੀ ਰਾਹੀਂ ।ਅੰਗ੍ਰੇਜ਼ ਸਰਕਾਰ ਪਾਸ ਅਪਣੇ ਗੁਜ਼ਾਰੇ ਲਈ ਬੇਨਤੀ ਕੀਤੀ ਅਤੇ ਇਸਦੀ ਖਬਰ ਪਾਕੇ ਰਾਣਾ ਜੰਗ ਬਹਾਦਰ ਨੇ ਇਥੋਂ ਤਕ ਆਖ ਦਿਤਾ ਸੀ ਕਿ "ਜੇਕਰ ਮਹਾਰਾਣੀ ਨੇ ਅੰਗ੍ਰੇਜ਼ੀ ਰਾਜ ਵਿਚ ਪੈਰ ਰਖਿਆ ਤਾਂ ਮੁੜਕੇ ਓਹ ਕਦੇ ਨੇਪਾਲ ਵਿਚ ਨਹੀਂ ਰਹ ਸਕੇਗੀ ਅਤੇ ਨੇਪਾਲ ਦਰਬਾਰ ਵਲੋਂ ਉਸਨੂੰ ਇਕ ਕੌਡੀ ਵੀ ਨਹੀਂ ਮਿਲੇਗੀ। ਸੋ ਇਨਾਂ ਸਭਨਾਂ ਗਲਾਂ ਤੋਂ ਦੁਖੀ ਹੋਕੇ ਹੀ ਦਲੀਪਸਿੰਘ ਨੇ ਲੋਗਿਨ ਦੀ ਰਾਹੀਂ ਵਡੇ ਲਾਟ ਪਾਸੋਂ ਹਿੰਦੁਸਤਾਨ ਮੁੜਨ ਦਾ ਹੁਕਮ ਮੰਗਿਆ। ਇਸਦੇ ਜਵਾਬ ਵਿਚ ਵਡੇ ਲਾਟ ਨੇ ਲਿਖਿਆ ਕਿ ਦਲੀਪ ਸਿੰਘ ਦੇ ਹਿੰਦੁਸਤਾਨ ਔਣ ਵਿਚ ਕੋਈ ਉਜ਼ਰ ਨਹੀਂ ਪਰ ਓਹ ਪੰਜਾਬ ਵਿਚ ਨਹੀਂ ਜਾ ਸਕਣਗੇ। ਨਾਲੇ ਅੰਗ੍ਰੇਜ਼ੀ ਰਾਜ ਵਿਚ ਮਹਾਰਾਣੀ ਜਿੰਦਾਂ ਦੇ ਰਹਿਣ ਦਾ ਕੋਈ ਡਰ ਨਹੀਂ। ਸੋ ਵਿਲੈਤੋਂ ਤੁਰਨ ਵੇਲੇ ਅਪਣੇ ਗੁਜ਼ਾਰੇ ਤੇ ਗ਼ਦਰ ਵਿਚ ਜੋ ਅਪਣਾ ਮਾਲ ਅਸਬਾਬ ਨਸ਼ਟ ਹੋ ਗਿਆ

ਸੀ ਉਸਦੇ ਨਿਵੇੜੇ ਦਾ ਭਾਰ ਲੋਗਿਨ ਨੂੰ ਸੌਂਪਕੇ ਜਨਵ
ਸਨ ੧੮੬੧ ਵਿਚ ਮਹਾਰਾਜਾਦਲੀਪਸਿੰਘ ਮੁੜ ਹਿੰਦੁਸਤਾ
ਵਿਚ ਆਏ।

ਕਲਕਤੇ ਪਹੁੰਚਕੇ ਮਹਾਰਾਜਾ ਦਲੀਪ ਸਿੰਘ ਸਪੈ
ਨਿਸ ਹੋਟਲ ਵਿਚ ਠੈਹਰੇ। ਇਥੇ ਉਨਾਂਨੂੰ ਭਤੀਜਾ ਸਹਦੇ
ਸਿੰਘ ਵੀ ਆਕੇ ਮਿਲਿਆ। ਮਹਾਰਾਜ ਦੀ ਬੇਨਤੀ ਪ
ਮਹਾਰਾਣੀ ਜਿੰਦਾਂ ਨੇਪਾਲ ਤੋਂ ਸਦੀ ਗਈ। ਉਨਾਂ
ਸ਼ਿਵਰਾਮ ਨਾਮੇਂ ਇਕ ਆਦਮੀ ਨੂੰ ਮਾਤਾ ਨੂੰ ਲੈਣ ਵਾਸ
ਰਾਣੀਰੀਜ ਭੇਜਿਆ। ਇਸੇ ਸਮੇਂ ਵਿਚ ਦਲੀਪਸਿੰਘਨੂੰ ਇ
ਸੁਣਕੇ ਵਡਾ ਗੁਸਾ ਤੇ ਅਫਸੋਸ ਹੋਯਾ ਕਿ ਸਰਕਾਰ
ਉਨਾਂ ਦੀ ਮਾਤਾ ਦਾ ਗੁਜ਼ਾਰਾ ਘਟ ਤੋਂ ਘਟ ਦੋ ਹਜਾ
ਰੁਪਯਾ ਸਾਲ ਤੇ ਵਧ ਤੋਂ ਵਧ ੩ ਹਜਾਰ ਰੁਪਯਾ ਸਾਲ
ਕਲਕਤ ਵਿਚ ਇਕ ਮਕਾਨ ਰਹਿਣ ਲਈ ਨਿਯਤ ਕੀ
ਹੈ। ਦਲੀਪ ਸਿੰਘ ਪਹਿਲਾਂ ਇਹ ਨਹੀਂ ਜਾਣਦਾ ਸੀ ਕਿ
ਅੰਗ੍ਰੇਜ ਸਰਕਾਰ ਮਹਾਰਾਜਾ ਰਣਜੀਤ ਸਿੰਘ ਦੀ ਰਾ
ਤੇ ਉਸਦੀ ਮਾਤਾ ਨਾਲ ਸਖ਼ਤ ਵਰਤਾਉ ਕਰੇਗੀ। ਮਹਾਰਾ
ਜਿੰਦਾਂ ਦੇ ਕਲਕਤੇ ਪਹੁੰਚਣ ਪਰ ਮਾਂ ਤੇ ਪੁਤ ਵਰਿਹਾਂ ਪਿ
ਇਕ ਦੂਜੇ ਨੂੰ ਮਿਲੇ। ਮਹਾਰਾਣੀ ਨੇ ਅਪਣੇ ਪਯਾਰੇ ਪੁ
ਦਲੀਪਸਿੰਘ ਦਾ ਮੁੜਕੇ ਮੂੰਹ ਵੇਖਕੇ ਅਪਣੇ ਭਾਗਾਂ
ਸਲਾਹਿਆ। ਦਲੀਪਸਿੰਘ ਨੇ ਵੀ ਅਪਣੀ ਮਾਤਾ
ਚਰਨਾਂ ਉਤੇ ਸਿਰ ਨਿਵਾਕੇ ਆਪਣੇ ਆਪਨੂੰ ਧੰਨ ਸਮਝਿਆ
ਕਰੀਬ ੧੨ ਵਰਿਹਾਂ ਪਿਛੋਂ ਇਸਤਰਾਂ ਮਾਤਾ ਪੁਤ੍ਰ ਦ
ਮਿਲਾਪ ਹੋਯਾ। ਉਸ ਵੇਲੇ ਮਹਾਰਾਣੀ ਜਿੰਦਾਂ ਵਿਚ ਪੈਹ
ਵਰਗੀ ਖੂਬਸੂਰਤੀ ਤੇ ਤੇਜ਼ੀ ਨਹੀਂ ਸੀ। ਉਸਦੀ ਸਿਹ

ਵਿਗੜ ਗਈ ਸੀ ਤੇ ਅੱਖਾਂ ਕਮਜ਼ੋਰ ਹੋ ਗਈਆਂ ਸਨ ਜਿਸ ਕਰਕੇ ਘਟ ਦਿਸਣ ਲਗ ਪਿਆ ਸੀ। ਇਸ ਕਾਰਣ ਇਸ ਵੇਲੇ ਮਹਾਰਾਣੀ ਨੂੰ ਅਪਣੇ ਪੁਤ੍ਰ ਨਾਲੋਂ ਵਖਰੇ ਰੈਹਣਾ ਔਖਾ ਮਲੂਮ ਹੁੰਦਾ ਸੀ।

ਦਲੀਪ ਸਿੰਘ ਨੂੰ ਅਜੇ ਥੋੜੇ ਦਿਨ ਹੀ ਕਲਕਤੇ ਆਇਆਂ ਹੋਏ ਸਨ ਕਿ ਓਸਨੂੰ ਹਿੰਦੁਸਤਾਨ ਵਿਚ ਰਹਿਣਾ ਬੁਰਾ ਮਾਲੂਮ ਹੋਣ ਲਗ ਪਿਆ। ਕਾਰਣ ਜਿਸਦਾ ਇਹ ਹੈ ਕਿ ਇਸ ਵੇਲੇ ਤਕ ਓਸਨੂੰ ਸੰਸਾਰ ਦਾ ਕੁਝ ਵੀ ਅਨੁਭਵ ਨਹੀਂ ਸੀ ਤੇ ਵਿਲੈਤੀ ਬੂ ਓਸਦੇ ਦਿਮਾਗ ਵਿਚ ਸਮਾਈ ਹੋਈ ਸੀ। ਸਨ ੧੮੬੧ ਦੇ ਫਰਵਰੀ ਵਿਚ ਓਸਨੇ ਡਾਕਟਰ ਲੋਗਿਨ ਨੂੰ ਇਕ ਚਿਠੀ ਭੇਜੀ। ਜਿਸ ਵਿਚ ਓਸਨੇ ਲਿਖਿਆ– "ਹਿੰਦੁਸਤਾਨ ਇਕ ਗੰਦੀ ਜਗਾ ਹੈ। ਇਥੇ ਆਕੇ ਮੈਂ ਬਹੁਤ ਪਛਤਾਯਾ ਹਾਂ। ਮੈਨੂੰ ਇਕ ਘੜੀ ਵੀ ਇਥੇ ਅਰਾਮ ਨਹੀਂ ਮਲਦਾ। ਕਿਉਂਕਿ ਹਰੇਕ ਆਦਮੀ ਮੈਨੂੰ ਵੇਖਣ ਵਾਸਤੇ ਔਂਦਾ ਹੈ। ਮੇਰੇ ਪੁਰਾਣੇ ਨੌਕਰ ਅਨੇਕਾਂ ਪ੍ਰਸ਼ਨ ਕਰਕੇ ਮੈਨੂੰ ਤੰਗ ਕਰ ਦੇਂਦੇ ਹਨ। ਮੈਨੂੰ ਹਿੰਦੁਸਤਾਨੀਆਂ ਤੋਂ ਨਫਰਤ ਹੈ। ਓਹ ਝੂਠੇ ਖੁਸ਼ਾਮਦੀ ਤੇ ਠਗ ਹੁੰਦੇ ਹਨ। ਹੁਣ ਮੈਂ ਇੰਗਲੈਂਡ ਔਣ ਲਈ ਸਭ ਕੁਝ ਦੇਣ ਨੂੰ ਤਿਆਰ ਹਾਂ।"

ਵਿਲੈਤੀ ਫੈਸ਼ਨ ਵਿਚ ਸੁਧੇ ਹੋਏ ਦਲੀਪ ਸਿੰਘ! ਇਹ ਤੇਰੇ ਕੱਚੇ ਅਨੁਭਵ ਦਾ ਹੀ ਨਤੀਜਾ ਸੀ। ਜਿਸ ਹਿੰਦੁਸਤਾਨ ਨੂੰ ਤੂੰ ਓਦੋਂ ਇੰਨੀ ਨਫਰਤ ਨਾਲ ਵੇਖ ਰਿਹਾ ਸੀ ਪਿਛੋਂ ਓਸਦੇ ਦਰਸ਼ਨ ਲਈ ਤੂੰ ਤਰਸੰਦਾ ੨ ਇਸ ਸੰਸਾਰ ਤੋਂ ਵਿਦਾ ਹੋ ਗਿਆ। ਇਸ ਨਾਲੋਂ ਵਧਕੇ ਅਦੂਰੰਦੇਸ਼ੀ ਤੇ ਮੂਰਖਤਾ ਦਾ ਹੋਰ ਕੀ ਦ੍ਰਿਸ਼ਟਾਂਤ ਹੋਵੇਗਾ? ਦਲੀਪਸਿੰਘ!

ਉਸ ਵੇਲੇ ਤੈਨੂੰ ਇਹ ਹਿੰਦੁਸਤਾਨ ਅਸਭ੍ਯ ਤੇ ਜੰਗਲੀ ਮਾਲੂਮ ਹੁੰਦਾ ਸੀ ਪਰ ਪਿਛੋਂ ਤੈਨੂੰ ਅਪਣੀ ਭੁਲ ਮਾਲੂਮ ਹੋਈ ਇਸ ਭੁਲ ਦੇ ਲਈ ਪਿਛੋਂ ਤੂੰ ਰੋਯਾ ਤੇ ਦਿਲ ਖੋਲਕੇ ਰੋਯਾ। ਨਹੀਂ ਪਤਾ ਤੇਰੇ ਜੇਹੇ ਕਿੰਨੇ ਆਦਮੀ ਇਸ ਸੰਸਾਰ ਵਿਚ ਅਪਣੇ ਕੱਚੇ ਅਨੁਭਵ ਦੇ ਕਾਰਣ ਕਿੰਨੀਆਂ ਭੁੱਲਾਂ ਕਰਦੇ ਹਨ ਤੇ ਪਿਛੋਂ ਪਛਤਾਉਂਦੇ ਹਨ।

ਜਿਸ ਵੇਲੇ ਦਲੀਪ ਸਿੰਘ ਕਲਕਤੇ ਦੇ ਸਪੈਂਸਿਸ ਹੋਟਲ ਵਿਚ ਸੀ ਉਸ ਵੇਲੇ ਬਹੁਤ ਸਾਰੇ ਫੌਜੀ ਸਿਖ ਚੀਨ ਤੋਂ ਕਲਕਤੇ ਆਏ ਸਨ। ਜਦ ਓਨਾਂ ਸੁਣਿਆ ਕਿ ਦਲੀਪ ਸਿੰਘ ਵਿਲੈਤੋਂ ਵਾਪਸ ਆਯਾ ਹੈ ਤਦ ਓਨਾਂ ਦੇ ਆਨੰਦ ਦੀ ਕੋਈ ਹਦ ਨਾ ਰਹੀ। ਉਨਾਂ ਨੇ ਉਸ ਹੋਟਲ ਨੂੰ ਚਵੇਰਿਓਂ ਘੇਰ ਲਿਆ ਤੇ ਅਪਣਾ ਰਾਜਾ ਜਾਣਕੇ ਖੁਸ਼ੀਆਂ ਦੇ ਜੈਕਾਰੇ ਗਜਾਣ ਲਗੇ। ਦਲੀਪ ਸਿੰਘ ਦੇ ਵਿਲੈਤੋਂ ਔਣ ਪਰ ਲਾਰਡ ਕੈਨਿੰਗ ਨੇ ਕਈਵਾਰੀ ਉਸਦੇ ਨਾਲ ਮੁਲਾਕਾਤ ਕੀਤੀ ਸੀ ਪਰ ਉਸਨੂੰ ਇਹ ਪਤਾ ਨਹੀਂ ਸੀ ਕਿ ਸਿਖਾਂ ਦਾ ਅਜੇ ਤਕ ਮਹਾਰਾਜੇ ਰਣਜੀਤ ਸਿੰਘ ਦੇ ਪੁਤ੍ਰ ਨਾਲ ਇੰਨਾ ਪ੍ਰੇਮ ਹੈ। ਇਸ ਉਕਤ ਨਜਾਰੇ ਨੂੰ ਵੇਖਕੇ ਓਹ ਸਾਵਧਾਨ ਹੋ ਗਿਆ ਤੇ ਉਸਨੇ ਦਲੀਪ ਸਿੰਘ ਨੂੰ ਛੇਤੀ ਵਿਲੈਤ ਚਲੇ ਜਾਣ ਲਈ ਕਿਹਾ। ਦਲੀਪ ਸਿੰਘ ਵੀ ਖੁਸ਼ੀ ਨਾਲ ਵਿਲੈਤ ਜਾਣ ਲਈ ਤਿਆਰ ਹੋ ਪਿਆ ਪਰ ਉਸਨੂੰ ਇਸ ਗਲ ਦਾ ਅਫਸੋਸ ਰਹਿ ਗਿਆ ਕਿ ਓਹ ਸ਼ੇਰ ਦਾ ਸ਼ਿਕਾਰ ਕੀਤੇ ਬਿਨਾ ਹੀ ਵਾਪਸ ਜਾ ਰਿਹਾ ਹੈ ਕਿਉਂਕਿ ਉਸਨੇ ਸ਼ੇਰ ਦਾ ਸ਼ਿਕਾਰ ਕਰਨ ਲਈ ਨਵੀਂ ਤਰਾਂ ਦੇ ਹਥੀਆਰ ਖਰੀਦੇ ਸਨ। ਪਰ ਓਹ ਅਪਣੇ ਇਸ ਇਰਾਦੇ ਨੂੰ ਵਿਲੈਤ ਜਾਣ ਦੇ

ਾਉ ਵਿਚ ਭੁਲ ਹੀ ਗਿਆ। ਜਦ ਮਹਾਰਾਣੀ ਜਿੰਦਾਂ ਨੇ ਵੇਖਿਆ ਕਿ ਇੰਨੇ ਦਿਨਾਂ ਪਿਛੋਂ ਪਯਾਰੇ ਪੁਤ੍ਰ ਨੂੰ ਵੇਖਣ ਪਰ ਭੀ ਉਸਤੋਂ ਵਿਛੋੜਾ ਹੁੰਦਾ ਹੈ ਤਦ ਓਹ ਵੀ ਪੁਤ੍ਰ ਦੇ ਨਾਲ ਹੀ ਵਿਲੈਤ ਜਾਣ ਲਈ ਤਿਆਰ ਹੋ ਪਈ। ਸਰਕਾਰ ਨੇ ਉਸਨੂੰ ਵੀ ਵਿਲੈਤ ਜਾਣ ਦੀ ਆਗਯਾ ਦੇ ਦਿਤੀ। ਕਿਉਂਕਿ ਸਰਕਾਰ ਤਾਂ ਉਸਨੂੰ ਆਪ ਹੀ ਹਿੰਦੁਸਤਾਨ ਦੇ ਬਾਹਰ ਸੋਲੋਨ (ਲੰਕਾ) ਵਿਚ ਰਖਣਾ ਚਾਹੁੰਦੀ ਸੀ। ਚੁਨਾਰ ਦੇ ਕਿਲੇ ਤੋਂ ਨਠ ਜਾਣ ਦੇ ਵੇਲੇ ਮਹਾਰਾਣੀ ਦੇ ਜੋ ਗੈਹਣੇ ਗਾਟੇ ਛੁਟ ਗਏ ਸਨ ਓਹ ਵੀ ਸਰਕਾਰ ਨੇ ਮਹਾਰਾਣੀ ਨੂੰ ਮੋੜ ਦਿਤੇ। ਇਸਤਰਾਂ ਮਾਂ ਪੁਤ ਦੋਵੇਂ ਹੀ ਜਹਾਜ਼ੇ ਚੜ੍ਹਕੇ ਜੁਲਾਈ ਮਹੀਨੇ ਵਿਚ ਵਿਲੈਤ ਜਾ ਪਹੁੰਚੇ। ਓਥੇ ਪਹੁੰਚਕੇ ਦਲੀਪ ਸਿੰਘ ਨੇ ਸ਼ੈਹਰੀਆਂ ਦੇ ਹਕ ਪਾਣ ਦੀ ਬੇਨਤੀ ਕੀਤੀ ਜੋ ਮਨਜ਼ੂਰ ਹੋ ਗਈ।

ਵਿਲੈਤ ਦੇ ਰੀਤੀ ਰਿਵਾਜ ਤੇ ਸਾਜ ਸਮਾਜ ਨੂੰ ਵੇਖ ਕੇ ਮਹਾਰਾਣੀ ਜਿੰਦਾਂ ਵਡੀ ਅਚਰਜ ਹੋਈ। ਵਿਲੈਤ ਜਾਕੇ ਮਹਾਰਾਣੀ ਵੀ ਵਿਲੈਤੀ ਪੁਸ਼ਾਕ ਪਾਣ ਲਗ ਪਈ ਸੀ। ਪਰ ਉਨ੍ਹਾਂ ਕਪੜਿਆਂ ਨਾਲ ਪੁੰਤ ਕਢਣ ਵਿਚ ਉਸਨੂੰ ਵਡੀ ਔਖਿਆਈ ਹੁੰਦੀ ਸੀ।

ਜਦ ਤਕ ਮਹਾਰਾਣੀ ਜਿੰਦਾਂ ਵਿਲੈਤ ਨਹੀਂ ਗਈ ਸੀ (ਪੈਹਲੀ ਵੇਰੀ ਰੋਂਹਦੇ ਹੋਏ) ਓਦੋਂ ਤਕ ਦਲੀਪ ਸਿੰਘ ਹਰ ਐਤਵਾਰ ਗਿਰਜੇ ਜਾਯਾ ਕਰਦਾ ਸੀ। ਪਰ ਮਾਤਾ ਦੇ ਨਾਲ ਚਲੇ ਜਾਣ ਪਰ ਦਲੀਪ ਸਿੰਘ ਦਾ ਓਹ ਧਰਮਭਾਵ ਢਿੱਲਾ ਪੈ ਗਿਆ। ਈਸਾਈ ਧਰਮਤੋਂ ਉਸਦੀ ਸਰਧਾ ਕੁਝ ਘਟ ਗਈ। ਵਿਲੈਤਵਾਸੀ ਈਸਾ ਮਸੀਹ ਦੇ ਭਗਤਾਂ ਨੂੰ ਇਹ

ਗਲ ਬੁਰੀ ਲਗੀ। ਉਨਾਂ ਨੇ ਦਲੀਪ ਸਿੰਘ ਨੂੰ ਅਪ
ਮਾਤਾ ਦੇ ਪ੍ਰਭਾਵ ਤੋਂ ਹਟਾਦੇਣਾ ਚੰਗਾ ਸਮਝਿਆ। ਕਿ
੨ ਬੁਧਵਾਨ ਰਾਜਨੀਤੀਵੇਤਾ ਨੇ ਤਾਂ ਮਹਾਰਾਣੀਨੂੰ ਹਿੰਦੁਸਤਾ
ਮੁੜ ਜਾਣ ਦੀ ਸਲਾਹ ਦਿਤੀ। ਦਲੀਪ ਸਿੰਘ ਨੂੰ ਇ
ਗਲ ਬਹੁਤ ਬੁਰੀ ਲਗੀ। ਉਹ ਅਪਣੀ ਮਾਤਾ ਸਣੇ ਹਿੰ
ਸਤਾਨ ਮੁੜਨ ਲਈ ਤਿਆਰ ਹੋ ਪਿਆ। ਪਰ ਸਰ ਜਾ
ਲੋਗਿਨ ਤੇ ਲੇਡੀ ਲੋਗਿਨ ਨੇ ਉਨਾਂ ਨੂੰ ਹਿੰਦੁਸਤਾਨ ਜਾ
ਤੋਂ ਮਨੇ ਕਰ ਦਿਤਾ। ਛੇਕੜ ਬਹੁਤ ਕਹਣ ਸੁਣਨ ਪਿ
ਦਲੀਪ ਸਿੰਘ ਦੀ ਮਾਤਾ ਨੂੰ ਦੂਸਰੇ ਮਕਾਨ ਵਿਚ ਅਲ
ਰਖਣ ਦਾ ਪ੍ਰਬੰਧ ਕੀਤਾ ਗਿਆ। ਪਰ ਇਸ ਗਲ
ਦਲੀਪ ਸਿੰਘ ਦੇ ਦਿਲ ਤੇ ਭਾਰੀ ਸਟ ਵਜੀ। ਜਿਥੇ ਉਸ
ਮਨ ਹੁਣ ਤਕ ਮੇਮਾਂ ਦੇ ਪ੍ਰੇਮ ਜਾਲ ਵਿਚ ਨਹੀਂ ਫਸਿ
ਸੀ ਓਥੇ ਓਹ ਬਿਨਾ ਰੋਕ ਟੋਕ ਦ ਉਨਾਂ ਦਾ ਰੂਪ ਦਰ
ਹੋਗਿਆ। ਸਚ ਹੈ:—

"ਕੀਆ ਇਸ਼ਕ ਨੇ ਪੇਹਦਾ ਜਬ ਹੈ ਇਤਨਾ,
ਤੋ ਅਬ ਕਜਾ ਰਹੀ ਹੈ ਜ਼ਰੂਰਤ ਹਯਾ ਕੀ।"

ਸਨ ੧੮੬੨ ਈ: ਵਿਚ ਮਹਾਰਾਣੀ ਵਿਕਟੋਰੀ
ਦੇ ਪਤੀ ਪ੍ਰਿੰਸ ਅਲਬਰਟ ਵਿਕਟਰ ਦੇ ਯਤਨ ਨਾ
"ਸਟਾਰ ਆਫ ਇੰਡੀਆ" ਨਾਮੇਂ ਖਿਤਾਬ ਦੀ ਉਤਪ
ਹੋਈ ਤੇ ਦਲੀਪਸਿੰਘ ਨੂੰ ਵੀ ਇਹ ਦਿਤਾ ਗਿਆ।

ਪੂਰੇ ਦੋ ਵਰ੍ਹੇ ਵਿਲੈਤ ਵਿਚ ਗੁਜ਼ਾਰਨ ਦੇ ਪਿ
ਦਲੀਪਸਿੰਘ ਦੀ ਮਾਤਾ ਮਹਾਰਾਣੀ ਜਿੰਦਾਂ ਦਾ ਅੰਤ ਸ
ਆਣ ਪਹੁੰਚਾ। ਸੋ ਸਤਾਂ ਸਮੁੰਦ੍ਰਾਂ ਦੇ ਪਾਰ ਓਪਰੇ ਮੁਲ
ਵਿਚ ਅਪਣੇ ਪੁਤ੍ਰ ਦੇ ਕੋਲ ਮਹਾਰਾਣੀ ਜਿੰਦਾਂ ਨੇ ਸਰੀ

ੜਿਆ। ਮਹਾਰਾਣੀ ਦੀ ਅੰਤਿਮ ਇਛਾ ਅਪਣੇ ਸਰੀਰਦੀ ਦਾਹ ਕ੍ਰਿਯਾ ਹਿੰਦੁਸਤਾਨ ਵਿਚ ਕਰਨ ਦੀ ਸੀ। ਪਰ ਉਸ ਵੇਲੇ ਕਈ ਕਾਰਣਾ ਕਰਕੇ ਦਲੀਪਸਿੰਘ ਅਪਣੀ ਮਾਂ ਦਾ ਮ੍ਰਿਤਕ ਸਰੀਰ ਹਿੰਦੁਸਤਾਨ ਵਿਚ ਨਾ ਲਿਆ ਸਕੇ।

ਅਜੇ ਅਪਣੀ ਮਾਤਾ ਦਾ ਸੋਗ ਦਲੀਪ ਸਿੰਘ ਜੀ ਭੁਲੇ ਹੀ ਨਹੀਂ ਸੀ ਕਿ ਸਰ ਜਾਨ ਲੋਗਿਨ ਵੀ ਚਲ ਵਸਿਆ। ਉਸਦੇ ਮਰਨ ਤੋਂ ਦਲੀਪ ਸਿੰਘ ਨੂੰ ਬਹੁਤ ਦੁਖ ਹੋਯਾ। ਕਿਉਂਕਿ ਪੰਜਾਬ ਤੋਂ ਵਿਛੜੇ ਜਾਣ ਪਰ ਓਹ ਬਰਾਬਰ ਲੋਗਿਨ ਦੇ ਨਾਲ ਰਹੇ ਆਏ ਸਨ। ਫੇਰ ਉਸ ਵੇਲੇ ਸਰਕਾਰ ਨਾਲ ਦਲੀਪ ਸਿੰਘ ਦਾ ਅਪਣੇ ਗੁਜਾਰੇ ਦੀ ਬਾਬਤ ਸੌ ਮੁਕਦਮਾ ਚਲਰਿਹਾ ਸੀ ਓਸ ਵਿਚ ਓਹਲੋਗਿਨ ਤੋਂ ਬਹੁਤ ਗਲਾਂ ਵਿਚ ਸਲਾਹ ਲਿਆ ਕਰਦੇ ਸਨ। ਸੋ ਉਸਦੀ ਯਾਦਗਾਰ ਵਿਚ ਉਸਦੀ ਕਬਰ ਦੇ ਉਤੇ ਦਲੀਪ ਸਿੰਘ ਨੇ ਇਕ ਬਹੁਤ ਸੋਹਣਾ ਪੱਥਰ ਦਾ ਥੰਮ ਖੜਾ ਕੀਤਾ। ਹਿੰਦੁਸਤਾਨ ਵਿਚ ਅਪਣੀ ਮਾਤਾ ਦੀ ਕ੍ਰਿਯਾ ਕਰਮ ਕਰਾਣ ਲਈ ਆਣ ਤੋਂ ਪੈਹਲਾਂ ਦਲੀਪਸਿੰਘ ਜੀ ਲੋਗਿਨ ਦੀ ਇਸਤ੍ਰੀ ਤੇ ਉਸਦੇ ਬਾਲ ਬਚਿਆਂ ਨੂੰ ਵੀ ਮਿਲੇ। ਉਨਾਂ ਨੇ ਲੇਡੀ ਲੋਗਿਨ ਤੇ ਉਨਾਂ ਦੇ ਬਚਿਆਂ ਦੇ ਗੁਜਾਰੇ ਦਾ ਪ੍ਰਬੰਧ ਕਰਨ ਦਾ ਵਰ ਵੀ ਦਿਤਾ ਤੇ ਨਾਲ ਹੀ ਲੇਡੀ ਲੋਗਿਨ ਨੂੰ ਦਲੀਪ ਸਿੰਘ ਨੇ ਕਿਹਾ—ਹੁਣ ਅਗੇ ਨੂੰ ਮੇਰੀ ਜਿੰਦਗੀ ਪ੍ਰਸੰਨਤਾ ਵਿਚ ਨਹੀਂ ਰਹੇਗੀ। ਹੁਣ ਮੇਰਾਇਰਾਦਾ ਕਿਸੇ ਉਚੇ ਘਰਾਣੇ ਦੀ ਇਸਤ੍ਰੀ ਨਾਲ ਸ਼ਾਦੀ ਕਰਨ ਦਾ ਨਹੀਂ ਰਿਹਾ। ਹੁਣ ਮੈਂ ਕਿਸੇ ਸੁਸ਼ੀਲ ਸੁੰਦਰ ਤੇ ਯਤੀਮ ਲੜਕੀ ਨਾਲ ਸ਼ਾਦੀ ਕਰਾਂਗਾ ਅਤੇ ਉਸਨੂੰ ਸਿਖਾ ਪੜ੍ਹਾਕੇ

ਅਪਣੀ ਸਾਥਣ ਬਣਾਵਾਂਗਾ। ਜਿਸਤੋਂ ਓਹ ਮੇਰੇ ਦੁਖ ਦੀ ਸਾਥਣ ਹੋਵੇਗੀ ਤੇ ਮੈਨੂੰ ਕੁਝ ਸ਼ਾਂਤੀ ਮਿਲੇਗੀ। ਸਨ ੧੮੬੪ ਵਿਚ ਦਲੀਪ ਸਿੰਘ ਜੀ ਮਾਤਾ ਦੇ ਕ੍ਰਿਆ ਕਰਮ ਲਈ ਬੰਬਈ ਆਏ ਤੇ ਫੇਰ ਵਾਪਸ ਵਿਲੈਤ ਚਲੇ ਗਏ।

ਸ੍ਰੀ ਮਤੀ ਬੰਬਾ ਨਾਲ ਸ਼ਾਦੀ

"ਹੈ ਇਸ਼ਕ ਕੀ ਲੱਜ਼ਤ ਤਭੀ ਦੋਨੋਂ ਹਾਂ ਬੇਕਰਾਰ
ਦੋਨੋਂ ਤਰਫ ਹੋ ਆਗ ਬਰਾਬਰ ਲਗੀ ਹੂਈ।"

* * * * *

ਮਹਾਰਾਜਾ ਦਲੀਪ ਸਿੰਘ ਅਪਣੀ ਮਾਤਾ ਦਾ ਕ੍ਰਿਆ ਕਰਮ ਕਰਕੇ ਬੰਬਈ ਤੋਂ ਵਿਲੈਤ ਜਾਂਦਿਆਂ ਹੋਯਾਂ ਰਾਹ ਵਿਚ ਮਿਸਰ ਦੀ ਰਾਜਧਾਨੀ ਅਲੇਗਜੰਡ੍ਰੀਆ ਵਿਚ ਠੇਹਰੇ। ਉਥੇ ਓਹ ਇਕ ਸੁੰਦਰੀ ਦੇ ਰੂਪ ਨੂੰ ਵੇਖਕੇ ਮੋਹਿ ਗਏ ਤੇ ਉਨਾਂ ਨੇ ਉਸਨੂੰ ਸ਼ਾਦ ਲਈ ਕਿਹਾ। ਓਹ ਵੀ ਮਹਾਰਾਜੇ ਦੀ ਰਜ਼ਾ ਵਿਚ ਰਾਜ਼ੀ ਹੋ ਗਈ। ਇਸ ਲਈ ਉਸਦੇ ਨਾਲ ਦਲੀਪ ਸਿੰਘ ਨੇ ਅਨੰਦ ਪੜ੍ਹਾ ਲਿਆ। ਸਚ ਹੈ--"ਮ.ਆ ਬੀਵੀ ਰਾਜ਼ੀ, ਤੋ ਕਯਾ ਕਰੇਗਾ ਕਾਜ਼ੀ?" ਤੇ ਅੰਗ੍ਰੇਜ਼ੀ ਕਾਨੂੰਨ ਨੇ ਵੀ ਇਸ ਸ਼ਾਦੀ ਨੂੰ ਬੇਕਾਨੂੰਨੀ ਨਾ ਕਿਹਾ। ਇਸਤਰਾਂ ਇਸ ਵਿਵਾਹ ਵਿਚ ਮਹਾਰਾਜੇ ਨੂੰ ਕਿਸੇ ਤਰਾਂ ਦੀ ਰੁਕਾਵਟ ਨਾ ਪਈ।

ਸ੍ਰੀਮਤੀ ਬੰਬਾ ਮੂਲਾ ਦੀ ਉਮਰ ਉਸ ਵੇਲੇ ੧੬ ਵਰਿਹਾਂ ਦੀ ਸੀ। ਓਹ ਬੜੀ ਸੁੰਦਰ ਤੇ ਸੁਸ਼ੀਲ ਸੀ। ਉਸ ਨਾਲ ਸ਼ਾਦੀ ਕਰਕੇ ਦਲੀਪ ਸਿੰਘ ਜੀ ਬਹੁਤ ਪ੍ਰਸੰਨ ਹੋਏ। ਪਰ ਉਨਾਂ ਦੀ ਓਹ ਪਰਮਪ੍ਰਿਯ ਪਤਨੀ ਅਰਬੀ ਦੇ ਸਿਵਾ

ਈ ਬੋਲੀ ਨਹੀਂ ਜਾਣਦੀ ਸੀ ਇਸ ਲਈ ਉਸਦੇ ਨਾਲ ਗਲਾਂ ਕਰਨ ਵਿਚ ਮਹਾਰਾਜੇਨੂੰਵਡੀ ਦਿੱਕਤ ਪੇਸ਼ ਆਈ। ਸੋ ਇਸਦੇ ਲਈ ਕੁਝ ਦਿਨ ਤਕ ਮਹਾਰਾਜ ਨੇ ਇਕ ਦੁਭਾਸ਼ੀਆ ਰਖ ਲਿਆ। ਨਾਲੇ ਇਕ ਮੇਮ ਅੰਗ੍ਰੇਜ਼ੀ ਪੜ੍ਹਾਣ ਲਈ ਰਖ ਦਿਤੀ ਸੋ ਇਹ ਔਕੜ ਥੋੜੇ ਦਿਨ ਤਕ ਰਹੀ।

ਮਹਾਰਾਜੇ ਦੇ ਦਿਨ ਬੰਬਾ ਮੂਲਾ ਨਾਲ ਚੰਗੇ ਗੁਜ਼ਰੇ ਏਥੋਂ ਮਹਾਰਾਜਾ ਸਾਹਿਬ ਵਿਲੈਤ ਗਏ ਤੇ ਮਹਾਰਾਣੀ ਵਿਕਟੋਰੀਆ ਨੇ ਦੋਹਾਂ ਨੂੰ ਰਾਜ ਮੈਹਲ ਵਿਚ ਨਿਉਂਦਾ ਦਿਤਾ। ਮਹਾਰਾਣੀ ਵਿਕਟੋਰੀਆ ਵੀ ਬੰਬਾ ਮੂਲਾ ਦੀ ਚਾਲ ਢਾਲ ਵੇਖਕੇ ਬਹੁਤ ਪ੍ਰਸੰਨ ਹੋਈ। ਉਸ ਵਿਚੋਂ ਮਹਾਰਾਜ ਦੀਆਂ ਛੇ ਸੰਤਾਨ ਹੋਈਆਂ।

ਦਲੀਪਸਿੰਘ ਤੇ ਗਵਰਨਮੈਂਟ

"ਮੈਂ ਮਰਗਯਾ ਅਹਵਾਲੇ ਦਿਲ ਕਹਤੇ ਕਹਤੇ।
ਥਕੇ ਨ ਤੁਮ ਭੀ "ਬਸ ਬਸ ਸੁਨਾ" ਕਹਤੇ ਕਹਤੇ।"

ਓ ਸਖਤ ਕਰਮ ! ਤੈਨੂੰ ਵਿਚਾਰੇ ਦਲੀਪ ਸਿੰਘ ਉਤੇ ਕੁਝ ਭੀ ਤਰਸ ਨਾਂ ਆਯਾ ? ਸਨ ੧੮੪੯ ਈਸਵੀ ਦੀਆਂ ਸ਼ਰਤਾਂ ਅਨੁਸਾਰ ਆਪਨੂੰ ਤੇ ਅਪਣੀ ਸੰਤਾਨ ਨੂੰ ਗੁਜਾਰਾ ਮਿਲਣ ਲਈ ਦਲੀਪ ਸਿੰਘ ਨੇ ਸਰਕਾਰ ਨਾਲ ਬਹੁਤ ਲਿਖ ਪੜ੍ਹ ਕੀਤੀ ਅਤੇ ਇਹ ਲਿਖ ਪੜ੍ਹ ਸਨ ੧੮੫੭ ਵਿਚ ਦਲੀਪ ਸਿੰਘ ਨੇ ਬਾਲਿਗ ਹੋ ਜਾਣ ਪਰ ਹੀ ਅਰੰਭ ਦਿਤੀ ਸੀ ਪਰ ਵਿਚਾਰੇ ਦਲੀਪ ਸਿੰਘ ਨੂੰ ਕੋਈ ਜਵਾਬ ਤਸਲੀ ਵਾਲਾ ਨਾ ਮਿਲਿਆ। ਸਨ ੧੮੪੯

ਵਾਲੇ ਸੁਲਹਨਾਮੇ ਦੀ ਬਾਬਤ ਸਰਕਾਰ ਤੇ ਦਲੀਪ ਸਿੰਘ ਦੇ ਵਿਚਾਰਾਂ ਵਿਚ ਇਕ ਵਡਾ ਭਾਰੀ ਮਤ ਭੇਦਸੀ ।ਮਹਾਰਾਜਾ ਚਾਹੁੰਦਾ ਸੀ ਕਿ ਸ਼ਰਤ ਦੇ ਅਨੁਸਾਰ ਮੈਨੂੰ ਬਾਲਿਗ ਹੋਣ ਪਰ ਸਾਰਾ ਗੁਜ਼ਾਰਾ (ਘਟ ਤੋਂ ਘਟ ਚਾਰ ਲਖ ਤੇ ਵਧ ਤੋਂ ਵਧ ਪੰਜ ਲਖ)ਮਿਲਣਾ ਚਾਹੀਦਾ ਹੈ ਤੇ ਮਹਾਰਾਜੇ ਰਣਜੀਤ ਸਿੰਘਦੇ ਪਰਵਾਰ ਵਿਚੋਂ ਜੋ ਕੋਈ ਜੀਊਂਦਾ ਹੋਵੇ ਉਸਨੂੰ ਮਹਾਰਾਜੇ ਦਲੀਪ ਸਿੰਘ ਦੀ ਰਾਹੀਂ ਗੁਜ਼ਾਰਾ ਮਿਲੇ ਕਿਉਂਕਿ ਸ਼ਰਤਾਂ ਦਲੀਪ ਸਿੰਘ ਨਾਲ ਹੋਈਆਂ ਸਨ ਇਸ ਲਈ ਓਹੀ ਮਹਾਰਾਜੇ ਰਣਜੀਤ ਸਿੰਘ ਦੇ ਪਰਵਾਰ ਵਿਚੋਂ ਵਡੇ ਪੁਰਖ ਸਨ। ਇਸਦੇ ਸਿਵਾ ਮਹਾਰਾਜਾ ਸਾਹਿਬ ਇਹ ਚਾਹੁੰਦੇ ਸਨ ਕਿ ਪੰਜਾਬ ਕੇਸਰੀ ਦੇ ਪਰਵਾਰ ਵਿਚੋਂ ਜੋ ਮਨੁਖ ਨਿਰਸੰਤਾਨ ਮਰ ਗਿਆ ਹੋਵੇ ਅਤੇ ਓਸਦੇ ਗੁਜ਼ਾਰੇ ਦਾ ਜੋ ਰੁਪਯਾ ਜਮਾਂ ਹੋਵੇ ਸ਼ਰਤਾਂ ਦੇ ਅਨੁਸਾਰ ਓਹ ਵੀ ਦਲੀਪ ਸਿੰਘ ਨੂੰ ਹੀ ਮਿਲਣਾ ਚਾਹੀਦਾ ਹੈ। ਪਰ ਸਰਕਾਰ ਸ਼ਰਤਾਂਦੇ ਇਸ ਅਰਥਨੂੰ ਨਹੀਂ ਮੰਨਦੀ ਸੀ। ਸਰ ਚਾਰਲਸ ਵੁਡ ਨੇ ਲਾਟ ਡਲਹੌਜ਼ੀ ਦੇ ਮਾਈਨਟ ਦੇ ਅਨੁਸਾਰ ਮਹਾਰਾਜਾ ਦਲੀਪ ਸਿੰਘ ਨੂੰ ਦਸਿਆ ਕਿ ਸਨ ੧੮੪੯ ਦੀਆਂ ਸ਼ਰਤਾਂ ਅਨੁਸਾਰ ਘਟ ਤੋਂ ਘਟ ੪ ਲਖ ਤੇ ਵਧ ਤੋਂ ਵਧ ੫ ਲਖ ਰੁਪਯਾ ਸਾਲਾਨਾ ਦਲੀਪ ਸਿੰਘ ਤੇ ਹੋਰਨਾਂ ਕੁਟੰਬੀਆਂ ਲਈ ਮੁਕਰਰ ਹੋਯਾ ਸੀ। ਓਸ ਵਿਚੋਂ ਸਰਕਾਰ ਨੇ ਦਲੀਪਸਿੰਘ ਦੇ ਲਈ ਜਿੰਨਾ ਹਿਸਾ ਨਿਯਤ ਕਰ ਦਿਤਾ ਹੈ ਓਹੀ ਉਨਾਂ ਨੂੰ ਮਿਲੇਗਾ। ਦੂਜੇ ਲੋਕਾਂ ਨੂੰ ਜੋ ਗੁਜ਼ਾਰਾ ਦਿਤਾ ਗਿਆ ਹੈ ਓਹ ਉਨਾਂ ਨੂੰ ਉਨਾਂ ਦੇ ਜੀਵਨ ਤਕ ਮਿਲੇਗਾ। ਉਨਾਂਦੇ ਮਰ ਜਾਣ ਪਰ ਓਹ ਸਰਕਾਰੀ ਖਜ਼ਾਨੇ

ਰ ਜਮਾ ਕੀਤਾ ਜਾਵੇਗਾ। ਕੁਟੰਬੀਆਂ ਦੇ ਮਰਜਾਣ ਪਿਛੋਂ ਉਨਾਂ ਦੇ ਗੁਜ਼ਾਰੇ ਦਾ ਰੁਪਯਾ ਮਹਾਰਾਜੇ ਨੂੰ ਨਹੀਂ ਮਿਲੇਗਾ। ਇਸਤਰਾਂ ਕਿੰਨਾ ਰੁਪਯਾ ਬਚਿਆ ਹੈ ਉਸਦਾ ਕੋਈ ਹਸਾਬ ਨਹੀਂ ਪਰ ਅੰਦਾਜ਼ਨ ਡੇਢ ਦੋ ਲਖ ਪੌਂਡ ਤੋਂ ਵਧ ਨਹੀਂ ਬਚਿਆ।

ਵਿਚਾਰਾ ਦਲੀਪਸਿੰਘ ਇਹ ਜਵਾਬ ਸੁਣਕੇ ਬਹੁਤ ਦੁਖੀ ਹੋਯਾ। ਇਸਦੇ ਵਿਰੁਧ ਉਸਨੇ ਬਹੁਤ ਲਿਖ ਪੜ੍ਹ ਕੀਤੀ ਪਰ ਨਤੀਜਾ ਕੁਝ ਨਾ ਨਿਕਲਿਆ। ਸਰ ਜਾਨ ਲਾਰੈਂਸ ਆਦਿ ਨੂੰ ਵੀ ਮਹਾਰਾਜੇ ਨੇ ਇਸ ਝਗੜੇ ਦੇ ਮਿਟਾਣ ਲਈ ਕਿਹਾ ਪਰ ਉਨਾਂ ਵੀ ਕੁਝ ਨ ਕੀਤਾ। ਇਹ ਵੇਖਕ ਦਲੀਪ ਸਿੰਘ ਦੇ ਧੀਰਜਦੀ ਹਦ ਨਾ ਰਹੀ। ਉਨਾਂ ਨੇ ੨੧ ਅਗਸਤ ਸਨ ੧੮੮੨ ਦੇ "ਟਾਇਮਸ" ਅਖਬਾਰ ਵਿਚ ਇਕ ਚਿਠੀ ਛਪਵਾਈ ਜਿਸ ਵਿਚ ਮਹਾਰਾਜੇ ਨੇ ਵਿਲੈਤ ਦੀ ਪਬਲਿਕ ਅਗੇ ਅਪਣੇ ਦੁਖਾਂ ਦੇ ਦੂਰ ਕਰਨ ਲਈ ਬੇਨਤੀ ਕੀਤੀ। ਇਹ ਚਿਠੀ ਵਡੀ ਲੰਮੀ ਹੈ। ਸੋ ਅਸੀਂ ਉਸਦਾ ਪੂਰਾ ੨ ਤਰਜਮਾਂ ਨਾ ਕਰਕੇ ਉਸਦੀਆਂ ਮੋਟੀਆਂ ਮੋਟੀਆਂ ਗਲਾਂ ਇਥੇ ਲਿਖਦੇ ਹਾਂ। ਮਹਾਰਾਜਾ ਦਲੀਪਸਿੰਘ ਨੇ ਇਸ ਚਿਠੀ ਵਿਚ ਇਹ ਲਿਖਿਆ ਸੀ:—ਵੈਰੋਵਾਲ ਦੀ ਸੁਲਹ ਅਨੁਸਾਰ ਮੈਂ ਅੰਗ੍ਰੇਜ਼ਾਂ ਦੀ ਹਿਫਾਜ਼ਤ ਵਿਚ ਸੀ। ਮੁਲਤਾਨ ਵਿਚ ਮੂਲਰਾਜ ਨੇ ਗਦਰ ਮਚਾਯਾ ਤੇ ਜਿਸਨੂੰ ਛੇਤੀ ਨਾ ਦਬਾਨ ਕਰਕੇ ਉਹ ਸਾਰੇ ਪੰਜਾਬ ਵਿਚ ਫੈਲ ਗਿਆ, ਕਿਉਂਕਿ ਉਸਦੇ ਦਬਾਣ ਲਈ ਅੰਗ੍ਰੇਜ਼ੀ ਫੌਜ ਭੇਜਣ ਵਿਚ ਦੇਰ ਕੀਤੀ ਗਈ। ਨਾਲ ਹੀ ਲਾਟ ਡਲਹੌਜ਼ੀ ਨੇ ਇਹ ਐਲਾਨ ਕੀਤਾ ਕਿ ਜੋ ਮਨੁਖ ਇਸ ਗਦਰ ਵਿਚ ਸ਼ਾਮਿਲ ਨਹੀਂ

ਹੋਵੇਗਾ ਓਸਨੂੰ ਛੱਡ ਨਹੀਂ ਦਿਤਾ ਜਾਵੇਗਾ। ਪਰ ਅਮ
ਹੋ ਜਾਣ ਪਰ ਲਾਟ ਡਲਹੌਜੀ ਲੋਭ ਦੇ ਹੋਸ਼ ਵਿਚ ਡੁ
ਗਿਆ। ਓਸਨੇ ਵੈਰੋਂਵਾਲ ਦੀ ਸੁਲਾਹ ਤੋੜਕੇ ਪੰਜਾਬ
ਜਬਤ ਕਰ ਲਿਆ। ਓਸਦੇ ਨਾਲ ਹੀ ਮੇਰੀ ਅਸਬਾਵ
ਸੰਪਤੀ-ਜਵਾਹਰਾਤ ਸੋਨੇ ਦੇ ਗੈਹਣੇ ਅਰ ਛਾਂਭੇ ਦੇ ਰਤ
ਮੇਰੇ ਪੈਹਨਣ ਦੇ ਕਪੜੇ, ਮਤਲਬ ਕੀ ਮੇਰੇ ਮੈਹਲ ਦ
ਸਾਰਾ ਅਸਬਾਬ ਵੇਚ ਦਿਤਾ। ਜਿਸਦੀ ਵਟ੍ਕ ਹੀ ਢਾ
ਲਖ ਪੌਂਡ(੩੭ ਲਖ ਰੁਪਯੇ) ਦੀ ਹੋਈ ਸੀ। ਜਿਸ ਫੌ
ਨੂੰ ਮੈਂ ਗਦਰ ਦੇ ਦੂਰ ਕਰਨ ਲਈ ਭੇਜਿਆ ਸੀ ਓਸ
ਇਸ ਰੁਪਯੇ ਵਿਚੋਂ ਬਹੁਤ ਸਾਰਾ ਰੁਪਯਾ ਵੰਡਿਆ ਗਿਆ
ਮੈਂ ਬੇਕਸੂਰ ਹਾਂ ਤੇ ਮੈਂ ਇਕ ਉਂਗਲ ਵੀ ਅੰਗ੍ਰੇਜ਼ ਸਰਕਾ
ਦੇ ਬਰਖ਼ਿਲਾਫ ਨਹੀਂ ਖੜੀ ਕੀਤੀ। ਪਰ ਇਸਦੇ ਉਲ
ਮੈਨੂੰ ਇਕ ਅਪਰਾਧੀ ਵਾਂਗ ਸਜ਼ਾ ਦਿਤੀ ਜਾ ਰਹੀ ਹੈ
ਮੇਰਾ ਰਾਜ ਬੇਇਨਸਾਫ਼ੀ ਨਾਲ ਖੋਹ ਲੀਤਾ ਗਿਆ ਹੈ
ਲਾਟ ਡਲਹੌਜ਼ੀਦੇ ਖਿਆਲ ਅਨੁਸਾਰ ਸਨ ੧੮੫੦ਈ:ਵਿ
ਮੇਰੇ ਰਾਜ ਦੀ ਆਮਦਨ ੫੦ ਲਖ ਰੁਪਯਾ ਸਾਲ ਸੀ।

---

*ਦਲੀਪ ਸਿੰਘ ਨੇ ਸਰਕਾਰ ਨਾਲ ਜੋ ਸਾ
ਲਿਖਾਪੜ੍ਹੀ ਕੀਤੀ ਸੀ ਓਸ ਸਾਰੀ ਦਾ ਤਰਜਮਾ ਇਥੇ ਨ
ਦਿਤਾ ਗਿਆ। ੧੮੬੨ ਵਿਚ ਸਰਕਾਰ ਨੇ ਦਲੀਪ ਸਿੰ
ਨੂੰ ੨੫ ਲਖ ਰੁਪਯੇ ਸਾਲਾਨਾ ਦੇਣੇ ਮਨਜ਼ੂਰ ਕੀਤੇ
ਸਾਢੇ ਦਸ ਲਖ ਰੁਪਯਾ ਕੰਪਨੀ ਨੇ ਗਲਾਡਸਟਰ ਸ
ਨਾਮੇਂ ਨਗਰ ਦੀ ਹੇਬਰਾਪ ਇਸਟੇਟ ਨਾਮੇਂ ਜਿਮੀਦਾ

[ਬਾਕੀ ਨੋਟ ਲਈ ੨੫੯ ਸਫ਼ਾ ਵੇਖੋ]

ਤੇ ਓਸਦੇ ਪਿਛੋਂ ਹੋਰ ਵੀ ਵਧ ਗਈ ਹੈ। ਫੇਰ ਮੈਂ ਨਾਬਾਲਗੀ

[੨੫੯ ਸਫੇ ਨੋਟਦੀ ਬਾਕੀ]

ਖਰੀਦਨ ਲਈ ਦਿਤਾ ਪਰ ਦਲੀਪ ਸਿੰਘ ਨੂੰ ਇਹ ਜਗਾ ਪਸੰਦ ਨਾ ਆਈ ਇਸ ਲਈ ਇਹ ਵੇਚਕੇ ਓਸਨੇ ਸਫੋਕ ਵਿਚ ਹੋਰ ਜਮੀਨ ਲਈ। ਸਰਕਾਰ ਨੇ ਇਹ ਮਨਜੂਰ ਕੀਤਾ ਤੇ ਇਸਦੇ ਲਈ ੧੧੦੦੦੦੦ ਰੁਪਯਾ ੪) ਸੈਂਕੜਾ ਸੂਦ ਉਤੇ ਉਸਦੇ ਖਰੀਦਨ ਲਈ ਦਿਤਾ। ਸੂਦ ਨਾਲ ਤੇ ਕੁਟੰਬ ਦੇ ਵਾਧੇ ਨਾਲ ਦਲੀਪ ਸਿੰਘ ਦਾ ਖਰਚ ਵਧ ਗਿਆ ਤੇ ਜਿਸਦੇ ਲਈ ਸਨ ੧੮੮੦ ਵਿਚ ਉਨਾਂ ਨੂੰ ਬਹੁਤ ਤੰਗੀ ਆਈ। ਇਸ ਪਰ ਸਰਕਾਰ ਨ ਹੋਰ ਰੁਪਯਾ ਦਿਤਾ ਤੇ ਦਲੀਪ ਸਿੰਘ ਪਾਸੋਂ ਇਹ ਲਿਖਵਾ ਲਿਆ ਕਿ ਉਨਾਂ ਦੇ ਮਰ ਜਾਣ ਪਿਛੋਂ ਓਸ ਜਮੀਨ ਉਤੇ ਦਲੀਪ ਸਿੰਘ ਦੀ ਸੰਤਾਨ ਦਾ ਕੋਈ ਹਕ ਨਹੀਂ ਹੋਵੇਗਾ ਤੇ ਓਸਨੂੰ ਸਰਕਾਰ ਲੈ ਲਵੇਗੀ।

ਦਲੀਪਸਿੰਘਨੇ ਖੁਦ ਲਿਖਿਆ ਹੈਕਿ ਓਸਦੀ ਇਕ ਖਾਸ ਜਾਯਦਾਦ ਦੀ ਹੀ ਆਮਦਨ ੨॥ ਲਖ ਸਾਲ ਦੀਸੀ ਲੂਣ ਦੀ ਖਾਣ ਦੀ ਆਮਦਣ ੪੦ ਲਖ ਰੁਪਯਾ ਸਾਲ ਸੀ ਇਸਦੇ ਸਿਵਾ ਬਹੁਤ ਸਾਰੇ ਸ਼ਾਲ ਦੁਸ਼ਾਲੇ ਜੋ ਸਰਕਾਰ ਨੇ ਲਹੌਰ ਦੇ ਤੋਸ਼ੇ ਖਾਨੇ ਵਿਚੋਂ ਕਢਕੇ ਵੇਚ ਦਿਤੇ ਸਨ ਉਨਾਂ ਦਾ ਰੁਪਯਾ ਸੀ। ਸਨ ੫੭ ਵਾਲੇ ਗਦਰ ਵੇਲੇ ਫਤੇ ਗੜ ਵਿਚ ਦਲੀਪ ਸਿੰਘ ਦਾ ੨॥ ਲਖ ਰੁਪਯੇ ਦਾ ਨੁਕਸਾਨ ਹੋਯਾ ਤੇ ਸਰਕਾਰ ਓਸਦਾ ਕੁਲ ੩੦ ਹਜਾਰ ਰੁਪਯਾ ਦੇਂਦੀ ਸੀ ਜੋ ਦਲੀਪ ਸਿੰਘ ਨੇ ਨਾ ਲਿਆ।

ਵਿਚ ਸੁਲਹਨਾਮੇਂ ਉਤੇ ਦਸਤਖਤ ਕੀਤੇਸਨ ਤੇ ਓਹ ਕਾਨੂ
ਦੇ ਵਿਰੁਧ ਹੈ। ਇਸਤੋਂ ਮੇਰਾ ਇਹ ਮਤਲਬ ਨਹ ਂ ਕਿ
ਫੁਨ ਪੰਜਾਬ ਦਾ ਰਾਜਾ ਹਾਂ ਯਾ ਹੋਣਾ ਚਾਹੁੰਦਾ ਹਾਂ।
ਮਹਾਰਾਣੀ ਵਿਕਟੋਰੀਆ ਦੀ ਪ੍ਰਜਾ ਹੋਣ ਵਿਚ ਹੀ ਖੁਸ਼ ਹਾ
ਕਿਉਂਕਿ ਓਸਦੀ ਮੇਰੇ ਉਤੇ ਭਾਰੀ ਕ੍ਰਿਪਾ ਦ੍ਰਿਸ਼ਟੀ ਹੈ। ਦੋ
ਸਨ ੧੮੪੯ ਦੀਆਂ ਸ਼ਰਤਾਂ ਅਨੁਸਾਰ ਮੇਰੀ ਨਿਜੀਜਾਗੀ
ਜ਼ਬਤ ਨਹ ਂ ਹੋ ਸਕਦੀ। ਪਰ ਓਹ ਵੀ ਬੇਇਨਸਾਫੀ ਕਰ
ਖੋਹ ਲਈ ਗਈ। ਸਨ ੧੮੪੯ ਵਿਚ ਓਸਦੀ ਆਮਦਨ
ਲੱਖ ੨੦ ਹਜਾਰ ਪੌਂਡ ਸਾਲਾਨਾ ਦੀਸੀ ਮੇਰੀ ਅਸਥਾਵ
ਸੰਪਤੀ ਦਾ ਮੁਲ ਹੀ ਸਰਜਾਨ ਲੋਗਿਨਨੇ ੨੦ ਹਜਾਰ ਪੌਂ
ਲਾਯਾ ਸੀ। ਫਤੇਗੜ੍ਹ ਵਿਚ ਜੋ ਜਾਯਦਾਦ ਮੇਰੇ ਪਾਸ ਸੀ
ਇਸਤੋਂ ਪੈਹਲਾਂ ਜੋ ਚੀਜਾਂ ਮੇਰੀਆਂ ਵੇਚੀਆਂ ਗਈਆਂ ਸ
ਓਨਾਂ ਦਾ ਮੁਲ ਹੀ ੨੫ ਲੱਖ ਪੌਂਡ ਸੀ। ਪਰ ਓਸ ਵਿਚੋਂ
ਮੈਨੂੰ ਇਕ ਕੌਡੀ ਨਹੀਂ ਮਿਲੀ।

ਇਹ ਇਕ ਕਿਤਨੇ ਸ਼ੋਕ ਦੀ ਗੱਲ ਹੈ ਕਿ ਮੇਰੇ ਨੌਕ
ਚਾਕਰ ਤਾਂ ਅਪਨੀ ਸਥਾਵਰ ਸੰਪਤੀ ਤੇ ਮੇਰੀ ਦਿਤੀ ਹੋ
ਜਾਗੀਰ ਨੂੰ ਮਜੇ ਨਾਲ ਬੈਠੇ ਭੋਗਣ ਪਰ ਮੈਂ ਓਨਾ
ਮਾਲਿਕ ਹੋਕੇ ਤੇ ਅੰਗ੍ਰੇਜਾਂ ਦੇ ਵਿਰੁਧ ਇਕ ਉਂਗਲ
ਚੁਕੀ ਹੋਣ ਤੇ ਵੀ ਇਸ ਦਸ਼ਾ ਨੂੰ ਪਹੁੰਚਾਯਾ ਗਿਆ ਹਾਂ
ਸ਼ਾਯਦ ਇਸਦਾ ਇਹ ਕਾਰਣ ਹੈ ਕਿ ਮੈਂ ਓਨਾਂ ਦੀ ਰਖ
ਅਧੀਨ ਇਕ ਬਾਲਕ ਸਾਂ। ਮੈਨੂੰ ਅੰਗ੍ਰੇਜ ਸਰਕਾਰ
ਸਿਰਫ ੨੫੦੦੦ ਪੌਂਡ ਸਾਲ ਦੇਣਾ ਕੀਤਾ ਹੈ ਜਿਸ ਵਿ
ਜਰੂਰੀ ਖਰਚ ਲਈ ਕੁਲ ੧੩੦੦੦ ਪੌਂਡ ਰਖੇ ਹਨ। ਦ
ਦੀ ਹਦ ਤਾਂ ਵੇਖੋ ! ਮੇਰੇ ਮਰੇ ਪਿਛੋਂ ਮੇਰੀ ਜਾਯਦਾਦ ਵੇ

ਜਾਵੇਗੀ ਤੇ ਮੇਰੇ ਪੁਤ੍ਰਾਂ ਧੀਆਂ ਨੂੰ ਸਿਰਫ ੨੦੦੦ ਪੌਂਡ ਸਾਲਾਨਾ ਮਿਲਿਆ ਕਰੇਗਾ। ਇਸਤਰਾਂ ਮੇਰੀ ਸੰਤਾਨ ਮੇਰੇ ਘਰੋਂ ਕਢ ਦਿਤੀ ਜਾਵੇਗੀ ਤੇ ਉਹ ਆਸਰੇ ਲਈ ਇਧਰ ਉਧਰ ਭਟਕਦੀ ਫਿਰੇਗੀ।

ਇਸਤਰਾਂ ਦੀਆਂ ਗਲਾਂ ਲਿਖਕੇ ਛੇਕੜ ਦਿਲਚੀਰਵੇਂ ਸ਼ਬਦਾਂ ਵਿਚ ਵਿਲੈਤੀ ਪਬਲਿਕ ਅਗੇ ਮਹਾਰਾਜੇ ਦਲੀਪ-ਸਿੰਘ ਨੇ ਅਪੀਲ ਕੀਤੀ ਕਿ ਕੋਈ ਦਯਾਲੂ ਅੰਗ੍ਰੇਜ਼ ਪਾਰਲੀਮੈਂਟ ਵਿਚ ਮੇਰਾ ਮੁਕਦਮਾ ਪੇਸ਼ ਕਰਕੇ ਨਿਰਨਾ ਕਰਾਵੇ। ਪਰ ਉਸ ਵਿਚਾਰੇ ਦੀ ਇਹ ਅਪੀਲ—ਨਕਾਰਖਾਨੇ ਵਿਚ ਤੂਤੀ ਵਾਂਗ ਅਥਵਾ ਬੋਲੇ ਅਗੇ ਰੋਣ ਦੇ ਵਾਂਗ ਹੀ ਬਿਰਥੀ ਗਈ। ਦਲੀਪ ਸਿੰਘ ਦੀਆਂ ਉਕਤ ਦੁਖ ਭਰੀਆਂ ਗਲਾਂ ਸੁਣਕੇ ਕਿਸੇ ਨੇ ਇਹ ਨਾ ਪੁਛਿਆ ਕਿ—"ਦਲੀਪ ਸਿੰਘ, ਤੇਰੇ ਮੂੰਹ ਵਿਚ ਕਿਤਨੇ ਦੰਦ ਹਨ।"

ਇਸਦੇ ਪਿਛੋਂ ਦਲੀਪ ਸਿੰਘ ਨੇ ਲੇਡੀ ਲੋਗਿਨ ਨੂੰ ਹਮੇਸ਼ਾ ਲਈ ਵਿਲੈਤ ਛਡਕੇ ਹਿੰਦੁਸਤਾਨ ਚਲੇ ਜਾਣ ਦਾ ਅਪਣਾ ਖਿਆਲ ਦਸਿਆ। ਪਰ ਉਸਨੇ ਦਲੀਪ ਸਿੰਘ ਨੂੰ ਵਿਲੈਤ ਵਿਚ ਹੀ ਰੈਹਣ ਤੇ ਮਹਾਰਾਣੀ ਵਿਕਟੋਰੀਆਦੀ ਦਯਾ ਉਤੇ ਭਰੋਸਾ ਕਰਨ ਲਈ ਕਿਹਾ। ਦਲੀਪ ਸਿੰਘ ਨੇ ਲੇਡੀ ਲੋਗਿਨ ਨੂੰ ਇਹ ਵੀ ਕਿਹਾ—"ਵੇਖੋ, ਲੇਡੀ ਸਾਹਿਬ, ਮੇਰੇ ਮਰੇ ਪਿਛੋਂ ਸਰਕਾਰ ਮੇਰੀ ਜਾਇਦਾਤ ਵਰੇਗੀ ਤੇ ਮੇਰੇ ਵਡੇ ਲੜਕੇ ਨੂੰ ਸਿਰਫ ੨੦੦ ਪੌਂਡ ਸਾਲਾਨਾ ਖਰਚ ਦੇਵੇਗੀ। ਸੋ ਇਹ ਕਿੰਨੀ ਬੇਇਨਸਾਫੀ ਹੈ?"

ਇਸਦੇ ਪਿਛੋਂ ੩ ਵਰ੍ਹੇ ਤਕ ਮਹਾਰਾਜਾ ਦਲੀਪ ਸਿੰਘ ਵਿਲੈਤ ਵਿਚ ਰਹੇ ਪਰ ਉਨ੍ਹਾਂ ਦੀਆਂ ਖੇਨਤਾਂਆਂ ਵਲ ਕਿਸੇ

ਨੇ ਕੁਝ ਧਿਆਨ ਨਾ ਦਿਤਾ। ਉਨਾਂ ਦੇ ਲਈ ਯਾ ਉਨਾ
ਸੰਤਾਨ ਲਈ ਕੋਈ ਢੰਗ ਪ੍ਰਬੰਧ ਨਾ ਹੋਯਾ। ਛੇਕੜ ਲਾਚ
ਹੋਕੇ ਦਲੀਪ ਸਿੰਘ ਨੇ ਅਪਣੀ ਜਾਗੀਰ ਵੇਚਕੇ ਹਿੰਦੁਸਤ
ਔਣ ਦੀ ਠਾਨ ਲਈ। ਉਸਦੇ ਇਸ ਕੰਮ ਤੋਂ ਸਰਕਾਰ ਡ
ਡਰੀ ਤੇ ਉਸਨੇ ਸਰਥੇਲਵਰਨ ਨੂੰ ਦਲੀਪ ਸਿੰਘ ਦੇ ਪ
ਭੇਜਿਆ ਤੇ ਉਸਨੇ ਇਹ ਕਿਹਾ—ਜੇਕਰ ਤੁਸੀ ਵਿਲੈਤ ਵਿ
ਰਹੋ ਤਾਂ ਤੁਹਾਨੂੰ ਬ੍ਰਿਟਿਸ਼ ਸਰਕਾਰ ੫੦ ਹਜ਼ਾਰ ਪੌਂਡ ਦਵੇ
ਪਰ ਦਲੀਪ ਸਿੰਘ ਨੇ ਇਹ ਗਲ ਨਾ ਮੰਨੀ ਤੇ ਹਿੰਦੁਸਤਾ
ਜਾਣ ਦੀ ਬੇਨਤੀ ਕੀਤੀ। ਬੇਨਤੀ ਮਨਜੂਰ ਹੋਈ ਪਰਨਾ
ਹੀ ਇਹ ਵੀ ਹੁਕਮ ਹੋਯਾ ਕਿ ਹਿੰਦੁਸਤਾਨ ਵਿਚ ਆਪ
ਸਰਕਾਰ ਦੀ ਨਜ਼ਰਬੰਦੀ ਵਿਚ ਰਹਿਣਾ ਪਵੇਗਾ। ਅਪ
ਮਰਜ਼ੀ ਨਾਲ ਤੁਸੀ ਕਿਧਰੇ ਨਹੀਂ ਜਾ ਸਕੋਗੇ ਤੇ ਪੰਜਾ
ਵਿਚ ਤਾਂ ਪੈਰ ਵੀ ਨਹੀਂ ਰਖ ਸਕੋਗੇ।

ਦਲੀਪ ਸਿੰਘ ਨੇ ਸਾਰੀਆਂ ਗਲਾਂ ਮਨਜ਼ੂਰ ਕ
ਲਈਆਂ ਤੇ ਓਹ ਓਦੋਂ ਹਿੰਦੁਸਤਾਨ ਨੂੰ ਰਵਾਨਾ ਹੋ ਪਏ।

ਵਿਲੈਤ ਛਡਣੀ ਤੇ ਹੋਰ ਹਾਲ

"ਜ਼ਬਤ ਨਾਲੋਂ ਕੋ ਕਰੂੰ, ਹਰਦਮ ਕਿ ਰੋਕੂੰ ਆਹ ਕੋ
ਮੁਝਸੇ ਅਬ ਛਿਪਤੀ ਨਹੀਂ ਕਬ ਤਕ ਛਿਪਾਊਂ ਚਾਹਕੋ"

*   *   *   *   *

"ਹੈ ਗੁਮਾਂ ਤੇਰਾ ਕਿਧਰ, ਕਿਸ ਵਹਮੋ ਨਾਦਾਨੀ ਮੇਂ ਹੈ।
ਪੇਸ਼ ਆਨੀ ਹੈ ਵਹੀ, ਜੋ ਕੁਛ ਕਿ ਪੇਸ਼ਾਨੀ ਮੇਂ ਹੈ।"

ਵਿਲੈਤੋਂ ਤੁਰਨ ਵੇਲੇ ਦਲੀਪ ਸਿੰਘ ਨੇ ਅਪਣੀ ਜਨਮ ਭੂਮੀ ਪੰਜਾਬ ਦੇ ਨਿਵਾਸੀਆਂ ਨੂੰ ਹੇਠ ਲਿਖੇ ਮਤਲਬ ਦੀ ਇਕ ਚਿਠੀ ਲਿਖੀ:—

ਲੰਡਨ ੨੫ ਮਾਰਚ ੧੮੮੬

"ਮੇਰੇ ਪਯਾਰੇ ਦੇਸ਼ ਵਾਸੀਓ !

ਹਿੰਦੁਸਤਾਨ ਵਿਚ ਆਕੇ ਰਹਿਣ ਤੇ ਵਸਣ ਦੀ ਇਛਾ ਮੇਰੀ ਬਿਲਕੁਲ ਨਹੀਂ ਸੀ। ਪਰ ਸਤਗੁਰੂ ਸਭਨਾ ਦਾ ਵਿਧਾਤਾ ਹੈ। ਓਹ ਅਸਾਂ ਸਭਨਾ ਨਾਲੋਂ ਵਡਾ ਸ਼ਕਤੀਵਾਨ ਹੈ। ਮੈਂ ਉਸਦਾ ਭੁਲਾ ਹੋਯਾ ਜੀਵ ਹਾਂ। ਮੇਰੀ ਇਛਾ ਨਾ ਹੋਣ ਪਰ ਵੀ ਮੈਂ ਸਤਗੁਰੂ ਦੀ ਇਛਾ ਨਾਲ ਵਿਲੈਤ ਛਡਕੇ ਹਿੰਦੁਸਤਾਨ ਵਿਚ ਆਵਾਂਗਾ ਤੇ ਮਾਮੂਲੀ ਮਨੁਖਾਂ ਵਾਂਗ ਵਸਾਂਗਾ। ਮੈਂ ਸਤਗੁਰੂ ਦੀ ਇਛਾ ਦੇ ਸਾਹਮਣੇ ਸਿਰ ਨਿਵਾਂਦਾ ਹਾਂ। ਉਸਦੀ ਜੋ ਮਰਜ਼ੀ ਹੈ ਓਹੀ ਹੋਵੇਗਾ।

ਪਯਾਰੇ ਖਾਲਸਾ ਜੀ, ਮੈਂ ਅਪਣਾ ਪਹਲਾ ਖਾਲਸਾ ਧਰਮ ਛਡਕੇ ਵਿਦੇਸ਼ੀ ਧਰਮ ਗ੍ਰਹਣ ਕਰ ਲਿਆ ਹੈ ਜਿਸਦੇ ਲਈ ਮੈਂ ਤੁਹਾਡੇ ਪਾਸੋਂ ਖਿਮਾਂ ਮੰਗਦਾ ਹਾਂ ਕਿਉਂਕਿ

ਮੈਨੂੰ ਜਦੋਂ ਈਸਈ ਬਣਾਇਆ ਗਿਆ ਸੀ ਓਦੋਂ ਮੇਰੀ ਉਮਰ ਬਹੁਤ ਛੋਟੀ ਸੀ। ਮੈ ਬੰਬਈ ਪੁਜਕੇ ਫੇਰ ਸਿਖ ਧਰਮ ਨੂੰ ਧਾਰਣ ਕਰਾਂਗਾ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਹੁਕਮ ਮੰਨਾਂਗਾ।

ਮੇਰੀ ਬਹੁਤ ਇਛਾ ਹੋਣ ਪਰ ਵੀ ਮੈਂ ਪੰਜਾਬ ਪਹੁੰਚਕੇ ਤੁਹਾਨੂੰ ਨਹੀਂ ਮਿਲ ਸਕਾਂਗਾ, ਇਸ ਲਈ ਇਹ ਚਿਠੀ ਲਿਖਣ ਵਾਸਤੇ ਲਚਾਰ ਹੋਯਾ ਹਾਂ। ਮਹਾਰਾਣੀ ਵਿਕਟੋਰੀਆ ਵਿਚ ਮੇਰੀ ਪਰਮ ਭਗਤੀ ਹੈ ਤੇ ਮੈ ਉਸਦਾ ਉਚਿਤ ਫਲ ਪਾ ਲਿਆ ਹੈ। ਸਤਿਗੁਰੂ ਦੀ ਇਛਾ ਪੂਰਣ ਹੋਵੇ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤੇ
ਪਿਆਰੇ ਦੇਸ਼ ਵਾਸੀਓ,
ਮੈ ਹਾਂ ਤੁਹਾਡਾ ਆਪਣਾ ਮਾਸ ਤੇ ਲਹੂ।

ਦਲੀਪ ਸਿੰਘ*

ਦਲੀਪ ਸਿੰਘ ਦੀ ਇਸ ਚਿਠੀ ਦੇ ਛਪਦਿਆਂ ਹੀ ਸਾਰੇ ਪੰਜਾਬ ਵਿਚ ਵਡੀ ਹਲ ਚਲ ਮਚ ਗਈ। ਸਿਖ ਆਪਣੇ ਪਿਆਰੇ ਦਲੀਪ ਸਿੰਘ ਦਾ ਪੰਜਾਬ ਆਉਣਾ ਸੁਣਕੇ ਫੁਲੇ ਨਾ ਸਮਾਏ! ਇਕ ਸਿਖ ਨੇ ਤਾਂ ਓਸਦੇ ਜਵਾਬ ਵਿਚ ਇਕ ਚਿਠੀ ਵੀ ਮਹਾਰਾਜੇ ਨੂੰ ਲਿਖ ਭੇਜੀ। ਉਸ ਵਿਚ ਉਸਨੇ ਦਲੀਪ ਸਿੰਘ ਦੇ ਆਉਣ ਪਰ ਖੁਸ਼ੀ ਪ੍ਰਗਟ ਕਰਦੇ ਹੋਏ ਲਿਖਿਆ:—

ਪਿਆਰੇ ਮਹਾਰਾਜਾ,

ਭਾਵੇਂ ਮੈਂ ਤੁਹਾਡੇ ਦੇਸ ਵਾਸੀਆਂ ਵਿਚ ਇਕ

---

*ਭਾਰਤ ਕੀਰਤੀ ਸਫਾ ੯੫

ਗੁਮਨਾਮ ਆਦਮੀ ਹਾਂ ਪਰ ਆਪਦੇ ਵਿਲੈਤ ਛਡਣ ਤੇ ਮੁੜਕੇ ਸਿਖ ਧਰਮ ਧਾਰਨ ਕਰਨ ਨੂੰ ਦ੍ਰਿੜ ਵੇਖਕੇ ਮੈਨੂੰ ਜੋ ਅਨੰਦ ਹੋਯਾ ਹੈ ਓਹ ਪਰਗਟ ਕਰਨਾ ਅਸੰਭਵ ਹੈ। ਸਾਰਾ ਪੰਜਾਬ ਹੀ ਕਿਉਂ ਸਾਰਾ ਹਿੰਦੁਸਤਾਨ ਤੁਹਾਡੇ ਦੁਖੇ ਹੋਏ ਅੰਗ੍ਰੇਜ਼ ਸਰਕਾਰ ਦੇ ਜ਼ੁਲਮਾਂ ਨੂੰ ਵੇਖਕੇ ਰੋ ਰਿਹਾ ਹੈ। ਪਜ਼ਾਰ ਮਹਾਰਾਜਾ ਇਸ ਵੇਲੇ ਐਸਾ ਕੋਈ ਆਦਮੀ ਨਹੀਂ ਜਿਸਨੂੰ ਤੁਹਾਡੇ ਨਾਲ ਹਮਦਰਦੀ ਨਾ ਹੋਵੇ। ਪਰ ਖਾਲੀ ਹਮਦਰਦੀ ਨਾਲ ਅਸੀਂ ਤੁਹਾਡਾ ਕੀ ਭਲਾ ਕਰ ਸਕਦੇ ਹਾਂ? ਤੁਹਾਨੂੰ ਅਸੀਂ ਅਪਣੇ ਵਿਚਾਲੇ ਵੇਖਕੇ ਬਹੁਤ ਖੁਸ਼ ਹੋਵਾਂਗੇ। ਜਦ ਬ੍ਰਿਟਿਸ਼ ਸਰਕਾਰ ਤੁਹਾਨੂੰ ਹਰਤਰਾਂ ਦੇ ਸੁਖਾਂ ਤੋਂ ਵਾਂਝਿ ਰਖਣ ਨੂੰ ਤਿਆਰ ਹੈ ਤਦ ਤੁਹਾਨੂੰ ਅਪਣੇ ਦੇਸ ਵਾਸੀਆਂ ਦੀ ਪ੍ਰੀਤੀ ਤੇ ਹਮਦਰਦੀ ਨਾਲ ਸ਼ਾਂਤੀ ਪ੍ਰਾਪਤ ਹੋਵੇਗੀ। ਤੁਸਾਂ ਸਾਨੂੰ ਅਪਣਾ ਦੇਸ਼ਵਾਸੀ ਸ਼ੁਭਚਿੰਤਕ ਆਖ ਕੇ ਯਾਦ ਕੀਤਾ ਹੈ ਇਸ ਲਈ ਇਸਤੋਂ ਵਧਕੇ ਸਾਡੇ ਹੋਰ ਕੀ ਚੰਗਾ ਭਾਗ ਹੋ ਸਕਦੇ ਹਨ? ਤੁਹਾਡੇ ਅਨੇਕਾਂ ਦੇਸ਼ਵਾਸੀ ਤੁਹਾਡਾ ਸ੍ਵਾਗਤ ਕਰਨ ਲਈ ਉਡੀਕ ਰਹੇ ਹਨ ਪਰ ਜਿਸ ਸਰਕਾਰ ਨੇ ਤੁਹਾਨੂੰ ਇਥੋਂ ਤਕ ਔਣ ਲਈ ਮਜਬੂਰ ਕੀਤਾ ਹੈ ਓਹ ਸਰਕਾਰ ਹੋਰ ਕਿਸੇਤਰਾਂ ਦੀ ਕੋਈ ਰੋਕ ਨਾ ਪਾ ਦੇਵੇ ਇਸ ਗਲ ਦਾ ਸਾਨੂੰ ਡਰ ਹੈ*

ਪਜ਼ਾਰੇ ਮਹਾਰਾਜਾ ਮੈਂ ਹਾਂ ਆਪਦਾ ਭਰੋਸੇਦਾਰ ਸ਼ੁਭਚਿੰਤਕ ਇਕ ਨਮ੍ਰ ਨਿਵੇਦਕ ਪੰਜਾਬੀ।

---

*ਬੰਗਾਲੀ ਕਿਤਾਬ--"ਸਿਖ ਯੁਧੇਰ ਇਤਿਹਾਸ ਔਰ ਮਹਾਰਾਜ ਦਲੀਪ ਸਿੰਘ" ਦਾ ਸਫਾ ੩੪੨ ਵੇਖੋ।

ਉਕਤ ਚਿਠੀ ਦੇ ਛਪਣ ਤੋਂ ਪੈਹਲਾਂ ਹੀ ਸਰਕਾਰ ਦ
ਖਿਆਲ ਉਸਵਲੋਂ ਇਕਦਮ ਬਦਲਗਿਆ।ਦਲੀਪਸਿੰਘਦ
ਚਿਠੀ ਪੰਜਾਬੀਆਂ ਦੇ ਨਾਮ ਛਪਣੀ ਤੇ ਪੰਜਾਬੀਆਂ ਦਾ ਖੁ
ਹੋਣਾਂ ਵੇਖਕੇ ਸਰਕਾਰ ਨੂੰ ਪਿਸੂ ਪੈ ਗਏ ਕਿ ਕਿਧਰੇ ਦਲੀਪ
ਸਿੰਘਦੇ ਔਣ ਨਾਲ ਕੋਈ ਉਤਪਾਤ ਨਾਂ ਮਚ ਜਾਵੇ। ਕਿਧਰੇ
ਸਿਖ ਹੀ ਜੋਸ਼ ਵਿਚ ਨਾ ਆ ਜਾਣ। ਇਸ ਲਈ ਦਲੀਪ
ਸਿੰਘ ਅਜੇ ਅਦਨ ਤਕ ਹੀ ਆਯਾ ਸੀਕਿ ਸਰਕਾਰ ਨੇਉਸਨੂੰ
ਹਿੰਦੁਸਤਾਨ ਆਉਣੋਂ ਰੋਕ ਦਿਤਾ। ਅਦਨ ਵਿਚ ਹੀ ਕੈਦ ਕਰ
ਲਿਆ। ਸਰਕਾਰ ਦਾ ਐਸਾ ਵ ਤਾਉ ਵੇਖਕੇ ਦਲੀਪਸਿੰਘ
ਨੂੰ ਬਹੁਤ ਦੁਖ ਹੋਯਾ। ਉਸਨੇ ਮਹਾਰਾਣੀ ਵਿਕਟੋਰੀਆ ਨੂੰ
ਇਕ ਤਾਰ ਭੇਜੀ ਜਿਸ ਵਿਚ ਅਪਣੇ ਮੁਕਦਮੇ ਦੇ ਖੁਲੇਤੌਰ
ਪਰ ਵਿਚਾਰ ਕਰਨ ਦੀ ਬੇਨਤੀ ਕੀਤੀ। ਦੂਜੀ ਤਾਰ ਉਸਨੇ
ਵਡੇ ਲਾਟ ਪਾਸ ਭੇਜੀ। ਜਿਸ ਵਿਚ ਉਸਨੇ ਲਿਖਿਆ
ਕਿ ਜੇਕਰ ਮੈਂ ਅਪਣਾ ਵਕੀਲ ਹਿੰਦੁਸਤਾਨ ਦੀ ਕੌਂਸਿਲ
ਵਿਚ ਭੇਜਾਂ ਤਾਂ ਉਸਨੂੰ ਖਰਚ ਮਿਲੇਗਾ ਕਿ ਨਹੀਂ? ਪਰ
ਦਲੀਪ ਸਿੰਘ ਦੀਆਂ ਦੋਵੇਂ ਬੇਨਤੀਆਂ ਹੀ ਮਨਜ਼ੂਰ ਨਾ
ਹੋਈਆਂ। ਉਸਨੂੰ ਜਬਰਨ ਮੁੜਕੇ ਵਿਲੈਤ ਪੁਚਾਯਾ ਗਿਆ
ਜਿਸਤੋਂ ਉਸ ਵਿਚਾਰੇ ਦਾ ਮਨ ਵਡਾ ਖਿੰਨ ਹੋਯਾ। ਉਸਦੇ
ਗੁਸੇ ਦੀ ਕੋਈ ਹਦ ਨਾ ਰਹੀ ਉਸਨੇ ਪਬਲਿਕ ਵਿਚ ਇਹ
ਕੈਹਣਾ ਸ਼ੁਰੂ ਕੀਤਾ ਕਿ-"ਮੇਰੀ ੧੧ ਵਰਿਹਾਂ ਦੀ
ਉਮਰ ਵਿਚ ਮੇਰੇ ਪਾਲਕਾਂ ਨੇ ਮੈਥੋਂ ਸੁਲਹਨਾਮੇਂ ਉਤੇ ਦਸਤ
ਖਤ ਕਰ ਕੇ ਪੰਜਾਬ ਦਾ ਰਾਜ ਖੋਹ ਲਿਆ ਸੀ, ਸੋ ਓਹ
ਸ਼ਰਤ ਮੈਨੂੰ ਮਨਜ਼ੂਰ ਨਹੀਂ।"

ਇਸ ਵੇਲੇ ਦਲੀਪਸਿੰਘਦੇ ਦਿਲਦਾ ਕੀਹਾਲਸੀ ਓਹ

ਕ ਇਸ ਨਿਕੀਜਿਹੀ ਘਟਨਾ ਤੋਂ ਹੀ ਮਾਲੂਮ ਹੋ ਸਕਦਾ ਕਿ ਜਿਸ ਦਲੀਪ ਸਿੰਘ ਨੇ ਪੈਹਲ ਇਕ ਦਿਨ ਮਹਾਰਾਣੀ ਕਟੋਰੀਆ ਦੇ ਹਥ ਵਿਚ ਕੋਹਨੂਰ ਹੀਰਾ ਵੇਖਕੇ ਆਪਣੇ ਤਮ ਸੰਜਮ ਦਾ ਭਾਰੀ ਸਬੂਤ ਦਿਤਾ ਸੀ ਓਸੇ ਦਲੀਪ ਘ ਨੇ ਉਕਤ ਘਟਨਾ (ਹਿੰਦੁਸਤਾਨ ਜਾਣ ਤੋਂ ਰੋਕਣ) ਪਿਛੋਂ ਮਹਾਰਾਣੀ ਵਿਕਟੋਰੀਆ ਨੂੰ ਕੋਹਨੂਰ ਹੀਰਾ ਪਾਈ ਖਕੇ, ਬਿਨਾ ਕਿਸੇ ਡਰ ਤੇ ਭੈ ਦੇ ਮਹਾਰਾਣੀ ਦੇ ਸਾਹਮਣੇ ਆਖ ਦਿਤਾ--"ਇਹ ਹੀਰਾ ਮੇਰੇ ਬਾਪ ਦਾ ਹੈ, ਇਸਦੇ ਤੇ ਤੁਹਾਡਾ ਕੋਈ ਹਕ ਨਹੀਂ।"

ਪਰ ਮਹਾਰਾਣੀ ਨੇ ਓਸਦੀ ਇਸ ਗਲ ਉਤੇ ਕੋਈ ਸਾ ਪ੍ਰਗਟ ਨਾ ਕੀਤਾ ਅਤੇ ਨਾ ਓਸਨੂੰ ਇਸਦੇ ਲਈ ਕੁਝ ਡਾ ਹੀ ਦਿਤੀ। ਪਰ ਇਸ ਘਟਨਾ ਦੇ ਪਿਛੋਂ ਅੰਗ੍ਰੇਜ਼ਾਂ ਦਾ ਤਕਾਰ ਦਲੀਪ ਸਿੰਘ ਉਪਰੋਂ ਬਿਲਕੁਲ ਜਾਂਦਾ ਰਿਹਾ। ਹ ਓਸ ਦਿਨ ਤੋਂ ਓਸਦੇ ਉਤੇ ਹੋਰ ਵੀ ਕਰੜੀ ਨਜ਼ਰ ਖਣ ਲਗ ਪਏ। ਐਸੀ ਦਸ਼ਾ ਵਿਚ ਦਲੀਪ ਸਿੰਘ ਦਾ ਲ ਵੀ ਉਦਾਸ ਹੋਗਿਆ। ਓਸਨੇ ਸਰਕਾਰ ਤੋਂ ਮਿਲਦਾ ਜ਼ਾਰਾ ਲੈਣਾ ਵੀ ਛਡ ਦਿਤਾ ਅਤੇ ਕਿਸੇ ਢੰਗ ਨਾਲ ਲੈਂਡੋਂ ਤਿਲਕਕੇ ਫ੍ਰਾਂਸ ਨੂੰ ਨਿਕਲ ਗਿਆ।

ਦਲੀਪ ਸਿੰਘ ਨੇ ਫ੍ਰਾਂਸ ਪਹੁੰਚਕੇ ਓਥੋਂ ਦੇ ਹਾਕਮ ਸ ਫ੍ਰਾਂਸੀਸੀ ਫੌਜਦੀ ਸਹਾਇਤਾ ਨਾਲ ਫ੍ਰਾਂਸਦੇ ਹਿੰਦੁਸਤਾਨੀ ਗਰ ਪਾਂਡੂਚੇਰੀ* ਭੇਜਣ ਦੀ ਪ੍ਰਾਰਥਨਾ ਕੀਤੀ। ਪਰ ਸਨੇ ਇਸਦੇ ਪਿਛੇ ਇੰਗਲੈਂਡ ਨਾਲ ਵਿਗਾੜ ਕਰਨੀ ਠੀਕ

---

*ਪਾਂਡੂਚੇਰੀ ਇਲਾਕਾ ਮਦਰਾਸ ਵਿਚ ਫ੍ਰਾਂਸੀਸੀ ਸ਼ਹਿਰ ਹੈ।

ਨਾ ਸਮਝੀ । ਲਾਚਾਰ ਦਲੀਪਸਿੰਘ ਭੇਸ ਬਦਲਕੇ ਅ
ਇਕ ਨੌਕਰ ਅਰੋੜੇ ਸਿੰਘ ਸਣੇ ਜਰਮਨੀ ਦੀ ਰਾਜਧਾ
ਬਰਲਿਨ ਜਾ ਪਹੁੰਚਾ ।

ਦਲੀਪ ਸਿੰਘ ਨੇ ਫਰਾਂਸ ਤੋਂ ਰੂਸ ਵਿਚ ਜਾਣ ਵੇ
ਇਕ ਨਕਲੀ ਨਾਮ ਰਖਕੇ ਪਾਸ ਪੋਰਟ ਲਿਆ । ਪ
ਜਰਮਨੀ ਦੀ ਹਦ ਉਤੇ ਚੋਰਾਂਨੇ ਪਾਸ ਪੋਰਟ ਤੇ ਰੁਪਯੇਆ
ਚੋਰੀ ਕਰ ਲਏ । ਲਾਚਾਰ ਹਾਰਕੇ ਦਲੀਪ ਸਿੰਘ
ਅਖਬਾਰ "ਮਾਸਕੋ ਗਜ਼ਟ" ਦੇ ਐਡੀਟਰ ਕਟਕਫ ਦੇ ਪ
ਤਾਰ ਦੀ ਰਾਹੀਂ ਅਪਣਾ ਅਸਲੀ ਨਾਮ ਤੇ ਹਾਲ ਭੇਜਿਆ
ਮਾਸਕੋ ਗਜ਼ਟ ਦੇ ਐਡੀਟਰ ਨੇ ਉਸਦੇ ਲਈ ਐਸਾ ਪ੍ਰ
ਕਰ ਦਿਤਾ ਕਿ ਜਿਸਤੋਂ ਫੇਰ ਕੋਈ ਔਕੜ ਦਲੀਪਸਿੰਘ
ਨਾ ਆਈ ਅਤੇ ਸਨ ੧੮੮੭ ਦੇ ਅਪਰੇਲ ਮਹੀਨੇ ਵਿ
ਓਹ ਮਾਸਕੋ ਸ਼ੈਹਰ ਵਿਚ ਜਾ ਪਹੁੰਚਾ । ਜੂਨ ਮਹੀਨੇ ਵਿ
ਮਾਸਕੋ ਦੇ ਹਾਕਿਮ ਨੇ ਦਲੀਪ ਸਿੰਘ ਨਾਲ ਮੁਲਾਕ
ਕੀਤੀ । ਇਸ ਵੇਲੇ ਦਲੀਪ ਸਿੰਘ ਆਪਣੇਆਪਨੂੰ ਅੰਗਰੇ
ਦਾ ਦੁਸ਼ਮਣ ਕੈਹਣ ਤੋਂ ਕਿਸੇ ਤਰਾਂ ਦੀ ਸੰਗ ਨਹੀਂ ਕਰ
ਸੀ । ਦਲੀਪ ਸਿੰਘ ਨੇ ਮਾਸਕੋ ਦੇ ਹਾਕਿਮ ਦੀ ਰਾਹੀਂ ਰੂ
ਦੇ ਬਾਦਸ਼ਾਹ ਅਲੈਗਜ਼ੈਂਡਰ ਦੀ ਸੇਵਾ ਵਿਚ ਇਕ ਬੇਨ
ਪਤ੍ਰ ਭੇਜਿਆ ॥

ਇਸ ਘਟਨਾ ਦੇ ਕਈ ਮਹੀਨੇ ਬਾਦ ਦਲੀਪ ਸਿੰ
ਨੂੰ ਇਹ ਖਬਰ ਆਈ ਕਿ ਉਨਾਂ ਦੀ ਇਸਤ੍ਰੀ ਮਹਾਰਾ
ਬੰਬਾ ੧੫ ਦਿਸੰਬਰ ੧੮੮੭ ਨੂੰ ਚਲਾਣਾ ਕਰ ਗਈ । ਰਾ
ਬੰਬਾ ਹਿੰਦੁਸਤਾਨ ਦੀਆਂ ਪਤਿਬ੍ਰਤਾ ਇਸਤ੍ਰੀਆਂ ਜੇਹੀ ਸੀ
ਉਸਦੇ ਚਲਾਣੇ ਤੋਂ ਦਲੀਪ ਸਿੰਘ ਨੂੰ ਬਹੁਤ ਦੁਖ ਹੋਯ

ਰੰਤਾ ਤੇ ਦੁਖਾਂ ਦੇ ਕਾਰਣ ਦਲੀਪ ਸਿੰਘ ਦਾ ਚਿਤ ਸਥਿਰ ਨਾ ਰਿਹਾ । ਅਕਤੂਬਰ ਸਨ ੧੮੮੭ ਵਿਚ ਦਲੀਪ ਸਿੰਘ ਨੇ ਹਿੰਦੁਸਤਾਨ ਦੇ ਖਾਸ ਅਖਬਾਰਾਂ ਵਿਚ ਇਕ ਚਿਠੀ ਛਪਵਾਈ ਜਿਸਦਾ ਇਹ ਮਤਲਬ ਸੀ:—

"ਮੇਰੀ ਯਾਰਾਂ ਵਰ੍ਹੇ ਦੀ ਉਮਰ ਵਿਚ ਮੈਥੋਂ ਮੇਰੇ ਪਾਲਕਾਂ ਨੇ ਪੰਜਾਬ ਜਬਤ ਕਰਨ ਦੇ ਕਾਗਜ ਉਤੇ ਜਬਰਨ ਦਸਤਖਤ ਕਰਾ ਲਏ ਸਨ । ਪਰ ਹੁਣ ਓਹ ਮੈਨੂੰ ਮਨਜੂਰ ਨਹੀਂ । ਮੈਂ ਆਜ਼ਾਦ ਬਾਦਸ਼ਾਹਾਂ ਵਾਂਗ ਰੂਸ ਦੇਸ ਦੀ ਫੌਜ ਨਾਲ ਅਪਣਾ ਰਾਜ ਲੈਣ ਲਈ ਹਿੰਦੁਸਤਾਨ ਔਣਵਾਲਾ ਹਾਂ"

ਨਾਲ ਹੀ ਦਲੀਪ ਸਿੰਘ ਨੇ ਹਿੰਦਵਾਸੀਆਂ ਪਾਸੋਂ ਧਨ ਦੀ ਅਪੀਲ ਵੀ ਕੀਤੀ । ਜਿਸ ਵਿਚ ਉਸਨੇ ਕਿਹਾ ਹਿੰਦੁਸਤਾਨ ਦੇ ੨੫ ਕਰੋੜ ਨਿਵਾਸੀ ਇਕ ੨ ਪੈਸਾ ਮਹੀਨਾ ਤੇ ਪੰਜਾਬ ਵਾਸੀ ਇਕ ਆਨਾ ਮਹੀਨਾ ਮੈਨੂੰ ਦੇਣ । ਪਰ ਕਿਸੇ ਨੇ ਵੀ ਧਨ ਦੀ ਮਦਦ ਨਾ ਕੀਤੀ । ਦਲੀਪ ਸਿੰਘ ਦੇ ਬਿਨਤੀ ਪਤ੍ਰ ਉਤੇ ਰੂਸਦੇ ਬਾਦਸ਼ਾਹ ਨੇ ਵੀ ਨਾਂ ਧਯਾਨ ਦਿਤਾ ਤੇ ਨਾ ਮੁਲਾਕਾਤ ਕਰਕੇ ਹਮਦਰਦੀ ਹੀ ਪਰਗਟ ਕੀਤੀ । ਇਸ ਤਰਾਂ ਦਲੀਪ ਸਿੰਘ ਦੀ ਅੰਗਰੇਜਾਂ ਪਾਸੋਂ ਬਦਲਾ ਲੈਣ ਦੀ ਇਛਾ ਮਨ ਵਿਚ ਹੀ ਰਹ ਗਈ । ਠੀਕ ਵਿਚਾਰੇ ਦੀ ਇਹ ਦਸ਼ਾ ਹੋਈ:—

ਦਿਲੇ ਨਾਸ਼ਾਦ ਕੋ ਆਰਾਮ ਪਹਲੂ ਮੇਂ ਨਹੀਂ ਆਯਾ ।
ਕਰੂੰ ਮੈਂ ਕਯਾ ਜ਼ਾਲਿਮ ਮੇਰੇ ਕਾਬੂ ਮੇਂ ਨਹੀਂ ਆਯਾ ।

ਅੰਤਿਮ ਸਿਖ ਬਾਦਸ਼ਾਹ ਦਾ ਅੰਤ

"ਹੋਵੇਂਗੇ ਅਬ ਨ ਜ਼ੁਲਮੋਂ ਸਿਤਮ ਆਸਮਾਨ ਕੇ ।
ਅਬ ਮੈਂ ਲਹਦ ਮੇਂ ਸੋਊਂਗੀ ਚਾਦਰ ਕੋ ਤਾਨਕੇ ।"

* * * * *

"ਮਰਨਾ ਭਲਾ ਵਿਦੇਸ ਦਾ ਜਹਾਂ ਨ ਅਪਨਾ ਕੋਇ ।
ਮਾਸਖਾਣ ਸੀ ਜੰਤ ਮਿਲ ਮਹਾ ਮਹੋਤਸਵ ਹੋਇ ।"

(ਰੀਤੀ ਰਤਨਾਕਰ)

ਇਸਤਰਾਂ ਰੂਸ ਵਿਚੋਂ ਕਿਸੇਤਰਾਂ ਦੀ ਸਹੈਤਾ ਦੇ ਨਾ ਮਿਲਣ ਪਰ ਨਿਰਾਸ ਹੋਕੇ ਮਹਾਰਾਜਾ ਦਲੀਪ ਸਿੰਘ ਫ੍ਰਾਂਸ ਦੀ ਰਾਜਧਾਨੀ ਪੈਰਿਸ ਵਿਚ ਸਨ ੧੮੯੦ ਨੂੰ ਮੁੜ ਆਏ। ਓਥੇ ਕੁਝ ਦਿਨ ਰੈਹਣ ਪਿਛੋਂ ਉਨਾਂ ਨੂੰ ਇਕ ਭਾਰੀ ਰੋਗ ਹੋ ਗਿਆ। ਪਿਤਾ ਦੀ ਬੀਮਾਰੀ ਦੀ ਖਬਰ ਸੁਣਕੇ ਆਪਦੇ ਵਡੇ ਪੁਤ੍ਰ ਵਿਕਟਰ ਦਲੀਪਸਿੰਘ ਪੈਰਿਸ ਆਏ ਤੇ ਅਪਣੇ ਪਿਤਾ ਦੀ ਸੇਵਾ ਕੀਤੀ। ਬੀਮਾਰੀ ਦੀ ਹਾਲਤ ਵਿਚ ਦਲੀਪ ਸਿੰਘ ਨੇ ਮਹਾਰਾਣੀ ਵਿਕਟੋਰੀਆ ਦੇ ਪਾਸ ਇਕ ਮਾਫੀਨਾਮਾ ਭੇਜਿਆ। ਜਿਸ ਵਿਚ ਆਪਨੇ ਇੰਗਲੈਂਡ ਦੇ ਵਿਰੁਧ ਜੋ ਕੰਮ ਕੀਤੇ ਸਨ ਉਨ੍ਹਾਂ ਲਈ ਮਾਫੀ ਮੰਗੀ ਤੇ ਮਹਾਰਾਣੀ ਵਿਕਟੋਰੀਆ ਨੇ ਵੀ ਉਨਾਂਨੂੰ ਮਾਫ ਕਰ ਦਿਤਾ। ਉਸ ਮਾਫੀ ਨਾਮੇ ਨੂੰ ਪਾਕੇ ਦਲੀਪਸਿੰਘ ਬਹੁਤ ਪ੍ਰਸੰਨ ਹੋਏ ਤੇ ਉਸੇ ਵਰ੍ਹੇ ਦੇ ਅਗਸਤ ਵਿਚ ਫੇਰ ਇੰਗਲੈਂਡ ਗਏ। ਓਥੋਂ ਫੇਰ ਵਾਪਸ ਆਕੇ ਅਪਣੇ ਜੀਵਨ ਦੇ ਅੰਤਿਮ ਦਿਨ ਓਹ ਪੈਰਿਸ ਵਿਚ ਬਿਤਾਣ ਲੱਗੇ।

ਅਦਨ ਤੋਂ ਸਬਟਨ ਵਿਲੈਤ ਮੋੜਨ ਵੇਲੇ ਦਲੀਪ

ਘ ਜੀ ਨੇ ਅੰਮ੍ਰਿਤ ਛਕਕੇ ਮੁੜਕੇ ਸਿਖ ਧਰਮ ਗ੍ਰਹਣ ਕਰ ਲਿਆ ਸੀ ਤੇ ਵਿਕਟੋਰੀਆ ਦੇ ਮਾਫੀਨਾਮੇ ਪਿਛੋਂ ਹੋਰ ਕੋਈ ਖਾਸ ਵਾਰਦਾਤ ਨਾ ਵਰਤੀ। ਹਾਂ ਉਨ੍ਹਾਂ ਨੇ ਇਕ ਫ੍ਰਾਂਸੀਸੀ ਮੇਮ ਨਾਲ ਸ਼ਾਦੀ ਕਰ ਲਈ ਸੀ ਪਰ ਉਸ ਵਿਚੋਂ ਕੋਈ ਸੰਤਾਨ ਨਾ ਹੋਈ।

ਅਕਤੂਬਰ ਸਨ ੧੮੯੩ ਨੂੰ ਪੈਰਿਸ ਦੇ ਇਕ ਹੋਟਲ ਵਿਚ ਪੰਜਾਬ ਦਾ ਅੰਤਿਮ ਸਿਖ ਬਾਦਸ਼ਾਹ ਮਹਾਰਾਜਾ ਦਲੀਪ ਸਿੰਘ ਤਪਦਿਕ ਦੀ ਬੀਮਾਰੀ ਨਾਲ ਚਲਾਣਾ ਕਰ ਗਿਆ ਤੇ ੨੮ ਅਕਤੂਬਰ ਵਾਲੇ ਦਿਨ ਅਲਬਰਨ ਹਾਲ ਦੇ ਕਬਰਸਤਾਨ ਵਿਚ ਮਹਾਰਾਜੇ ਦਲੀਪ ਸਿੰਘ ਦੀ ਲੋਥ ਦਫਨਾਈ ਗਈ। ਇਸ ਮੌਕੇ ਉਤੇ ਮਹਾਰਾਣੀ ਵਿਕਟੋਰੀਆ, ਯੁਵਰਾਜ ਐਡਵਰਡ ਤੇ ਫਰਾਂਸ ਦੇ ਪ੍ਰੈਜ਼ੀਡੈਂਟ ਆਦਿ ਨੇ ਦਲੀਪ ਸਿੰਘ ਦਾ ਆਦਰ ਕਰਨ ਲਈ ਫੁਲਾਂ ਦੇ ਹਾਰ ਭੇਜੇ। ਠੀਕ ਹੈ:—

"ਪਸ ਮੁਰਦਨ ਤੋ ਰਹਨੇ ਦੋ ਜ਼ਮੀਂਪਰ ਐ ਸਬਾ ਮੁਝਕੋ।
ਕਿ ਮਿੱਟੀ ਖਾਕਸਾਰੋਂ ਕੀ ਨਹੀਂ ਬਰਬਾਦ ਕਰਤੇ ਹੈਂ"॥

ਜਾਓ ਦਲੀਪ ਸਿੰਘ! ਇਸ ਸੰਸਾਰ ਤੋਂ ਜਾਓ। ਤੁਹਾਨੂੰ ਇਸ ਸੰਸਾਰ ਵਿਚ ਤਾਂ ਸ਼ਾਂਤੀ ਨਾ ਮਿਲੀ ਸ਼ਾਇਦ ਅਗਲੀ ਦੁਨੀਆਂ ਵਿਚ ਮਿਲ ਜਾਵੇ। ਤੁਹਾਡੇ ਜੀਵਨ ਵਿਚ ਤੁਹਾਡੇ ਨਾਲ ਕਿਸੇ ਨੇ ਵੀ ਹਮਦਰਦੀ ਨਾ ਵਿਖਾਈ। ਪਰ ਜਦ ਕੋਈ ਇਤਿਹਾਸਕਾਰ ਇਸ ਅਭਾਗੇ ਹਿੰਦੁਸਤਾਨ ਦਾ ਖਾਸ ਕਰ ਪੰਜਾਬ ਦਾ ਇਤਿਹਾਸ ਲਿਖੇਗਾ ਤਦ ਓਹ ਤੁਹਾਡੇ ਨਾਲ ਹਮਦਰਦੀ ਕਰਦਾ ਹੋਯਾ ਰੋਏ ਬਿਨਾ ਨਹੀਂ ਰਹੇਗਾ।

ਬਸ ਪਾਠਕ ਜੀ, ਤੁਸਾਂ ਜ਼ਮਾਨੇ ਦਾ ਰੰਗ ਢੰਗ ਵੇਖ

ਲਿਆ ਕਿ ਕਿਸਤਰਾਂ ਮਹਾਰਾਜੇ ਰਣਜੀਤ ਸਿੰਘ ਦੇ ਪੁ
ਮਹਾਰਾਜੇ ਦਲੀਪ ਸਿੰਘ ਦੇ ਜੀਵਨ ਦਾ ਅੰਤ ਹੋਯਾ ।
ਦਲੀਪ ਸਿੰਘ ਕਿਸੇ ਸਮੇਂ ਪੰਜਾਬ ਦੇ ਬੇਗਿਣਤ ਨਿਵਾਸੀ
ਦਾ ਮਹਾਰਾਜਾ ਹੁੰਦਾ ਉਸ ਮਹਾਰਾਜੇ ਨੂੰ ਆਪਣੇ ਖਰਚ ਲ
ਪੰਜਾਬੀਆਂ ਪਾਸੋਂ ਇਕ ੨ ਪੈਸਾ ਮੰਗਣ ਦੀ ਲੋੜ ਪ
ਪਰ ਅਫਸੋਸ ਕਿਸੇ ਨੇ ਇਕ ਪੈਸਾ ਵੀ ਦੇਣਾ ਨਾ ਮੰਨਿਆ
ਪੰਜਾਬ ਕੇਸਰੀ ਮਹਾਰਾਜੇ ਰਣਜੀਤ ਸਿੰਘ ਦੇ ਪੁਤ੍ਰ
ਰੋਟੀ ਲਈ ਭਟਕਣਾ ਪਿਆ ਤੇ ਦੁਨਿਆਂ ਦਾ ਮੂੰਹ ਤਕ
ਪਿਆ । ਕਾਲ ਦੀ ਨਿਰਾਲੀ ਚਾਲ ਦਾ ਜੀਉਂਦਾ ਜਾ
ਦ੍ਰਿਸ਼ਟਾਂਤ ਇਸ ਨਾਲੋਂ ਵਧਕੇ ਭਲਾ ਹੋਰ ਕੀ ਹੋ ਸਕਦਾ ਹੈ
ਕਿਸੇ ਕਵੀ ਦਾ ਇਹ ਕਥਨ ਠੀਕ ਹੈ ॥

ਹਮੇਸ਼ਾ ਬਦਲਤਾ ਹੈ ਐਸਾ ਜ਼ਮਾਨਾ ।
ਕਿ ਹੈ ਆਜ ਇਸਕਾ ਕਲ ਉਸਕਾ ਜ਼ਮਾਨਾ ।
ਦਿਖਾਤਾ ਹੈ ਨੌਰੰਗ ਕਜਾ ੨ ਜ਼ਮਾਨਾ ।
ਬਹੁਤ ਯਾਦ ਆਤਾ ਹੈ ਪਿਛਲਾ ਜ਼ਮਾਨਾ ।

ਸਮਾਪਤ

ਸਰਦਾਰ ਪ੍ਰੈਸ ਚੌਕ ਪ੍ਰਾਗਦਾਸ ਅੰਮ੍ਰਿਤਸਰ ਵਿ
ਭਾਈ ਗੁਰਬਚਨ ਸਿੰਘ ਪ੍ਰਿੰਟਰ ਦੇ ਪ੍ਰਬੰਧ ਨਾਲ ਛਪਿ

National Library
Calcutta-27